ਐਤਵਾਰ, 27 ਸਤੰਬਰ, 2026
11 ਅੱਸੂ { ਨਾਨਕਸ਼ਾਹੀ 558 / ਬਿਕਰਮੀ 2083
ਜਿਲਦ/VOL. : 75
ਅੰਕ/NO. : 117

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SUNDAY, 27 SEPTEMBER, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 8+6=14

# ਗਿਆਨੇਸ਼ ਖ਼ਿਲਾਫ ਖੱਬੀਆਂ ਪਾਰਟੀਆਂ ਵੱਲੋਂ ਭਲਕ ਤੋਂ ਪੰਜਾਬ 'ਚ ਪ੍ਰਦਰਸ਼ਨ

## ਤਹਿਸੀਲ ਤੇ ਜ਼ਿਲ੍ਹਾ ਪੱਧਰ 'ਤੇ ਪੁਤਲੇ ਫੂਕੇ ਜਾਣਗੇ : ਧਾਲੀਵਾਲ, ਸੇਖੋਂ

**ਚੰਡੀਗੜ੍ਹ (ਨ ਜ਼ ਸ)**

ਖੱਬੀਆਂ ਪਾਰਟੀਆਂ ਦੇ ਕੇਂਦਰੀ ਸੱਦੇ ਦੇ ਤਹਿਤ ਸੀ ਪੀ ਆਈ, ਸੀ ਪੀ ਆਈ (ਐੱਮ) ਤੇ ਹੋਰ ਖੱਬੀਆਂ ਪਾਰਟੀਆਂ ਵੱਲੋਂ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਖ਼ਿਲਾਫ਼ ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਮੌਕੇ 28 ਸਤੰਬਰ ਤੋਂ 2 ਅਕਤੂਬਰ ਤੱਕ ਪੰਜਾਬ ਭਰ ਵਿੱਚ ਰੋਸ ਪ੍ਰਦਰਸ਼ਨ ਕੀਤੇ ਜਾਣਗੇ।ਸੀ ਪੀ ਆਈ ਦੇ ਸੂਬਾ ਸਕੱਤਰ ਨਿਰਮਲ ਸਿੰਘ ਧਾਲੀਵਾਲ ਤੇ ਸੀ ਪੀ ਆਈ (ਐੱਮ) ਦੇ ਸੂਬਾ ਸਕੱਤਰ ਸੁਖਵਿੰਦਰ ਸਿੰਘ ਸੇਖੋਂ ਨੇ ਇੱਕ ਸਾਂਝੇ ਬਿਆਨ ਵਿੱਚ ਕਿਹਾ ਕਿ ਐੱਸ ਆਈ ਆਰ ਬਾਰੇ ਦੋ ਚੋਣ ਕਮਿਸ਼ਨਰਾਂ ਵੱਲੋਂ ਇਤਰਾਜ਼ ਜਤਾਏ ਜਾਣ ਤੋਂ ਬਾਅਦ ਪੰਜ ਖੱਬੀਆਂ ਪਾਰਟੀਆਂ ਨੇ ਐੱਸ ਆਈ ਆਰ ਨੂੰ ਤੁਰੰਤ ਰੋਕਣ, ਗਲਤ ਢੰਗ ਨਾਲ ਬਾਹਰ ਕੱਢੇ ਗਏ ਲੋਕਾਂ ਦੇ ਵੋਟ ਪਾਉਣ ਦੇ ਅਧਿਕਾਰ ਬਹਾਲ ਕੀਤੇ ਜਾਣ ਤੇ ਭਾਰਤੀ ਚੋਣ ਕਮਿਸ਼ਨ ਦੀ ਭਰੋਸੇਯੋਗਤਾ ਬਹਾਲ ਕਰਨ ਦੀ ਮੰਗ ਕੀਤੀ ਹੈ।



ਖੱਬੀਆਂ ਪਾਰਟੀਆਂ ਦੇ ਆਗੂਆਂ ਨੇ ਕਿਹਾ ਕਿ ਤਿੰਨ ਵਿੱਚੋਂ ਦੋ ਚੋਣ ਕਮਿਸ਼ਨਰਾਂ ਵੱਲੋਂ ਉਠਾਏ ਗਏ ਮੁੱਦਿਆਂ ਬਾਰੇ 'ਇੰਡੀਅਨ ਐੈਕਸਪ੍ਰੈੱਸ' ਵਿੱਚ 23 ਸਤੰਬਰ ਨੂੰ ਛਪੀਆਂ ਰਿਪੋਰਟਾਂ ਮੌਜੂਦਾ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦੀ ਅਗਵਾਈ ਵਿੱਚ ਚੋਣ ਕਮਿਸ਼ਨ ਦੇ ਕੰਮਕਾਜ ਦੇ ਤਰੀਕੇ ਬਾਰੇ ਕੁਝ ਬੁਨਿਆਦੀ ਸਵਾਲ ਖੜ੍ਹੇ ਕਰਦੀਆਂ ਹਨ।ਇਹ ਮਾਮਲੇ ਸਿਰਫ਼ ਵੋਟਰ ਸੂਚੀਆਂ ਦੀ 'ਵਿਸ਼ੇਸ਼ ਤੀਖਣ ਸੋਧ ਪ੍ਰਕਿਰਿਆ' (ਐੱਸ ਆਈ ਆਰ) ਤੱਕ ਹੀ ਸੀਮਤ ਨਹੀਂ ਹਨ, ਇਹ ਭਾਰਤੀ ਚੋਣ ਕਮਿਸ਼ਨ ਦੇ ਕੰਮਕਾਜ ਅਤੇ ਇਮਾਨਦਾਰੀ ਬਾਰੇ ਵੀ ਗੰਭੀਰ ਚਿੰਤਾਵਾਂ ਪੈਦਾ ਕਰਦੇ ਹਨ।ਇਹ ਮੁੱਖ ਚੋਣ ਕਮਿਸ਼ਨਰ (ਸੀ ਈ ਸੀ) ਦੇ ਅਹੁਦੇ 'ਤੇ ਇੱਕ ਵੱਡਾ ਸਵਾਲੀਆ ਨਿਸ਼ਾਨ ਹਨ, ਜਿਸ ਦੀ ਸਾਖ ਨੂੰ ਢਾਹ ਲੱਗੀ ਹੈ।ਤਿੰਨ ਵਿੱਚੋਂ ਦੋ ਚੋਣ ਕਮਿਸ਼ਨਰਾਂ ਨੇ ਘੱਟੋ-ਘੱਟ 14 ਵਾਰ ਵੋਟਰ ਰਜਿਸਟ੍ਰੇਸ਼ਨ, ਨਾਵਾਂ ਨੂੰ ਹਟਾਉਣ ਅਤੇ ਬਹਾਲ ਕਰਨ ਅਤੇ ਐੱਸ ਆਈ ਆਰ ਦੇ ਸੰਚਾਲਨ ਨਾਲ ਸੰਬੰਧਤ ਫ਼ੈਸਲਿਆਂ 'ਤੇ ਇਤਰਾਜ਼ ਦਰਜ ਕਰਵਾਏ ਹਨ।ਉਨ੍ਹਾਂ ਆਪਣੀ ਸਹਿਮਤੀ ਤੋਂ ਬਿਨਾਂ ਲਏ ਜਾ ਰਹੇ ਫ਼ੈਸਲਿਆਂ ਬਾਰੇ • ਬਾਕੀ ਸਫਾ 2 'ਤੇ

# ਕਬੱਡੀ ਇੰਡੀਆ ਦੀ... ਦੋ ਸੋਨ ਤਮਗੇ ਜਿੱਤੇ



**ਆਇਚੀ ਨਾਗੋਆ :** ਭਾਰਤ ਨੇ ਸਨਿੱਚਰਵਾਰ ਏਸ਼ੀਆਈ ਖੇਡਾਂ ਵਿੱਚ ਪੁਰਸ਼ ਤੇ ਮਹਿਲਾ ਕਬੱਡੀ ਦੇ ਸੋਨ ਤਮਗੇ ਜਿੱਤ ਲਏ। ਪੁਰਸ਼ਾਂ ਦੇ ਫਾਈਨਲ ਵਿੱਚ ਭਾਰਤ ਨੇ ਈਰਾਨ ਨੂੰ 40-34 ਨਾਲ ਹਰਾ ਦਿੱਤਾ। ਇਸ ਜਿੱਤ ਨਾਲ ਭਾਰਤੀ ਪੁਰਸ਼ ਕਬੱਡੀ ਟੀਮ ਨੇ ਏਸ਼ੀਆਈ ਖੇਡਾਂ ਵਿੱਚ ਆਪਣਾ ਨੌਂਵਾਂ ਸੋਨ ਤਮਗਾ ਜਿੱਤਿਆ। ਭਾਰਤ ਨੇ 2018 ਦੀਆਂ ਜਕਾਰਤਾ ਏਸ਼ੀਆਈ ਖੇਡਾਂ ਨੂੰ ਛੱਡ ਕੇ ਹਰ ਵਾਰ ਪੁਰਸ਼ ਕਬੱਡੀ ਵਿੱਚ ਸੋਨ ਤਮਗਾ ਜਿੱਤਿਆ ਹੈ। 2018 ਵਿੱਚ ਈਰਾਨ ਨੇ ਖਿਤਾਬ ਜਿੱਤਿਆ ਸੀ, ਜਦਕਿ ਭਾਰਤ ਨੂੰ ਕਾਂਸੀ ਤਮਗੇ ਨਾਲ ਸਬਰ ਕਰਨਾ ਪਿਆ ਸੀ। ਪੁਰਸ਼ ਕਬੱਡੀ 1990 ਤੋਂ ਏਸ਼ੀਆਈ ਖੇਡਾਂ ਦਾ ਹਿੱਸਾ ਹੈ। ਮਹਿਲਾ ਟੀਮ ਨੇ ਈਰਾਨ ਨੂੰ 37-34 ਨਾਲ ਹਰਾਇਆ। ਭਾਰਤ ਨੇ ਗਰੁੱਪ ਗੇੜ ਵਿੱਚ ਬੰਗਲਾਦੇਸ਼, ਈਰਾਨ ਅਤੇ ਜਾਪਾਨ ਨੂੰ ਹਰਾਇਆ ਸੀ। ਇਸ ਤੋਂ ਬਾਅਦ ਸੈਮੀਫਾਈਨਲ ਵਿੱਚ ਨੇਪਾਲ ਨੂੰ 48-24 ਨਾਲ ਹਰਾ ਕੇ ਫਾਈਨਲ ਵਿੱਚ ਥਾਂ ਬਣਾਈ ਸੀ। ਮੁਕਾਬਲਾ ਆਖਰ ਤੱਕ ਸਖਤ ਤੇ ਰੋਮਾਂਚਕ ਬਣਿਆ ਰਿਹਾ, ਪਰ ਭਾਰਤੀ ਖਿਡਾਰਨਾਂ ਨੇ ਦਬਾਅ ਦੇ ਬਾਵਜੂਦ ਇਕਾਗਰਤਾ ਬਣਾਈ ਰੱਖੀ। ਮਹਿਲਾ ਕਬੱਡੀ ਨੂੰ 2010 ਵਿੱਚ ਪਹਿਲੀ ਵਾਰ ਏਸ਼ੀਆਈ ਖੇਡਾਂ ਵਿੱਚ ਸ਼ਾਮਲ ਕੀਤਾ ਗਿਆ ਸੀ ਅਤੇ ਭਾਰਤ ਨੇ ਇਸ ਤੋਂ ਬਾਅਦ ਹਰ ਏਸ਼ੀਆਈ ਖੇਡਾਂ ਵਿੱਚ ਸੋਨ ਤਮਗਾ ਜਿੱਤਿਆ ਹੈ।

## ਮਾਨ ਵੱਲੋਂ ਵਧਾਈ



**ਚੰਡੀਗੜ੍ਹ :** ਮੁੱਖ ਮੰਤਰੀ ਭਗਵੰਤ ਮਾਨ ਨੇ ਕਬੱਡੀ ਟੀਮਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਭਾਰਤੀ ਖਿਡਾਰੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਦੇਸ਼ ਦਾ ਮਾਣ ਵਧਾਇਆ ਹੈ ਅਤੇ ਉਨ੍ਹਾਂ ਦੀ ਇਸ ਪ੍ਰਾਪਤੀ 'ਤੇ ਪੂਰੇ ਦੇਸ਼ ਨੂੰ ਮਾਣ ਹੈ।

# ਗਿਆਨੇਸ਼ 'ਤੇ ਦਬਾਅ ਵਧਾਉਣ ਲਈ ਇੰਡੀਆ ਗੱਠਜੋੜ ਦੀ 30 ਨੂੰ ਮੀਟਿੰਗ ਸੰਭਵ

**ਨਵੀਂ ਦਿੱਲੀ (ਨ ਜ਼ ਸ)**-ਇੰਡੀਆ ਗੱਠਜੋੜ ਵਿੱਚ ਸ਼ਾਮਲ ਵਿਰੋਧੀ ਪਾਰਟੀਆਂ ਚੋਣ ਕਮਿਸ਼ਨ ਨਾਲ ਜੁੜੇ ਮੁੱਦਿਆਂ ਅਤੇ ਹੋਰ ਅਹਿਮ ਮਾਮਲਿਆਂ 'ਤੇ ਵਿਚਾਰ-ਵਟਾਂਦਰੇ ਲਈ 30 ਸਤੰਬਰ ਨੂੰ ਦਿੱਲੀ ਵਿੱਚ ਮੀਟਿੰਗ ਕਰ ਸਕਦੀਆਂ ਹਨ।

ਤ੍ਰਿਣਮੂਲ ਕਾਂਗਰਸ ਮੁਖੀ ਮਮਤਾ ਬੈਨਰਜੀ ਨੇ ਇਸ ਮੁੱਦੇ 'ਤੇ ਸੀ ਪੀ ਆਈ (ਐੱਮ) ਦੇ ਜਨਰਲ ਸਕੱਤਰ ਐੱਮ ਏ ਬੇਬੀ ਨਾਲ ਫੋਨ 'ਤੇ ਗੱਲ ਕੀਤੀ। ਦੋਵਾਂ ਆਗੂਆਂ ਨੇ ਚੋਣ ਕਮਿਸ਼ਨ ਅਤੇ ਐੱਸ ਆਈ ਆਰ ਨਾਲ ਜੁੜੇ ਘਟਨਾਕ੍ਰਮ ਦੇ ਮੱਦੇਨਜ਼ਰ ਵਿਰੋਧੀ ਪਾਰਟੀਆਂ ਨੂੰ ਇਕੱਠਾ ਕਰਨ ਦੀ ਲੋੜ 'ਤੇ ਵਿਚਾਰ ਕੀਤਾ। ਮਮਤਾ ਬੈਨਰਜੀ ਨੇ ਰਾਹੁਲ ਗਾਂਧੀ ਨਾਲ ਵੀ ਗੱਲਬਾਤ ਕੀਤੀ ਅਤੇ ਇੰਡੀਆ ਗੱਠਜੋੜ ਦੀ ਮੀਟਿੰਗ ਜਲਦੀ ਬੁਲਾਉਣ ਲਈ ਕਿਹਾ। ਇਸ ਤੋਂ ਪਹਿਲਾਂ ਬੇਬੀ ਨੇ 23 ਸਤੰਬਰ ਨੂੰ ਮਮਤਾ ਬੈਨਰਜੀ ਸਮੇਤ ਇੰਡੀਆ ਗੱਠਜੋੜ ਅਤੇ ਹੋਰ ਗੈਰ-ਭਾਜਪਾ ਪਾਰਟੀਆਂ ਦੇ ਆਗੂਆਂ ਨੂੰ ਪੱਤਰ ਲਿਖ ਕੇ ਮੌਜੂਦਾ ਹਾਲਾਤ 'ਤੇ ਸਾਂਝੀ ਮੀਟਿੰਗ ਕਰਨ ਦੀ ਅਪੀਲ ਕੀਤੀ ਸੀ।

ਇਸੇ ਦੌਰਾਨ ਕਾਂਗਰਸ ਵਰਕਿੰਗ ਕਮੇਟੀ ਦੀ 29 ਸਤੰਬਰ ਨੂੰ ਮੀਟਿੰਗ ਹੋਣੀ ਹੈ। ਰਾਜ ਠਾਕਰੇ, ਉਨ੍ਹਾ ਦੇ ਚਚੇਰੇ ਭਰਾ ਊਧਵ ਠਾਕਰੇ ਅਤੇ ਭਤੀਜੇ ਆਦਿੱਤਿਆ ਠਾਕਰੇ ਨੇ ਸਨਿੱਚਰਵਾਰ ਸਹੁੰ ਖਾਧੀ ਕਿ ਮੁੰਬਈ ਮੁੱਖ ਚੋਣ ਕਮਿਸ਼ਨਰ ਦੇ ਅਹੁਦੇ ਤੋਂ ਗਿਆਨੇਸ਼ ਕੁਮਾਰ ਨੂੰ ਹਟਾਉਣ ਦੀ ਮੰਗ ਲਈ ਅੰਦੋਲਨ ਦਾ ਸਮਰਥਨ ਕਰੇਗੀ। ਕਾਕਰੋਚ ਜਨਤਾ ਪਾਰਟੀ (ਸੀ ਜੇ ਪੀ) ਦੇ ਬਾਨੀ ਅਭਿਜੀਤ ਦੀਪਕੇ ਦੇ ਐਲਾਨ ਕਿ ਜੇ ਕੁਮਾਰ ਨੇ ਅਸਤੀਫਾ ਨਾ ਦਿੱਤਾ ਤਾਂ ਸੀ ਜੇ ਪੀ 2 ਅਕਤੂਬਰ ਨੂੰ ਮੁੰਬਈ ਤੋਂ ਦੇਸ਼ਵਿਆਪੀ ਵਿਰੋਧ ਪ੍ਰਦਰਸ਼ਨ ਸ਼ੁਰੂ ਕਰੇਗੀ, ਦੇ ਜਵਾਬ ਵਿੱਚ ਆਦਿੱਤਿਆ ਠਾਕਰੇ ਨੇ ਕਿਹਾ, 'ਜੇ ਗਿਆਨੇਸ਼ ਨਹੀਂ ਜਾਂਦਾ, ਤਾਂ ਮੁੰਬਈ 2 ਅਕਤੂਬਰ ਤੋਂ ਵੱਡੀ ਗਿਣਤੀ ਵਿੱਚ ਵੋਟ ਚੋਰੀ ਦੇ ਵਿਰੁੱਧ ਨਿੱਤਰੇਗੀ।' ਜੰਮੂ-ਕਸ਼ਮੀਰ ਦੀ ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫਤੀ ਨੇ ਧਰਮ ਨਿਰਪੱਖ ਕਦਰਾਂ-ਕੀਮਤਾਂ ਨਾਲ ਜੁੜੀਆਂ ਪਛਾਣਾਂ ਵਾਲੇ ਲੋਕਾਂ ਨੂੰ 29 ਸਤੰਬਰ ਨੂੰ ਦਿੱਲੀ ਦੇ ਜੰਤਰ-ਮੰਤਰ 'ਤੇ ਹੋਣ ਵਾਲੇ ਵਿਰੋਧ ਪ੍ਰਦਰਸ਼ਨ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਹੈ।

## ਸ਼ਹਿਨਸ਼ਾਹ ਕਿ ਸ਼ਾਹ ?

**ਨਵੀਂ ਦਿੱਲੀ :** ਕਾਂਗਰਸ ਦੇ ਬੁਲਾਰੇ ਪਵਨ ਖੇੜਾ ਨੇ ਸ਼ਨੀਵਾਰ ਸਵਾਲ ਕੀਤਾ ਕਿ ਵੋਟਰ ਸੂਚੀਆਂ ਦੀ ਵਿਸ਼ੇਸ਼ ਡੂੰਘੀ ਸੁਧਾਈ (ਐੱਸ ਆਈ ਆਰ) ਦੇ ਪਿੱਛੇ ਕੌਣ ਸੀ, ਕੀ ਇਹ ਸ਼ਹਿਨਸ਼ਾਹ ਸੀ ਜਾਂ ਅਮਿਤ ਸ਼ਾਹ? ਅੰਜਲੀ ਭਾਰਦਵਾਜ ਦੀ ਅਰਜ਼ੀ 'ਤੇ ਭਾਰਤੀ ਚੋਣ ਕਮਿਸ਼ਨ ਦੇ ਜਵਾਬ ਦਾ ਹਵਾਲਾ ਦਿੰਦੇ ਹੋਏ ਖੇੜਾ ਨੇ ਇੱਕ ਪੋਸਟ ਵਿੱਚ ਲਿਖਿਆ, 'ਕੀ ਐੱਸ ਆਈ ਆਰ ਨੂੰ ਦੇਸ਼ ਭਰ ਵਿੱਚ ਕਰਵਾਉਣ ਦੀ ਮਨਜ਼ੂਰੀ ਦਿੱਤੀ ਗਈ? ਚੋਣ ਕਮਿਸ਼ਨ ਦੇ ਅਨੁਸਾਰ : ਨਹੀਂ।' ਉਨ੍ਹਾ ਕਿਹਾ ਕਿ ਭਾਰਦਵਾਜ ਨੇ ਉਨ੍ਹਾਂ ਫਾਈਲਾਂ ਦੀਆਂ ਕਾਪੀਆਂ ਮੰਗੀਆਂ ਸਨ, ਜਿਨ੍ਹਾਂ ਰਾਹੀਂ ਚੋਣ ਕਮਿਸ਼ਨ ਨੇ ਦੇਸ਼ ਭਰ ਵਿੱਚ ਐੱਸ ਆਈ ਆਰ ਸ਼ੁਰੂ ਕਰਨ ਦੇ ਫੈਸਲੇ ਨੂੰ ਮਨਜ਼ੂਰੀ ਦਿੱਤੀ ਸੀ। ਇਸ ਬਾਰੇ ਕਮਿਸ਼ਨ ਨੇ ਜਵਾਬ ਵਿੱਚ ਕਿਹਾ ਕਿ ਅਜੇ ਤੱਕ ਐੱਸ ਆਈ ਆਰ ਸ਼ੁਰੂ ਕਰਨ ਬਾਰੇ ਕੋਈ ਫੈਸਲਾ ਨਹੀਂ ਲਿਆ।

# ਪ੍ਰਧਾਨ ਮੰਤਰੀ ਨੇ ਡਫਲੀ ਵਜਾ ਕੇ ਰੌਲਾ ਪੁਆ ਲਿਆ

**ਨਵੀਂ ਦਿੱਲੀ (ਨ ਜ਼ ਸ)**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੁੱਕਰਵਾਰ ਰਾਤ ਜਨਰਲ ਜ਼ੈੱਡ ਨੂੰ ਲੁਭਾਉਣ ਲਈ 'ਭਜਨ ਕਲੱਬਿੰਗ' ਦਾ ਤਰੀਕਾ ਵਰਤਿਆ, ਪਰ ਉਨ੍ਹਾਂ ਦੇ ਆਲੋਚਕਾਂ ਨੇ ਉਨ੍ਹਾ ਨੂੰ ਟ੍ਰੋਲ ਕਰਨਾ ਸ਼ੁਰੂ ਕਰ ਦਿੱਤਾ।


ਪ੍ਰਧਾਨ ਮੰਤਰੀ ਭਾਰਤੀ ਜਨਸੰਘ ਦੇ ਨੇਤਾ ਦੀ 110ਵੀਂ ਜਯੰਤੀ ਮਨਾਉਣ ਲਈ ਦਿੱਲੀ ਦੇ ਦੀਨ ਦਿਆਲ ਉਪਾਧਿਆਏ ਪਾਰਕ ਵਿਖੇ ਭਜਨ ਕਲੱਬਿੰਗ ਪ੍ਰੋਗਰਾਮ ਵਿੱਚ ਸ਼ਾਮਲ ਹੋਏ। ਵੀਡੀਓਜ਼ ਵਿੱਚ ਮੋਦੀ ਨੂੰ ਤਾੜੀਆਂ ਵਜਾਉਂਦੇ, ਡਫਲੀ ਵਜਾਉਂਦੇ ਹੋਏ ਦਿਖਾਇਆ ਗਿਆ ਹੈ, ਜਦੋਂ ਕਿ ਨੌਜਵਾਨ ਭਜਨ ਗਾਉਂਦੇ ਅਤੇ ਨੱਚਦੇ ਹਨ।

ਪ੍ਰਧਾਨ ਮੰਤਰੀ ਮੋਦੀ ਨੇ ਸ਼ਨੀਵਾਰ ਨੂੰ ਵੱਖ-ਵੱਖ ਕੋਣਾਂ ਤੋਂ ਦੋ ਹੋਰ ਵੀਡੀਓ ਸਾਂਝੇ ਕੀਤੇ, ਜਿਸ ਵਿੱਚ ਭਗਵੇਂ ਕੱਪੜੇ ਪਹਿਨੇ ਨੌਜਵਾਨ ਕਲਾਕਾਰਾਂ ਨਾਲ ਉਨ੍ਹਾ ਦਾ ਸਪੱਸ਼ਟ ਤਾਲਮੇਲ ਦਿਖਾਇਆ ਗਿਆ। ਪ੍ਰਧਾਨ ਮੰਤਰੀ ਦੇ ਇੰਸਟਾਗ੍ਰਾਮ 'ਤੇ ਇੱਕ ਕੈਪਸ਼ਨ ਲਿਖਿਆ : ਕੀ ਤੁਸੀਂ ਇਹ ਦੇਖਦੇ ਹੋਏ ਆਪਣੇ ਪੈਰਾਂ ਨੂੰ ਥਿਰਕਾਏ? ਭਾਜਪਾ ਨੇ ਇਸ ਫਾਰਮੈਟ ਨੂੰ 'ਸੱਭਿਆਚਾਰ, ਸ਼ਰਧਾ ਅਤੇ ਇੱਕ ਪੂਰੀ ਨਵੀਂ ਊਰਜਾ' ਦੇ ਨਵੀਨਤਮ ਮਿਲਣ ਬਿੰਦੂ ਵਜੋਂ ਵੇਚਣ ਲਈ ਕਿਹਾ ਕਿ ਮੋਦੀ ਦੇ ਸ਼ਾਮਲ ਹੋਣ ਨਾਲ ਸ਼ਾਮ 'ਹੋਰ ਵੀ ਠੰਢੀ' ਹੋ ਗਈ।



ਸੀ ਜੇ ਪੀ ਦੇ ਬਾਨੀ ਅਭਿਜੀਤ ਦੀਪਕੇ ਨੇ ਮੋਦੀ ਦੀ ਪੋਸਟ ਦਾ ਜਵਾਬ ਪ੍ਰਾਇਓਰਿਟੀਜ਼ (ਤਰਜੀਹਾਂ) ਦੇ ਇੱਕ ਸ਼ਬਦ ਨਾਲ ਦਿੱਤਾ, ਜਿਸ ਵਿੱਚ ਦੱਖਣੀ ਦਿੱਲੀ ਦੇ ਇੱਕ ਪਾਰਕ ਵਿੱਚ ਇੱਕ ਕੁੜੀ ਨਾਲ ਹੋਏ ਸਮੂਹਕ ਬਲਾਤਕਾਰ ਬਾਰੇ ਇੱਕ ਰਿਪੋਰਟ ਦਾ ਸਕਰੀਨ ਸ਼ਾਟ ਸਾਂਝਾ ਕੀਤਾ। ਉਸ ਦੀ ਟਿੱਪਣੀ ਨੂੰ 11,000 ਤੋਂ ਵੱਧ ਲਾਈਕਸ ਮਿਲੇ।

# ਬਦਰੀਨਾਥ ਮੰਦਰ ਨੇੜੇ ਡਾਂਸ ਤੋਂ ਮੁਰਲੀ ਮਨੋਹਰ ਜੋਸ਼ੀ ਦੁਖੀ



**ਨਵੀਂ ਦਿੱਲੀ :** ਭਾਜਪਾ ਮਾਰਗ ਦਰਸ਼ਕ ਮੰਡਲ ਦੇ ਮੈਂਬਰ ਅਤੇ ਸਾਬਕਾ ਕੇਂਦਰੀ ਮੰਤਰੀ ਮੁਰਲੀ ਮਨੋਹਰ ਜੋਸ਼ੀ ਨੇ ਕਿਹਾ ਕਿ ਬਦਰੀਨਾਥ ਮੰਦਰ ਦੇ ਨੇੜੇ ਡੀ ਜੇ ਪ੍ਰੋਗਰਾਮ ਦੀ ਆਗਿਆ ਦੇਣਾ ਨਾ ਸਿਰਫ ਸੱਭਿਆਚਾਰਕ ਮਰਿਆਦਾ ਦੀ ਉਲੰਘਣਾ ਹੈ, ਸਗੋਂ ਮੰਦਰ ਦੀ ਪਵਿੱਤਰਤਾ 'ਤੇ ਸਿੱਧਾ ਹਮਲਾ ਵੀ ਹੈ। ਉਨ੍ਹਾ ਕਿਹਾ, 'ਇਹ ਧਿਆਨ ਦੇਣ ਯੋਗ ਹੈ ਕਿ ਇਸ ਧਾਮ ਦੀ ਸਥਾਪਨਾ ਆਦਿ ਗੁਰੂ ਸ਼ੰਕਰਾਚਾਰੀਆ ਮਹਾਰਾਜ ਦੁਆਰਾ ਹਿਮਾਲੀਅਨ ਵਾਤਾਵਰਣ ਵਿੱਚ ਬ੍ਰਹਮ ਭਜਨਾਂ ਰਾਹੀਂ ਸ਼ਾਂਤੀਪੂਰਨ ਭਗਤੀ ਲਈ ਕੀਤੀ ਗਈ ਸੀ। ਇਸ ਸਥਾਨ 'ਤੇ ਸੰਖ ਵਜਾਉਣ ਦੀ ਵੀ ਮਨਾਹੀ ਹੈ, ਫਿਰ ਵੀ ਅਸੀਂ ਇਸ ਦੀ ਅਣਦੇਖੀ ਕਰਦੇ ਹਾਂ ਅਤੇ ਸ਼ੋਰ-ਸ਼ਰਾਬੇ ਵਾਲੇ ਸੰਗੀਤ ਪ੍ਰੋਗਰਾਮਾਂ ਦਾ ਆਯੋਜਨ ਕਰਦੇ ਹਾਂ, ਜਿਸ ਨਾਲ ਭਾਰਤ ਦੇ ਅਧਿਆਤਮਿਕ, ਸੱਭਿਆਚਾਰਕ ਅਤੇ ਵਾਤਾਵਰਣਕ ਮੁੱਲਾਂ ਨੂੰ ਗੰਭੀਰਤਾ ਨਾਲ ਅਣਗੌਲਿਆ ਕੀਤਾ ਜਾਂਦਾ ਹੈ। ਹਿਮਾਲਿਆ ਪਰਮਾਤਮਾ ਦੀ ਆਤਮਾ, ਭਗਵਾਨ ਸ਼ਿਵ ਦਾ ਨਿਵਾਸ, ਮਾਂ ਗੰਗਾ ਦਾ ਸਰੋਤ ਹੈ। ਇਸ ਖੇਤਰ ਨੂੰ ਨਾਚ ਦੇ ਅਖਾੜੇ ਵਿੱਚ ਬਦਲਣਾ ਕਰੋੜਾਂ ਭਾਰਤੀਆਂ ਦੇ ਵਿਸ਼ਵਾਸ 'ਤੇ ਇੱਕ ਡੂੰਘਾ ਜ਼ਖਮ ਹੈ।' ਦੋ-ਰੋਜ਼ਾ ਸੱਭਿਆਚਾਰਕ ਪ੍ਰੋਗਰਾਮ 19 ਅਤੇ 20 ਸਤੰਬਰ ਨੂੰ ਬਦਰੀਨਾਥ ਮੰਦਰ ਦੇ ਨਾਲ ਲੱਗਦੇ ਟੂਰਿਸਟ ਅਰਾਈਵਲ ਪਲਾਜ਼ਾ ਵਿਖੇ ਫੌਜ ਦੇ ਅਪ੍ਰੇਸ਼ਨ ਸਦਭਾਵਨਾ ਅਧੀਨ, ਚਮੋਲੀ ਜ਼ਿਲ੍ਹਾ ਪ੍ਰਸ਼ਾਸਨ ਅਤੇ ਉੱਤਰਾਖੰਡ ਸੈਰ-ਸਪਾਟਾ ਵਿਭਾਗ ਦੇ ਸਹਿਯੋਗ ਨਾਲ ਆਯੋਜਿਤ ਕੀਤਾ ਗਿਆ ਸੀ। ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੇ 20 ਸਤੰਬਰ ਨੂੰ ਸਮਾਪਤੀ ਵਾਲੇ ਦਿਨ ਸ਼ਿਰਕਤ ਕੀਤੀ।

# ਮਾਨ ਨੇ ਬੇਅਦਬੀ ਰੋਕੂ ਕਾਨੂੰਨ ਬਾਰੇ ਅੱਜ ਮੀਟਿੰਗ ਸੱਦੀ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਰਵਉੱਚ ਪਵਿੱਤਰਤਾ ਤੇ ਮਰਿਆਦਾ ਪ੍ਰਤੀ ਡੂੰਘੀ ਸ਼ਰਧਾ ਪ੍ਰਗਟਾਉਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026' ਲਈ ਗਠਿਤ 7 ਮੈਂਬਰੀ ਕੋਆਰਡੀਨੇਸ਼ਨ ਕਮੇਟੀ ਦੀ ਮੀਟਿੰਗ 27 ਸਤੰਬਰ ਨੂੰ ਚੰਡੀਗੜ੍ਹ ਸਥਿਤ ਆਪਣੀ ਰਿਹਾਇਸ਼ 'ਤੇ ਬੁਲਾਈ ਹੈ। ਇਹ ਕਮੇਟੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਅਤੇ ਸ਼ਰਧਾ ਦੇ ਉੱਚ ਮਾਪਦੰਡਾਂ ਨੂੰ ਬਰਕਰਾਰ ਰੱਖਣ ਦੇ ਉਦੇਸ਼ ਨਾਲ ਐਕਟ ਦੇ ਉਪਬੰਧਾਂ ਅਤੇ ਇਸ ਨੂੰ ਲਾਗੂ ਕਰਨ ਨਾਲ ਸੰਬੰਧਤ ਮਾਮਲਿਆਂ 'ਤੇ ਵਿਚਾਰ-ਵਟਾਂਦਰਾ ਕਰੇਗੀ।ਇਸ 7 ਮੈਂਬਰੀ ਕੋਆਰਡੀਨੇਸ਼ਨ ਕਮੇਟੀ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਰਘਬੀਰ ਸਿੰਘ, ਸੰਤ ਗਿਆਨੀ ਹਰਨਾਮ ਸਿੰਘ ਖਾਲਸਾ, ਸੰਤ ਬਾਬਾ ਸੇਵਾ ਸਿੰਘ, ਸਾਬਕਾ ਜਸਟਿਸ ਜਸਵਿੰਦਰ ਸਿੰਘ, ਸਾਬਕਾ ਜਸਟਿਸ ਗੁਰਬੀਰ ਸਿੰਘ, ਸਾਬਕਾ ਆਈ ਪੀ ਐੱਸ ਅਧਿਕਾਰੀ ਜਤਿੰਦਰ ਸਿੰਘ ਔਲਖ ਅਤੇ ਐਡਵੋਕੇਟ ਐੱਸ ਪ੍ਰੀਤ ਇੰਦਰ ਪਾਲ ਸਿੰਘ ਸ਼ਾਮਲ ਹਨ।

# ਏ ਐੱਸ ਆਈ 'ਤੇ ਗੋਲੀ ਚਲਾਉਣ ਵਾਲਾ ਮੁਕਾਬਲੇ 'ਚ ਮਾਰਿਆ

**ਚੇਤਨਪੁਰਾ/ਜੈਂਤੀਪੁਰ (ਸੁਖਵੰਤ ਸਿੰਘ ਚੇਤਨਪੁਰੀ/ਸੁਖਬੀਰ ਸਿੱਧੂ)**

ਥਾਣਾ ਝੰਡੇਰ ਦੇ ਪਿੰਡ ਕੰਦੋਵਾਲੀ ਨੇੜੇ ਏ ਐੱਸ ਆਈ ਜਸਵੰਤ ਸਿੰਘ 'ਤੇ ਗੋਲੀ ਚਲਾਉਣ ਵਾਲਾ ਕਰਨਬੀਰ ਸਿੰਘ ਉਰਫ ਕਰਮਵੀਰ ਉਰਫ ਨਿੰਦੀ (19) ਪੁਲਸ ਮੁਕਾਬਲੇ ਵਿੱਚ ਮਾਰਿਆ ਗਿਆ। ਦੋ ਪੁਲਸ ਮੁਲਾਜ਼ਮ ਵੀ ਜ਼ਖਮੀ ਹੋ ਗਏ। ਹੌਲਦਾਰ ਮਨਦੀਪ ਸਿੰਘ ਦੀ ਛਾਤੀ 'ਤੇ ਗੋਲੀ ਲੱਗੀ, ਪਰ ਬੁਲੇਟ ਪਰੂਫ ਜੈਕਟ ਕਾਰਨ ਗੰਭੀਰ ਜ਼ਖਮ ਤੋਂ ਬਚਾਅ ਹੋ ਗਿਆ। ਹੌਲਦਾਰ ਅੰਮ੍ਰਿਤਪਾਲ ਸਿੰਘ ਦੀ ਲੱਤ 'ਤੇ ਗੋਲੀ ਲੱਗੀ। ਆਈ ਜੀ ਬਾਰਡਰ ਰੇਂਜ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਝੰਡੇਰ ਪੁਲਸ ਸਟੇਸ਼ਨ ਨੂੰ ਸੂਚਨਾ ਮਿਲੀ ਸੀ ਕਿ ਰਾਜਾਸਾਂਸੀ ਥਾਣਾ ਅਧੀਨ ਆਉਂਦੇ ਪਿੰਡ ਜਹਾਨਟੀ ਦਾ ਰਹਿਣ ਵਾਲਾ ਕਰਨਬੀਰ ਸਿੰਘ ਇਲਾਕੇ ਵਿੱਚ ਘੁੰਮ ਰਿਹਾ ਹੈ ਅਤੇ ਕਿਸੇ ਅਪਰਾਧ ਨੂੰ ਅੰਜਾਮ ਦੇਣ ਦੀ ਯੋਜਨਾ ਬਣਾ ਰਿਹਾ ਹੈ। ਜਦੋਂ ਉਸ ਨੂੰ ਮੋਟਰਸਾਈਕਲ 'ਤੇ ਆਉਂਦਿਆਂ ਦੇਖ ਕੇ ਰੁਕਣ ਦਾ ਇਸ਼ਾਰਾ ਕੀਤਾ ਗਿਆ ਤਾਂ ਉਸ ਨੇ ਪੁਲਸ ਪਾਰਟੀ 'ਤੇ ਗੋਲੀਬਾਰੀ ਕਰ ਦਿੱਤੀ। ਜਵਾਬੀ ਕਾਰਵਾਈ ਵਿੱਚ ਪੁਲਸ ਵੱਲੋਂ 5 ਗੋਲੀਆਂ ਚਲਾਈਆਂ ਗਈਆਂ, ਜਿਨ੍ਹਾਂ ਵਿੱਚੋਂ ਦੋ ਗੋਲੀਆਂ ਕਰਨਬੀਰ ਸਿੰਘ ਦੀ ਲੱਤ ਅਤੇ ਛਾਤੀ ਵਿੱਚ ਲੱਗੀਆਂ। ਉਸ ਨੂੰ ਸਿਵਲ ਹਸਪਤਾਲ ਅਜਨਾਲਾ ਲਿਜਾਇਆ ਗਿਆ, ਜਿੱਥੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ।

ਕਰਨਬੀਰ ਸਿੰਘ ਨੂੰ ਭਲਾ ਪਿੰਡ ਸ਼ੂਗਰ ਮਿੱਲ ਨੇੜੇ ਏ ਐੱਸ ਆਈ ਜਸਵੰਤ ਸਿੰਘ ਨਾਲ ਜੁੜੀ ਗੋਲੀਬਾਰੀ ਦੀ ਘਟਨਾ ਵਿੱਚ ਰਾਜਾਸਾਂਸੀ ਥਾਣੇ ਵਿੱਚ ਦਰਜ ਮਾਮਲੇ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ। ਪੁਲਸ ਨੇ ਦੱਸਿਆ ਕਿ ਉਹ ਕੁਝ ਦਿਨ ਪਹਿਲਾਂ ਮਜੀਠਾ ਇਲਾਕੇ ਵਿੱਚ ਹਥਿਆਰਾਂ ਦੀ ਬਰਾਮਦਗੀ ਲਈ ਲਿਜਾਏ ਜਾਣ ਸਮੇਂ ਹਿਰਾਸਤ ਵਿੱਚੋਂ ਫਰਾਰ ਹੋ ਗਿਆ ਸੀ, ਜਿਸ ਦੇ ਸੰਬੰਧ ਵਿੱਚ ਮਜੀਠਾ ਪੁਲਸ ਸਟੇਸ਼ਨ ਵਿੱਚ ਇੱਕ ਵੱਖਰੀ ਐੱਫ ਆਈ ਆਰ ਦਰਜ ਕੀਤੀ ਗਈ ਸੀ। ਇਸ ਤੋਂ ਇਲਾਵਾ ਪੁਲਸ ਮੁਤਾਬਕ ਕਰਨਬੀਰ ਸਿੰਘ ਨੂੰ 2025 ਵਿੱਚ ਘਰਿੰਡਾ ਪੁਲਸ ਸਟੇਸ਼ਨ ਵਿੱਚ ਦਰਜ ਇੱਕ ਐੱਫ ਆਈ ਆਰ ਵਿੱਚ ਵੀ ਨਾਮਜ਼ਦ ਕੀਤਾ ਗਿਆ ਸੀ, ਜਿਸ ਸਮੇਂ ਉਸ ਨੂੰ ਨਾਬਾਲਗ ਵਜੋਂ ਪੇਸ਼ ਕੀਤਾ ਗਿਆ ਸੀ ਅਤੇ ਬਾਅਦ ਵਿੱਚ ਜ਼ਮਾਨਤ ਮਿਲ ਗਈ ਸੀ। ਪੁਲਸ ਨੇ ਦਾਅਵਾ ਕੀਤਾ ਹੈ ਕਿ ਮੁਕਾਬਲੇ ਵਾਲੀ ਥਾਂ ਤੋਂ ਇੱਕ ਗਲੌਕ 9-ਐੱਮ ਐੱਮ ਪਿਸਤੌਲ, ਇੱਕ 30-ਬੋਰ ਦਾ ਪਿਸਤੌਲ ਅਤੇ ਮੋਟਰਸਾਈਕਲ ਬਰਾਮਦ ਕੀਤਾ ਗਿਆ ਹੈ।

# ਸਰਪੰਚਣੀ ਦੇ ਪਤੀ ਦੀ ਹੱਤਿਆ

**ਝਬਾਲ (ਹਰਜਿੰਦਰ ਸਿੰਘ ਸੋਨੀ)**



ਅੱਡਾ ਗੱਗੋਬੂਹਾ ਵਿਖੇ ਸ਼ੁੱਕਰਵਾਰ ਰਾਤ ਕਰੀਬ 10 ਵਜੇ ਸ਼੍ਰੋਮਣੀ ਅਕਾਲੀ ਦਲ ਪੱਖੀ ਸਰਪੰਚ ਕੁਲਵਿੰਦਰ ਕੌਰ ਦੇ ਪਤੀ ਨਵਦੀਪ ਸਿੰਘ ਨਵੀ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਪੁਲਸ ਨੇ ਦੱਸਿਆ ਕਿ ਪਿੰਡ ਦੇ ਦੋ ਧੜਿਆਂ ਦਰਮਿਆਨ ਤਕਰਾਰ ਹੋ ਗਿਆ ਸੀ, ਜਿਸ 'ਤੇ ਗੱਗੋਬੂਹਾ ਪਿੰਡ ਦੇ ਅੱਡੇ ਵਿਖੇ ਸਰਾਫ ਦੀ ਦੁਕਾਨ ਕਰਦੇ ਸੁਰਿੰਦਰ ਸਿੰਘ ਸੋਨੂੰ ਵੱਲੋਂ ਨਵਦੀਪ ਸਿੰਘ ਉੱਪਰ ਗੋਲੀ ਚਲਾ ਦਿੱਤੀ ਗਈ।

ਨਵਦੀਪ ਸਿੰਘ ਹਸਪਤਾਲ ਦੇ ਰਾਹ ਵਿੱਚ ਦਮ ਤੋੜ ਗਿਆ। ਪੁਲਸ ਨੇ ਸੁਰਿੰਦਰ ਸਿੰਘ ਉਰਫ ਸੋਨੂੰ ਕੰਡਾ, ਨਿਰਮਲ ਸਿੰਘ ਨਿੰਮਾ ਅਤੇ ਅਰਸ਼ਦੀਪ ਸਿੰਘ ਵਿਰੁੱਧ ਕੇਸ ਦਰਜ ਕਰ ਲਿਆ ਹੈ। ਪੁਲਸ ਨੇ ਦਾਅਵਾ ਕੀਤਾ ਕਿ ਇਸ ਮਾਮਲੇ ਵਿੱਚ ਕਿਸੇ ਕਿਸਮ ਦੀ ਰਾਜਨੀਤੀ ਜਾਂ ਫਿਰ ਗੈਂਗਸਟਰਜ਼ ਦਾ ਹੱਥ ਨਹੀਂ।

# ਪ੍ਰਾਪਰਟੀ ਡੀਲਰ ਨੂੰ ਮੰਜੇ ਨਾਲ ਬੰਨ੍ਹ ਕੇ ਇੱਕ ਕਰੋੜ ਲੈ ਗਏ

**ਫਰੀਦਾਬਾਦ (ਨਵਾਂ ਜ਼ਮਾਨਾ ਸਰਵਿਸ)**

ਇੱਥੋਂ ਦੇ ਧੌਜ ਥਾਣੇ ਅਧੀਨ ਪੈਂਦੇ ਪਿੰਡ ਫਤਿਹਪੁਰ ਤਾਗਾ ਵਿੱਚ ਪੰਜ ਹਥਿਆਰਬੰਦ ਲੁਟੇਰਿਆਂ ਨੇ ਪ੍ਰਾਪਰਟੀ ਡੀਲਰ ਅਬਦੁਲ ਕਰੀਮ ਦੇ ਘਰ ਦੀ ਬਾਹਰਲੀ ਕੰਧ ਟੱਪ ਕੇ ਉਸ ਨੂੰ ਬੰਦੂਕ ਦੀ ਨੋਕ 'ਤੇ ਮੰਜੇ ਨਾਲ ਬੰਨ੍ਹ ਦਿੱਤਾ ਅਤੇ ਕਰੀਬ 1 ਕਰੋੜ ਰੁਪਏ ਦੀ ਨਕਦੀ ਲੈ ਕੇ ਫਰਾਰ ਹੋ ਗਏ।

ਸ਼ੁੱਕਰਵਾਰ ਅਤੇ ਸ਼ਨੀਵਾਰ ਦੀ ਵਿਚਕਾਰਲੀ ਰਾਤ ਨੂੰ ਉਹ ਘਰ ਵਿੱਚ ਇਕੱਲਾ ਸੀ। ਸ਼ਨਿੱਚਰਵਾਰ ਨੂੰ ਹੋਣ ਵਾਲੀਆਂ ਜ਼ਮੀਨ ਦੀਆਂ ਰਜਿਸਟਰੀਆਂ ਲਈ ਘਰ ਵਿੱਚ ਲਗਪਗ 1 ਕਰੋੜ ਰੁਪਏ ਦੀ ਨਕਦੀ ਰੱਖੀ ਹੋਈ ਸੀ। ਰਾਤ ਦੇ ਕਰੀਬ 2.30 ਵਜੇ, ਜਦੋਂ ਉਹ ਗੂੜ੍ਹੀ ਨੀਂਦ ਵਿੱਚ ਸੀ, ਤਾਂ ਲੁਟੇਰੇ ਆ ਧਮਕੇ। ਕਰੀਮ ਸਾਰੀ ਰਾਤ ਮੰਜੇ ਨਾਲ ਬੱਝਾ ਰਿਹਾ। ਪਰਵਾਰ ਨੇ ਘਰ ਪਰਤ ਕੇ ਖੋਲ੍ਹਿਆ।

# ਚੰਦ ਫਤਿਹਪੁਰੀ ਨਮਿਤ ਅੰਤਮ ਅਰਦਾਸ

**ਜਲੰਧਰ (ਇਕਬਾਲ ਸਿੰਘ ਉਭੀ)**

ਬੇਬਾਕ ਪੱਤਰਕਾਰੀ ਅਤੇ ਖੱਬੀ ਲਹਿਰ ਦੇ ਉੱਘੇ ਚਿਹਰੇ ਰੋਜ਼ਾਨਾ 'ਨਵਾਂ ਜ਼ਮਾਨਾ' ਦੇ ਸੰਪਾਦਕ ਅਤੇ ਭਾਰਤੀ ਕਮਿਊਨਿਸਟ ਪਾਰਟੀ ਦੇ ਸੀਨੀਅਰ ਆਗੂ ਕਾਮਰੇਡ ਚੰਦ ਫਤਿਹਪੁਰੀ, ਜਿਹਨਾ ਦਾ ਬੀਤੀ 20 ਸਤੰਬਰ ਨੂੰ ਦੇਹਾਂਤ ਹੋ ਗਿਆ ਸੀ, ਨਮਿਤ ਅੰਤਮ ਅਰਦਾਸ ਉਨ੍ਹਾ ਦੇ ਗ੍ਰਹਿ ਪਠਾਨਕੋਟ ਮਾਰਗ 'ਤੇ ਸਥਿਤ ਬੁਲੰਦਪੁਰ ਨੇੜੇ 110, ਮਾਨ ਨਗਰ ਵਿਖੇ ਕੀਤੀ ਗਈ। ਸੀਨੀਅਰ ਪੱਤਰਕਾਰ ਜਤਿੰਦਰ ਪਨੂੰ, ਗਿਆਨ ਸੈਦਪੁਰੀ, ਪ੍ਰਿਥੀਪਾਲ ਸਿੰਘ ਮਾੜੀਮੇਘਾ ਸਕੱਤਰ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਸੀ ਪੀ ਆਈ ਦੇ ਪਰਮਜੀਤ ਸਿੰਘ ਸਮਰਾਏ, ਰਛਪਾਲ ਸਿੰਘ ਕੈਲੇ ਜ਼ਿਲ੍ਹਾ ਸਕੱਤਰ ਵੱਲੋਂ ਹਾਜ਼ਰ ਹੋ ਕੇ ਉਨ੍ਹਾ ਦੀ ਧਰਮ ਪਤਨੀ ਸੰਤੋਸ਼ ਬਰਾੜ, ਬੇਟੀ ਰਚਨਾ ਬਰਾੜ, ਬੇਟੇ ਸੁਮੇਲ ਬਰਾੜ, ਪ੍ਰਿੰਸ ਬਰਾੜ ਅਤੇ ਪਰਵਾਰਕ ਮੈਂਬਰਾਂ ਨਾਲ ਦੁੱਖ ਸਾਂਝਾ ਕੀਤਾ ਗਿਆ । ਜਤਿੰਦਰ ਪਨੂੰ ਨੇ ਚੰਦ ਫਤਿਹਪੁਰੀ ਦੇ ਜਾਣ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਦੱਸਿਆ ਅਤੇ ਪਰਵਾਰ ਨਾਲ ਹਮਦਰਦੀ ਪ੍ਰਗਟ ਕਰਦਿਆਂ ਕਿਹਾ ਕਿ 'ਨਵਾਂ ਜ਼ਮਾਨਾ' ਦੀ ਟੀਮ ਅਤੇ 'ਨਵਾਂ ਜ਼ਮਾਨਾ' ਟਰੱਸਟ ਹਰ ਦੁੱਖ-ਸੁੱਖ ਦੀ ਘੜੀ ਵਿੱਚ ਪਰਵਾਰ ਨਾਲ ਖੜ੍ਹਾ ਹੈ। ਇਸ ਮੌਕੇ ਵੱਖ-ਵੱਖ ਅਖ਼ਬਾਰਾਂ ਤੋਂ ਪੱਤਰਕਾਰ, ਪਾਰਟੀ ਮੈਂਬਰ, ਰਿਸ਼ਤੇਦਾਰਾਂ ਸਮੇਤ ਹੋਰ ਪਤਵੰਤੇ ਹਾਜ਼ਰ ਸਨ।

## ਸ਼ਰਧਾਂਜਲੀ ਸਮਾਗਮ ਅੱਜ



ਸੰਪਾਦਕ ਵਜੋਂ ਰੋਜ਼ਾਨਾ 'ਨਵਾਂ ਜ਼ਮਾਨਾ' ਨੂੰ ਬੁਲੰਦੀਆਂ 'ਤੇ ਲਿਜਾਣ ਵਾਲੇ ਕਾਮਰੇਡ ਚੰਦ ਫਤਿਹਪੁਰੀ ਨਮਿਤ ਸ਼ਰਧਾਂਜਲੀ ਸਮਾਗਮ 27 ਸਤੰਬਰ (ਐਤਵਾਰ) ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿੱਚ 11 ਤੋਂ 2 ਵਜੇ ਤੱਕ ਹੋਵੇਗਾ।

# 2 ਨੂੰ ਦੇਸ਼ ਭਰ 'ਚ ਵਿਰੋਧ ਦਿਵਸ ਮਨਾਏਗੀ ਆਲ ਇੰਡੀਆ ਕਿਸਾਨ ਸਭਾ

**ਲੁਧਿਆਣਾ (ਐੱਮ ਐੱਸ ਭਾਟੀਆ)**

ਨਵੀਂ ਦਿੱਲੀ ਤੋਂ ਜਾਰੀ ਇੱਕ ਬਿਆਨ ਵਿੱਚ ਆਲ ਇੰਡੀਆ ਕਿਸਾਨ ਸਭਾ (ਏ ਆਈ ਕੇ ਐੱਸ) ਨੇ 2 ਅਕਤੂਬਰ ਨੂੰ ਦੇਸ਼ ਭਰ ਵਿੱਚ ਵਿਰੋਧ ਦਿਵਸ ਮਨਾਉਣ ਦਾ ਸੱਦਾ ਦਿੱਤਾ ਹੈ। ਕਿਸਾਨ ਸਭਾ ਨੇ ਵਿਸ਼ੇਸ਼ ਤੀਬਰ ਵੋਟਰ ਸੂਚੀ ਸੋਧ ਤਹਿਤ ਵੋਟਰ ਸੂਚੀਆਂ ਵਿੱਚੋਂ ਨਾਂਅ ਹਟਾਉਣ ਦੀ ਪ੍ਰਕਿਰਿਆ ਤੁਰੰਤ ਰੋਕਣ, ਯੋਗ ਵੋਟਰਾਂ ਦੇ ਨਾਂਅ ਬਹਾਲ ਕਰਨ ਅਤੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੂੰ ਅਹੁਦੇ ਤੋਂ ਹਟਾਉਣ ਦੀ ਮੰਗ ਕੀਤੀ ਹੈ।ਏ ਆਈ ਕੇ ਐੱਸ ਦੇ ਪ੍ਰਧਾਨ ਰਾਜਨ ਕਸ਼ੀਰਸਾਗਰ ਅਤੇ ਜਨਰਲ ਸਕੱਤਰ ਰਵੂਲਾ ਵੈਂਕਈਆ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਕਿ 2 ਅਕਤੂਬਰ ਮਹਾਤਮਾ ਗਾਂਧੀ ਅਤੇ ਲਾਲ ਬਹਾਦਰ ਸ਼ਾਸਤਰੀ ਦੇ ਜਨਮ ਦਿਵਸ ਨੂੰ ਦੇਸ਼-ਵਿਆਪੀ ਵਿਰੋਧ ਦਿਵਸ ਵਜੋਂ ਮਨਾਇਆ ਜਾਵੇਗਾ। ਕਿਸਾਨ ਸਭਾ ਨੇ ਕਿਸਾਨਾਂ, ਖੇਤ ਮਜ਼ਦੂਰਾਂ, ਬਟਾਈਦਾਰਾਂ, ਕਿਰਾਏਦਾਰ ਕਿਸਾਨਾਂ, ਪਰਵਾਸੀ ਮਜ਼ਦੂਰਾਂ, ਪੇਂਡੂ ਔਰਤਾਂ ਅਤੇ ਨੌਜਵਾਨਾਂ ਨੂੰ ਇਸ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਹੈ।

ਕਿਸਾਨ ਸਭਾ ਦਾ ਇਹ ਬਿਆਨ ਅਜਿਹੇ ਸਮੇਂ ਆਇਆ ਹੈ, ਜਦੋਂ 'ਦਿ ਇੰਡੀਅਨ ਐੱਕਸਪ੍ਰੈੱਸ' ਦੀ 23 ਸਤੰਬਰ ਦੀ ਜਾਂਚ ਰਿਪੋਰਟ ਵਿੱਚ ਦੱਸਿਆ ਗਿਆ ਕਿ ਚੋਣ ਕਮਿਸ਼ਨਰ ਸੁਖਬੀਰ ਸਿੰਘ ਸੰਧੂ ਅਤੇ ਵਿਵੇਕ ਜੋਸ਼ੀ ਨੇ ਪਿਛਲੇ ਦਸ ਮਹੀਨਿਆਂ ਦੌਰਾਨ ਘੱਟੋ-ਘੱਟ 14 ਵਾਰ ਕਮਿਸ਼ਨ ਦੇ ਕੁਝ ਫ਼ੈਸਲਿਆਂ ਅਤੇ ਕਾਰਵਾਈਆਂ 'ਤੇ ਲਿਖਤੀ ਇਤਰਾਜ਼ ਦਰਜ ਕੀਤੇ। ਇਨ੍ਹਾਂ ਵਿੱਚ ਨਵੇਂ ਵੋਟਰਾਂ ਦੀ ਰਜਿਸਟ੍ਰੇਸ਼ਨ, ਵੋਟਰਾਂ ਦੇ ਨਾਂਅ ਜੋੜਨ ਅਤੇ ਕੱਟਣ, ਅਪੀਲਾਂ ਅਤੇ ਵੋਟਰ ਡੇਟਾਬੇਸ ਦੀ ਪਹੁੰਚ ਨਾਲ ਸੰਬੰਧਤ ਮਾਮਲੇ ਸ਼ਾਮਲ ਸਨ। ਰਿਪੋਰਟ ਅਨੁਸਾਰ ਦੋਵੇਂ ਚੋਣ ਕਮਿਸ਼ਨਰਾਂ ਨੇ ਫਾਰਮ-6 ਵਿੱਚ ਕੀਤੀ ਗਈ ਇੱਕ ਤਬਦੀਲੀ 'ਤੇ ਵੀ ਇਤਰਾਜ਼ ਕੀਤਾ ਸੀ। ਇਸ ਤਬਦੀਲੀ ਰਾਹੀਂ ਪਹਿਲੀ ਵਾਰ ਵੋਟਰ ਬਣਨ ਵਾਲਿਆਂ ਤੋਂ ਇਹ ਜਾਣਕਾਰੀ ਮੰਗੀ ਜਾ ਰਹੀ ਸੀ ਕਿ ਉਨ੍ਹਾਂ ਦਾ ਜਾਂ ਉਨ੍ਹਾਂ ਦੇ ਮਾਤਾ-ਪਿਤਾ/ਦਾਦਾ-ਦਾਦੀ ਦਾ ਨਾਂਅ ਪਿਛਲੀ ਐੱਸ ਆਈ ਆਰ ਵੋਟਰ ਸੂਚੀ ਵਿੱਚ ਸੀ ਜਾਂ ਨਹੀਂ।ਸੰਧੂ ਨੇ ਇਸ ਤਬਦੀਲੀ ਨੂੰ ਅਣਅਧਿਕਾਰਤ ਅਤੇ ਗੈਰ-ਕਾਨੂੰਨੀ ਦੱਸਿਆ ਸੀ।

ਏ ਆਈ ਕੇ ਐੱਸ ਨੇ ਕਿਹਾ ਕਿ ਚੋਣ ਕਮਿਸ਼ਨ ਦੇ ਅੰਦਰੋਂ ਉੱਠੇ ਇਹ ਇਤਰਾਜ਼ ਵੋਟਰ ਸੂਚੀਆਂ ਦੀ ਸੋਧ ਦੀ ਪ੍ਰਕਿਰਿਆ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਬਾਰੇ ਗੰਭੀਰ ਸਵਾਲ ਖੜ੍ਹੇ ਕਰਦੇ ਹਨ।

'ਇੰਡੀਅਨ ਐੱਕਸਪ੍ਰੈੱਸ' ਦੀ ਰਿਪੋਰਟ ਮੁਤਾਬਕ 30 ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੀਆਂ ਡਰਾਫਟ ਵੋਟਰ ਸੂਚੀਆਂ ਵਿੱਚੋਂ 13 ਕਰੋੜ ਤੋਂ ਵੱਧ ਨਾਂਅ ਹਟਾਏ ਗਏ ਹਨ। ਰਿਪੋਰਟ ਵਿੱਚ ਇਹ ਵੀ ਦਰਜ ਹੈ ਕਿ ਪੱਛਮੀ ਬੰਗਾਲ ਵਿੱਚ ਲਗਭਗ 91 ਲੱਖ ਨਾਂਅ ਹਟਾਏ ਗਏ ਅਤੇ ਵੱਡੀ ਗਿਣਤੀ ਵਿੱਚ ਅਪੀਲਾਂ ਲੰਬਿਤ ਹਨ।

ਏ ਆਈ ਕੇ ਐੱਸ ਨੇ ਕਿਹਾ ਕਿ ਵੋਟਰ ਸੂਚੀ ਵਿੱਚੋਂ ਨਾਂਅ ਹਟਾਉਣ ਦਾ ਪ੍ਰਭਾਵ ਸਿਰਫ਼ ਵੋਟ ਦੇ ਅਧਿਕਾਰ ਤੱਕ ਸੀਮਤ ਨਹੀਂ ਰਹਿ ਸਕਦਾ, ਕਿਉਂਕਿ ਕਈ ਸਰਕਾਰੀ ਭਲਾਈ ਸਕੀਮਾਂ ਦੇ ਰਿਕਾਰਡ ਵੱਖ-ਵੱਖ ਸਰਕਾਰੀ ਡੇਟਾਬੇਸਾਂ ਨਾਲ ਜੁੜੇ ਹੋਏ ਹਨ। ਕਿਸਾਨ ਸਭਾ ਨੇ ਮੰਗ ਕੀਤੀ ਕਿ ਕਿਸੇ ਵਿਅਕਤੀ ਦਾ ਨਾਂਅ ਐੱਸ ਆਈ ਆਰ ਕਾਰਨ ਵੋਟਰ ਸੂਚੀ ਵਿੱਚੋਂ ਹਟਣ ਦੇ ਆਧਾਰ 'ਤੇ ਉਸ ਨੂੰ ਰਾਸ਼ਨ, ਪੈਨਸ਼ਨ, ਨਕਦ ਸਹਾਇਤਾ ਜਾਂ ਹੋਰ ਸਰਕਾਰੀ ਲਾਭਾਂ ਤੋਂ ਵਾਂਝਾ ਨਾ ਕੀਤਾ ਜਾਵੇ।

ਏ • ਬਾਕੀ ਸਫਾ 2 'ਤੇ

## ਅੱਜ-ਨਾਮਾ

ਕੁੜੀਆਂ ਜਿੱਤੀਆਂ, ਮੁੰਡੇ ਗਏ ਜਿੱਤ ਸਾਡੇ,
ਮਾਅਰਕਾ ਦੋਵਾਂ ਨੇ ਲਿਆ ਈ ਮਾਰ ਬੇਲੀ।
ਦੋਵੇਂ ਜਦ ਟੀਮਾਂ ਕਬੱਡੀ ਵਿੱਚ ਧੁੰਮ ਪਾਈ,
ਰਹਿ ਗਿਆ ਵੇਖਦਾ ਕਹਿੰਦੇ ਸੰਸਾਰ ਬੇਲੀ।
ਖਿਡਾਰੀ ਭਾਰਤ ਦੇ ਕਈ ਹਨ ਹੋਰ ਚਮਕੇ,
ਆਉਣਾ ਹੋਰ ਵੀ ਕਈਆਂ ਦਾ ਵਾਰ ਬੇਲੀ।
ਜਿੱਤ'ਗੇ ਮੈਡਲ ਤਾਂ ਯਾਦ ਹਨ ਆਏ ਬੱਚੇ,
ਮੁਬਾਰਕ ਛੱਡੀ ਫਿਰ ਭੇਜ ਸਰਕਾਰ ਬੇਲੀ।
ਜਿਹੜੇ ਜਿੱਤ ਗਏ ਉਨ੍ਹਾਂ ਦੀ ਯਾਦ ਆਈ,
ਪਹਿਲਾਂ ਜਿੱਤਾਂ ਤੋਂ ਕਦੀ ਨਾ ਆਈ ਬੇਲੀ।
ਕੀਤੀ-ਕੱਤਰੀ ਦੀ ਵਾਹਵਾ ਸਰਕਾਰ ਖੱਟੇ,
ਕੀਤੀ ਜੁ ਬੱਚਿਆਂ ਕਿਰਤ ਕਮਾਈ ਬੇਲੀ।

-ਤੀਸ ਮਾਰ ਖਾਂ

# ਮਿੱਟੀ ਨਾਲ ਜੁੜ ਕੇ ਉਚੇਰੀ ਪਰਵਾਜ਼ ਭਰਨ ਦੀ ਲੋੜ : ਸੁਮੇਲ ਸਿੰਘ ਸਿੱਧੂ

**ਜਲੰਧਰ (ਕੇਸਰ)**-ਸਨਿੱਚਰਵਾਰ ਦੇਸ਼ ਭਗਤ ਯਾਦਗਾਰ ਹਾਲ 'ਚ 'ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ 'ਤੇ ਵਿਸ਼ੇਸ਼ ਸੰਬੋਧਨ : ਲੋਕਾਈ ਅਤੇ ਇਤਿਹਾਸ ਦਾ ਸੰਜੋਗ—ਭਗਤ ਸਿੰਘ ਦੇ ਮਾਰਕਸਵਾਦੀ ਤਰੀਕਾਕਾਰ ਦੀ ਬਣਤਰ' ਵਿਸ਼ੇ 'ਤੇ ਵਿਚਾਰ-ਚਰਚਾ ਮੌਕੇ ਮੁੱਖ ਵਕਤਾ ਸੁਮੇਲ ਸਿੰਘ ਸਿੱਧੂ ਨੇ ਪਾਸ਼ ਦੀ ਕਵਿਤਾ ਦਾ ਹਵਾਲਾ ਦਿੰਦਿਆਂ ਕਿਹਾ, 'ਤੁਹਾਡੇ ਅੰਗਸੰਗ ਤੁਹਾਡੇ ਸ਼ਹੀਦ ਤੁਹਾਡੇ ਤੋਂ ਕੁਝ ਆਸ ਕਰਦੇ ਹਨ' ਸਤਰਾਂ ਨੂੰ ਸਰਸਰੀ ਨਜ਼ਰੇ ਪੜ੍ਹ ਕੇ ਲੰਘ ਜਾਣਾ ਅਜੋਕੇ ਸਮਿਆਂ ਦਾ ਹਾਣੀ ਨਹੀਂ। ਭਵਿੱਖ ਦੇ ਅਲਾਰਮ ਤੁਹਾਡੀ ਰਾਤਾਂ ਦੀ ਨੀਂਦ ਅਤੇ ਦਿਨ ਦੇ ਚੈਨ ਨੂੰ ਝਪਟਾ ਮਾਰ ਰਹੇ ਨੇ।

## ਭਗਤ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਤ ਵਿਚਾਰ-ਚਰਚਾ



ਸੁਮੇਲ ਸਿੱਧੂ ਨੇ ਕਿਹਾ ਕਿ ਨਿੱਕੜੀ ਉਮਰੇ ਅੰਬਰੀਂ ਪਰਵਾਜ਼ ਭਰਦੀਆਂ ਬੌਧਿਕ ਗੱਲਾਂ ਕਰਦਾ ਸ਼ਹੀਦ ਭਗਤ ਸਿੰਘ ਸਮਾਜਕ ਤਬਦੀਲੀ ਲਈ ਵਿਸ਼ਾਲ ਅਤੇ ਮਜ਼ਬੂਤ ਲੋਕ ਲਹਿਰ ਉਸਾਰਨ ਦੀ ਲੋੜ 'ਤੇ ਜ਼ੋਰ ਦਿੰਦਾ ਹੈ। ਉਹ ਨਾਲ ਹੀ ਸੁਚੇਤ ਕਰਦਾ ਹੈ ਕਿ ਹਰੇਕ ਲੋਕ ਲਹਿਰ ਜ਼ਰੂਰੀ ਨਹੀਂ ਕਿ ਉਹ ਲੋਕਾਂ ਦੇ ਬੁਨਿਆਦੀ ਮੁੱਦਿਆਂ ਅਤੇ ਬੁਨਿਆਦੀ ਸਮਾਜਕ ਤਬਦੀਲੀ ਨੂੰ ਪਰਨਾਈ ਹੋਵੇ। ਚੜ੍ਹਦੀ ਜੁਆਨੀ ਵਿੱਚ ਹੀ ਮਾਰਕਸ ਦੀ 'ਕੈਪੀਟਲ' ਪੜ੍ਹਨ ਵਾਲੇ, ਹਰ ਵੰਨਗੀ ਦੇ ਵੱਟਾਂ ਬੰਨ੍ਹਿਆਂ, ਵੰਡਾਂ ਤੋਂ ਉਪਰ ਉੱਠ ਕੇ ਮਲਕ ਭਾਗੋਆਂ ਦੀ ਅਜਾਰੇਦਾਰੀ ਨੂੰ ਚੁਣੌਤੀ ਦਿੰਦਿਆਂ ਭਾਈ ਲਾਲੋਆਂ, ਕਿਰਤੀਆਂ ਲਈ ਸਾਂਝੀਵਾਲਤਾ ਸਮਾਜਵਾਦ ਸਿਰਜਣ ਦੇ ਸੰਕਲਪ ਨੂੰ ਪ੍ਰਣਾਏ ਭਗਤ ਸਿੰਘ ਨੂੰ ਆਵਾਰਾ ਕਿਸਮ ਦੀਆਂ ਬੌਣੀਆਂ ਟਿੱਪਣੀਆਂ, ਅਰਾਜਕਤਾਵਾਦੀ ਵਰਗੇ ਲਕਬਾਂ ਨਾਲ ਸੰਬੋਧਨ ਕਰਨ ਵਾਲਿਆਂ ਦਾ ਚੰਨ 'ਤੇ ਥੁੱਕਿਆ ਆਪਣੇ ਹੀ ਮੂੰਹ 'ਤੇ ਆਣ ਪੈਂਦਾ ਹੈ।

ਸੁਮੇਲ ਸਿੰਘ ਸਿੱਧੂ ਨੇ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਅਤੇ ਪੰਜਾਬੀ ਮਾਂ ਬੋਲੀ ਨੂੰ ਕਿਸੇ ਵਿਸ਼ੇਸ਼ ਧਰਮ, ਜਾਤੀ ਨਾਲ ਨਰੜ ਕਰਨਾ ਇਤਿਹਾਸਕਾਰੀ ਨਹੀਂ, ਕਿਉਂਕਿ ਭਗਤ ਸਿੰਘ ਭਾਸ਼ਾ ਦੇ ਸੁਆਲ ਨੂੰ ਵਿਗਿਆਨਕ ਦ੍ਰਿਸ਼ਟੀ ਤੋਂ ਬੇਹੱਦ ਸਾਹਵੇਂ ਅੰਦਾਜ਼ ਨਾਲ ਨਜਿੱਠਦਾ ਹੈ। ਉਹਨਾ ਵਿਸ਼ੇਸ਼ ਧਿਆਨ ਖਿਚਦਿਆਂ ਕਿਹਾ ਕਿ ਕਿਸੇ ਫ਼ਿਰਕੇਦਾਰਾਨਾ ਕੱਟੜ ਧਾਰਮਿਕ ਤੰਗ ਵਲਗਣਾਂ ਦੀ ਬਜਾਏ ਸਾਨੂੰ ਆਪਣੀ ਜ਼ਮੀਨ ਦੇ ਪਤਾਲ ਅੰਦਰ ਜੜ੍ਹਾਂ ਲਾਉਣ ਅਤੇ ਅੰਬਰ ਵੱਲ ਪਰਵਾਜ਼ ਭਰਨ ਲਈ ਆਪਣੇ ਲੋਕ-ਪੱਖੀ, ਵਿਗਿਆਨਕ, ਅਗਾਂਹਵਧੂ ਇਨਕਲਾਬੀ ਇਤਿਹਾਸ, ਸਾਹਿਤ, ਸੱਭਿਆਚਾਰ ਨਾਲ ਮਜ਼ਬੂਤ ਨਾਤਾ ਗੰਢਣ ਦੀ ਲੋੜ ਹੈ।


ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੀਤ ਪ੍ਰਧਾਨ ਡਾ. ਪਰਮਿੰਦਰ, ਕਮੇਟੀ ਮੈਂਬਰ ਮੰਗਤ ਰਾਮ ਪਾਸਲਾ ਅਤੇ ਸੁਰਿੰਦਰ • ਬਾਕੀ ਸਫਾ 2 'ਤੇ

## ਸਾਹਿਤ ਸਭਾ ਦੇ ਜਨਰਲ ਅਜਲਾਸ ਦੌਰਾਨ ਅਹੁਦੇਦਾਰਾਂ ਦੀ ਚੋਣ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਪੰਜਾਬੀ ਸਾਹਿਤ ਸਭਾ ਪਾਤੜਾਂ ਪੰਜਾਬ ਦਾ ਜਨਰਲ ਅਜਲਾਸ ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਪਾਤੜਾਂ ਦੇ ਮੀਟਿੰਗ ਹਾਲ ਵਿੱਚ ਕੁਲਵੰਤ ਰਿਖੀ ਤੇ ਸ੍ਰੀਮਤੀ ਅਨੀਤਾ ਅਰੋੜਾ ਦੀ ਪ੍ਰਧਾਨਗੀ ਹੇਠ ਹੋਇਆ। ਇਸ ਮੌਕੇ ਸਮੁੱਚੇ ਹਾਊਸ ਦੀ ਪ੍ਰਵਾਨਗੀ ਨਾਲ ਸਭਾ ਦੀ ਪੰਜ ਮੈਂਬਰੀ ਕਮੇਟੀ ਭੰਗ ਕਰਕੇ ਸਰਬਸੰਮਤੀ ਨਵੀਂ ਚੋਣ ਕੀਤੀ ਗਈ, ਜਿਸ ਵਿੱਚ ਸਭਾ ਦੇ ਸਰਪ੍ਰਸਤ ਬਾਜ ਸਿੰਘ ਮਹਿਲੀਆ, ਮਾਸਟਰ ਸਲਾਹਕਾਰ ਹਰਦੇਵ ਸਿੰਘ ਪ੍ਰੀਤ, ਪ੍ਰਧਾਨ ਗੁਰਨਾਮ ਸਿੰਘ ਚੌਹਾਨ, ਸੀਨੀਅਰ ਮੀਤ ਪ੍ਰਧਾਨ ਪ੍ਰਿੰ. ਗੁਰਨਾਮ ਸਿੰਘ ਜੱਜ, ਮੀਤ ਪ੍ਰਧਾਨ ਸ੍ਰੀਮਤੀ ਅਨੀਤਾ ਅਰੋੜਾ, ਜਨਰਲ ਸਕੱਤਰ ਕੁਲਵੰਤ ਰਿਖੀ, ਸਕੱਤਰ ਪ੍ਰੇਮ ਸਿੰਘ ਮੌਲਵੀਵਾਲਾ, ਖਜ਼ਾਨਚੀ ਜਤਿਨ ਬੱਤਰਾ, ਪ੍ਰੈੱਸ ਸਕੱਤਰ ਬ੍ਰਿਸ਼ਭਾਨ ਬੁਜਰਕ, ਕਾਰਜਕਾਰਨੀ ਮੈਂਬਰ ਸ੍ਰੀਮਤੀ ਕਿਰਨ ਸਿੰਗਲਾ, ਭੁਪਿੰਦਰਜੀਤ ਸਿੰਘ ਮੌਲਵੀਵਾਲਾ ਤੇ ਵਿਰਕ ਨੂਰਪੁਰੀ ਨੂੰ ਸਰਬ ਸੰਮਤੀ ਨਾਲ ਚੁਣਿਆ ਗਿਆ ਹੈ।ਉਪਰੰਤ ਪੰਜਾਬੀ ਦੇ ਉੱਘੇ ਖੱਬੇ ਪੱਖੀ ਆਗੂ, ਬੇਬਾਕ ਲੇਖਕ ਤੇ ਚਿੰਤਕ ਚੰਦ ਸਿੰਘ ਫਤਿਹਪੁਰੀ ਦੀ ਮੌਤ ਉੱਤੇ ਦੋ ਮਿੰਟ ਦਾ ਮੌਨ ਧਾਰਨ ਕਰਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।ਉਪਰੰਤ ਰਚਨਾਵਾਂ ਦੇ ਦੌਰ ਵਿੱਚ ਸਾਹਿਤਕਾਰ ਸਟੇਟ ਐਵਾਰਡੀ ਬਾਜ ਸਿੰਘ ਮਹਿਲੀਆ ਤੇ ਮਾਸਟਰ ਹਰਦੇਵ ਸਿੰਘ ਨੇ ਮਿਨੀ ਕਹਾਣੀ ਪੇਸ਼ ਕੀਤੀ, ਸ੍ਰੀਮਤੀ ਕਿਰਨ ਸਿੰਗਲਾ ਨੇ ਬਾਜ ਸਿੰਘ ਮਹਿਲੀਆ ਨੂੰ ਸਨਮਾਨਤ ਕੀਤਾ ਤੇ ਉਨ੍ਹਾਂ 'ਤੇ ਕੁਝ ਲਾਈਨਾਂ ਪੇਸ਼ ਕੀਤੀਆਂ।ਸਭਾ ਵੱਲੋਂ ਉਨ੍ਹਾਂ ਨੂੰ ਗੁਰਨਾਮ ਸਿੰਘ ਚੌਹਾਨ ਦੀ ਲਿਖੀ ਪੁਸਤਕ ...ਤਬੋ ਰੋਜ ਜਾਗਿਓ ਨਾਲ ਸਨਮਾਨਤ ਕੀਤਾ ਗਿਆ।ਭੁਪਿੰਦਰਜੀਤ ਮੌਲਵੀਵਾਲਾ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।

## ਸ਼ਿਵ ਲੰਗਰ ਕਮੇਟੀ ਸਮਾਣਾ ਨੂੰ ਉਪ ਰਾਜਪਾਲ ਸਿਨਹਾ ਨੇ ਦਿੱਤਾ ਵਿਸ਼ੇਸ਼ ਸਨਮਾਨ



**ਸਮਾਣਾ (ਗੁਰਪਿਆਰ ਸਿੰਘ ਬੱਲ)**-ਸ੍ਰੀ ਅਮਰਨਾਥ ਯਾਤਰਾ ਦੌਰਾਨ ਦੇਸ਼-ਵਿਦੇਸ਼ ਤੋਂ ਆਉਣ ਵਾਲੇ ਸ਼ਰਧਾਲੂਆਂ ਦੀ ਨਿਸ਼ਕਾਮ ਸੇਵਾ ਕਰਨ ਵਾਲਿਆਂ ਭੰਡਾਰਾ ਕਮੇਟੀਆਂ ਨੂੰ ਮਾਨ-ਸਨਮਾਨ ਦੇਣ ਲਈ ਕਟੜਾ ਵਿਖੇ ਵਿਸ਼ਾਲ ਸਨਮਾਨ ਸਮਾਰੋਹ ਕਰਵਾਇਆ ਗਿਆ।ਇਸ ਸਮਾਰੋਹ ਵਿੱਚ ਜੰਮੂ-ਕਸ਼ਮੀਰ ਦੇ ਉਪ ਰਾਜਪਾਲ ਸ੍ਰੀ ਮਨੋਜ ਸਿਨਹਾ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।ਇਸ ਮੌਕੇ ਅਮਰਨਾਥ ਯਾਤਰਾ ਦੌਰਾਨ ਲਗਾਤਾਰ ਸੇਵਾ ਨਿਭਾਉਣ ਵਾਲੀ ਸ਼ਿਵ ਲੰਗਰ ਕਮੇਟੀ ਸਮਾਣਾ ਦੀ ਟੀਮ ਨੂੰ ਵੀ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਇਸ ਮੌਕੇ ਸ਼ਿਵ ਲੰਗਰ ਕਮੇਟੀ ਸਮਾਣਾ ਦੇ ਪ੍ਰਧਾਨ ਅਮਰ ਗੋਇਲ ਨੇ ਜੰਮੂ-ਕਸ਼ਮੀਰ ਪ੍ਰਸ਼ਾਸਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਮਰਨਾਥ ਯਾਤਰਾ ਦੌਰਾਨ ਪ੍ਰਸ਼ਾਸਨ ਵੱਲੋਂ ਕਮੇਟੀ ਨੂੰ ਹਰ ਪੱਧਰ 'ਤੇ ਪੂਰਾ ਸਹਿਯੋਗ ਦਿੱਤਾ ਗਿਆ।ਪ੍ਰਸ਼ਾਸਨ ਤੇ ਸੁਰੱਖਿਆ ਏਜੰਸੀਆਂ ਦੇ ਸਹਿਯੋਗ ਕਾਰਨ ਹੀ ਲੰਗਰ ਦੀਆਂ ਸੇਵਾਵਾਂ ਨੂੰ ਸੁਚਾਰੂ ਢੰਗ ਨਾਲ ਚਲਾਉਣਾ ਸੰਭਵ ਹੋ ਸਕਿਆ।ਇਸ ਮੌਕੇ ਸ਼ਿਵ ਲੰਗਰ ਕਮੇਟੀ ਦੇ ਮੁੱਖ ਸੇਵਾਦਾਰ ਪੁਰਸ਼ੋਤਮ ਕੁਮਾਰ ਨੇ ਕਿਹਾ ਕਿ ਜੰਮੂ-ਕਸ਼ਮੀਰ ਪ੍ਰਸ਼ਾਸਨ ਵੱਲੋਂ ਮਿਲਿਆ ਸਹਿਯੋਗ ਤੇ ਉਪ ਰਾਜਪਾਲ ਮਨੋਜ ਸਿਨਹਾ ਵੱਲੋਂ ਕਮੇਟੀ ਦੀ ਕੀਤੀ ਗਈ ਸ਼ਲਾਘਾ ਸਾਰੇ ਸੇਵਾਦਾਰਾਂ ਲਈ ਵੱਡਾ ਹੌਸਲਾ ਹੈ।ਉਨ੍ਹਾਂ ਕਿਹਾ ਕਿ ਸ਼ਿਵ ਲੰਗਰ ਕਮੇਟੀ ਸਮਾਣਾ ਅੱਗੇ ਵੀ ਇਸੇ ਤਰ੍ਹਾਂ ਅਮਰਨਾਥ ਯਾਤਰੀਆਂ ਦੀ ਸੇਵਾ ਨੂੰ ਸਮਰਪਤ ਰਹੇਗੀ।

## ਮੁੜ ਖੋਲ੍ਹਿਆ ਜਾਵੇ ਬੰਦ ਪਿਆ ਤਲਵੰਡੀ ਸਾਬੋ ਦਾ ਇਫਕੋ ਸੈਂਟਰ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਤਲਵੰਡੀ ਸਾਬੋ ਵੱਲੋਂ ਐੱਸ ਡੀ ਐੱਮ ਤਲਵੰਡੀ ਸਾਬੋ ਨੂੰ ਪਿਛਲੇ ਦਿਨਾਂ ਤੋਂ ਬੰਦ ਇਫਕੋ ਸੈਂਟਰ ਬੰਦ ਹੋਣ ਸੰਬੰਧੀ ਮੰਗ ਪੱਤਰ ਸੌਂਪਿਆ ਗਿਆ।ਇਸ ਮੌਕੇ ਬਲਾਕ ਪ੍ਰਧਾਨ ਬਹੱਤਰ ਸਿੰਘ ਨੰਗਲਾ, ਜ਼ਿਲ੍ਹਾ ਆਗੂ ਜਗਦੇਵ ਸਿੰਘ ਜੋਗੇਵਾਲਾ ਤੇ ਬਲਾਕ ਜਨਰਲ ਸਕੱਤਰ ਕਾਲਾ ਚੱਠੇਵਾਲਾ ਨੇ ਦੱਸਿਆ ਕਿ ਤਲਵੰਡੀ ਸਾਬੋ ਵਿਖੇ ਇਫਕੋ ਸੈਂਟਰ ਵੱਲੋਂ ਕਿਸਾਨ ਭਰਾਵਾਂ ਨੂੰ ਡੀਏਪੀ ਤੇ ਯੂਰੀਆ ਖਾਦ ਮੁਹੱਈਆ ਕਰਵਾਉਣ ਲਈ ਸਹਾਇਕ ਸਿੱਧ ਹੁੰਦਾ ਰਿਹਾ ਹੈ, ਪਰ ਪਿਛਲੇ ਦਿਨਾਂ ਤੋਂ ਇਹ ਕੇਂਦਰ ਬੰਦ ਕਰ ਦਿੱਤਾ ਗਿਆ ਹੈ, ਜਿਸ ਨਾਲ ਤਲਵੰਡੀ ਸਾਬੋ ਦੇ ਨੇੜੇ ਦੇ ਕਿਸਾਨਾਂ ਦੀ ਸਮੱਸਿਆ ਹੋਰ ਵੱਧ ਗਈ ਹੈ।ਖਾਦ ਦੀ ਕਮੀ ਵੱਜੋਂ ਪਹਿਲਾਂ ਹੀ ਕਿਸਾਨ ਕਾਲਾਬਾਜ਼ਾਰੀ ਦਾ ਸ਼ਿਕਾਰ ਹੋ ਰਹੇ ਹਨ, ਕਈ ਤਰ੍ਹਾਂ ਨਾਲ ਟੈਗਿੰਗ ਹੋ ਰਹੀ ਹੈ, ਉਪਰ ਖਾਦ ਕੇਂਦਰ ਦੇ ਬੰਦ ਹੋਣ ਕਾਰਨ ਸਮੱਸਿਆ ਹੋਰ ਗਹਿਰੀ ਹੋ ਗਈ ਹੈ, ਇਸ ਲਈ ਅੱਜ ਐੱਸ ਡੀ ਐੱਮ ਤਲਵੰਡੀ ਸਾਬੋ ਨੂੰ ਮੰਗ ਪੱਤਰ ਦਿੱਤਾ ਗਿਆ ਹੈ ਤੇ ਐੱਸ ਡੀ ਐੱਮ ਨੇ ਮਸਲਾ ਹੱਲ ਕਰਨ ਦਾ ਭਰੋਸਾ ਦਿੱਤਾ ਹੈ।ਜੇ ਇਹ ਮਸਲਾ ਹੱਲ ਨਾ ਕੀਤਾ ਗਿਆ ਤਾਂ ਜਥੇਬੰਦੀ ਵੱਲੋਂ ਅਗਲਾ ਸੰਘਰਸ਼ ਵਿੱਢਿਆ ਜਾਵੇਗਾ, ਜਿਸ ਦੀ ਪ੍ਰਸ਼ਾਸਨ ਤੇ ਸਰਕਾਰ ਜ਼ਿੰਮੇਵਾਰ ਹੋਵੇਗੀ।


## ਕੋਮਲਦੀਪ ਦੀ ਰਾਜ ਪੱਧਰੀ ਸੁੰਦਰ ਲਿਖਾਈ ਪ੍ਰਤੀਯੋਗਤਾ ਲਈ ਚੋਣ



**ਬਠਿੰਡਾ (ਰਾਜੀਵ ਗੋਇਲ)**-ਸਿੱਖਿਆ ਤੇ ਕਲਾ ਮੰਚ ਪੰਜਾਬ ਵੱਲੋਂ 'ਨਵੇਂ ਦਿਸਹੱਦੇ ਸਿਰਲੇਖ' ਤਹਿਤ ਕਰਵਾਏ ਗਏ ਕਲਾ ਮੁਕਾਬਲਿਆਂ ਵਿੱਚ ਸਰਕਾਰੀ ਹਾਈ ਸਕੂਲ ਰਾਜਗੜ੍ਹ ਦੀ ਪ੍ਰਤਿਭਾਸ਼ਾਲੀ ਵਿਦਿਆਰਥਣ ਕੋਮਲਦੀਪ ਕੌਰ ਨੇ ਸੁੰਦਰ ਲਿਖਾਈ ਪ੍ਰਤੀਯੋਗਤਾ ਵਿੱਚ ਭਾਗ ਲੈ ਕੇ ਆਪਣੀ ਗਾਈਡ ਅਧਿਆਪਕਾ ਸ੍ਰੀਮਤੀ ਸਿਮਰਜੀਤ ਕੌਰ ਦੀ ਅਗਵਾਈ ਹੇਠ ਆਪਣੀ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਦੱਸਣਯੋਗ ਹੈ ਕਿ ਵਿਦਿਆਰਥਣ ਕੋਮਲਦੀਪ ਕੌਰ ਨੇ ਆਪਣੀ ਕਲਾ ਦਾ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਰਾਜ ਪੱਧਰੀ ਸੁੰਦਰ ਲਿਖਾਈ ਪ੍ਰਤੀਯੋਗਤਾ ਲਈ ਚੁਣੇ ਜਾਣ 'ਤੇ ਸਕੂਲ ਤੇ ਪਰਿਵਾਰ ਦਾ ਨਾਂ ਰੌਸ਼ਨ ਕੀਤਾ ਹੈ। ਇਸ ਮੌਕੇ ਬਲਾਕ ਜ਼ਿਲ੍ਹਾ ਸਿੱਖਿਆ ਅਫ਼ਸਰ ਮਮਤਾ ਖੁਰਾਣਾ ਸੇਠੀ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਸ. ਚਮਕੌਰ ਸਿੰਘ ਬਲਾਕ ਨੋਡਲ ਅਫ਼ਸਰ ਸ੍ਰੀ ਰਾਕੇਸ਼ ਕੁਮਾਰ ਸਕੂਲ ਦੇ ਹੈੱਡਮਾਸਟਰ ਮਨਦੀਪ ਸਿੰਘ ਨੇ ਵਿਦਿਆਰਥਣ ਕੋਮਲਦੀਪ ਕੌਰ, ਗਾਈਡ ਅਧਿਆਪਕਾ ਸ੍ਰੀਮਤੀ ਸਿਮਰਜੀਤ ਕੌਰ ਤੇ ਸਮੂਹ ਸਟਾਫ਼ ਨੂੰ ਹਾਰਦਿਕ ਵਧਾਈ ਦਿੱਤੀ। ਇਸ ਦੇ ਨਾਲ ਹੀ ਉਨ੍ਹਾਂ ਨੇ ਆਗਾਮੀ ਨਵੰਬਰ ਮਹੀਨੇ ਵਿੱਚ ਹੋਣ ਵਾਲੀ ਆਫਲਾਈਨ ਰਾਜ ਪੱਧਰੀ ਪ੍ਰਤੀਯੋਗਤਾ ਲਈ ਵਿਦਿਆਰਥਣ ਤੇ ਗਾਈਡ ਅਧਿਆਪਕਾਂ ਨੂੰ ਸ਼ੁਭ-ਕਾਮਨਾਵਾਂ ਦਿੱਤੀਆਂ। ਇਸ ਮੌਕੇ ਗਾਈਡ ਅਧਿਆਪਕਾ ਸ੍ਰੀਮਤੀ ਸਿਮਰਜੀਤ ਕੌਰ ਨੇ ਕਿਹਾ ਕਿ ਮਿਹਨਤ ਦੇ ਰੰਗਾਂ ਨਾਲ ਹੀ ਸਫਲਤਾ ਦੀ ਤਸਵੀਰ ਬਣਦੀ ਹੈ ਤੇ ਅਜਿਹੀਆਂ ਪ੍ਰਾਪਤੀਆਂ ਵਿਦਿਆਰਥੀਆਂ ਨੂੰ ਅੱਗੇ ਵਧਣ, ਨਿਰੰਤਰ ਮਿਹਨਤ ਕਰਨ ਤੇ ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਪ੍ਰੇਰਿਤ ਕਰਦੀਆਂ ਹਨ।

## ਖਜਿਆਰ ਦੇ ਬੋਟੈਨੀਕਲ ਗਾਰਡਨ 'ਚ ਪਹੁੰਚੀ ਰਬਿਸਨ ਇੰਸ. ਤੇ ਈ.ਡੀ.ਐੱਮ.ਏ. ਦੀ ਟੀਮ

### ਔਸ਼ਧੀ ਪੌਦਿਆਂ, ਕੁਦਰਤੀ ਬਨਸਪਤੀ ਤੇ ਖੋਜ ਸੰਭਾਵਨਾਵਾਂ ਬਾਰੇ ਕੀਤੀ ਚਰਚਾ



**ਮੋਗਾ (ਰਵਿਸ਼ਨ ਸਿੰਘ ਖਹਿਰਾ)**-ਰਬਿਸਨ ਇੰਡੀਆ ਇਲੈਕਟ੍ਰੋਮਿਓਪੈਥੀ ਰਿਸਰਚ ਇੰਸਟੀਚਿਊਟ ਤੇ ਪੰਜਾਬ ਇਲੈਕਟ੍ਰੋ ਮਿਓਪੈਥਿਕ ਡਾਕਟਰਜ਼ ਐਸੋਸੀਏਸ਼ਨ (ਈ.ਡੀ.ਐੱਮ.ਏ.) ਪੰਜਾਬ ਦੀ ਟੀਮ ਵੱਲੋਂ ਖਜਿਆਰ ਸਥਿਤ ਬੋਟੈਨੀਕਲ ਗਾਰਡਨ ਦਾ ਵਿਸ਼ੇਸ਼ ਦੌਰਾ ਕੀਤਾ ਗਿਆ।ਦੌਰੇ ਦੌਰਾਨ ਟੀਮ ਮੈਂਬਰਾਂ ਨੇ ਬੋਟੈਨੀਕਲ ਗਾਰਡਨ ਵਿੱਚ ਮੌਜੂਦ ਵੱਖ-ਵੱਖ ਕਿਸਮਾਂ ਦੀ ਬਨਸਪਤੀ ਤੇ ਔਸ਼ਧੀ ਪੌਦਿਆਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ।ਇਸ ਮੌਕੇ ਪੌਦਿਆਂ ਦੀ ਪਛਾਣ, ਉਨ੍ਹਾਂ ਦੀ ਕੁਦਰਤੀ ਵਿਸ਼ੇਸ਼ਤਾ, ਸੰਭਾਲ ਤੇ ਅਧਿਐਨ ਨਾਲ ਸਬੰਧਤ ਵੱਖ-ਵੱਖ ਪਹਿਲੂਆਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ।ਈ.ਡੀ.ਐੱਮ.ਏ. ਪੰਜਾਬ ਦੇ ਚੇਅਰਮੈਨ ਡਾ. ਜਗਤਾਰ ਸਿੰਘ ਸੇਖੋਂ ਨੇ ਕਿਹਾ ਕਿ ਕੁਦਰਤ ਵਿੱਚ ਮੌਜੂਦ ਬਨਸਪਤੀ ਤੇ ਔਸ਼ਧੀ ਪੌਦਿਆਂ ਦਾ ਵਿਗਿਆਨਕ ਢੰਗ ਨਾਲ ਅਧਿਐਨ ਖੋਜ ਦੇ ਖੇਤਰ ਵਿੱਚ ਮਹੱਤਵਪੂਰਨ ਯੋਗਦਾਨ ਪਾ ਸਕਦਾ ਹੈ।ਉਨ੍ਹਾਂ ਕਿਹਾ ਕਿ ਕੁਦਰਤੀ ਸਰੋਤਾਂ ਦੀ ਸੰਭਾਲ ਦੇ ਨਾਲ-ਨਾਲ ਉਨ੍ਹਾਂ ਬਾਰੇ ਵਿਗਿਆਨਕ ਜਾਣਕਾਰੀ ਇਕੱਠੀ ਕਰਨਾ ਵੀ ਸਮੇਂ ਦੀ ਲੋੜ ਹੈ।ਟੀਮ ਵੱਲੋਂ ਖਜਿਆਰ ਦੀ ਕੁਦਰਤੀ ਸੁੰਦਰਤਾ, ਹਰੇ-ਭਰੇ ਵਾਤਾਵਰਣ ਤੇ ਬਨਸਪਤੀ ਦੀ ਵਿਭਿੰਨਤਾ ਦੀ ਵੀ ਸ਼ਲਾਘਾ ਕੀਤੀ ਗਈ।ਇਸ ਦੌਰੇ ਨੂੰ ਅਧਿਐਨ, ਖੋਜ ਤੇ ਕੁਦਰਤੀ ਔਸ਼ਧੀ ਪੌਦਿਆਂ ਬਾਰੇ ਗਿਆਨ ਸਾਂਝਾ ਕਰਨ ਵਜੋਂ ਇੱਕ ਮਹੱਤਵਪੂਰਨ ਕਦਮ ਦੱਸਿਆ ਗਿਆ।ਇਸ ਮੌਕੇ ਰਬਿਸਨ ਇੰਡੀਆ ਇਲੈਕਟ੍ਰੋਮਿਓਪੈਥੀ ਰਿਸਰਚ ਇੰਸਟੀਚਿਊਟ ਤੇ ਈ.ਡੀ.ਐੱਮ.ਏ. ਦੀ ਟੀਮ ਦੇ ਮੈਂਬਰ ਹਾਜ਼ਰ ਸਨ।

## ਦੇਸ਼ ਭਗਤ ਯੂਨੀਵਰਸਿਟੀ ਤੇ ਪੰਜਾਬ ਰੀਜਨਰੇਸ਼ਨ ਵੱਲੋਂ ਸਮਝੌਤਾ ਪੱਤਰ 'ਤੇ ਦਸਤਖ਼ਤ



**ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)**-ਪੰਜਾਬ ਵਿੱਚ ਖੋਜ, ਨਵੀਨਤਾ, ਤਜਰਬਾ-ਅਧਾਰਤ ਸਿੱਖਿਆ ਤੇ ਭਾਈਚਾਰਕ ਵਿਕਾਸ ਨੂੰ ਅੱਗੇ ਵਧਾਉਣ ਵੱਲ ਇੱਕ ਮਹੱਤਵਪੂਰਨ ਕਦਮ ਚੁੱਕਦਿਆਂ ਏ ਪੰਜਾਬ ਰੀਜਨਰੇਸ਼ਨ ਨੌਲਿਜ ਪਲੇਟਫਾਰਮ ਤੇ ਦੇਸ਼ ਭਗਤ ਯੂਨੀਵਰਸਿਟੀ (ਡੀ.ਬੀ.ਯੂ.) ਪੰਜਾਬ ਦਰਮਿਆਨ ਇੱਕ ਸਮਝੌਤਾ ਪੱਤਰ (ਐੱਮ.ਓ.ਯੂ.) 'ਤੇ ਦਸਤਖ਼ਤ ਕੀਤੇ ਗਏ।ਸਮਝੌਤਾ ਪੱਤਰ 'ਤੇ ਏ ਪੰਜਾਬ ਰੀਜਨਰੇਸ਼ਨ ਨੌਲਿਜ ਪਲੇਟਫਾਰਮ ਦੀ ਨੁਮਾਇੰਦਗੀ ਕਰਦੇ ਹੋਏ ਸੁਮੀਤ ਸਿੰਘ ਤੇ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਵੱਲੋਂ ਰਸਮੀ ਤੌਰ 'ਤੇ ਦਸਤਖ਼ਤ ਕੀਤੇ ਗਏ।ਇਸ ਮੌਕੇ ਡਾ. ਤੂਲਿਕਾ ਮਹਿਤਾ, ਮੁੱਖ ਕਾਰਜਕਾਰੀ ਅਧਿਕਾਰੀ, ਦੇਸ਼ ਭਗਤ ਯੂਨੀਵਰਸਿਟੀ ਵੀ ਹਾਜ਼ਰ ਸਨ।ਇਹ ਸਹਿਯੋਗ ਸਾਂਝੀ ਖੋਜ, ਵਿਦਿਆਰਥੀ ਇੰਟਰਨਸ਼ਿਪ, ਗਿਆਨ ਦੇ ਅਦਾਨ-ਪ੍ਰਦਾਨ, ਸਮਰੱਥਾ ਨਿਰਮਾਣ, ਖੇਤਰ-ਅਧਾਰਤ ਸਿੱਖਿਆ, ਨਵੀਨਤਾ ਤੇ ਭਾਈਚਾਰਾ-ਕੇਂਦਰਿਤ ਪਹਿਲਕਦਮੀਆਂ ਲਈ ਇੱਕ ਢਾਂਚਾ ਤਿਆਰ ਕਰਦਾ ਹੈ।ਇਸ ਰਾਹੀਂ ਵਿਦਿਆਰਥੀਆਂ, ਖੋਜਕਰਤਾਵਾਂ ਤੇ ਅਧਿਆਪਕ ਵਰਗ ਦੇ ਮੈਂਬਰਾਂ ਨੂੰ ਪੰਜਾਬ ਸਾਹਮਣੇ ਮੌਜੂਦ ਵਾਤਾਵਰਣਕ, ਖੇਤੀਬਾੜੀ, ਸਮਾਜਿਕ ਤੇ ਟਿਕਾਊ ਵਿਕਾਸ ਨਾਲ ਜੁੜੀਆਂ ਚੁਣੌਤੀਆਂ ਦੇ ਹੱਲ ਲਈ ਵਿਹਾਰਕ ਪ੍ਰੋਜੈਕਟਾਂ 'ਤੇ ਕੰਮ ਕਰਨ ਦੇ ਮੌਕੇ ਮਿਲਣਗੇ।ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਨੇ ਕਿਹਾ ਕਿ ਇਹ ਸਮਝੌਤਾ ਪੱਤਰ ਇੱਕ ਅਜਿਹੀ ਸਹਿਯੋਗੀ ਯਾਤਰਾ ਦੀ ਸ਼ੁਰੂਆਤ ਦਾ ਪ੍ਰਤੀਕ ਹੈ, ਜਿਸ ਦਾ ਉਦੇਸ਼ ਖੋਜ, ਸਿੱਖਿਆ, ਖੇਤਰੀ ਅਮਲ ਤੇ ਭਾਈਚਾਰਕ ਸ਼ਮੂਲੀਅਤ ਨੂੰ ਆਪਸ ਵਿੱਚ ਜੋੜ ਕੇ ਪੰਜਾਬ ਦੇ ਭਵਿੱਖ ਲਈ ਟਿਕਾਊ ਤੇ ਪੁਨਰਜਨਮਕਾਰੀ ਹੱਲ ਵਿਕਸਿਤ ਕਰਨਾ ਹੈ।

## ਤਿਉਹਾਰਾਂ ਦੇ ਮੱਦੇਨਜ਼ਰ ਜਲੰਧਰ ਸਿਟੀ-ਬਢਨੀ ਵਿਚਕਾਰ ਚੱਲੇਗੀ ਸਪੈਸ਼ਲ ਟਰੇਨ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਆਉਣ ਵਾਲੇ ਤਿਉਹਾਰਾਂ ਦੇ ਮੱਦੇਨਜ਼ਰ ਰੇਲਵੇ ਵੱਲੋਂ ਯਾਤਰੀਆਂ ਦੀ ਵਧਦੀ ਆਵਾਜਾਈ ਨੂੰ ਦੇਖਦਿਆਂ ਜਲੰਧਰ ਸਿਟੀ-ਬਢਨੀ-ਜਲੰਧਰ ਸਿਟੀ ਵਿਚਕਾਰ ਅਣ-ਰਿਜ਼ਰਵਡ ਸਪੈਸ਼ਲ ਰੇਲਗੱਡੀ ਚਲਾਉਣ ਦਾ ਫੈਸਲਾ ਕੀਤਾ ਗਿਆ ਹੈ। ਇਸ ਤਹਿਤ ਟਰੇਨ ਨੰਬਰ 05006 ਜਲੰਧਰ ਸਿਟੀ ਤੋਂ ਬਢਨੀ ਲਈ 8 ਅਕਤੂਬਰ ਤੋਂ 26 ਨਵੰਬਰ 2026 ਤੱਕ ਹਰ ਵੀਰਵਾਰ ਚੱਲੇਗੀ। ਇਹ ਗੱਡੀ ਕੁੱਲ 8 ਟ੍ਰਿੱਪ ਲਗਾਏਗੀ। ਜਲੰਧਰ ਸਿਟੀ ਤੋਂ ਇਹ ਰੇਲਗੱਡੀ ਸਵੇਰੇ 10.50 ਵਜੇ ਰਵਾਨਾ ਹੋਵੇਗੀ ਤੇ ਅਗਲੇ ਦਿਨ ਸਵੇਰੇ 4.45 ਵਜੇ ਬਢਨੀ ਪਹੁੰਚੇਗੀ। ਇਸੇ ਤਰ੍ਹਾਂ ਟਰੇਨ ਨੰਬਰ 05005 ਬਢਨੀ ਤੋਂ ਜਲੰਧਰ ਸਿਟੀ ਲਈ 7 ਅਕਤੂਬਰ ਤੋਂ 25 ਨਵੰਬਰ ਤੱਕ ਹਰ ਬੁੱਧਵਾਰ ਚੱਲੇਗੀ। ਇਹ ਗੱਡੀ ਬਢਨੀ ਤੋਂ ਦੁਪਹਿਰ 3.10 ਵਜੇ ਰਵਾਨਾ ਹੋ ਕੇ ਅਗਲੇ ਦਿਨ ਸਵੇਰੇ 8.30 ਵਜੇ ਜਲੰਧਰ ਸਿਟੀ ਪਹੁੰਚੇਗੀ। ਇਸ ਨਾਲ ਤਿਉਹਾਰਾਂ ਦੌਰਾਨ ਪੰਜਾਬ ਅਤੇ ਉੱਤਰ ਭਾਰਤ ਦੇ ਵੱਖ-ਵੱਖ ਇਲਾਕਿਆਂ ਵਿਚ ਆਉਣ-ਜਾਣ ਵਾਲੇ ਯਾਤਰੀਆਂ ਨੂੰ ਵਾਧੂ ਰੇਲ ਸੇਵਾ ਦਾ ਲਾਭ ਮਿਲੇਗਾ। ਰੇਲਵੇ ਅਨੁਸਾਰ ਦੋਵੇਂ ਦਿਸ਼ਾਵਾਂ ਵਿੱਚ ਇਹ ਸਪੈਸ਼ਲ ਟਰੇਨ ਢੰਡਾਰੀ ਕਲਾਂ, ਅੰਬਾਲਾ ਛਾਉਣੀ, ਯਮੁਨਾਨਗਰ ਜਗਾਧਰੀ, ਸਹਾਰਨਪੁਰ, ਮੁਰਾਦਾਬਾਦ, ਬਰੇਲੀ, ਸੀਤਾਪੁਰ, ਬੁਢਵਲ, ਗੌਂਡਾ, ਬਲਰਾਮਪੁਰ ਤੇ ਤੁਲਸੀਪੁਰ ਸਮੇਤ ਵੱਖ-ਵੱਖ ਸਟੇਸ਼ਨਾਂ 'ਤੇ ਰੁਕੇਗੀ। ਰੇਲਵੇ ਵੱਲੋਂ ਤਿਉਹਾਰੀ ਸੀਜ਼ਨ ਦੌਰਾਨ ਯਾਤਰੀਆਂ ਦੀ ਸਹੂਲਤ, ਸੁਚਾਰੂ ਆਵਾਜਾਈ ਤੇ ਸੁਰੱਖਿਅਤ ਯਾਤਰਾ ਨੂੰ ਯਕੀਨੀ ਬਣਾਉਣ ਲਈ ਵਾਧੂ ਪ੍ਰਬੰਧ ਕੀਤੇ ਜਾ ਰਹੇ ਹਨ।

# 'ਸਵੱਛਤਾ ਹੀ ਸੇਵਾ-2026' ਤਹਿਤ ਵਾਲੀਬਾਲ ਮੈਚ ਤੇ ਸਾਈਕਲ ਰੈਲੀ




**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਫਿਰੋਜ਼ਪੁਰ ਮੰਡਲ ਵੱਲੋਂ 'ਸਵੱਛਤਾ ਹੀ ਸੇਵਾ-2026' ਮੁਹਿੰਮ ਦੇ ਅੰਤਰਗਤ ਸਵੱਛਤਾ ਦਾ ਵਿਆਪਕ ਪ੍ਰਚਾਰ-ਪ੍ਰਸਾਰ ਤੇ ਆਮ ਲੋਕਾਂ ਨੂੰ ਜਾਗਰੂਕ ਕਰਨ ਦੇ ਮਕਸਦ ਨਾਲ ਵਾਲੀਬਾਲ ਮੈਚ ਤੇ ਸਾਈਕਲ ਰੈਲੀ ਦਾ ਆਯੋਜਨ ਕੀਤਾ ਗਿਆ। ਇਨ੍ਹਾਂ ਖੇਡ ਗਤੀਵਿਧੀਆਂ ਦਾ ਆਯੋਜਨ ਮੰਡਲ ਸਪੋਰਟਸ ਐਸੋਸੀਏਸ਼ਨ ਫਿਰੋਜ਼ਪੁਰ ਵੱਲੋਂ ਸੀਨੀਅਰ ਮੰਡਲ ਖੇਡ ਅਧਿਕਾਰੀ ਰਾਹੁਲ ਦੇਵ ਦੀ ਪ੍ਰਧਾਨਗੀ ਹੇਠ ਕਰਾਇਆ ਗਿਆ। ਸੀਨੀਅਰ ਮੰਡਲ ਵਣਜ ਪ੍ਰਬੰਧਕ/ਫਰੇਟ ਪਰਮਦੀਪ ਸਿੰਘ ਸੈਣੀ, ਸਹਾਇਕ ਮੰਡਲ ਖੇਡ ਅਧਿਕਾਰੀ ਅਚਰਜ ਗੁਪਤਾ, ਮੰਡਲ ਖੇਡ ਸਕੱਤਰ ਸੁਨੀਲ ਕੁਮਾਰ ਤੇ ਹੋਰ ਅਧਿਕਾਰੀਆਂ, ਕਰਮਚਾਰੀਆਂ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੇ ਉਤਸ਼ਾਹਪੂਰਵਕ ਹਿੱਸਾ ਲਿਆ। ਸਾਈਕਲ ਰੈਲੀ ਦਾ ਆਯੋਜਨ ਰੇਲਵੇ ਅਧਿਕਾਰੀ ਕਲੱਬ ਤੋਂ ਮੁਕਤਸਰ ਰੋਡ ਤੱਕ ਕੀਤਾ ਗਿਆ। ਇਸ ਤੋਂ ਇਲਾਵਾ ਇੱਕ ਵਾਲੀਬਾਲ ਮੈਚ ਵੀ ਕਰਵਾਇਆ ਗਿਆ। ਇਨ੍ਹਾਂ ਖੇਡ ਗਤੀਵਿਧੀਆਂ ਵਿੱਚ ਰੇਲਵੇ ਅਧਿਕਾਰੀਆਂ, ਕਰਮਚਾਰੀਆਂ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੇ ਸ਼ਾਮਲ ਹੋ ਕੇ ਸਵੱਛਤਾ ਦੇ ਮਹੱਤਵ ਦਾ ਸੁਨੇਹਾ ਆਮ ਲੋਕਾਂ ਤੱਕ ਪਹੁੰਚਾਇਆ। ਇਨ੍ਹਾਂ ਖੇਡ ਗਤੀਵਿਧੀਆਂ ਦਾ ਮਕਸਦ ਵਾਤਾਵਰਨ ਜਾਗਰੂਕਤਾ, ਸਰੀਰਕ ਫਿੱਟਨੈੱਸ ਤੇ ਨਿਰੰਤਰ ਗਤੀਵਿਧੀਆਂ ਨੂੰ ਉਤਸ਼ਾਹਤ ਕਰਨਾ ਹੈ। ਸਾਰੀਆਂ ਗਤੀਵਿਧੀਆਂ ਵਿੱਚ 'ਜ਼ੀਰੋ ਵੇਸਟ' ਪ੍ਰੋਟੋਕੋਲ ਦੀ ਪਾਲਣਾ ਕੀਤੀ ਗਈ ਤੇ ਸਮਾਪਤੀ 'ਤੇ ਸਾਂਝੀ ਸਵੱਛਤਾ ਮੁਹਿੰਮ ਵੀ ਚਲਾਈ ਗਈ। ਫਿਰੋਜ਼ਪੁਰ ਮੰਡਲ ਨੇ ਸਾਰੇ ਰੇਲ ਕਰਮਚਾਰੀਆਂ, ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਤੇ ਸਥਾਨਕ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਆਪਣੀ ਸਰਗਰਮ ਭਾਗੀਦਾਰੀ ਰਾਹੀਂ ਇਸ ਮੁਹਿੰਮ ਨੂੰ ਸਫਲ ਬਣਾਉਣ ਤੇ ਸਵੱਛਤਾ ਨੂੰ ਆਪਣੀ ਰੋਜ਼ਾਨਾ ਦੀ ਜ਼ਿੰਦਗੀ ਦਾ ਅਟੁੱਟ ਹਿੱਸਾ ਬਣਾਉਣ।

# ਆਗਮਨ-ਪੁਰਬ ਦੀ ਸਫਲਤਾ 'ਚ ਬਾਬਾ ਫਰੀਦ ਪਬਲਿਕ ਸਕੂਲ ਤੇ ਕਾਲਜ ਦੇ ਸਟਾਫ਼ ਤੇ ਵਿਦਿਆਰਥੀਆਂ ਦਾ ਅਹਿਮ ਯੋਗਦਾਨ




**ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ, ਗੁਰਪ੍ਰੀਤ ਬੇਦੀ)**-ਬਾਬਾ ਸ਼ੇਖ਼ ਫ਼ਰੀਦ ਜੀ ਦੇ 57ਵੇਂ ਆਗਮਨ-ਪੁਰਬ 2026 ਨੂੰ ਸ਼ਰਧਾ, ਸ਼ਾਂਤੀ ਤੇ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਵਿੱਚ ਜਿੱਥੇ ਵੱਖ-ਵੱਖ ਸਮਾਜਿਕ ਤੇ ਧਾਰਮਿਕ ਜਥੇਬੰਦੀਆਂ ਵੱਲੋਂ ਅਹਿਮ ਭੂਮਿਕਾ ਨਿਭਾਈ ਗਈ, ਉੱਥੇ ਬਾਬਾ ਫ਼ਰੀਦ ਪਬਲਿਕ ਸਕੂਲ ਤੇ ਕਾਲਜ ਦੇ ਸਮੂਹ ਸਟਾਫ਼ ਤੇ ਵਿਦਿਆਰਥੀਆਂ ਨੇ ਵੀ ਪੂਰੀ ਤਨਦੇਹੀ, ਸ਼ਰਧਾ ਤੇ ਉਤਸ਼ਾਹ ਨਾਲ ਆਪਣਾ ਵਡਮੁੱਲਾ ਯੋਗਦਾਨ ਪਾਇਆ। ਬਾਬਾ ਫ਼ਰੀਦ ਧਾਰਮਿਕ ਤੇ ਵਿੱਦਿਅਕ ਸੰਸਥਾਵਾਂ ਦੇ ਚੇਅਰਮੈਨ ਸ. ਸਿਮਰਜੀਤ ਸਿੰਘ ਸੇਖੋਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜ ਰੋਜ਼ਾ ਆਗਮਨ-ਪੁਰਬ ਦੌਰਾਨ ਧਾਰਮਿਕ ਤੇ ਸੱਭਿਆਚਾਰਕ ਸਮਾਗਮਾਂ ਦੇ ਨਾਲ-ਨਾਲ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਲਈ ਲੇਖ ਲਿਖਣ, ਪ੍ਰਸ਼ਨੋਤਰੀ, ਭਾਸ਼ਣ ਤੇ ਸ਼ਬਦ ਗਾਇਨ ਮੁਕਾਬਲੇ ਕਰਵਾਏ ਗਏ।ਇਨ੍ਹਾਂ ਮੁਕਾਬਲਿਆਂ ਵਿੱਚ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਲ ਕਰਨ ਵਾਲੇ ਤੇ ਉਤਸ਼ਾਹ-ਵਧਾਊ ਇਨਾਮ ਲਈ ਚੁਣੇ ਗਏ ਵਿਦਿਆਰਥੀਆਂ ਨੂੰ ਕ੍ਰਮਵਾਰ 10,000, 7,000, 5,000 ਤੇ 2,100 ਰੁਪਏ ਦੀ ਨਕਦ ਰਾਸ਼ੀ ਸਮੇਤ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ।ਆਗਮਨ-ਪੁਰਬ ਦੇ ਪਹਿਲੇ ਦਿਨ ਟਿੱਲਾ ਬਾਬਾ ਸ਼ੇਖ਼ ਫ਼ਰੀਦ ਜੀ ਵਿਖੇ ਕਰਵਾਏ ਗਏ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਵਿੱਚ ਸਕੂਲ ਦੇ ਅਧਿਆਪਕਾਂ ਨੇ ਸ਼ਰਧਾ ਸਹਿਤ ਹਾਜ਼ਰੀ ਭਰੀ।ਗੁਰਦੁਆਰਾ ਗੋਦੜੀ ਸਾਹਿਬ ਵਿਖੇ ਸਕੂਲ ਤੇ ਕਾਲਜ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਵੱਲੋਂ ਲੰਗਰ ਦੀ ਸੇਵਾ ਵੀ ਪੂਰੀ ਤਨਦੇਹੀ ਨਾਲ ਨਿਭਾਈ ਗਈ।ਟਿੱਲਾ ਬਾਬਾ ਸ਼ੇਖ਼ ਫ਼ਰੀਦ ਜੀ ਤੋਂ ਆਰੰਭ ਹੋਏ ਵਿਸ਼ਾਲ ਨਗਰ ਕੀਰਤਨ ਵਿੱਚ ਖਾਲਸਾਈ ਰੂਪ ਵਿੱਚ ਸਜੇ ਛੋਟੇ ਸਿੰਘਾਂ ਦੇ ਨਾਲ-ਨਾਲ ਡਾਂਡੀਆ, ਲੇਜ਼ੀਅਮ ਤੇ ਐਨ ਸੀ ਸੀ ਦੇ ਵਿਦਿਆਰਥੀਆਂ ਨੇ ਪੂਰੀ ਸ਼ਰਧਾ, ਮਰਿਆਦਾ ਤੇ ਅਨੁਸ਼ਾਸਨ ਨਾਲ ਸ਼ਮੂਲੀਅਤ ਕੀਤੀ। ਧਾਰਮਿਕ ਸ਼ਰਧਾ ਦੇ ਨਾਲ-ਨਾਲ ਵਿਦਿਆਰਥੀਆਂ ਨੇ ਸ਼ਹਿਰ ਵਾਸੀਆਂ ਨੂੰ ਫ਼ਰੀਦਕੋਟ ਨਗਰੀ ਨੂੰ ਸਾਫ਼-ਸੁਥਰਾ ਰੱਖਣ ਲਈ ਪ੍ਰੇਰਿਤ ਕਰਦਿਆਂ ਸਫ਼ਾਈ ਜਾਗਰੂਕਤਾ ਦਾ ਸੁਨੇਹਾ ਦਿੱਤਾ। ਵਿਦਿਆਰਥੀਆਂ ਨੇ ਬਾਬਾ ਸ਼ੇਖ਼ ਫ਼ਰੀਦ ਜੀ ਦੀਆਂ ਮਹਾਨ ਸਿੱਖਿਆਵਾਂ, ਸਰਬ-ਸਾਂਝੀਵਾਲਤਾ, ਪਿਆਰ, ਭਾਈਚਾਰੇ ਤੇ ਮਨੁੱਖਤਾ ਦੇ ਸੰਦੇਸ਼ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਉਜਾਗਰ ਕੀਤਾ।

## ਬੀ ਸੀ ਐੱਮ ਕਾਲਜ ਦਾ ਨਤੀਜਾ ਸ਼ਾਨਦਾਰ



**ਲੁਧਿਆਣਾ (ਐੱਮ ਐੱਸ ਭਾਟੀਆ)**-ਬੀ.ਸੀ.ਐੱਮ. ਕਾਲਜ ਆਫ਼ ਐਜੂਕੇਸ਼ਨ ਦੇ ਬੀ. ਐੱਡ. ਸਮੈਸਟਰ-2 (2025-27) ਦੇ ਵਿਦਿਆਰਥੀਆਂ ਨੇ ਪੰਜਾਬ ਯੂਨੀਵਰਸਿਟੀ ਦੇ ਬੀ. ਐੱਡ. ਨਤੀਜਿਆਂ ਵਿੱਚ ਕ੍ਰਮਵਾਰ ਪਹਿਲਾ, ਤੀਜਾ ਤੇ ਪੰਜਵਾਂ ਸਥਾਨ ਪ੍ਰਾਪਤ ਕੀਤਾ ਹੈ।ਗੁਰਪਿੰਦਰ ਕੌਰ ਤੇ ਕੋਮਲ ਕੌਰ ਨੇ 92.44% ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਵਿੱਚ ਪਹਿਲਾ, ਕੋਮਲ ਨੇ 90.22% ਅੰਕਾਂ ਨਾਲ ਤੀਜਾ ਅਤੇ ਕੋਮਲ ਸ਼ਰਮਾ ਨੇ 89.77% ਅੰਕਾਂ ਨਾਲ ਪੰਜਵਾਂ ਸਥਾਨ ਪ੍ਰਾਪਤ ਕੀਤਾ।ਜ਼ਿਕਰਯੋਗ ਹੈ ਕਿ 3 ਵਿਦਿਆਰਥੀਆਂ ਨੇ 90% ਤੋਂ ਵੱਧ, 37 ਵਿਦਿਆਰਥੀਆਂ ਨੇ 80-89% ਤੇ 33 ਵਿਦਿਆਰਥੀਆਂ ਨੇ 70-79% ਅੰਕ ਪ੍ਰਾਪਤ ਕੀਤੇ ਹਨ।ਬੀ.ਸੀ.ਐੱਮ. ਪ੍ਰਬੰਧਨ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਨਤੀਜਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਲਈ ਪ੍ਰਿੰਸੀਪਲ, ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ।

# ਸ਼੍ਰੋਮਣੀ ਅਕਾਲੀ ਦਲ ਨੇ ਕਰਵਾਇਆ ਮਾਵਾਂ-ਧੀਆਂ ਨੂੰ ਇਨਸਾਫ ਦਿਵਾਓ ਸਮਾਗਮ

### ਹਰਸਿਮਰਤ ਨੇ ਮਹਿਲਾਵਾਂ ਨੂੰ 'ਆਪ' ਸਰਕਾਰ ਭਜਾਉਣ ਦਾ ਦਿੱਤਾ ਸੱਦਾ



**ਨਾਭਾ (ਅਮਨ ਗਰਗ)**-ਲੋਕ ਸਭਾ ਮੈਂਬਰ ਬੀਬਾ ਹਰਸਿਮਰਤ ਕੌਰ ਬਾਦਲ ਵੱਲੋਂ ਨਾਭਾ ਦੇ ਵਿਸ਼ਕਰਮਾ ਭਵਨ ਵਿਖੇ ਦੀ ਮਾਵਾਂ-ਧੀਆਂ ਨੂੰ ਇਨਸਾਫ ਦਵਾਓ ਸਮਾਗਮ ਵਿੱਚ ਹਿੱਸਾ ਲਿਆ, ਜਿਸ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਮਹਿਲਾਵਾਂ ਪਹੁੰਚੀਆਂ ਹਲਕਾ ਇੰਚਾਰਜ ਮੱਖਣ ਸਿੰਘ ਲਾਲਕਾ ਦੀ ਅਗਵਾਈ ਹੇਠ ਕਰਵਾਏ ਗਏ। ਇਸ ਸਮਾਗਮ ਵਿੱਚ ਮਹਿਲਾਵਾਂ ਨੂੰ ਸੱਦਾ ਦਿੱਤਾ ਗਿਆ ਕਿ ਪੰਜਾਬ ਨੂੰ ਬਚਾਉਣ ਲਈ ਇਸ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਚਲਦਾ ਕਰੋ।ਇਸ ਮੌਕੇ ਹਰਸਿਮਰਤ ਕੌਰ ਬਾਦਲ ਨੇ ਪੰਜਾਬ ਬਚਾਓ ਲਈ ਆਪਣੀ ਹੱਥਾਂ ਦੇ ਨਿਸ਼ਾਨ ਰਾਹੀਂ ਪੰਜਾਬ ਦੀ ਮਹਿਲਾਵਾਂ ਨੂੰ ਸੱਦਾ ਦਿੱਤਾ ਕਿ ਇੱਕਜੁੱਟਤਾ ਦੇ ਨਾਲ ਮਹਿਲਾਵਾਂ ਨੂੰ ਇਕੱਠੇ ਹੋ ਕੇ ਨਸ਼ਿਆਂ ਦੀ ਦਲਦਲ ਵਿੱਚੋਂ ਪੰਜਾਬ ਨੂੰ ਬਚਾਓ।ਇਸ ਮੌਕੇ ਬਹੁਤ ਸਾਰੇ ਅਜਿਹੇ ਪਰਿਵਾਰ ਤੇ ਮਹਿਲਾਵਾਂ ਨਾਲ ਹਰਸਿਮਰਤ ਕੌਰ ਬਾਦਲ ਨੇ ਮੁਲਾਕਾਤ ਕੀਤੀ, ਜਿਨ੍ਹਾਂ ਦੇ ਪਰਿਵਾਰਕ ਮੈਂਬਰ ਨਸ਼ਿਆਂ ਕਰਕੇ ਜ਼ਿੰਦਗੀ ਖੋਹ ਚੁੱਕੇ ਹਨ ਕੁਝ ਦਿਨ ਪਹਿਲਾਂ ਕੁਝ ਨਸ਼ੇੜੀ ਲੁਟੇਰਿਆਂ ਵੱਲੋਂ ਨਾਭਾ ਦੇ ਪਿੰਡ ਬੋੜਾ ਕਲਾ ਦੀ ਚਾਰ ਸਾਲ ਦੀ ਮਾਸੂਮ ਬੱਚੀ ਦੇ ਗੱਲ ਦੇ ਉੱਪਰ ਹਮਲਾ ਹਮਲਾ ਕੀਤਾ ਗਿਆ ਸੀ, ਜਿਸ ਪਰਿਵਾਰ ਨੂੰ ਵੀ ਹਰਸਿਮਰਤ ਕੌਰ ਬਾਦਲ ਨੇ ਮਿਲ ਕੇ ਇਨਸਾਫ ਦਵਾਉਣ ਲਈ ਸਰਕਾਰ ਦੀ ਆਲੋਚਨਾ ਕੀਤੀ।ਹਰਸਿਮਰਤ ਕੌਰ ਬਾਦਲ ਨੂੰ ਦੇ ਨਾਲ ਮੁਲਾਕਾਤ ਕਰਨ ਲਈ ਮਹਿਲਾਵਾਂ ਵਿੱਚ ਕਾਫੀ ਉਤਸਾਹ ਨਜ਼ਰ ਆਇਆ ਸਮਾਗਮ ਲਈ ਰੱਖੀ ਗਈ ਥਾਂ ਮਹਿਲਾਵਾਂ ਦੀ ਗਿਣਤੀ ਸਾਹਮਣੇ ਬਹੁਤ ਘੱਟ ਨਜ਼ਰ ਆਈ।ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਬੀਬਾ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਅੱਜ ਪੰਜਾਬ ਨੂੰ ਲੋੜ ਹੈ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਸੱਤਾ ਤੋਂ ਚਲਦੇ ਕਰਨ ਦੀ, ਕਿਉਂਕਿ ਪੰਜਾਬ ਵਿੱਚ ਨਸ਼ਾ ਵਧ ਗਿਆ ਹੈ ਉਨ੍ਹਾਂ ਵੱਲੋਂ ਮਾਵਾਂ ਧੀਆਂ ਨੂੰ ਇਨਸਾਫ ਦਿਵਾਓ ਪੰਜਾਬ ਬਚਾਓ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ ਹੈ। ਉਨ੍ਹਾਂ ਹਜ਼ਾਰ ਰੁਪਈਆ ਮਹਿਲਾਵਾਂ ਨੂੰ ਦੇਣ ਤੇ ਕਿਹਾ ਕਿ ਅੱਜ ਲੋੜ ਹੈ ਮਹਿਲਾਵਾਂ ਦੇ ਪਰਿਵਾਰਕ ਮੈਂਬਰਾਂ ਨੂੰ ਨਸ਼ਿਆਂ ਦੀ ਦਲਦਲ ਤੋਂ ਬਾਹਰ ਕੱਢਣ ਦੀ ਪੰਜਾਬ ਦੀ। ਮਹਿਲਾਵਾਂ ਨੂੰ ਸਰਕਾਰ ਦੇ ਅਖੀਰਲੇ ਮਹੀਨਿਆਂ ਵਿੱਚ ਕੁਝ ਕੁ ਹਜ਼ਾਰ ਰੁਪਿਆ ਦੇ ਕੇ ਲਾਲਚ ਵਿੱਚ ਨਹੀਂ ਲਿਆ ਜਾ ਸਕਦਾ, ਕਿਉਂਕਿ ਪੰਜਾਬ ਦੀ ਮਹਿਲਾਵਾਂ ਨੇ ਹੁਣ ਤੈਅ ਕਰ ਲਿਆ ਹੈ ਕਿ ਪੰਜਾਬ ਵਿੱਚੋਂ ਇਸ ਆਮ ਆਦਮੀ ਪਾਰਟੀ ਸਰਕਾਰ ਨੂੰ ਚਲਦਾ ਕੀਤਾ ਜਾਵੇ।

ਇਸ ਮੌਕੇ ਸਮਾਗਮ ਦੀ ਅਗਵਾਈ ਕਰ ਰਹੇ ਹਲਕਾ ਇੰਚਾਰਜ ਮੱਖਣ ਸਿੰਘ ਲਾਲਕਾ ਤੇ ਅਕਾਲੀ ਆਗੂਆਂ ਦਾ ਕਹਿਣਾ ਹੈ ਕਿ ਅੱਜ ਦੇ ਸਮਾਗਮ ਤੋਂ ਬਾਅਦ ਸਪਸ਼ਟ ਹੋ ਗਿਆ ਕਿ ਪੰਜਾਬ ਦੀ ਮਹਿਲਾਵਾਂ ਸ਼੍ਰੋਮਣੀ ਅਕਾਲੀ ਦਲ ਨੂੰ ਚਾਹੁੰਦੀਆਂ ਹਨ ਤੇ ਹਰਸਿਮਰਤ ਕੌਰ ਬਾਦਲ ਵੱਲੋਂ ਮਾਵਾਂ ਧੀਆਂ ਨੂੰ ਇਨਸਾਫ ਦਿਵਾਓ। ਇਸ ਮੌਕੇ ਜਸਪਾਲ ਕੌਰ ਲਾਲਕਾ, ਸਿਮਰਨ ਕੌਰ ਲਾਲਕਾ, ਹਰਦੀਪ ਕੌਰ ਐੱਸ ਜੀ ਪੀ ਸੀ ਮੈਂਬਰ, ਬਲਤੇਜ ਖੋਖ, ਬੱਬਲੂ ਖੌਰਾ, ਜਰਨਲ ਕੌਂਸਲ ਮੈਂਬਰ ਜੱਸਾ ਖੋਖ਼, ਵਪਾਰ ਵਿੰਗ ਪ੍ਰਧਾਨ ਨਰੇਸ਼ ਗਰਗ, ਬਲਾਕ ਸੰਮਤੀ ਮੈਂਬਰ ਸੰਜੀਵ ਸ਼ਰਮਾ, ਵਰੁਣ ਜੈਨ, ਜੋਗੀ ਨਾਨੋਕੀ, ਰਵਿੰਦਰ ਸ਼ਰਮਾ ਸਾਬਕਾ ਟਰੱਕ ਯੂਨੀਅਨ ਪ੍ਰਧਾਨ, ਬੱਬਲੂ ਚੋਹਾਨ, ਗੁਰਦੀਪ ਸਿੰਘ ਜਿੰਦਲ ਪੁਰ, ਬਹਾਦਰ ਸਿੰਘ, ਹਰਜੀਤ ਸਿੰਘ, ਹਰਚਰਨ ਸਿੰਘ, ਜਸਪਾਲ ਸਿੰਘ, ਸਾਹਿਬ ਸਿੰਘ, ਬਲਕਾਰ ਸਿੰਘ, ਜਗਰੂਪ ਸਿੰਘ, ਗੁਰਬੀਕਸ਼ ਨਰਨਾਣਾ, ਹਾਜ਼ਰ ਰਹੇ।

## ਲਾਈਫ ਕੇਅਰ ਚੈਰੀਟੇਬਲ ਵੱਲੋਂ 257ਵੇਂ ਲੈਬ ਸੈਂਟਰ ਦਾ 29 ਨੂੰ ਉਦਘਾਟਨ

**ਮਮਦੋਟ (ਹਰਪਾਲ ਸੋਢੀ, ਜਸਵੀਰ ਕੰਬੋਜ)**-ਲਾਈਫ ਕੇਅਰ ਫਾਊਂਡੇਸ਼ਨ ਚੈਰੀਟੇਬਲ ਕੁਲੈਕਸ਼ਨ ਸੈਂਟਰ ਵੱਲੋਂ 257ਵਾਂ ਸੈਂਟਰ ਸਰਹੱਦੀ ਖੇਤਰ ਮਮਦੋਟ ਵਿਖੇ ਖੋਲ੍ਹਿਆ ਜਾ ਰਿਹਾ ਹੈ, ਜਿਸ ਦੇ ਤਹਿਤ ਆਧੁਨਿਕ ਮਸ਼ੀਨਾਂ ਨਾਲ ਲੈੱਸ ਚੈਰੀਟੇਬਲ ਲੈਬੋਰਟਰੀ ਦਾ ਸ਼ੁੱਭ ਉਦਘਾਟਨ 29 ਸਤੰਬਰ ਨੂੰ ਸਵਾਈਕੇ ਰੋਡ (ਸੰਧੂ ਮਾਰਕੀਟ) ਨੇੜੇ ਟਰੱਕ ਯੂਨੀਅਨ ਮਮਦੋਟ ਵਿਖੇ ਕੀਤਾ ਜਾਵੇਗਾ।ਇਸ ਸਬੰਧੀ ਹੋਰ ਜਾਣਕਾਰੀ ਦਿੰਦੇ ਹੋਏ ਐੱਨ ਆਰ ਆਈ ਸਾਰਜ ਸਿੰਘ ਸੰਧੂ ਤੇ ਪਿੱਪਲ ਸਿੰਘ ਸੰਧੂ ਨੇ ਦੱਸਿਆ ਕਿ ਬ੍ਰਾਜੀਲ ਹਾਈਡ੍ਰੌਲਿਕ ਪ੍ਰੈੱਸ ਦੇ ਸਹਿਯੋਗ ਨਾਲ ਲਾਈਫ ਕੇਅਰ ਚੈਰੀਟੇਬਲ ਲੈਬੋਰਟਰੀ ਖੁੱਲ੍ਹਣ ਨਾਲ ਸਰਹੱਦੀ ਏਰੀਏ ਦੇ ਆਮ ਲੋਕਾਂ ਨੂੰ ਵੱਡਾ ਲਾਭ ਹੋਵੇਗਾ।ਉਨ੍ਹਾਂ ਦੱਸਿਆ ਕਿ ਉਦਘਟਨ ਮੌਕੇ ਲਗਾਏ ਜਾ ਰਹੇ ਚੈਰੀਟੇਬਲ ਲੈਬੋਰਟਰੀ ਕੈਂਪ ਦੌਰਾਨ 29 ਸਤੰਬਰ ਨੂੰ ਸਵੇਰੇ 7 ਵਜੇ ਤੋਂ 12 ਵਜੇ ਤੱਕ ਗੁਰਦਿਆ, ਯੂਰਿਕ ਐਸਿਡ ਤੇ ਸ਼ੂਗਰ ਦੇ ਟੈਸਟ ਬਿਲਕੁੱਲ ਫ਼ਰੀ ਕੀਤੇ ਜਾਣਗੇ ਤੇ ਬਾਕੀ ਦਿਨਾਂ ਵਿੱਚ ਹੋਰ ਟੈਸਟ 75% ਘੱਟ ਰੇਟ ਕੀਤੇ ਜਾਣਗੇ।ਉਨ੍ਹਾ ਦੱਸਿਆ ਕਿ ਇਸ ਲੈਬ ਦਾ ਸ਼ੁੱਭ ਉਦਘਾਟਨ ਸਮਾਜ ਸੇਵੀ ਤੇ ਐੱਨ ਜੀ ਓ ਵਰਕਰ ਸਤੀਸ਼ ਕੁਮਾਰ ਵੱਲੋਂ ਕੀਤਾ ਜਾਵੇਗਾ।ਉਨ੍ਹਾ ਇਸ ਮੌਕੇ ਸਰਹੱਦੀ ਖੇਤਰ ਦੇ ਜ਼ਰੂਰਤਮੰਦ ਲੋਕਾਂ ਨੂੰ ਵੱਧ ਤੋਂ ਵੱਧ ਗਿਣਤੀ ਵਿੱਚ ਪਹੁੰਚ ਕੇ ਲਾਹਾ ਲੈਣ ਦੀ ਅਪੀਲ ਕੀਤੀ ਹੈ।

# ਸਫਾ 1 ਦੇ ਬਾਕੀ...

## ਗਿਆਨੇਸ਼ ਖਿਲਾਫ ਖੱਬੀਆਂ...

ਵੀ ਗੰਭੀਰ ਚਿੰਤਾਵਾਂ ਪ੍ਰਗਟਾਈਆਂ ਹਨ।ਇਹ ਖ਼ੁਲਾਸੇ ਵਿਰੋਧੀ ਪਾਰਟੀਆਂ ਅਤੇ ਸਿਵਲ ਸੁਸਾਇਟੀ ਸੰਸਥਾਵਾਂ ਵੱਲੋਂ ਵਾਰ-ਵਾਰ ਉਠਾਈਆਂ ਗਈਆਂ ਚਿੰਤਾਵਾਂ ਦੀ ਪੁਸ਼ਟੀ ਕਰਦੇ ਹਨ ਅਤੇ ਉਨ੍ਹਾਂ ਦਾਅਵਿਆਂ ਦੀ ਪੋਲ ਖੋਲ੍ਹਦੇ ਹਨ ਕਿ ਐੱਸ ਆਈ ਆਰ ਅਤੇ ਵੋਟਰ ਸੂਚੀ ਪ੍ਰਬੰਧਨ ਪਾਰਦਰਸ਼ੀ ਅਤੇ ਵਿਕੇਂਦਰੀਕ੍ਰਿਤ ਹਨ।

ਖੱਬੇ-ਪੱਖੀ ਪਾਰਟੀਆਂ ਨੇ ਦੇਸ਼ ਭਰ ਵਿੱਚ ਆਪਣੀਆਂ ਇਕਾਈਆਂ ਨੂੰ 26 ਸਤੰਬਰ ਤੋਂ 2 ਅਕਤੂਬਰ ਤੱਕ ਇੱਕ ਹਫ਼ਤੇ ਦਾ ਰੋਸ ਪ੍ਰਦਰਸ਼ਨ ਕਰਨ ਦਾ ਸੱਦਾ ਦਿੱਤਾ ਹੈ। 28 ਸਤੰਬਰ ਨੂੰ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਜਨਮ ਦਿਨ ਹੈ ਅਤੇ 2 ਅਕਤੂਬਰ ਨੂੰ ਮਹਾਤਮਾ ਗਾਂਧੀ ਦਾ ਜਨਮ ਦਿਨ ਹੈ ਅਤੇ ਇਹ ਦੋਵੇਂ ਸ਼ਖ਼ਸੀਅਤਾਂ ਲੋਕਤੰਤਰ ਅਤੇ ਧਰਮ-ਨਿਰਪੱਖਤਾ ਲਈ ਲਗਾਤਾਰ ਲੜਦੀਆਂ ਰਹੀਆਂ ਸਨ।ਦੋਵੇਂ ਸੂਬਾਈ ਆਗੂਆਂ ਨੇ ਪਾਰਟੀ ਆਗੂਆਂ ਤੇ ਵਰਕਰਾਂ ਨੂੰ ਸੱਦਾ ਦਿੱਤਾ ਹੈ ਕਿ 28 ਸਤੰਬਰ ਤੋਂ 2 ਅਕਤੂਬਰ ਤੱਕ ਤਹਿਸੀਲ ਤੇ ਜ਼ਿਲ੍ਹਾ ਪੱਧਰ 'ਤੇ ਰੋਸ ਪ੍ਰਦਰਸ਼ਨ ਕਰਦਿਆਂ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦੇ ਪੁਤਲੇ ਫੂਕੇ ਜਾਣ।

## ਮਿੱਟੀ ਨਾਲ ਜੁੜ ਕੇ ਉਚੇਰੀ...

ਕੁਮਾਰੀ ਕੋਛੜ ਨੇ ਵੀ ਇਸ ਮੌਕੇ ਵਿਚਾਰ-ਚਰਚਾ ਵਿੱਚ ਸਾਰਥਕ ਯੋਗਦਾਨ ਪਾਇਆ ਅਤੇ ਸੁਮੇਲ ਸਿੰਘ ਸਿੱਧੂ ਨੇ ਇਹਨਾਂ ਵਿਚਾਰਾਂ ਨੂੰ ਜੀ ਆਇਆਂ ਕਿਹਾ।

ਇਸ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਅਤੇ ਸਮੂਹ ਹਾਜ਼ਰੀਨ ਵੱਲੋਂ ਸੁਮੇਲ ਸਿੰਘ ਸਿੱਧੂ ਨੂੰ ਬੱਬਰ ਅਕਾਲੀ ਲਹਿਰ ਦੀਆਂ ਸ਼ਹਾਦਤਾਂ ਦੀ ਸ਼ਤਾਬਦੀ ਦਾ ਚਿੰਨ੍ਹ ਅਤੇ ਪੁਸਤਕਾਂ ਦਾ ਸੈੱਟ ਭੇਟ ਕਰਕੇ ਸਨਮਾਨਤ ਕੀਤਾ ਗਿਆ। ਵਿਚਾਰ-ਚਰਚਾ ਦਾ ਆਗਾਜ਼ ਮੰਗਤ ਰਾਮ ਪਾਸਲਾ ਦੇ ਲਿਖੇ ਮਾਸਟਰ ਰਾਮ ਕੁਮਾਰ ਭਦੌੜ ਦੁਆਰਾ ਸੰਗੀਤਬੱਧ ਕੀਤੇ ਸੰਦੀਪ ਭਦੌੜ ਦੀ ਆਵਾਜ਼ 'ਚ ਗਾਏ ਗੀਤ 'ਉੱਜੜੇ ਬਾਗਾਂ ਦੀ ਕੋਇਲ' ਨਾਲ ਹੋਇਆ। ਇਸ ਮੌਕੇ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਤ ਇਹ ਵਿਚਾਰ-ਚਰਚਾ ਉਸ ਮੌਕੇ ਹੋਰ ਵੀ ਸਾਰਥਕ ਅਤੇ ਇਤਿਹਾਸਕ ਕਦਮ ਹੈ, ਜਦੋਂ ਭਗਤ ਸਿੰਘ ਦੀ ਵਿਚਾਰਧਾਰਾ, ਉਸ ਦੇ ਇਨਕਲਾਬੀ ਉਦੇਸ਼ਾਂ ਨੂੰ ਮਿੱਟੀ 'ਚ ਮਿਲਾਉਣ ਲਈ ਹੱਲਾ ਬੋਲਿਆ ਜਾ ਰਿਹਾ ਹੈ। ਕਮੇਟੀ ਦੇ ਪ੍ਰਧਾਨ ਕੁਲਵੰਤ ਸਿੰਘ ਸੰਧੂ ਨੇ ਕਿਹਾ ਕਿ ਵਿਸ਼ਾਲ ਜਨਤਕ ਸਰਗਰਮੀਆਂ ਦੇ ਨਾਲ-ਨਾਲ ਅਜਿਹੀਆਂ ਬੌਧਿਕ ਵਿਚਾਰਾਂ ਜਾਰੀ ਰੱਖਣ ਦੀ ਲੋੜ ਹੈ। ਇਸ ਮੌਕੇ ਕਮੇਟੀ ਮੈਂਬਰ ਪਰਗਟ ਸਿੰਘ ਜਾਮਾਰਾਏ, ਹਰਵਿੰਦਰ ਭੰਡਾਲ, ਚਰੰਜੀ ਲਾਲ ਕੰਗਣੀਵਾਲ, ਪ੍ਰੋ. ਤੇਜਿੰਦਰ ਵਿਰਲੀ, ਡਾ. ਸੈਲੇਸ਼, ਹਰਮੇਸ਼ ਮਾਲੜੀ, ਮਨਜੀਤ ਸਿੰਘ ਬਾਸਰਕੇ, ਦੇਵਰਾਜ ਨਈਅਰ ਤੋਂ ਇਲਾਵਾ ਉੱਘੇ ਪੱਤਰਕਾਰ ਸਤਨਾਮ ਮਾਣਕ, ਕਵੀ ਲਖਵਿੰਦਰ ਜੌਹਲ, ਪ੍ਰੋ. ਜਗਵਿੰਦਰ ਜੋਧਾ, ਡਾ. ਸੁਖਵਿੰਦਰ ਸੰਘਾ ਤੇ ਕਿਸਾਨ ਆਗੂ ਮਨੋਹਰ ਸਿੰਘ ਗਿੱਲ ਵੀ ਹਾਜ਼ਰ ਸਨ। ਸਮਾਗਮ ਦਾ ਮੰਚ ਸੰਚਾਲਨ ਕਮੇਟੀ ਦੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕਰਦਿਆਂ ਕਿਹਾ ਕਿ ਵਿਚਾਰਾਂ ਅਤੇ ਅਮਲਾਂ ਵਿੱਚ ਸੁਮੇਲ ਕਰਨ 'ਤੇ ਜ਼ੋਰ ਦੇਣਾ ਸੁਮੇਲ ਸਿੰਘ ਸਿੱਧੂ ਦੇ ਭਾਸ਼ਣ ਦਾ ਵਿਸ਼ੇਸ਼ ਗੁਣਵੰਤਾ ਭਰਿਆ ਪੱਖ ਸੀ।

## 2 ਨੂੰ ਦੇਸ਼ ਭਰ 'ਚ ...

ਆਈ ਕੇ ਐੱਸ ਨੇ ਬਿਹਾਰ ਅਤੇ ਪੱਛਮੀ ਬੰਗਾਲ ਨਾਲ ਸੰਬੰਧਤ ਸਰਕਾਰੀ ਕਾਰਵਾਈਆਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਵੋਟਰ ਸੂਚੀ ਵਿੱਚੋਂ ਨਾਂਅ ਹਟਣ ਦਾ ਅਸਰ ਰਾਸ਼ਨ ਅਤੇ ਹੋਰ ਭਲਾਈ ਲਾਭਾਂ 'ਤੇ ਨਹੀਂ ਪੈਣਾ ਚਾਹੀਦਾ। ਕਿਸਾਨ ਸਭਾ ਨੇ ਮੰਗ ਕੀਤੀ ਕਿ ਅਜਿਹੇ ਹੁਕਮ ਵਾਪਸ ਲਏ ਜਾਣ ਅਤੇ ਸਾਰੇ ਯੋਗ ਲੋਕਾਂ ਦੇ ਰਾਸ਼ਨ ਕਾਰਡ, ਪੈਨਸ਼ਨ, ਨਕਦ ਸਹਾਇਤਾ ਅਤੇ ਬੈਂਕ ਖਾਤੇ ਬਹਾਲ ਕੀਤੇ ਜਾਣ।ਕਿਸਾਨ ਸਭਾ ਨੇ ਕੇਂਦਰ ਸਰਕਾਰ ਤੋਂ ਇਹ ਵੀ ਮੰਗ ਕੀਤੀ ਕਿ ਸਾਰੇ ਰਾਜਾਂ ਨੂੰ ਸਪੱਸ਼ਟ ਹਦਾਇਤ ਦਿੱਤੀ ਜਾਵੇ ਕਿ ਭਲਾਈ ਸਕੀਮਾਂ ਨੂੰ ਵੋਟਰ ਸੂਚੀ ਨਾਲ ਨਾ ਜੋੜਿਆ ਜਾਵੇ।23 ਸਤੰਬਰ ਨੂੰ ਸੁਪਰੀਮ ਕੋਰਟ ਵਿੱਚ 2023 ਦੇ ਚੋਣ ਕਮਿਸ਼ਨਰਾਂ ਦੀ ਨਿਯੁਕਤੀ ਸੰਬੰਧੀ ਕਾਨੂੰਨ ਨੂੰ ਚੁਣੌਤੀ ਦੇਣ ਵਾਲੇ ਮਾਮਲੇ ਵਿੱਚ ਦੋ ਜੱਜਾਂ ਦਾ ਵੱਖਰਾ ਫ਼ੈਸਲਾ ਆਇਆ। ਮਾਮਲਾ ਹੁਣ ਮੁੱਖ ਜੱਜ ਦੇ ਸਾਹਮਣੇ ਪ੍ਰਸ਼ਾਸਨਿਕ ਦਿਸ਼ਾ-ਨਿਰਦੇਸ਼ਾਂ ਲਈ ਜਾਵੇਗਾ।

ਇਸ ਕਾਨੂੰਨ ਤਹਿਤ ਚੋਣ ਕਮਿਸ਼ਨਰਾਂ ਦੀ ਨਿਯੁਕਤੀ ਵਾਲੇ ਪੈਨਲ ਵਿੱਚ ਭਾਰਤ ਦੇ ਮੁੱਖ ਜੱਜ ਦੀ ਥਾਂ ਇੱਕ ਕੇਂਦਰੀ ਮੰਤਰੀ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਵਿਵਸਥਾ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ ਸੁਪਰੀਮ ਕੋਰਟ ਵਿੱਚ ਵਿਚਾਰ ਅਧੀਨ ਹਨ।ਏ ਆਈ ਕੇ ਐੱਸ ਨੇ ਆਪਣੀਆਂ ਸੂਬਾ, ਜ਼ਿਲ੍ਹਾ ਅਤੇ ਸਥਾਨਕ ਇਕਾਈਆਂ ਨੂੰ ਹਰ ਤਹਿਸੀਲ, ਬਲਾਕ ਅਤੇ ਜ਼ਿਲ੍ਹਾ ਹੈੱਡਕੁਆਰਟਰ 'ਤੇ ਪ੍ਰਦਰਸ਼ਨ ਕਰਨ ਦਾ ਸੱਦਾ ਦਿੱਤਾ ਹੈ। ਕੁਲੈਕਟਰ, ਐੱਸ ਡੀ ਐੱਮ ਜਾਂ ਤਹਿਸੀਲਦਾਰ ਰਾਹੀਂ ਰਾਸ਼ਟਰਪਤੀ ਨੂੰ ਮੰਗ-ਪੱਤਰ ਭੇਜਣ ਲਈ ਵੀ ਕਿਹਾ ਗਿਆ ਹੈ।ਕਿਸਾਨ ਸਭਾ ਨੇ 2 ਅਕਤੂਬਰ ਨੂੰ ਹੋਣ ਵਾਲੀਆਂ ਗ੍ਰਾਮ ਸਭਾਵਾਂ ਵਿੱਚ ਵੋਟਰ ਸੂਚੀਆਂ ਦੀ ਘਰ-ਘਰ ਜਾਂਚ ਕਰਨ ਅਤੇ ਜਿਨ੍ਹਾਂ ਪਰਵਾਰਾਂ ਦੇ ਮੈਂਬਰਾਂ ਦੇ ਨਾਂਅ ਗਾਇਬ ਹਨ, ਉਨ੍ਹਾਂ ਨੂੰ ਦਾਅਵੇ ਅਤੇ ਅਪੀਲਾਂ ਦਾਇਰ ਕਰਨ ਵਿੱਚ ਸਹਾਇਤਾ ਦੇਣ ਦੀ ਅਪੀਲ ਕੀਤੀ ਹੈ। ਐੱਸ ਆਈ ਆਰ ਨਾਲ ਜੁੜੇ ਰਾਸ਼ਨ, ਪੈਨਸ਼ਨ, ਬੈਂਕ ਖਾਤੇ ਜਾਂ ਸਰਟੀਫਿਕੇਟ ਤੋਂ ਇਨਕਾਰ ਦੇ ਮਾਮਲਿਆਂ ਨੂੰ ਨਾਂਅ ਅਤੇ ਤਰੀਕ ਸਮੇਤ ਦਰਜ ਕਰਨ ਲਈ ਵੀ ਕਿਹਾ ਗਿਆ ਹੈ।ਏ ਆਈ ਕੇ ਐੱਸ ਨੇ ਆਪਣੇ ਬਿਆਨ ਦੇ ਅੰਤ ਵਿੱਚ ਕਿਹਾ ਕਿ ਵੋਟ ਤੋਂ ਬਿਨਾਂ ਕਿਸਾਨ ਦੀ ਆਵਾਜ਼ ਨਹੀਂ ਅਤੇ ਰਾਸ਼ਨ ਕਾਰਡ ਤੋਂ ਬਿਨਾਂ ਕਿਸਾਨ ਕੋਲ ਰੋਟੀ ਨਹੀਂ। ਅਸੀਂ ਦੋਵਾਂ ਵਿੱਚੋਂ ਕਿਸੇ ਨੂੰ ਵੀ ਸਵੀਕਾਰ ਨਹੀਂ ਕਰਾਂਗੇ।

## ਸੀਨੀਅਰ ਸਿਟੀਜ਼ਨ ਫੋਰਮ ਵੱਲੋਂ ਜਲ੍ਹਿਆਂ ਵਾਲਾ ਬਾਗ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸੀਨੀਅਰ ਸਿਟੀਜਨ ਫੋਰਮ ਫ਼ਿਰੋਜ਼ਪੁਰ ਦੇ ਪੈਟਰਨ ਸ੍ਰੀ ਦੇਸ਼ ਬੰਧੂ ਤੁਲੀ ਦੀ ਅਗਵਾਈ ਵਿੱਚ ਇਕ ਵਫ਼ਦ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਜਲ੍ਹਿਆਂ ਵਾਲਾ ਬਾਗ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਗਿਆ। ਇਸ ਵਫਦ ਵਿੱਚ ਅਵਤਾਰ ਸਿੰਘ ਭੋਲਾ ਮੀਤ ਪ੍ਰਧਾਨ, ਰਾਕੇਸ਼ ਸ਼ਰਮਾ ਮੀਤ ਪ੍ਰਧਾਨ, ਯੋਗਿੰਦਰ ਨਾਥ ਕੱਕਰ, ਮੋਹਿੰਦਰ ਸਿੰਘ ਧਾਲੀਵਾਲ ਜਨਰਲ ਸਕੱਤਰ, ਮੰਗਤ ਰਾਮ ਹੰਡਾ ਤੇ ਸ਼ਿਵ ਕੁਮਾਰ ਸ਼ਾਮਲ ਸਨ। ਜਲ੍ਹਿਆਂ ਵਾਲਾ ਬਾਗ ਵਿੱਚ ਪਹੁੰਚ ਕੇ ਸਾਰੇ ਮੈਂਬਰ ਸਾਹਿਬਾਨ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਤੇ ਸ਼ਹੀਦੀ ਖੂਹ ਦੇਖਿਆ, ਜਿੱਥੇ ਸੈਂਕੜੇ ਲੋਕ ਸ਼ਹੀਦ ਹੋਏ ਅਤੇ ਦੀਵਾਰਾਂ 'ਤੇ ਲੱਗੇ ਗੋਲੀਆਂ ਨਿਸ਼ਾਨ ਤੇ ਹੋਰ ਦ੍ਰਿਸ਼ ਦੇਖ਼ ਕੇ ਸਭ ਮੈਂਬਰ ਗਮਗੀਨ ਹੋ ਗਏ। ਇਸ ਵਫ਼ਦ ਨੇ ਗੁਰਦੁਆਰਾ ਬਾਬਾ ਬੁੱਢਾ ਜੀ ਝਬਾਲ, ਸ੍ਰੀ ਹਰਮੰਦਿਰ ਸਾਹਿਬ ਤੇ ਦੁਰਗਿਆਨਾ ਮੰਦਰ ਦੇ ਦਰਸ਼ਨ ਕੀਤੇ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ।

## ਭਾਸ਼ਾ ਵਿਭਾਗ ਨੇ ਲਗਾਈ ਪੁਸਤਕ ਪ੍ਰਦਰਸ਼ਨੀ



**ਮਾਨਸਾ (ਆਤਮਾ ਸਿੰਘ ਪਮਾਰ)**-ਸਥਾਨਕ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਵਿਖੇ ਬਾਬਾ ਫ਼ਰੀਦ ਆਗਮਨ ਪੁਰਬ ਮੌਕੇ ਵਿਸ਼ਵ ਪੰਜਾਬੀ ਦਿਹਾੜੇ ਨੂੰ ਸਮਰਪਤ ਜ਼ਿਲ੍ਹਾ ਭਾਸ਼ਾ ਅਫ਼ਸਰ ਤੇਜਿੰਦਰ ਕੌਰ ਦੀ ਅਗਵਾਈ ਹੇਠ ਵਿਭਾਗ ਵੱਲੋਂ ਪੁਸਤਕ ਪ੍ਰਦਰਸ਼ਨੀ ਲਗਾਈ ਗਈ, ਜਿਸ 'ਚ ਵਿੱਕਰੀ ਇੰਚਾਰਜ ਸਰਬਜੀਤ ਸਿੰਘ ਤੇ ਓਮ ਪ੍ਰਕਾਸ਼ ਨੇ ਵਿਭਾਗ ਦੀਆਂ ਮਹੱਤਵਪੂਰਨ ਕਿਤਾਬਾਂ ਨੂੰ ਪ੍ਰਦਰਸ਼ਤ ਕੀਤਾ। ਇਸ ਪ੍ਰਦਰਸ਼ਨੀ 'ਚ ਖੋਜ ਅਫ਼ਸਰ ਤੇ ਕਵੀ ਗੁਰਪ੍ਰੀਤ ਸਿੰਘ ਨੇ ਕਿਤਾਬਾਂ ਦੀ ਅਹਿਮੀਅਤ ਬਾਰੇ ਗੱਲ ਕਰਦਿਆਂ ਕਿਹਾ ਕਿ ਸਾਹਿਤਕ ਕਿਤਾਬਾਂ, ਮਨੁੱਖ ਦੇ ਅੰਦਰਲੇ ਸੰਸਾਰ ਨੂੰ ਸਮਝਣ ਤੇ ਸੰਵਾਰਨ ਦਾ ਮਹੱਤਵਪੂਰਨ ਸਾਧਨ ਹਨ।ਇਹ ਸਾਨੂੰ ਸਿਰਫ਼ ਜਾਣਕਾਰੀ ਹੀ ਨਹੀਂ ਦਿੰਦੀਆਂ, ਸਗੋਂ ਸੋਚਣ, ਮਹਿਸੂਸ ਕਰਨ ਤੇ ਸਵਾਲ ਕਰਨ ਦੀ ਸਮਰੱਥਾ ਵੀ ਪ੍ਰਦਾਨ ਕਰਦੀਆਂ ਹਨ।ਚੰਗੀ ਕਿਤਾਬ ਸਿਰਫ਼ ਪੜ੍ਹ ਕੇ ਖ਼ਤਮ ਨਹੀਂ ਹੁੰਦੀ, ਉਹ ਪਾਠਕ ਦੇ ਅੰਦਰ ਵਿਚਾਰ ਬਣ ਕੇ ਲੰਮੇ ਸਮੇਂ ਤੱਕ ਜਿਉਂਦੀ ਰਹਿੰਦੀ ਹੈ।ਇਸ ਮੌਕੇ ਵਿਦਿਆਰਥੀਆਂ ਨੇ ਵੀ ਇਸ ਪ੍ਰਦਰਸ਼ਨੀ 'ਚ ਵਿਸ਼ੇਸ਼ ਦਿਲਚਸਪੀ ਦਿਖਾਈ।

## ਐੱਸ ਐੱਸ ਪੀ ਰਮਨਦੀਪ ਸਿੰਘ ਹਾਂਸ ਵੱਲੋਂ ਥਾਣਾ ਸਿਟੀ ਦਾ ਦੌਰਾ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਐੱਸ.ਐੱਸ.ਪੀ. ਪਟਿਆਲਾ ਐੱਸ ਐੱਸ ਪੀ ਪਟਿਆਲਾ ਹਰਮਨਦੀਪ ਸਿੰਘ ਹਾਂਸ ਵੱਲੋਂ ਥਾਣਾ ਸਿਟੀ ਸਮਾਣਾ ਦਾ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਡੀ.ਐੱਸ.ਪੀ. ਸਮਾਣਾ ਤੇ ਸਮਾਣਾ ਉਪ-ਮੰਡਲ ਦੇ ਸਮੂਹ ਐੱਸ ਐੱਚ ਓਜ਼ ਨਾਲ ਅਪਰਾਧ ਸਬੰਧੀ ਵਿਸਥਾਰਪੂਰਵਕ ਸਮੀਖਿਆ ਮੀਟਿੰਗ ਕੀਤੀ।ਮੀਟਿੰਗ ਦੌਰਾਨ ਸਮਾਣਾ ਉਪ-ਮੰਡਲ ਵਿੱਚ ਅਪਰਾਧ ਦੀ ਸਮੁੱਚੀ ਸਥਿਤੀ, ਲੰਬਿਤ ਮਾਮਲਿਆਂ ਦੀ ਜਾਂਚ, ਕਾਨੂੰਨ-ਵਿਵਸਥਾ ਦੀ ਸਥਿਤੀ ਤੇ ਅਪਰਾਧ ਰੋਕਥਾਮ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਸਮੀਖਿਆ ਕੀਤੀ ਗਈ।ਐੱਸ.ਐੱਸ.ਪੀ. ਵੱਲੋਂ ਪੁਲਸਿੰਗ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਤੇ ਅਪਰਾਧ 'ਤੇ ਕਾਬੂ ਪਾਉਣ ਲਈ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਵੀ ਜਾਰੀ ਕੀਤੇ ਗਏ।ਉਨ੍ਹਾਂ ਵੱਲੋਂ ਆਦਤਨ ਅਪਰਾਧੀਆਂ, ਭਗੌੜੇ ਅਪਰਾਧੀਆਂ, ਨਸ਼ਾ ਤਸਕਰਾਂ ਤੇ ਹੋਰ ਸਮਾਜ ਵਿਰੋਧੀ ਅਨਸਰਾਂ ਖ਼ਿਲਾਫ਼ ਤੁਰੰਤ ਤੇ ਪ੍ਰਭਾਵਸ਼ਾਲੀ ਕਾਰਵਾਈ ਕਰਨ 'ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ।ਇਸ ਦੇ ਨਾਲ ਹੀ ਰਾਤ ਸਮੇਂ ਸੰਵੇਦਨਸ਼ੀਲ ਥਾਵਾਂ 'ਤੇ ਗਸ਼ਤ, ਨਾਕਾਬੰਦੀ ਤੇ ਵਾਹਨਾਂ ਦੀ ਚੈਕਿੰਗ ਹੋਰ ਮਜ਼ਬੂਤ ਕਰਨ ਲਈ ਕਿਹਾ ਗਿਆ।ਲੰਬਿਤ ਕੇਸਾਂ ਦੀ ਸਮਾਂਬੱਧ ਜਾਂਚ ਤੇ ਜਲਦ ਨਿਪਟਾਰੇ ਦੇ ਨਾਲ-ਨਾਲ ਜਾਂਚ ਦੀ ਗੁਣਵੱਤਾ ਵਿੱਚ ਸੁਧਾਰ ਕਰਨ, ਸਬੂਤਾਂ ਨੂੰ ਸਹੀ ਢੰਗ ਨਾਲ ਇਕੱਠਾ ਕਰਨ ਤੇ ਅਦਾਲਤਾਂ ਵਿੱਚ ਕੇਸਾਂ ਦੀ ਪ੍ਰਭਾਵਸ਼ਾਲੀ ਪੈਰਵੀ ਯਕੀਨੀ ਬਣਾਉਣ ਲਈ ਵੀ ਹਦਾਇਤਾਂ ਦਿੱਤੀਆਂ ਗਈਆਂ।ਐੱਸ.ਐੱਸ.ਪੀ. ਵੱਲੋਂ ਬੀਟ ਸਟਾਫ਼ ਨਾਲ ਬਿਹਤਰ ਤਾਲਮੇਲ, ਕਮਿਊਨਿਟੀ ਪੁਲਸਿੰਗ ਨੂੰ ਮਜ਼ਬੂਤ ਕਰਨ ਤੇ ਸਥਾਨਕ ਪੱਧਰ 'ਤੇ ਖੁਫੀਆ ਜਾਣਕਾਰੀ ਇਕੱਠੀ ਕਰਨ 'ਤੇ ਵੀ ਜ਼ੋਰ ਦਿੱਤਾ ਗਿਆ। ਮੀਟਿੰਗ ਦੌਰਾਨ ਅਧਿਕਾਰੀਆਂ ਨੂੰ ਕਾਨੂੰਨ-ਵਿਵਸਥਾ ਨਾਲ ਜੁੜੇ ਕਿਸੇ ਵੀ ਸੰਭਾਵੀ ਮੁੱਦੇ ਜਾਂ ਸਮਾਜਿਕ ਤਣਾਅ ਦੀ ਸਥਿਤੀ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਚੌਕਸ ਰਹਿਣ ਤੇ ਆਪਣੇ ਅਧਿਕਾਰ ਖੇਤਰਾਂ ਵਿੱਚ ਲਗਾਤਾਰ ਨਿਗਰਾਨੀ ਬਣਾਈ ਰੱਖਣ ਲਈ ਕਿਹਾ ਗਿਆ।

## ਲੋਕਤੰਤਰਿਕ ਕਦਰਾਂ-ਕੀਮਤਾਂ ਨਾਲ ਖਿਲਵਾੜ ਨੂੰ ਬਰਦਾਸ਼ਤ ਨਹੀਂ ਕਰਾਂਗੇ : ਗੌਰਵ ਸੰਧੂ




**ਪਟਿਆਲਾ/ਸਨੌਰ (ਰਾਜਿੰਦਰ ਸਿੰਘ ਥਿੰਦ)**-ਕਾਂਗਰਸ ਪਾਰਟੀ ਦੇ ਸੀਨੀਅਰ ਆਗੂ, ਰਾਜੀਵ ਗਾਂਧੀ ਪੰਚਾਇਤੀ ਰਾਜ ਸੰਗਠਨ ਦੇ ਸੂਬਾ ਮੀਤ ਪ੍ਰਧਾਨ ਤੇ ਹਲਕਾ ਸਨੌਰ ਦੇ ਸੰਭਾਵੀ ਉਮੀਦਵਾਰ ਗੁਰਵਿੰਦਰ ਸਿੰਘ ਗੌਰਵ ਸੰਧੂ ਨੇ ਕਿਹਾ ਕਿ ਕਾਂਗਰਸ ਪਾਰਟੀ ਲੋਕਤੰਤਰਿਕ ਕਦਰਾਂ-ਕੀਮਤਾਂ ਨਾਲ ਖਿਲਵਾੜ ਹਰਗਿਜ਼ ਬਰਦਾਸ਼ਤ ਨਹੀਂ ਕਰੇਗੀ।ਉਹ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ, ਨਰਿੰਦਰ ਮੋਦੀ ਤੇ ਅਮਿਤ ਸ਼ਾਹ ਦੀ ਮਿਲੀਭੁਗਤ ਤੇ ਐੱਸ. ਆਈ. ਆਰ. ਵਿੱਚ ਕੀਤੀ ਘਪਲੇਬਾਜ਼ੀ ਖ਼ਿਲਾਫ਼ ਪੰਜਾਬ ਕਾਂਗਰਸ ਇੰਚਾਰਜ ਸਚਿਨ ਪਾਇਲਟ ਤੇ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਅਗਵਾਈ ਹੇਠ ਪੰਜਾਬ ਕਾਂਗਰਸ ਵੱਲੋਂ ਚੋਣ ਕਮਿਸ਼ਨ ਦੇ ਦਫ਼ਤਰ ਚੰਡੀਗੜ੍ਹ ਵਿਖੇ ਰੋਸ ਪ੍ਰਦਰਸ਼ਨ ਕਰਨ ਤੇ ਚੋਣ ਕਮਿਸ਼ਨਰ ਦਾ ਪੁਤਲਾ ਫੂਕਨ ਦੇ ਪ੍ਰੋਗਰਾਮ ਤੋਂ ਪਹਿਲਾਂ ਪਟਿਆਲਾ 'ਚ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ।ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਡੱਟ ਕੇ ਜਮਹੂਰੀ ਹੱਕਾਂ ਦੀ ਆਵਾਜ਼ ਬੁਲੰਦ ਕਰੇਗੀ।ਗੌਰਵ ਸੰਧੂ ਨੇ ਕਿਹਾ ਕਿ ਕਾਂਗਰਸ ਪਾਰਟੀ ਲੋਕਤੰਤਰ ਦੀ ਹਾਮੀ ਹੈ ਤੇ ਜਿਸ ਤਰ੍ਹਾਂ ਭਾਜਪਾ ਦੇਸ਼ ਨੂੰ ਹੀ ਨਹੀਂ, ਸਗੋਂ ਦੇਸ਼ ਦੇ ਲੋਕਤੰਤਰ ਨੂੰ ਹੀ ਲੁੱਟਣ ਲੱਗੀ ਹੈ, ਪਰ ਕਾਂਗਰਸ ਰਾਹੁਲ ਗਾਂਧੀ ਦੀ ਅਗਵਾਈ ਹੇਠ ਅਜਿਹਾ ਕਿਸੇ ਵੀ ਕੀਮਤ 'ਤੇ ਨਹੀਂ ਹੋਣ ਦੇਵੇਗੀ।ਗੌਰਵ ਸੰਧੂ ਨਾਲ ਹਲਕਾ ਸਨੌਰ ਤੋਂ ਵੱਡੀ ਗਿਣਤੀ 'ਚ ਕਾਂਗਰਸੀ ਆਗੂ ਤੇ ਵਰਕਰ ਵੀ ਧਰਨੇ 'ਚ ਪਹੁੰਚੇ ਹੋਏ ਸਨ।

## ਬਲਤੇਜ ਪੰਨੂ ਟਿੱਲਾ ਬਾਬਾ ਸ਼ੇਖ ਫਰੀਦ ਜੀ ਵਿਖੇ ਹੋਏ ਨਤਮਸਤਕ



**ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਮੀਡੀਆ ਸਲਾਹਕਾਰ ਸ੍ਰ. ਬਲਤੇਜ ਸਿੰਘ ਪੰਨੂ ਨੇ ਇਤਿਹਾਸਕ ਤੇ ਪਵਿੱਤਰ ਧਰਤੀ ਫਰੀਦਕੋਟ ਵਿਖੇ ਬਾਬਾ ਫਰੀਦ ਜੀ ਦੇ ਸਥਾਨ ਵਿੱਚ ਨਤਮਸਤਕ ਹੋ ਕੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ।ਇਸ ਸਮੇਂ ਹਾਜ਼ਰ ਧਾਰਮਿਕ ਤੇ ਵਿੱਦਿਅਕ ਸੰਸਥਾਵਾਂ ਦੇ ਮੈਂਬਰ ਸ੍ਰ. ਚਰਨਜੀਤ ਸਿੰਘ ਸੇਖੋਂ, ਸ੍ਰ. ਸੁਰਿੰਦਰ ਸਿੰਘ ਰੋਮਾਣਾ, ਸ੍ਰ. ਦੀਪਿੰਦਰ ਸਿੰਘ ਸੇਖੋਂ, ਸ੍ਰ. ਗੁਰਜਾਪ ਸਿੰਘ ਸੇਖੋਂ, ਸਰਦਾਰਨੀ ਰਾਜਪਾਲ ਕੌਰ ਸੇਖੋਂ, ਡਾ. ਗੁਰਿੰਦਰ ਮੋਹਨ ਸਿੰਘ, ਸ੍ਰ. ਕੁਲਜੀਤ ਸਿੰਘ ਮੰਗੀਆ ਤੇ ਨਰਿੰਦਰਪਾਲ ਸਿੰਘ ਬਰਾੜ ਸਮੇਤ ਹੋਰ ਸੰਗਤਾਂ ਦੀ ਹਾਜ਼ਰੀ ਵਿੱਚ ਉਨ੍ਹਾਂ ਨੂੰ ਗ੍ਰੰਥੀ ਸਿੰਘ ਵੱਲੋਂ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ।

## ਟਕਸਾਲੀ ਅਕਾਲੀ ਆਗੂ ਨਛੱਤਰ ਸਿੰਘ ਕਾਂਗਰਸ 'ਚ ਸ਼ਾਮਲ



**ਭਵਾਨੀਗੜ੍ਹ (ਰਾਜ ਖੁਰਮੀ)**-ਨੇੜਲੇ ਪਿੰਡ ਫੱਗੂਵਾਲਾ ਵਿਖੇ ਕਾਂਗਰਸ ਪਾਰਟੀ ਨੂੰ ਉਸ ਸਮੇਂ ਹੁੰਗਾਰਾ ਮਿਲਿਆ, ਜਦੋਂ ਗੁਰਦੁਆਰਾ ਸਾਹਿਬ ਫੱਗੂਵਾਲਾ ਦੇ ਪ੍ਰਧਾਨ ਤੇ ਟਕਸਾਲੀ ਅਕਾਲੀ ਆਗੂ ਨਛੱਤਰ ਸਿੰਘ ਨੇ ਆਪਣੇ ਸਾਥੀਆਂ ਸਮੇਤ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ। ਉਨ੍ਹਾਂ ਦੇ ਕਾਂਗਰਸ ਵਿੱਚ ਸ਼ਾਮਲ ਹੋਣ ਨਾਲ ਪਿੰਡ ਵਿੱਚ ਪਾਰਟੀ ਦੀ ਜਥੇਬੰਦਕ ਸਰਗਰਮੀ ਨੂੰ ਮਜ਼ਬੂਤੀ ਮਿਲਣ ਦਾ ਦਾਅਵਾ ਕੀਤਾ ਗਿਆ।ਇਸ ਮੌਕੇ ਨਛੱਤਰ ਸਿੰਘ ਨੇ ਕਾਂਗਰਸ ਪਾਰਟੀ ਦੀਆਂ ਨੀਤੀਆਂ ਤੇ ਸਾਬਕਾ ਕੈਬਨਿਟ ਮੰਤਰੀ ਵਿਜੈ ਇੰਦਰ ਸਿੰਗਲਾ ਵੱਲੋਂ ਇਲਾਕੇ ਵਿੱਚ ਕਰਵਾਏ ਗਏ ਵਿਕਾਸ ਕਾਰਜਾਂ ਦੀ ਸ਼ਲਾਘਾ ਕੀਤੀ।ਉਨ੍ਹਾਂ ਕਿਹਾ ਕਿ ਲੋਕਾਂ ਨਾਲ ਜੁੜੇ ਮੁੱਦਿਆਂ ਤੇ ਇਲਾਕੇ ਦੇ ਵਿਕਾਸ ਨੂੰ ਪਹਿਲ ਦੇਣ ਵਾਲੀ ਸੋਚ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਨੇ ਕਾਂਗਰਸ ਨਾਲ ਜੁੜਨ ਦਾ ਫੈਸਲਾ ਕੀਤਾ ਹੈ।ਕਾਂਗਰਸ ਆਗੂਆਂ ਨੇ ਨਛੱਤਰ ਸਿੰਘ ਦਾ ਪਾਰਟੀ ਵਿੱਚ ਸਵਾਗਤ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਸ਼ਾਮਲ ਹੋਣ ਨਾਲ ਪਿੰਡ ਫੱਗੂਵਾਲਾ ਵਿੱਚ ਪਾਰਟੀ ਨੂੰ ਹੋਰ ਮਜ਼ਬੂਤੀ ਮਿਲੇਗੀ।ਇਸ ਮੌਕੇ ਕਾਂਗਰਸੀ ਆਗੂਆਂ ਤੇ ਵਰਕਰਾਂ ਨੇ ਨਛੱਤਰ ਸਿੰਘ ਦਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਪਾਰਟੀ ਵਿੱਚ ਬਣਦਾ ਮਾਣ-ਸਨਮਾਨ ਦੇਣ ਦਾ ਭਰੋਸਾ ਦਿੱਤਾ।

## ਸਿੰਗਲਾ ਪਰਵਾਰ ਨੇ ਫੈਕਟਰੀ 'ਚ ਆਖੰਡ ਪਾਠ ਕਰਵਾਇਆ



**ਬਠਿੰਡਾ (ਰਾਜੀਵ ਗੋਇਲ)**-ਕਸਬਾ ਭਗਤਾ ਵਿਖੇ ਕੋਠਾਗੁਰੂ ਨਾਲ ਸੰਬੰਧਤ ਸਵ. ਗੋਰਾ ਲਾਲ ਦੇ ਸਪੁੱਤਰ ਰਾਮ ਕੁਮਾਰ ਸਿੰਗਲਾ ਵੱਲੋਂ ਫੀਡ ਫੈਕਟਰੀ ਵਿਖੇ ਸ਼੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਇਸ ਮੌਕੇ ਇਲਾਕੇ ਦੀਆਂ ਸੰਗਤਾਂ ਦੇ ਨਾਲ-ਨਾਲ ਸਿਆਸੀ, ਧਾਰਮਿਕ ਤੇ ਵਪਾਰੀ ਆਗੂਆਂ ਵੱਲੋਂ ਵੀ ਪਰਵਾਰਾਂ ਸਮੇਤ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ ਗਈ। ਇਸ ਮੌਕੇ ਸੰਤ ਮਹੇਸ਼ਮੁਨੀ ਜੀ ਬੋਰੇ ਵਾਲਿਆਂ ਦੇ ਪੋਤਰੇ ਸੰਤ ਸਵਾਮੀ ਚਤੁਰਦਾਸ ਜੀ ਵੱਲੋਂ ਵੀ ਫੈਕਟਰੀ ਵਿਖੇ ਚਰਨ ਪਾਏ ਗਏ ਤੇ ਸੰਗਤਾਂ ਨਾਲ ਦੁੱਖ-ਸੁੱਖ ਸਾਂਝਾ ਕੀਤਾ ਗਿਆ। ਇਸ ਮੌਕੇ ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ, ਜਗਸੀਰ ਸਿੰਘ ਪੰਨੂ ਪ੍ਰਧਾਨ ਨਗਰ ਪੰਚਾਇਤ ਭਗਤਾ, ਬੂਟਾ ਸਿੰਘ ਸਿੱਧੂ ਸੀਨੀਅਰ ਕਾਂਗਰਸੀ ਆਗੂ, ਜਗਮੋਹਨ ਲਾਲ, ਰਘੂਬੀਰ ਸਿੰਘ ਮਲੂਕਾ, ਅਚੱਲ ਕੁਮਾਰ, ਪੁਨੀਤ ਕੁਮਾਰ ਚੀਮਾ ਸਮੇਤ ਭਗਤਾ ਬਜ਼ਾਰ ਦੇ ਸਮੂਹ ਦੁਕਾਨਦਾਰ ਹਾਜ਼ਰ ਸਨ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Executive Editor : **Resham Singh** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਕਾਰਜਕਾਰੀ ਸੰਪਾਦਕ : **ਰੇਸ਼ਮ ਸਿੰਘ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।

**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

## ਮੁਕਾਬਲੇ 'ਚ ਕੇਸ਼ਵ ਗੈਂਗ ਦੇ ਤਿੰਨ ਸ਼ੂਟਰ ਜ਼ਖ਼ਮੀ, 5 ਪਿਸਤੌਲਾਂ ਬਰਾਮਦ

ਛੇਹਰਟਾ/ਅਟਾਰੀ, (ਮਨੋਜ ਕੁਮਾਰ/ਸ਼ਸ਼ਪਾਲ ਸਿੰਘ) : ਸ਼ੁੱਕਰਵਾਰ ਰਾਤ ਕੇਸ਼ਵ ਗੈਂਗ ਨਾਲ ਸਬੰਧਤ ਸ਼ੂਟਰਾਂ ਨਾਲ ਕਮਿਸ਼ਨਰੇਟ ਪੁਲਸ ਅੰਮ੍ਰਿਤਸਰ ਦੇ ਹੋਏ ਮੁਕਾਬਲੇ ਦੌਰਾਨ ਤਿੰਨ ਸ਼ੂਟਰ ਜ਼ਖ਼ਮੀ ਹੋਏ, ਜਿਨ੍ਹਾਂ ਨੂੰ ਇਲਾਜ ਲਈ ਹਸਪਤਾਲ ਭੇਜਿਆ ਗਿਆ ਹੈ। ਪੁਲਸ ਕਮਿਸ਼ਨਰ



ਅੰਮ੍ਰਿਤਸਰ ਗੁਰਮਨਬੀਰ ਸਿੰਘ ਗਿੱਲ ਨੇ ਇਸ ਸਬੰਧ ਵਿੱਚ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪ੍ਰਾਪਤ ਪੁਖ਼ਤਾ ਇਤਲਾਹ ਦੇ ਆਧਾਰ 'ਤੇ ਐੱਸ. ਐੱਚ. ਓ. ਛੇਹਰਟਾ ਐੱਸ. ਆਈ ਬਲਵਿੰਦਰ ਸਿੰਘ ਦੀ ਅਗਵਾਈ ਹੇਠ ਪੁਲਸ ਪਾਰਟੀ ਵੱਲੋਂ ਨਾਕਾਬੰਦੀ ਕਰਕੇ ਵਿਸ਼ਾਲ ਨੂੰ ਕਾਬੂ ਕੀਤਾ ਗਿਆ ਸੀ। ਤਲਾਸ਼ੀ ਦੌਰਾਨ ਉਸ ਕੋਲੋਂ .30 ਬੋਰ ਦਾ ਗਲੌਕ ਪਿਸਤੌਲ ਬਰਾਮਦ ਕੀਤਾ ਗਿਆ। ਮੁਲਜ਼ਮ ਕੋਲੋਂ ਕੀਤੀ ਗਈ ਪੁੱਛਗਿੱਛ ਦੌਰਾਨ ਪੁਲਸ ਨੂੰ ਜਾਣਕਾਰੀ ਮਿਲੀ ਕਿ ਉਸ ਦੇ ਕੁਝ ਹੋਰ ਸਾਥੀ [illegible] ਇਲਾਕੇ ਵਿੱਚ [illegible] ਵਾਲੇ ਸਥਾਨ 'ਤੇ ਲੁਕੇ ਹੋਏ ਹਨ ਅਤੇ ਕਿਸੇ ਵਾਰਦਾਤ ਨੂੰ ਅੰਜਾਮ ਦੇਣ ਦੀ ਤਿਆਰੀ ਵਿੱਚ ਹਨ। ਇਸ ਜਾਣਕਾਰੀ ਦੇ ਆਧਾਰ 'ਤੇ ਪੁਲਸ ਟੀਮਾਂ ਵੱਲੋਂ ਤੁਰੰਤ ਕਾਰਵਾਈ ਕਰਦਿਆਂ ਇਲਾਕੇ ਨੂੰ ਘੇਰ ਲਿਆ ਗਿਆ। ਉਨ੍ਹਾਂ ਦੱਸਿਆ ਕਿ ਪੁਲਸ ਵੱਲੋਂ ਮੁਲਜ਼ਮਾਂ ਨੂੰ ਆਪਣੇ-ਆਪ ਨੂੰ ਪੁਲਸ ਦੇ ਹਵਾਲੇ ਕਰਨ ਦੀ ਅਪੀਲ ਕੀਤੀ ਗਈ, ਪਰ ਉਨ੍ਹਾਂ ਵੱਲੋਂ ਪੁਲਸ ਪਾਰਟੀ 'ਤੇ ਫਾਇਰਿੰਗ ਕਰ ਦਿੱਤੀ ਗਈ। ਪੁਲਸ ਵੱਲੋਂ ਕੀਤੀ ਗਈ ਜਵਾਬੀ ਕਾਰਵਾਈ ਵਿੱਚ ਚਾਰ ਮੁਲਜ਼ਮਾਂ ਵਿੱਚੋਂ ਤਿੰਨ ਗੋਲੀਆਂ ਲੱਗਣ ਕਾਰਨ ਜ਼ਖ਼ਮੀ ਹੋਏ, ਜਿਨ੍ਹਾਂ ਨੂੰ ਤੁਰੰਤ ਹਸਪਤਾਲ ਪਹੁੰਚਾਇਆ ਗਿਆ। ਜ਼ਖ਼ਮੀ ਮੁਲਜ਼ਮਾਂ ਵਿੱਚ [illegible] ਵਾਸੀ ਫਿਰੋਜ਼ਪੁਰ, ਜਿਸ ਵਿਰੁੱਧ ਪਹਿਲਾਂ ਵੀ ਮੁਕੱਦਮੇ ਦਰਜ ਹਨ, ਸ਼ਿਵਮ ਵਾਸੀ ਫਰੀਦਕੋਟ ਤੇ [illegible] ਵਾਸੀ ਅੰਮ੍ਰਿਤਸਰ ਸ਼ਾਮਲ ਹਨ, ਜਦੋਂਕਿ ਚੌਥੇ ਮੁਲਜ਼ਮ ਦੀ ਪਛਾਣ [illegible] ਵਾਸੀ ਫਿਰੋਜ਼ਪੁਰ ਵਜੋਂ ਹੋਈ। ਉਹਨਾਂ ਮੁਲਜ਼ਮਾਂ ਕੋਲੋਂ ਕੁੱਲ 5 ਪਿਸਤੌਲ (2 ਗਲੌਕ ਪਿਸਤੌਲ ਤੇ 3 ਕੱਟਾ ਪਿਸਤੌਲ) ਅਤੇ 20 ਜ਼ਿੰਦਾ ਕਾਰਤੂਸ ਬਰਾਮਦ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਮੁੱਢਲੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਇਹ ਵਿਅਕਤੀ ਕਿਸੇ ਵਾਰਦਾਤ ਨੂੰ ਅੰਜਾਮ ਦੇਣ ਦੀ ਤਿਆਰੀ ਵਿੱਚ ਸਨ।

## ਤਿਉਹਾਰਾਂ ਦੇ ਮੱਦੇਨਜ਼ਰ ਖਾਣ-ਪੀਣ ਵਾਲੀਆਂ ਦੁਕਾਨਾਂ ਦਾ ਫੌਰੀ ਨਿਰੀਖਣ ਕਰਨ ਦੀ ਮੰਗ

ਵੇਰਕਾ (ਰਾਣਾ)- [illegible] ਵਾਲੀਆਂ ਵਸਤੂਆਂ ਆਟਾ, ਮਿਸ਼ਰਤ ਦੁੱਧ, ਦੇਸੀ ਘਿਓ, ਪਨੀਰ, ਖੋਆ ਤੇ ਵੱਖ-ਵੱਖ ਮਠਿਆਈਆਂ ਅਤੇ ਬੇਕਰੀ ਦੀਆਂ ਦੁਕਾਨਾਂ ਦੀ ਫੌਰੀ ਜਾਂਚ ਕਰਵਾਈ ਜਾਵੇ ਤਾਂ ਕਿ ਲੋਕਾਂ ਦੀਆਂ ਕੀਮਤੀ ਜਾਨਾਂ ਨਾਲ ਖਿਲਵਾੜ ਕਰਨ ਵਾਲੇ ਲਾਲਚੀ ਤੇ ਮਿਲਾਵਟਖੋਰਾਂ ਵਿਰੁੱਧ ਸਖ਼ਤ ਕਾਰਵਾਈ ਹੋ ਸਕੇ।

## ਵਿਧਾਇਕ ਰੰਧਾਵਾ ਨੇ ਪੰਜਾਬ ਸਰਕਾਰ ਦੀਆਂ ਯੋਜਨਾਵਾਂ ਬਾਰੇ ਕਰਵਾਇਆ ਜਾਣੂ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)- ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਲੋਕਾਂ ਨਾਲ ਕੀਤੇ ਵਾਅਦਿਆਂ ਤੋਂ ਵੱਧ ਕੰਮ ਕਰਕੇ ਦਿਖਾਇਆ ਹੈ। ਇਹ ਪ੍ਰਗਟਾਵਾ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਪਿੰਡ ਸ਼ਾਹਪੁਰ ਜਾਜਨ ਤੋਂ [illegible] ਮੁਹਿੰਮ ਤਹਿਤ ਬਾਜ਼ਾਰ ਵਿੱਚ ਦੁਕਾਨਦਾਰਾਂ ਅਤੇ ਪਿੰਡ ਵਾਸੀਆਂ ਨਾਲ ਰੂਬਰੂ ਹੋ ਕੇ ਕੀਤਾ ਅਤੇ ਉਨ੍ਹਾਂ ਨੂੰ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਵਿਕਾਸ ਕਾਰਜਾਂ ਅਤੇ ਲੋਕ-ਹਿੱਤ ਦੀਆਂ ਪ੍ਰਾਪਤੀਆਂ ਬਾਰੇ ਜਾਣੂ ਕਰਵਾਇਆ।



ਇਸ ਮੌਕੇ ਉਨ੍ਹਾਂ ਲੋਕਾਂ ਨਾਲ ਗੱਲਬਾਤ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਇਲਾਕੇ ਨਾਲ ਸਬੰਧਤ ਮੁੱਦਿਆਂ ਬਾਰੇ ਵਿਚਾਰ-ਵਟਾਂਦਰਾ ਵੀ ਕੀਤਾ। ਗੱਲਬਾਤ ਕਰਦਿਆਂ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਲੋਕਾਂ ਨੂੰ ਵੱਖ-ਵੱਖ ਸਰਕਾਰੀ ਸਕੀਮਾਂ ਰਾਹੀਂ ਸਾਲਾਨਾ ਲੱਖਾਂ ਰੁਪਏ ਦੇ ਲਾਭ ਮਿਲ ਰਹੇ ਹਨ। ਇਨ੍ਹਾਂ ਵਿੱਚ ਬਿਜਲੀ ਬਿੱਲਾਂ ਵਿੱਚ ਰਾਹਤ, ਮਹਿਲਾਵਾਂ ਲਈ ਮੁਫ਼ਤ ਬੱਸ ਸਫ਼ਰ, ਸਰਕਾਰੀ ਸਕੂਲਾਂ ਵਿੱਚ ਮੁਫ਼ਤ ਸਿੱਖਿਆ, ਬੁਢਾਪਾ ਪੈਨਸ਼ਨ, ਆਮ ਆਦਮੀ ਕਲੀਨਿਕਾਂ ਵਿੱਚ ਮੁਫ਼ਤ ਟੈਸਟ ਤੇ ਦਵਾਈਆਂ, ਰਾਸ਼ਨ, ਮੁਫ਼ਤ ਤੀਰਥ ਯਾਤਰਾ, ਖੇਤੀ ਲਈ ਮੁਫ਼ਤ ਬਿਜਲੀ ਅਤੇ ਅਸ਼ੀਰਵਾਦ ਸਕੀਮ ਆਦਿ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਇਹ ਪਹਿਲੀ ਵਾਰ ਹੈ ਜਦੋਂ ਕੋਈ ਸਿਆਸੀ ਪਾਰਟੀ ਆਪਣੇ ਕੰਮਾਂ ਦਾ ਰਿਪੋਰਟ ਕਾਰਡ ਲੈ ਕੇ ਸਿੱਧਾ ਲੋਕਾਂ ਦੇ ਘਰਾਂ ਤੱਕ ਪਹੁੰਚ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਤਹਿਤ ਪਾਰਟੀ ਦੇ ਅਹੁਦੇਦਾਰ ਅਤੇ ਵਲੰਟੀਅਰ ਵੀ ਘਰ-ਘਰ ਪਹੁੰਚਣਗੇ।

ਇਸ ਮੌਕੇ ਸਥਾਨਕ ਲੋਕਾਂ ਨੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਦਾ ਸਵਾਗਤ ਕਰਦਿਆਂ ਸਰਕਾਰੀ ਯੋਜਨਾਵਾਂ ਤੋਂ ਮਿਲੇ ਲਾਭ ਸਾਂਝੇ ਕੀਤੇ। ਉਨ੍ਹਾਂ ਨਾਲ ਪੀ ਏ ਲਵਪ੍ਰੀਤ ਸਿੰਘ ਅਤੇ ਆਪ ਦੇ ਵਰਕਰ ਤੇ ਆਗੂ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

## 'ਵੰਦੇ ਮਾਤਰਮ' ਦੇ 150 ਸਾਲ ਪੂਰੇ ਹੋਣ 'ਤੇ ਪ੍ਰੋਗਰਾਮ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ) ਵਿਦਿਆ ਭਾਰਤੀ ਅਖਿਲ ਭਾਰਤੀ [illegible]



[illegible]

## ਕੀੜੀ ਖ਼ੁਰਦ ਵਿਖੇ ਆਯੁਰਵੈਦਿਕ ਤੇ ਹੋਮਿਓਪੈਥਿਕ ਮੈਡੀਕਲ ਕੈਂਪ ਲਗਾਇਆ

ਪਠਾਨਕੋਟ (ਦਵਿੰਦਰ ਸਿੰਘ)- ਡਾਇਰੈਕਟਰ ਆਯੁਰਵੈਦਿਕ ਡਾ. ਰਮਨ ਖੰਨਾ ਅਤੇ ਜ਼ਿਲ੍ਹਾ ਆਯੁਰਵੈਦਿਕ ਅਤੇ ਯੂਨਾਨੀ ਅਫ਼ਸਰ ਪਠਾਨਕੋਟ ਡਾ. ਹਰਿੰਦਰ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਪਿੰਡ ਕੀੜੀ ਖ਼ੁਰਦ ਪਠਾਨਕੋਟ ਵਿਖੇ 7ਵਾਂ ਮੁਫ਼ਤ ਆਯੁਰਵੈਦਿਕ ਅਤੇ ਹੋਮਿਓਪੈਥਿਕ ਮੈਡੀਕਲ ਕੈਂਪ ਲਗਾਇਆ ਗਿਆ। ਕੈਂਪ ਦੌਰਾਨ ਵੱਡੀ ਗਿਣਤੀ ਵਿੱਚ ਲੋਕਾਂ ਨੇ ਸਿਹਤ ਸੇਵਾਵਾਂ ਦਾ ਲਾਭ ਲਿਆ।ਕੈਂਪ ਵਿੱਚ ਆਯੁਰਵੈਦਿਕ ਵਿਭਾਗ ਵੱਲੋਂ ਕੁੱਲ 519 ਮਰੀਜ਼ਾਂ ਦੀ ਜਾਂਚ ਕੀਤੀ ਗਈ, ਜਦ ਕਿ ਹੋਮਿਓਪੈਥਿਕ ਵਿਭਾਗ ਵੱਲੋਂ 320 ਮਰੀਜ਼ਾਂ ਦਾ ਮੁਆਇਨਾ ਕਰਕੇ ਉਨ੍ਹਾਂ ਨੂੰ ਲੋੜ ਅਨੁਸਾਰ ਮੁਫ਼ਤ ਦਵਾਈਆਂ ਮੁਹੱਈਆ ਕਰਵਾਈਆਂ ਗਈਆਂ। ਇਸ ਤੋਂ ਇਲਾਵਾ ਕੈਂਪ ਦੌਰਾਨ ਮਰਮਾ ਥੈਰੇਪੀ ਅਤੇ ਮੈਡੀਕਲ ਕਾਊਂਸਲਿੰਗ ਦੀ ਸਹੂਲਤ ਵੀ ਪ੍ਰਦਾਨ ਕੀਤੀ ਗਈ।ਆਯੁਰਵੈਦਿਕ ਸੇਵਾਵਾਂ ਪ੍ਰਦਾਨ ਕਰਨ ਵਾਲੀ ਟੀਮ ਵਿੱਚ ਡਾ. ਕੁਲਦੀਪ ਕੌਰ, ਡਾ. ਰੁਬਨਪ੍ਰੀਤ ਅਤੇ ਡਾ. ਰਾਜਿੰਦਰ ਕੁਮਾਰ ਸ਼ਾਮਲ ਰਹੇ। ਆਯੁਰਵੈਦਿਕ ਉਪਵੈਦਾਂ ਵਜੋਂ ਸ੍ਰੀਮਤੀ ਬੰਧਨਾ ਦੇਵੀ ਅਤੇ ਸ੍ਰੀਮਤੀ ਕਵਲ ਜੋਤੀ ਨੇ ਆਪਣੀਆਂ ਸੇਵਾਵਾਂ ਨਿਭਾਈਆਂ। ਇਸੇ ਤਰ੍ਹਾਂ ਹੋਮਿਓਪੈਥਿਕ ਵਿਭਾਗ ਵੱਲੋਂ ਡਾ. ਓ.ਪੀ. ਵਿਗ ਅਤੇ ਡਾ. ਹਰਪ੍ਰੀਤ ਕੌਰ ਨੇ ਮਰੀਜ਼ਾਂ ਦੀ ਜਾਂਚ ਕੀਤੀ। ਹੋਮਿਓਪੈਥਿਕ ਉਪਵੈਦ ਵਜੋਂ ਸ੍ਰੀ ਅਜੈ ਮਲਹੋਤਰਾ ਅਤੇ ਸ੍ਰੀ ਨਿਤਿਸ਼ ਪਠਾਨੀਆ ਨੇ ਸਹਿਯੋਗ ਦਿੱਤਾ।



## ਸਵਰਗੀ ਖੁਸ਼ਹਾਲ ਬਹਿਲ ਦੀ ਯਾਦ 'ਚ ਕ੍ਰਿਕਟ ਟੂਰਨਾਮੈਂਟ ਸ਼ੁਰੂ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)- ਸਵਰਗੀ ਖੁਸ਼ਹਾਲ ਬਹਿਲ ਦੀ ਯਾਦ ਨੂੰ ਸਮਰਪਿਤ ਕ੍ਰਿਕਟ ਟੂਰਨਾਮੈਂਟ ਸ਼ਹੀਦ ਲੈਫਟੀਨੈਂਟ ਨਵਦੀਪ ਸਿੰਘ (ਅਸ਼ੋਕ ਚੱਕਰ) ਸਰਕਾਰੀ ਕਾਲਜ [illegible]



ਗੁਰਦਾਸਪੁਰ ਦੇ ਕ੍ਰਿਕਟ ਮੈਦਾਨ ਵਿੱਚ ਕਰਵਾਇਆ ਜਾ ਰਿਹਾ ਹੈ। ਟੂਰਨਾਮੈਂਟ ਵਿੱਚ ਲਗਭਗ 16 ਟੀਮਾਂ ਹਿੱਸਾ ਲੈ ਰਹੀਆਂ ਹਨ। ਇਸ ਮੌਕੇ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਦੇ ਵਿਧਾਇਕ ਸ. ਗੁਰਦੀਪ ਸਿੰਘ ਰੰਧਾਵਾ ਮੁੱਖ ਮਹਿਮਾਨ ਵਜੋਂ ਪਹੁੰਚੇ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਧਾਇਕ ਗੁਰਦੀਪ ਸਿੰਘ [illegible]

## ਚੀਮਾ ਕਲਾਂ 'ਚ ਔਰਤ ਮੁਕਤੀ ਮੋਰਚੇ ਦੀ ਚੋਣ; ਵੀਰ ਕੌਰ ਪ੍ਰਧਾਨ ਨਿਯੁਕਤ

ਵਲਟੋਹਾ (ਰਣਜੀਤ ਸਿੰਘ ਵਲਟੋਹਾ)- ਬੀਤੇ ਦਿਨ ਔਰਤ ਮੁਕਤੀ ਮੋਰਚੇ ਦੇ ਜ਼ਿਲ੍ਹਾ ਜਨਰਲ ਸਕੱਤਰ ਨਰਿੰਦਰ ਕੌਰ ਦੀ ਅਗਵਾਈ ਵਿੱਚ ਪਿੰਡ ਚੀਮਾ ਕਲਾਂ ਵਿੱਚ ਔਰਤਾਂ ਦਾ ਇਕੱਠ ਹੋਇਆ। ਇਕੱਤਰ ਔਰਤਾਂ ਨੇ ਦੱਸਿਆ ਕਿ ਮਹਿੰਗਾਈ ਨੇ ਸਾਡੇ ਚੁੱਲ੍ਹੇ ਠੰਡੇ ਕਰ ਦਿੱਤੇ ਹਨ, ਸਾਡੇ ਪਿੰਡ ਮਨਰੇਗਾ ਸਕੀਮ ਬੰਦ ਹੈ, ਸਾਡੇ ਕੋਠੇ ਕੱਚੇ ਹਨ, ਸਾਨੂੰ ਪੱਕੇ ਕਮਰਿਆਂ ਦੇ ਪੈਸੇ ਨਹੀਂ ਮਿਲੇ, ਸਾਡੇ ਬਹੁਤਿਆਂ ਦੇ ਜੌਬ ਕਾਰਡ ਨਹੀਂ ਮਿਲੇ, ਸਰਕਾਰੀ ਹਸਪਤਾਲਾਂ ਵਿੱਚ ਡਾਕਟਰ ਨਹੀਂ, ਸਰਕਾਰੀ ਸਕੂਲਾਂ ਵਿੱਚ ਮਾਸਟਰ ਨਹੀਂ, ਸਾਡੇ ਬੱਚੇ ਨਸ਼ਿਆਂ ਨਾਲ ਮਰ ਰਹੇ ਹਨ, ਅਸੀਂ ਬਹੁਤ ਦੁਖੀ ਹਾਂ। ਇਸ ਇਕੱਠ ਵਿੱਚ ਪਹੁੰਚੇ ਕਾਮਰੇਡ ਦਲਜੀਤ ਸਿੰਘ ਦਿਆਲਪੁਰਾ, ਹਰਭਜਨ ਸਿੰਘ ਸਿੰਘ ਚੂਸਲੇਵੜ ਤੇ ਨਰਿੰਦਰ ਕੌਰ ਠੱਕਰਪੁਰਾ ਨੇ ਇੱਕ ਸੁਰ ਵਿੱਚ ਦੱਸਿਆ ਕਿ ਅਜੋਕੀਆਂ ਸਰਕਾਰਾਂ ਕਾਰਪੋਰੇਟਾਂ ਦੀਆਂ ਦਲਾਲ ਹਨ, ਸਰਕਾਰੀ ਅਦਾਰਿਆਂ ਵਿੱਚ ਖਾਲੀ ਪੋਸਟਾਂ ਰੱਖ ਕੇ ਪਬਲਿਕ ਸੈਕਟਰ ਨੂੰ ਬਰਬਾਦ ਕਰਕੇ ਕਾਰਪੋਰੇਟਾਂ ਦੇ ਹਵਾਲੇ ਕਰਕੇ ਰੋਜ਼ਗਾਰ ਦੇ ਵਸੀਲੇ ਖਤਮ ਕੀਤੇ ਜਾ ਰਹੇ ਹਨ, ਘਰਾਂ ਵਿੱਚ ਚਿੱਪ ਵਾਲੇ ਮੀਟਰ ਲਗਾ ਕੇ ਬਿਜਲੀ ਵਿਭਾਗ ਠੇਕੇ ਤੇ ਦੇਣ ਦੀਆਂ ਤਿਆਰੀਆਂ ਹਨ, ਸੜਕਾਂ, ਰੇਲਾਂ, ਸਟੇਸ਼ਨ ਠੇਕੇ ਤੇ ਦਿੱਤੇ ਜਾ ਰਹੇ ਹਨ, ਵਿਸ਼ਵ ਵਪਾਰ ਸਮਝੌਤਾ ਕਰਕੇ ਖੇਤੀ ਸੈਕਟਰ ਬਰਬਾਦ ਕੀਤਾ ਜਾ ਰਿਹਾ ਹੈ, ਫਿਰਕਾਪ੍ਰਸਤੀ, ਲੁੱਟਾਂ ਖੋਹਾਂ, ਗੈਂਗਸਟਰਵਾਦ, ਬਲਾਤਕਾਰ ਆਮ ਗੱਲ ਬਣ ਗਈ ਹੈ। ਉਨ੍ਹਾਂ ਕਿਹਾ ਕਿ ਸਭ ਮੁਸ਼ਕਲਾਂ ਦੇ ਹੱਲ ਲਈ ਕਿਰਤੀ ਲੋਕਾਂ ਨੂੰ ਜਥੇਬੰਦ ਹੋ ਕੇ ਆਪਣੇ ਹੱਕਾਂ ਦੀ ਰਾਖੀ ਲਈ ਸੰਘਰਸ਼ ਕਰਨੇ ਪੈਣਗੇ ਤੇ ਆਪਣੀਆਂ ਸਰਕਾਰਾਂ ਬਣਾਕੇ ਆਪਣੀ ਹਰ ਤਰ੍ਹਾਂ ਦੀ ਸੁਰੱਖਿਆ ਲਈ ਆਪਣੇ ਹੱਥੀਂ ਕਾਨੂੰਨ ਬਣਾਉਣੇ ਪੈਣਗੇ। ਸਭ ਹਾਜ਼ਰੀਨ ਨੇ ਇਨ੍ਹਾਂ ਗੱਲਾਂ ਨਾਲ ਸਹਿਮਤੀ ਪ੍ਰਗਟਾਉਂਦਿਆਂ ਸਰਬਸਮਤੀ ਨਾਲ ਔਰਤ ਮੁਕਤੀ ਮੋਰਚੇ ਦੀ ਪਿੰਡ ਦੀ ਇਕਾਈ ਦੀ ਚੋਣ ਵਿੱਚ ਵੀਰ ਕੌਰ ਨੂੰ ਪ੍ਰਧਾਨ, ਕਸ਼ਮੀਰ ਕੌਰ ਉਪ ਪ੍ਰਧਾਨ, ਜਸਵਿੰਦਰ ਕੌਰ ਨੂੰ ਜਨਰਲ ਸਕੱਤਰ ਤੇ ਮਨਪ੍ਰੀਤ ਕੌਰ, ਬਲਜੀਤ ਕੌਰ, ਅਮਨਕੌਰ, ਬਲਜੀਤ ਕੌਰ, ਗੁਰਮੀਤ ਕੌਰ, ਅਮਰਜੀਤ ਕੌਰ, ਮਨਪ੍ਰੀਤ ਕੌਰ ਆਦਿ ਮੈਂਬਰ ਚੁਣੇ ਗਏ। ਇਸ ਮੌਕੇ ਬਲਬੀਰ ਸਿੰਘ, ਜੋਗਿੰਦਰ ਸਿੰਘ, ਕੁਲਵੰਤ ਸਿੰਘ, ਭੁਪਿੰਦਰ ਸਿੰਘ, ਹਰਜਿੰਦਰ ਸਿੰਘ ਤੇ ਪਿੰਡ ਦੀਆਂ ਹੋਰ ਔਰਤਾਂ ਹਾਜ਼ਰ ਸਨ।


## ਐਡਵੋਕੇਟ ਰਾਕੇਸ਼ ਅਗਰਵਾਲ ਨੇ ਕੇਂਦਰੀ ਕਾਨੂੰਨ ਮੰਤਰੀ ਮੇਘਵਾਲ ਨਾਲ ਕੀਤੀ ਮੁਲਾਕਾਤ

ਗੁਰਦਾਸਪੁਰ, (ਜਨਕ ਮਹਾਜਨ)- ਸ੍ਰੀ ਗੁਰੂ ਰਾਮਦਾਸ ਜੀ ਦੀ ਪਵਿੱਤਰ ਧਰਤੀ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਰਾਕੇਸ਼ ਕੁਮਾਰ ਨਡਾਲਾ ਐਡਵੋਕੇਟ ਵੱਲੋਂ ਮਾਣਯੋਗ ਕੇਂਦਰੀ ਕਾਨੂੰਨ ਮੰਤਰੀ ਅਰਜੁਨ ਰਾਮ ਮੇਘਵਾਲ ਨਾਲ ਵਿਸ਼ੇਸ਼ ਅਤੇ ਮਹੱਤਵਪੂਰਨ ਮੁਲਾਕਾਤ ਕੀਤੀ ਗਈ। ਇਸ ਮੌਕੇ ਪੰਜਾਬ ਵਿੱਚ ਨਸ਼ਿਆਂ ਦੀ ਸਮੱਸਿਆ ਅਤੇ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਭਾਰਤੀ ਜਨਤਾ ਪਾਰਟੀ ਵੱਲੋਂ ਕੀਤੇ ਜਾ ਰਹੇ ਯਤਨਾਂ ਅਤੇ ਜਾਗਰੂਕਤਾ ਮੁਹਿੰਮ ਸਬੰਧੀ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਹੋਇਆ। ਨਸ਼ਾ ਮੁਕਤ ਪੰਜਾਬ ਅਤੇ ਨੌਜਵਾਨਾਂ ਦੇ ਉਜਵਲ ਭਵਿੱਖ ਲਈ ਸਮਾਜਿਕ ਪੱਧਰ 'ਤੇ ਕੀਤੇ ਜਾਣ ਵਾਲੇ ਯਤਨਾਂ ਬਾਰੇ ਵੀ ਗੱਲਬਾਤ ਕੀਤੀ ਗਈ। ਇਸ ਤੋਂ ਇਲਾਵਾ ਵਿਧਾਨ ਸਭਾ ਹਲਕਾ ਦੀਨਾਨਗਰ ਨਾਲ ਸਬੰਧਤ ਵੱਖ-ਵੱਖ ਅਹਿਮ ਮੁੱਦਿਆਂ, ਖੇਤਰ ਦੇ ਵਿਕਾਸ, ਲੋਕਾਂ ਦੀਆਂ ਜ਼ਰੂਰਤਾਂ ਅਤੇ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਦੇ ਸੰਦਰਭ ਵਿਚ ਵੀ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਰਾਕੇਸ਼ ਕੁਮਾਰ ਨਡਾਲਾ ਨੇ ਕਿਹਾ ਕਿ ਕੇਂਦਰੀ ਕਾਨੂੰਨ ਮੰਤਰੀ ਵਲੋਂ ਦਿੱਤਾ ਗਿਆ ਕੀਮਤੀ ਸਮਾਂ ਅਤੇ ਮਾਰਗਦਰਸ਼ਨ ਉਨ੍ਹਾਂ ਲਈ ਮਹੱਤਵਪੂਰਨ ਹੈ। ਉਨ੍ਹਾਂ ਕਿਹਾ ਕਿ ਦੀਨਾਨਗਰ ਹਲਕੇ ਦੇ ਲੋਕਾਂ ਨਾਲ ਜੁੜੇ ਮੁੱਦਿਆਂ ਨੂੰ ਯੋਗ ਪੱਧਰ 'ਤੇ ਉਠਾਉਣ ਅਤੇ ਖੇਤਰ ਦੇ ਵਿਕਾਸ ਲਈ ਯਤਨ ਲਗਾਤਾਰ ਜਾਰੀ ਰਹਿਣਗੇ।




## ਦੋ ਰੋਜ਼ਾ ਪਸ਼ੂ ਪਾਲਣ ਮੇਲੇ 'ਚ ਪੇਂਡੂ ਨੌਜਵਾਨਾਂ ਨੂੰ ਕੀਤਾ ਜਾਗਰੂਕ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ) -ਖਾਲਸਾ ਕਾਲਜ ਆਫ ਵੈਟਰਨਰੀ ਐਂਡ ਐਨੀਮਲ ਸਾਇੰਸਿਜ਼ ਦੀ ਟੀਮ ਵੱਲੋਂ ਗੁਰੂ ਅੰਗਦ ਦੇਵ ਵੈਟਰਨਰੀ ਐਂਡ ਐਨੀਮਲ ਸਾਇੰਸਿਜ਼ ਯੂਨੀਵਰਸਿਟੀ (ਗਡਵਾਸੂ), ਲੁਧਿਆਣਾ ਵਿਖੇ ਆਯੋਜਿਤ ਦੋ ਰੋਜ਼ਾ ਪਸ਼ੂ ਪਾਲਣ ਮੇਲੇ 'ਚ ਵੱਖ-ਵੱਖ ਸਹੂਲਤਾਂ ਅਤੇ ਉਤਪਾਦਾਂ ਸਬੰਧੀ ਸਟਾਲ ਲਗਾ ਕੇ ਕਿਸਾਨਾਂ ਦੇ ਨਾਲ-ਨਾਲ ਦਿਹਾਤੀ ਨੌਜਵਾਨਾਂ ਨੂੰ ਜਾਗਰੂਕ ਕੀਤਾ ਗਿਆ। ਇਸ ਮੇਲੇ ਦਾ ਉਦਘਾਟਨ ਪੰਜਾਬ ਸਰਕਾਰ ਦੇ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ ਦੇ ਮੰਤਰੀ ਸ: ਗੁਰਮੀਤ ਸਿੰਘ ਖੁੱਡੀਆਂ ਅਤੇ ਗਡਵਾਸੂ ਦੇ ਉਪ ਕੁਲਪਤੀ ਡਾ. ਜੇ. ਪੀ. ਐਸ. ਗਿੱਲ ਨੇ ਹੋਰਨਾਂ ਸ਼ਖ਼ਸੀਅਤਾਂ ਨਾਲ ਮਿਲ ਕੇ ਕੀਤਾ। ਇਸ ਮੇਲੇ 'ਚ ਕਾਲਜ ਪ੍ਰਿੰਸੀਪਲ ਡਾ. ਹਰੀਸ਼ ਕੁਮਾਰ ਵਰਮਾ ਦੇ ਦਿਸ਼ਾ-ਨਿਰਦੇਸ਼ਾਂ 'ਤੇ ਪਸ਼ੂਧਨ ਪ੍ਰਬੰਧਨ ਅਤੇ ਪਸ਼ੂ ਸਿਹਤ ਸਬੰਧੀ ਵਿਸ਼ੇਸ਼ ਸਟਾਲ ਲਗਾਇਆ ਗਿਆ, ਜਿਸ 'ਚ ਕਾਲਜ ਦੀਆਂ ਵੱਖ-ਵੱਖ ਸੁਵਿਧਾਵਾਂ ਅਤੇ ਉਤਪਾਦਾਂ ਨੂੰ ਪ੍ਰਦਰਸ਼ਿਤ ਕੀਤਾ ਗਿਆ। ਇਸ ਸਬੰਧੀ ਪ੍ਰਿੰ: ਡਾ. ਵਰਮਾ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਉਕਤ ਮੇਲੇ ਦੌਰਾਨ ਕਾਲਜ ਵੱਲੋਂ ਵੈਟਰਨਰੀ ਐਕਸਟੈਂਸ਼ਨ ਐਜੂਕੇਸ਼ਨ ਵਿਭਾਗ ਮੁਖੀ ਡਾ. ਐਸ. ਕੇ. ਕੰਸਲ, ਸਹਾਇਕ ਪ੍ਰੋਫੈਸਰ ਡਾ. ਮਨਿੰਦਰ ਸਿੰਘ, ਡਾ. ਰਾਣਾ ਪ੍ਰਤਾਪ ਸਿੰਘ ਬਰਾੜ ਅਤੇ ਡਾ. ਰਾਹੁਲ ਚੰਦੇਲ ਨੇ ਨੁਮਾਇੰਦਗੀ ਕੀਤੀ।



## ਸ਼ਰਧਾਲੂ ਗੁਰਧਾਮਾਂ ਦੇ ਦਰਸ਼ਨ ਕਰਕੇ ਵਜ਼ੀਰ ਭੁੱਲਰ ਪਰਤੇ




ਬਿਆਸ (ਪਰਮਜੀਤ ਸਿੰਘ ਰੱਖੜਾ) ਹਲਕਾ ਬਾਬਾ ਬਕਾਲਾ ਸਾਹਿਬ ਦੇ ਪਿੰਡ ਵਜ਼ੀਰ ਭੁੱਲਰ ਵਿਖੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਚਲਾਈ ਗਈ 'ਮੁੱਖ ਮੰਤਰੀ ਤੀਰਥ ਯਾਤਰਾ' ਯੋਜਨਾ ਤਹਿਤ ਸ਼ਰਧਾਲੂ ਸੰਗਤ ਦੀ ਬੱਸ ਸ੍ਰੀ ਅਨੰਦਪੁਰ ਸਾਹਿਬ, ਨੈਣਾਂ ਦੇਵੀ ਦੇ ਪਾਵਨ ਦਰਸ਼ਨ ਕਰਵਾ ਕੇ ਵਾਪਸ ਪਰਤ ਆਈ। ਇਸ ਮੌਕੇ ਸ਼ਰਧਾਲੂਆਂ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਚਲਾਈ ਗਈ ਇਹ ਤੀਰਥ ਯਾਤਰਾ ਯੋਜਨਾ ਬਹੁਤ ਹੀ ਵਧੀਆ ਅਤੇ ਲਾਹੇਵੰਦ ਹੈ।ਇਸ ਯਾਤਰਾ ਦੌਰਾਨ ਉਹਨਾਂ ਨੂੰ ਪਿੰਡ ਤੋਂ ਜਾਣ ਤੋਂ ਲੈ ਕੇ ਵਾਪਸ ਪਿੰਡ ਪਰਤਣ ਤੱਕ ਬਹੁਤ ਹੀ ਵਧੀਆ ਤਰੀਕੇ ਅਤੇ ਜ਼ਿੰਮੇਵਾਰੀ ਨਾਲ ਸਾਰਾ ਪ੍ਰਬੰਧ ਕੀਤਾ ਗਿਆ ਸੀ। ਸਾਰੀ ਸੰਗਤ ਦਾ ਖਾਣ-ਪੀਣ ਦਾ ਅਤੇ ਰਹਿਣ ਦਾ ਪੁਖਤਾ ਪ੍ਰਬੰਧ ਕੀਤਾ ਗਿਆ ਸੀ।

ਪ੍ਰਧਾਨ ਬਲਵਿੰਦਰ ਸਿੰਘ ਭੁੱਲਰ ਨੇ ਕਿਹਾ ਕਿ ਗੁਰੂ ਘਰ ਦੇ ਦਰਸ਼ਨਾਂ ਦੀ ਤਾਂਘ ਤੇ ਸੰਗਤਾਂ ਦੇ ਚਿਹਰਿਆਂ 'ਤੇ ਖੁਸ਼ੀ ਇਸ ਪਾਵਨ ਯਾਤਰਾ ਨੂੰ ਹੋਰ ਵੀ ਯਾਦਗਾਰ ਬਣਾ ਰਹੀ ਸੀ। ਮਾਨ ਸਰਕਾਰ ਦਾ ਇਹ ਉਪਰਾਲਾ ਸੰਗਤਾਂ ਦੀ ਆਸਥਾ ਦਾ ਸਤਿਕਾਰ ਕਰਦਿਆਂ ਉਨ੍ਹਾਂ ਨੂੰ ਗੁਰੂ ਘਰਾਂ ਦੇ ਦਰਸ਼ਨਾਂ ਨਾਲ ਜੋੜ ਰਿਹਾ ਹੈ।

ਇਸ ਮੌਕੇ ਭਗਵੰਤ ਸਿੰਘ, ਕਪੂਰ ਸਿੰਘ, ਭੁਪਿੰਦਰ ਸਿੰਘ ਬਿੱਟੂ, ਸੂਬੇਦਾਰ ਸਰਦੂਲ ਸਿੰਘ, ਕਵਲਜੀਤ ਸਿੰਘ, ਹਰਜੀਤ ਸਿੰਘ, ਸੁਖਵਿੰਦਰ ਸਿੰਘ ਮਿੰਟੂ, ਸਵਜਿੰਦਰ ਸਿੰਘ, ਗੁਰਪ੍ਰੀਤ ਸਿੰਘ ਭੁੱਟੋ ਤੇ ਹੋਰ ਪਤਵੰਤੇ ਹਾਜ਼ਰ ਸਨ।

## ਗੁਰੂ ਰਵਿਦਾਸ ਮਹਾਰਾਜ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਵਾਇਆ ਡਰੋਨ ਸ਼ੋਅ

ਪਠਾਨਕੋਟ (ਦਵਿੰਦਰ ਸਿੰਘ) ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਾਲ ਭਰ ਵੱਖ-ਵੱਖ ਧਾਰਮਿਕ ਅਤੇ ਸੱਭਿਆਚਾਰਕ ਸਮਾਗਮ ਕਰਵਾਏ ਜਾ ਰਹੇ ਹਨ। ਇਸੇ ਲੜੀ ਤਹਿਤ ਪੰਜਾਬ ਦੇ ਵੱਖ-ਵੱਖ ਵਿਧਾਨ ਸਭਾ ਹਲਕਿਆਂ ਵਿੱਚ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ ਜੀਵਨ, ਸੰਦੇਸ਼ ਅਤੇ ਸਿੱਖਿਆਵਾਂ ਨੂੰ ਦਰਸਾਉਂਦੇ ਵਿਸ਼ੇਸ਼ ਡਰੋਨ ਸ਼ੋਅ ਕਰਵਾਏ ਜਾ ਰਹੇ ਹਨ।ਇਸੇ ਤਹਿਤ ਜ਼ਿਲ੍ਹਾ ਪਠਾਨਕੋਟ ਦੇ ਵਿਧਾਨ ਸਭਾ ਹਲਕਾ ਭੋਆ ਦੇ ਤਾਰਾਗੜ੍ਹ ਵਿੱਚ ਕਰਵਾਏ ਗਏ ਸ਼ਾਨਦਾਰ ਡਰੋਨ ਸ਼ੋਅ ਨੂੰ ਦੇਖਣ ਲਈ ਖੇਤਰ ਵਿੱਚੋਂ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤ ਅਤੇ ਲੋਕ ਪਹੁੰਚੇ।ਡਰੋਨ ਸ਼ੋਅ ਦੀ ਸ਼ੁਰੂਆਤ ਮੌਕੇ ਸ੍ਰੀ ਲਾਲ ਚੰਦ ਕਟਾਰੂ ਚੱਕ ਕੈਬਨਿਟ ਮੰਤਰੀ ਪੰਜਾਬ ਅਤੇ ਡੇਰਾ ਸਵਾਮੀ ਜਗਤਗੀਰੀ ਪਠਾਨਕੋਟ ਤੋਂ ਸ੍ਰੀ ਸ੍ਰੀ 108 ਸਵਾਮੀ ਗੁਰਦੀਪ ਗਿਰੀ ਮਹਾਰਾਜ ਵੀ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਸੰਗਤਾਂ ਨੂੰ ਆਸ਼ੀਰਵਾਦ ਦਿੱਤਾ।ਡਰੋਨ ਸ਼ੋਅ ਤੋਂ ਪਹਿਲਾਂ ਖੇਤਰ ਦੇ ਪ੍ਰਸਿੱਧ ਕੀਰਤਨ ਜਥਿਆਂ ਭਾਈ ਗਗਨਦੀਪ ਸਿੰਘ ਮਾਧੋਪੁਰ ਵਾਲੇ ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੀ ਪਵਿੱਤਰ ਬਾਣੀ ਦਾ ਕੀਰਤਨ ਕੀਤਾ ਗਿਆ। ਇਸ ਮੌਕੇ ਸ਼੍ਰੀ ਲਾਲ ਚੰਦ ਕਟਾਰੂ ਚੱਕ ਕੈਬਨਿਟ ਮੰਤਰੀ ਪੰਜਾਬ ਅਤੇ ਸ੍ਰੀ ਸ੍ਰੀ 108 ਸਵਾਮੀ ਗੁਰਦੀਪ ਗਿਰੀ ਮਹਾਰਾਜ ਵੱਲੋਂ ਕੀਰਤਨ ਜਥਿਆਂ ਅਤੇ ਵਿਸ਼ੇਸ਼ ਮਹਿਮਾਨਾਂ ਨੂੰ ਸਿਰੋਪਾ ਭੇਟ ਕਰਕੇ ਸਨਮਾਨਿਤ ਕੀਤਾ ਗਿਆ।ਇਸ ਉਪਰੰਤ ਆਕਾਸ਼ ਵਿੱਚ ਡਰੋਨਾਂ ਰਾਹੀਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ ਜੀਵਨ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ 'ਤੇ ਆਧਾਰਿਤ ਸ਼ਾਨਦਾਰ ਪ੍ਰਦਰਸ਼ਨ ਪੇਸ਼ ਕੀਤਾ ਗਿਆ। ਆਕਾਸ਼ ਵਿੱਚ ਵੱਖ-ਵੱਖ ਆਕਾਰਾਂ ਅਤੇ ਦ੍ਰਿਸ਼ਾਂ ਰਾਹੀਂ ਗੁਰੂ ਜੀ ਦੇ ਜੀਵਨ ਨਾਲ ਜੁੜੇ ਸੰਦੇਸ਼ ਨੂੰ ਪੇਸ਼ ਕੀਤਾ ਗਿਆ । ਇਸ ਮੌਕੇ ਸੰਬੋਧਨ ਕਰਦਿਆਂ ਸ਼੍ਰੀ ਲਾਲ ਚੰਦ ਕਟਾਰੂ ਚੱਕ ਨੇ ਪੰਜਾਬ ਸਰਕਾਰ ਅਤੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਰਕਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਵਾਏ ਜਾ ਰਹੇ ਸਮਾਗਮ ਸ਼ਲਾਘਾਯੋਗ ਉਪਰਾਲਾ ਹੈ ।ਇਸ ਮੌਕੇ ਅਰਸ਼ਦੀਪ ਸਿੰਘ ਵਧੀਕ ਡਿਪਟੀ ਕਮਿਸ਼ਨਰ (ਜ ),ਐਸ ਡੀ ਐਮ ਪਠਾਨਕੋਟ ਮਨਦੀਪ ਮਾਨ, ਠੇਕੇਦਾਰ ਅਮਰਜੀਤ ਸਿੰਘ ਐਸ ਸੀ ਵਿੰਗ ਪੰਜਾਬ, ਨਰੇਸ਼ ਸੈਣੀ ਸਕੱਤਰ ਮਾਝਾ ਜੋਨ ਬੀ ਸੀ ਸੈਲ, ਗੁਰਪ੍ਰੀਤ ਕੌਰ ਚੇਅਰਮੈਨ ਜਿਲਾ ਪ੍ਰੀਸ਼ਦ, ਪਵਨ ਭਾਰਦਵਾਜ ਚੇਅਰਮੈਨ ਬਲਾਕ ਸੰਮਤੀ ਘਰੋਟਾ, ਕੁਲਦੀਪ ਚੰਦ ਚੇਅਰਮੈਨ ਬਲਾਕ ਸੰਮਤੀ ਨਰੋਟ ਜੈਮਲ ਸਿੰਘ, ਬਲਜਿੰਦਰ ਬੰਟੀ ਪ੍ਰਧਾਨ ਕਿਸਾਨ ਵਿੰਗ ਸਮੇਤ ਆਮ ਆਦਮੀ ਪਾਰਟੀ ਦੇ ਅਹੁਦੇਦਾਰ ਅਤੇ ਵੱਡੀ ਗਿਣਤੀ ਵਿੱਚ ਸੰਗਤ ਹਾਜ਼ਰ ਸੀ।



## ਸੰਤ ਬਾਬਾ ਜੋਗਿੰਦਰ ਸਿੰਘ ਤੇ ਸੰਤ ਬਾਬਾ ਮੋਹਨ ਸਿੰਘ ਭੰਗਾਲੀ ਵਾਲਿਆਂ ਦੀ ਬਰਸੀ ਮਨਾਈ

ਜੈਂਤੀਪੁਰ (ਸੁਖਬੀਰ ਸਿੱਧੂ)- ਸਾਲਾਨਾ ਬਰਸੀ ਸੰਤ ਬਾਬਾ ਜੋਗਿੰਦਰ ਸਿੰਘ ਜੀ ਤੀਰ ਵਾਲੇ 29ਵੀਂ ਬਰਸੀ ਤੇ ਸੰਤ ਬਾਬਾ ਮੋਹਨ ਸਿੰਘ ਜੀ ਭੰਗਾਲੀ ਵਾਲੇ 12ਵੀਂ ਬਰਸੀ ਗੁਰਦੁਆਰਾ ਟਾਹਲੀ ਸਾਹਿਬ ਧੰਨ ਧੰਨ ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲਿਆਂ ਭੰਗਾਲੀ ਕਲਾ ਮਨਾਈ ਗਈ।ਇਹ ਬਰਸੀ ਬਾਬਾ ਮਨ ਮੋਹਨ ਸਿੰਘ ਤੇ ਬਾਬਾ ਲਖਬੀਰ ਸਿੰਘ ਭੰਗਾਲੀ ਵਾਲਿਆਂ ਤੇ ਪਿੰਡ ਦੀ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਮਨਾਈ ਗਈ। ਇਸ ਵਿੱਚ ਰਾਗੀ, ਢਾਡੀ, ਕਥਾ ਕਵੀਸ਼ਰ ਆਦਿ ਨੇ ਸੰਗਤਾਂ ਨੂੰ ਬਾਣੀ ਦੇ ਵਿਚਾਰ ਸੁਣਾ ਕੇ ਨਿਹਾਲ ਕੀਤਾ ਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ ਜੋੜਿਆ। ਦੂਰੋਂ ਨੇੜੇ ਆਈਆਂ ਸੰਗਤਾਂ ਲਈ ਲੰਗਰ ਅਟੁੱਟ ਵਰਤਾਇਆ ਗਿਆ। ਵੱਖ ਵੱਖ ਤਰ੍ਹਾਂ ਦੇ ਪਕਵਾਨ ਪਕਾਏ ਗਏ ਤੇ ਠੰਡੇ ਮਿੱਠੇ ਜਲ ਦੀਆਂ ਛਪੀਲਾਂ ਵੀ ਲਗਾਈਆਂ ਗਈਆਂ।



ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਾਬਾ ਮਨਮੋਹਨ ਸਿੰਘ ਨੇ ਦੱਸਿਆ ਕਿ ਇੱਥੇ ਹਰ ਸਾਲ ਬਰਸੀ ਮਨਾਈ ਜਾਂਦੀ ਹੈ। ਇਸ ਮੌਕੇ ਸਰਪੰਚ ਹਰਦੀਸ ਸਿੰਘ, ਡਾਕਟਰ ਜਗਮੋਹਨ ਸਿੰਘ ਕਾਕਾ, ਸਾਬਕਾ ਸਰਪੰਚ ਨਿਸ਼ਾਨ ਸਿੰਘ, ਹਰਸਰਨ ਸਿੰਘ, ਹਰਦੀਪ ਸਿੰਘ, ਪਰਮਜੀਤ ਸਿੰਘ, ਡਾਕਟਰ ਸਤਨਾਮ ਸਿੰਘ ਸਿਆਲਕਾ, ਡਾਕਟਰ ਬੱਬੀ ਮੈਡੀਕਲ ਸਟੋਰ ਭੰਗਾਲੀ, ਬਾਬਾ ਸੁਖਵੰਤ ਸਿੰਘ ਸਿਆਲਕਾ ਆਦਿ ਨੇ ਹਾਜ਼ਰੀ ਭਰੀ।


## ਸੀਮੈਂਟ ਨਾਲ ਲੱਦਿਆ ਟਰੱਕ ਡਿਵਾਈਡਰ 'ਤੇ ਚੜ੍ਹਿਆ



ਚਵਿੰਡਾ ਦੇਵੀ, (ਖੁਸ਼ਹਾਲ ਸੁੰਦਰ): ਅੰਮ੍ਰਿਤਸਰ-ਬਟਾਲਾ ਹਾਈਵੇ ਰੋਡ 'ਤੇ ਦੇਰ ਰਾਤ ਕਰੀਬ 1 ਵਜੇ ਗੋਪਾਲਪੁਰਾ ਸਥਿਤ ਗੋਪਾਲ ਮੰਦਰ ਨੇੜੇ ਇੱਕ ਵੱਡਾ ਸੜਕ ਹਾਦਸਾ ਵਾਪਰਿਆ।ਪ੍ਰਾਪਤ ਜਾਣਕਾਰੀ ਅਨੁਸਾਰ ਟਰੱਕ ਜੋ ਕਿ ਸੀਮੈਂਟ ਦੀਆਂ ਬੋਰੀਆਂ ਨਾਲ ਲੱਦਿਆ ਹੋਇਆ ਸੀ, ਬੇਕਾਬੂ ਹੋ ਕੇ ਡਿਵਾਈਡਰ 'ਤੇ ਜਾ ਚੜ੍ਹਿਆ ਅਤੇ ਪਲਟ ਗਿਆ।ਹਾਦਸੇ ਦੌਰਾਨ ਟਰੱਕ 'ਤੇ ਲੱਦੀਆਂ ਸੀਮੈਂਟ ਦੀਆਂ ਬੋਰੀਆਂ ਸੜਕ 'ਤੇ ਖਿੱਲਰ ਗਈਆਂ।ਟਰੱਕ ਡਰਾਈਵਰ ਨੂੰ ਗੰਭੀਰ ਸੱਟਾਂ ਲੱਗਣ ਦੀ ਜਾਣਕਾਰੀ ਹੈ, ਜਿਸ ਨੂੰ ਤੁਰੰਤ ਨੇੜਲੇ ਹਸਪਤਾਲ ਵਿੱਚ ਇਲਾਜ ਲਈ ਦਾਖ਼ਲ ਕਰਵਾਇਆ ਗਿਆ।ਮੁੱਢਲੀ ਜਾਣਕਾਰੀ ਅਨੁਸਾਰ ਲੱਗਦੈ ਡਰਾਈਵਰ ਨੂੰ ਅਚਾਨਕ ਨੀਂਦ ਆਉਣ ਕਾਰਨ ਟਰੱਕ ਦਾ ਸੰਤੁਲਨ ਵਿਗੜ ਗਿਆ, ਜਿਸ ਕਾਰਨ ਇਹ ਹਾਦਸਾ ਵਾਪਰਿਆ ਪਰ ਹਾਦਸੇ ਦੇ ਅਸਲ ਕਾਰਨਾਂ ਦੀ ਪੁਸ਼ਟੀ ਜਾਂਚ ਤੋਂ ਬਾਅਦ ਹੀ ਹੋ ਸਕੇਗੀ।

## ਦਸਮੇਸ਼ ਕਾਲਜ ਫ਼ਾਰ ਵਿਮਨ ਦੀਆਂ ਤਿੰਨ ਵਿਦਿਆਰਥਣਾਂ ਯੂਨੀਵਰਸਿਟੀ ਮੈਰਿਟ ਹੋਲਡਰ ਬਣੀਆਂ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)- ਇਲਾਕੇ ਦੀ ਨਾਮਵਰ ਸੰਸਥਾ ਦਸਮੇਸ਼ ਕਾਲਜ ਫ਼ਾਰ ਵਿਮਨ, ਮਹਿਤਾ ਚੌਕ ਦੀਆਂ ਵਿਦਿਆਰਥਣਾਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਬੀ. ਏ. ਭਾਗ ਪਹਿਲਾ ਦੇ ਐਲਾਨੇ ਗਏ ਨਤੀਜਿਆਂ ਵਿੱਚੋਂ ਮੈਰਿਟ ਸੂਚੀ ਵਿੱਚ ਆਪਣੇ ਨਾਮ ਦਰਜ ਕਰਵਾਇਆ ।ਕਾਲਜ ਦੀ ਹੋਣਹਾਰ ਵਿਦਿਆਰਥਣ ਨਵਦੀਪ ਕੌਰ ਨੇ 8.09 ਸੀ ਜੀ ਪੀ ਏ ਪ੍ਰਾਪਤ ਕਰਕੇ ਯੂਨੀਵਰਸਿਟੀ ਵਿੱਚ 30ਵਾਂ ਸਥਾਨ, ਅਰਸ਼ਦੀਪ ਕੌਰ ਨੇ 7.81 ਸੀ ਜੀ ਪੀ ਏ ਪ੍ਰਾਪਤ ਕਰਕੇ 95ਵਾਂ ਸਥਾਨ ਅਤੇ ਕੋਮਲਪ੍ਰੀਤ ਕੌਰ 7.77 ਸੀ ਜੀ ਪੀ ਏ ਪ੍ਰਾਪਤ ਕਰਕੇ 110ਵਾਂ ਸਥਾਨ ਹਾਸਲ ਕੀਤਾ।ਸੰਸਥਾ ਦੇ ਚੇਅਰਮੈਨ ਗੁਰਦੀਪ ਸਿੰਘ ਰੰਧਾਵਾ ਨੇ ਵਿਦਿਆਰਥਣਾਂ ਨੂੰ ਵਧਾਈ ਦਿੰਦਿਆਂ ਹੋਇਆਂ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਮਿਹਨਤ ਕਰਨ ਦੀ ਪ੍ਰੇਰਨਾ ਦਿੱਤੀ।ਇਸ ਸਫ਼ਲਤਾ ਦਾ ਸਿਹਰਾ ਵਿਦਿਆਰਥਣਾਂ ਨੇ ਆਪਣੇ ਅਧਿਆਪਕਾਂ ਅਤੇ ਮਾਪਿਆਂ ਨੂੰ ਦਿੱਤਾ।ਵਿਦਿਆਰਥਣਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਮਿਹਨਤ ਕਰਨਗੀਆਂ ਅਤੇ ਉਚੇ ਮੁਕਾਮ ਹਾਸਿਲ ਕਰਨਗੀਆਂ।ਇਸ ਮੌਕੇ ਮੈਡਮ ਗੁਰਬੀਰ ਕੌਰ, ਮੈਡਮ ਹਰਪ੍ਰੀਤ ਕੌਰ, ਮੈਡਮ ਰਵਿੰਦਰ ਕੌਰ, ਮੈਡਮ ਸਰਬਜੀਤ ਕੌਰ, ਸਮੂਹ ਸਟਾਫ਼ ਅਤੇ ਵਿਦਿਆਰਥੀ ਹਾਜ਼ਰ ਸਨ।



## ਗੁ. ਸ਼ਹੀਦ ਬੀਬੀ ਸੁੰਦਰ ਕੌਰ ਨੂੰ ਜਾਂਦੀ ਸੰਪਰਕ ਸੜਕ ਦੀ ਹਾਲਤ ਬੇਹੱਦ ਖਸਤਾ, ਸ਼ਰਧਾਲੂ ਪ੍ਰੇਸ਼ਾਨ

ਗੁਰਦਾਸਪੁਰ, (ਜਨਕ ਮਹਾਜਨ)- ਗੁਰਦਾਸਪੁਰ-ਮੁਕੇਰੀਆਂ ਮੁੱਖ ਸੜਕ ਤੋਂ ਜਾਂਦੀ ਪ੍ਰਸਿੱਧ ਗੁਰਦੁਆਰਾ ਸ਼ਹੀਦ ਬੀਬੀ ਸੁੰਦਰ ਕੌਰ ਨੂੰ ਜਾਣ ਵਾਲੀ ਸੰਪਰਕ ਸੜਕ ਇਕ ਦਹਾਕੇ ਤੋਂ ਬੁਰੀ ਤਰ੍ਹਾਂ ਨਾਲ ਟੁੱਟੀ ਪਈ ਹੈ ਅਤੇ ਇਸ ਵਿੱਚ ਵੱਡੇ ਵੱਡੇ ਟੋਏ ਪੈਣ ਕਾਰਨ ਗੁਰਦੁਆਰਾ ਸਾਹਿਬ ਨੂੰ ਜਾਣ ਵਾਲੇ ਸ਼ਰਧਾਲੂਆਂ ਨੂੰ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਸਬੰਧੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂਆਂ ਤੇ ਇਲਾਕੇ ਦੇ ਮੋਹਤਬਰ ਵਿਅਕਤੀਆਂ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਨੂੰ ਜਾਣ ਵਾਲੀ ਸੜਕ ਗੁਰਦਾਸਪੁਰ ਦੇ ਵਿਧਾਇਕ ਬਰਿੰਦਰਮੀਤ ਸਿੰਘ ਪਾਹੜਾ ਦੇ ਯਤਨਾਂ ਸਦਕਾ ਤੇ ਜ਼ਮੀਨ ਮਾਲਕਾਂ ਨੇ ਆਪਣੇ ਪੱਧਰ ਤੇ ਜ਼ਮੀਨ ਛੱਡ ਕੇ ਬਣਵਾਈ ਸੀ ਪਰ ਇਸ ਸੜਕ ਦੀ ਇੱਕ ਸਾਲ ਤੋਂ ਕਿਸੇ ਨੇ ਵੀ ਸਾਰ ਨਹੀਂ ਲਈ ਜਿਸ ਕਰਕੇ ਇਲਾਕੇ ਦੇ ਲੋਕਾਂ ਤੇ ਸ਼ਰਧਾਲੂਆਂ ਦਾ ਸੰਬੰਧਿਤ ਮਹਿਕਮੇ ਖਿਲਾਫ ਭਾਰੀ ਰੋਸ ਪਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸੜਕ ਦੀ ਮੁਰੰਮਤ ਕਰਵਾਉਣ ਵਾਸਤੇ ਕਈ ਸਿਆਸੀ ਤੇ ਗੈਰ ਸਿਆਸੀ ਆਗੂਆਂ ਅੱਗੇ ਗੁਹਾਰ ਵੀ ਲਗਾਈ ਹੈ ਅਤੇ ਉਹ ਵੀ ਪੱਲਾ ਨਹੀਂ ਫੜ ਰਹੇ। ਉਨ੍ਹਾਂ ਦੱਸਿਆ ਕਿ ਐਤਵਾਰ ਹਜ਼ਾਰਾਂ ਦੀ ਤਾਦਾਦ ਵਿੱਚ ਸੰਗਤਾਂ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੁੰਦੀਆਂ ਹਨ ਜਿਨ੍ਹਾਂ ਨੂੰ ਗੁਰਦੁਆਰਾ ਸਾਹਿਬ ਆਉਣ-ਜਾਣ ਸਮੇਂ ਇਸ ਟੁੱਟੀ ਸੜਕ ਵਿਚੋਂ ਹੋ ਕੇ ਗੁਜ਼ਰਨਾ ਪੈਂਦਾ ਹੈ। ਉਨ੍ਹਾਂ ਨੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਪਾਸੋਂ ਬੰਦ ਕੀਤੀ ਕਿ ਬੀਬੀ ਸੁੰਦਰ ਕੌਰ ਤੇ ਨਵਾਂ ਪਿੰਡ ਬਹਾਦਰ ਦੇ ਮੋੜ 'ਤੇ ਅਧੂਰੀ ਸੜਕ ਨੂੰ ਬਣਾਉਣ ਵਾਸਤੇ ਮਹਿਕਮੇ ਨੂੰ ਹੁਕਮ ਜਾਰੀ ਕੀਤੇ ਜਾਣ ਜਿਸ ਨਾਲ ਸ਼ਰਧਾਲੂਆਂ ਤੇ ਰਾਹਗੀਰਾਂ ਨੂੰ ਆ ਰਹੀ ਮੁਸ਼ਕਿਲ ਤੋਂ ਰਾਹਤ ਮਿਲ ਸਕੇ।



## 2027 ਦੀਆਂ ਚੋਣਾਂ ਲਈ ਪਾਰਟੀ ਆਗੂ ਤੇ ਵਰਕਰ ਇਕਜੁੱਟ ਹੋ ਕੇ ਕੰਮ ਕਰਨ : ਡਾ. ਦਹੀਆ

ਨਕੋਦਰ (ਬਲਵਿੰਦਰ ਸਿੰਘ ਧਾਲੀਵਾਲ)- ਨਕੋਦਰ ਹਲਕੇ ਵਿੱਚ ਕਾਂਗਰਸ ਪਾਰਟੀ ਦੀਆਂ ਸਰਗਰਮੀਆਂ ਨੂੰ ਹੋਰ ਤੇਜ਼ ਕਰਨ ਅਤੇ ਸੰਗਠਨ ਨੂੰ ਮਜ਼ਬੂਤ ਕਰਨ ਲਈ ਪਾਰਟੀ ਵੱਲੋਂ ਆਗੂਆਂ ਤੇ ਵਰਕਰਾਂ ਨਾਲ ਸੰਪਰਕ ਵਧਾਇਆ ਜਾ ਰਿਹਾ ਹੈ। ਇਸੇ ਸਬੰਧੀ ਜਲੰਧਰ ਕਾਂਗਰਸ ਭਵਨ ਵਿਖੇ ਜ਼ਿਲ੍ਹੇ ਦੇ ਸਾਰੇ 9 ਵਿਧਾਨ ਸਭਾ ਹਲਕਿਆਂ ਦੇ ਕਾਂਗਰਸੀ ਆਗੂਆਂ ਤੇ ਵਰਕਰਾਂ ਦੀ ਮੀਟਿੰਗ ਹੋਈ।ਮੀਟਿੰਗ ਵਿੱਚ ਨਕੋਦਰ ਹਲਕਾ ਇੰਚਾਰਜ ਡਾ. ਨਵਜੋਤ ਸਿੰਘ ਦਹੀਆ ਸਮੇਤ ਜ਼ਿਲ੍ਹੇ ਦੇ ਕਾਂਗਰਸੀ ਆਗੂ ਤੇ ਵਰਕਰ ਹਾਜ਼ਰ ਹੋਏ। ਮੀਟਿੰਗ ਪਾਰਟੀ ਦੇ 'ਲੀਡਰਸ਼ਿਪ ਡਿਵੈਲਪਮੈਂਟ ਮਿਸ਼ਨ' ਤਹਿਤ ਕਰਵਾਈ ਗਈ।

ਇਸ ਮੌਕੇ ਡਾ. ਦਹੀਆ ਨੇ ਕਿਹਾ ਕਿ ਪਾਰਟੀ ਨੂੰ ਹੇਠਲੇ ਪੱਧਰ ਤੱਕ ਹੋਰ ਮਜ਼ਬੂਤ ਕਰਨ ਲਈ ਵਰਕਰਾਂ ਨਾਲ ਲਗਾਤਾਰ ਰਾਬਤਾ ਕਾਇਮ ਕਰਨਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਪਾਰਟੀ ਆਗੂਆਂ ਅਤੇ ਵਰਕਰਾਂ ਨੂੰ ਆਪਸੀ ਤਾਲਮੇਲ ਨਾਲ ਲੋਕਾਂ ਦੇ ਮੁੱਦੇ ਉਠਾਉਣੇ ਚਾਹੀਦੇ ਹਨ ਅਤੇ ਪਿੰਡ-ਪਿੰਡ ਜਾ ਕੇ ਲੋਕਾਂ ਨਾਲ ਸੰਪਰਕ ਵਧਾਉਣਾ ਚਾਹੀਦਾ ਹੈ।ਮੀਟਿੰਗ ਵਿੱਚ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਪਾਰਟੀ ਸੰਗਠਨ ਨੂੰ ਮਜ਼ਬੂਤ ਕਰਨ, ਵਰਕਰਾਂ ਦੀਆਂ ਸਮੱਸਿਆਵਾਂ ਸੁਣਨ ਅਤੇ ਜ਼ਮੀਨੀ ਪੱਧਰ 'ਤੇ ਪਾਰਟੀ ਦੀਆਂ ਸਰਗਰਮੀਆਂ ਵਧਾਉਣ ਸਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ।ਇਸ ਮੌਕੇ ਕਾਂਗਰਸ ਦੇ ਹੋਰ ਆਗੂ ਤੇ ਵਰਕਰ ਹਾਜ਼ਰ ਸਨ।

## ਅਖ਼ਤਿਆਰੀ ਫੰਡ 'ਚੋਂ ਸਕਿੱਲ ਸੈਂਟਰ ਬਣਾਉਣ ਲਈ 51 ਲੱਖ ਰੁਪਏ ਦੇਣ ਦਾ ਐਲਾਨ

ਮਜੀਠਾ (ਸੋਇਮ ਆਨੰਦ)- ਭਾਰਤੀ ਜਨਤਾ ਪਾਰਟੀ ਵੱਲੋ ਨਸ਼ਾ ਮੁਕਤ ਪੰਜਾਬ ਯਾਤਰਾ ਤਹਿਤ ਮਜੀਠਾ ਵਿਖੇ ਹਲਕਾ ਇੰਚਾਰਜ ਪ੍ਰਦੀਪ ਭੁੱਲਰ ਦੀ ਅਗਵਾਈ ਵਿੱਚ ਪ੍ਰਭਾਵਸ਼ਾਲੀ ਰੈਲੀ ਕੀਤੀ ਗਈ।ਰੈਲੀ ਸੰਬੋਧਨ ਕਰਦਿਆਂ ਮੈਂਬਰ ਰਾਜ ਸਭਾ ਪਦਮਸ਼੍ਰੀ ਵਿਕਰਮਜੀਤ ਸਿੰਘ ਸਾਹਨੀ ਨੇ ਕਿਹਾ ਕਿ ਪੰਜਾਬ ਦੀ ਲੜਾਈ ਸਿਰਫ ਨਸ਼ਿਆਂ ਵਿਰੁੱਧ ਨਹੀ ਸਗੋ ਬੇਰੁਜ਼ਗਾਰੀ, ਨਿਰਾਸ਼ਾ ਅਤੇ ਆਰਥਿਕ ਬਦਹਾਲੀ ਵਿਰੁੱਧ ਵੀ ਹੈ।ਸਾਹਨੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋ ਨਸ਼ਿਆਂ ਵਿਰੁੱਧ ਵਾਰ ਵਾਰ ਐਲਾਨ ਕੀਤੇ ਗਏ ਹਨ ਪਰ ਜ਼ਮੀਨੀ ਪੱਧਰ ਤੇ ਨੌਜਵਾਨਾਂ ਨੂੰ ਹੁਨਰ, ਰੁਜ਼ਗਾਰ ਅਤੇ ਖੇਡਾਂ ਨਾਲ ਜੋੜਨ ਵੱਲ ਲੋੜੀਦਾ ਧਿਆਨ ਨਹੀ ਦਿੱਤਾ ਗਿਆ।



ਸੰਸਦੀ ਸਟੈਂਡਿੰਗ ਕਮੇਟੀ ਦੀ ਰਿਪੋਰਟ ਦਾ ਹਵਾਲਾ ਦਿੰਦੇ ਹੋਏ ਸਾਹਨੀ ਨੇ ਕਿਹਾ ਕਿ ਨਸ਼ਿਆਂ ਦੀ ਸਮੱਸਿਆ ਨੇ ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਗੰਭੀਰ ਤੌਰ ਤੇ ਪ੍ਰਭਾਵਿਤ ਕੀਤਾ ਹੈ।

ਉਨ੍ਹਾਂ ਕਿਹਾ ਕਿ ਨੌਜਵਾਨ ਦੇ ਹੱਥ ਵਿਚ ਹੁਨਰ ਅਤੇ ਰੁਜ਼ਗਾਰ ਹੋਵੇ ਤਾਂ ਉਸ ਦਾ ਹੱਥ ਨਸ਼ੇ ਵੱਲ ਨਹੀ ਜਾਵੇਗਾ।ਪੰਜਾਬੀਆਂ ਨੇ ਆਪਣੀ ਮਿਹਨਤ ਅਤੇ ਹਿੰਮਤ ਨਾਲ ਦੁਨੀਆਂ ਭਰ ਵਿਚ ਨਾਮ ਬਣਾਇਆ ਹੈ, ਪੰਜਾਬ ਨੂੰ ਮੁਫਤਖੋਰੀ ਦੀ ਬਜਾਏ ਹੁਨਰ, ਰੁਜ਼ਗਾਰ, ਉਦਯੋਗ ਅਤੇ ਆਤਮ ਨਿਰਭਰ ਵੱਲ ਲਿਜਾਣ ਦੀ ਲੋੜ ਹੈ।ਇਸ ਮੌਕੇ ਉਨ੍ਹਾਂ ਨੇ ਮਜੀਠਾ 'ਚ ਸਕਿੱਲ ਡਿਵੈੱਲਪਮੈਂਟ ਲਈ ਆਪਣੇ ਅਖ਼ਤਿਆਰੀ ਕੋਟੇ ਵਿੱਚੋਂ 51 ਲੱਖ ਰੁਪਏ ਦੇਣ ਦਾ ਵੀ ਐਲਾਨ ਕੀਤਾ ।ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਤਕਨੀਕੀ ਅਤੇ ਕਿੱਤਾ-ਮੁਖੀ ਹੁਨਰ ਦੇ ਕੇ ਰੁਜ਼ਗਾਰ ਨਾਲ ਜੋੜਿਆ ਜਾਵੇਗਾ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਕੰਵਰਬੀਰ ਸਿੰਘ ਮੰਜ਼ਿਲ, ਰਣਜੀਤ ਸਿੰਘ ਖੋਜੇਵਾਲ, ਪ੍ਰਿੰਸੀਪਲ ਜਸਵਿੰਦਰ ਸਿੰਘ ਢਿੱਲੋਂ, ਪ੍ਰੋ: ਸਰਚਾਂਦ ਸਿੰਘ ਖਿਆਲਾ, ਗੁਰਮੁੱਖ ਸਿੰਘ ਕਾਦਰਾਬਾਦ, ਜੋਗਾ ਸਿੰਘ ਮੱਤੇਵਾਲ, ਲਵਲ ਕੁਮਾਰ, ਕੰਵਰਸ਼ੇਰ ਸਿੰਘ ਗਿੱਲ, ਰਾਕੇਸ਼ ਕੁਮਾਰ ਪੱਪਾ ਮਜੀਠਾ, ਗੁਰਵੇਲ ਸਿੰਘ ਸਰਪੰਚ, ਮੰਗਲ ਸਿੰਘ ਸਰਪੰਚ, ਦਵਿੰਦਰ ਸਿੰਘ ਮਹਾਲਾ, ਸੁਖਦੇਵ ਸਿੰਘ ਚਵਿੰਡਾ ਦੇਵੀ, ਅਮਰੀਕ ਸਿੰਘ, ਕੈਪਟਨ ਸੁਰਜੀਤ ਸਿੰਘ, ਬਲਕਾਰ ਸਿੰਘ ਮੈਜ਼ਬਰ, ਸਮੇਤ ਵੱਡੀ ਗਿਣਤੀ ਵਿਚ ਭਾਜਪਾ ਵਰਕਰ ਹਾਜ਼ਰ ਸਨ।

## ਹਿਊਮਨ ਰਾਈਟਸ ਕਮਿਸ਼ਨ ਪੰਜਾਬ ਦੀ ਟੀਮ ਵੱਲੋਂ ਧਾਰੀਵਾਲ ਥਾਣੇ ਦਾ ਵਿਸ਼ੇਸ਼ ਦੌਰਾ

ਧਾਰੀਵਾਲ, (ਮਨਦੀਪ ਵਿੱਕੀ)- ਪੰਜਾਬ ਮਨੁੱਖੀ ਅਧਿਕਾਰ ਕਮਿਸ਼ਨ (ਹਿਊਮਨ ਰਾਈਟਸ ਕਮਿਸ਼ਨ) ਦੀ ਮੈਂਬਰ ਰੁਪਿੰਦਰ ਕੌਰ ਦੀ ਅਗਵਾਈ ਹੇਠ ਵਿਸ਼ੇਸ਼ ਟੀਮ ਵੱਲੋਂ ਪੁਲਸ ਥਾਣਾ ਧਾਰੀਵਾਲ ਦਾ ਦੌਰਾ ਕੀਤਾ ਗਿਆ।ਇਸ ਦੌਰੇ ਦੌਰਾਨ ਟੀਮ ਨੇ ਥਾਣੇ ਦੇ ਅੰਦਰੂਨੀ ਪ੍ਰਬੰਧਾਂ, ਸਾਫ਼-ਸਫ਼ਾਈ ਅਤੇ ਆਮ ਲੋਕਾਂ ਨੂੰ ਮਿਲਣ ਵਾਲੀਆਂ ਸਹੂਲਤਾਂ ਦਾ ਗੰਭੀਰਤਾ ਨਾਲ ਜਾਇਜ਼ਾ ਲਿਆ। ਚੈਕਿੰਗ ਦੌਰਾਨ ਟੀਮ ਨੇ ਥਾਣਾ ਪਰਿਸਰ, ਮੁੱਖ ਦਫ਼ਤਰ ਅਤੇ ਹਵਾਲਾਤ ਦਾ ਨਿਰੀਖਣ ਕੀਤਾ।ਮੈਡਮ ਰੁਪਿੰਦਰ ਕੌਰ ਨੇ ਥਾਣੇ ਵਿੱਚ ਆਪਣੀਆਂ ਸਮੱਸਿਆਵਾਂ ਲੈ ਕੇ ਆਉਣ ਵਾਲੇ ਆਮ ਨਾਗਰਿਕਾਂ ਲਈ ਬੈਠਣ, ਪੀਣ ਵਾਲੇ ਸਾਫ਼ ਪਾਣੀ ਅਤੇ ਹੋਰ ਬੁਨਿਆਦੀ ਸਹੂਲਤਾਂ ਦੀ ਮੌਜੂਦਾ ਸਥਿਤੀ ਨੂੰ ਦੇਖਿਆ।ਇਸ ਦੇ ਨਾਲ ਹੀ ਹਵਾਲਾਤ ਵਿੱਚ ਬੰਦ ਵਿਅਕਤੀਆਂ ਦੇ ਮਾਨਵ ਅਧਿਕਾਰਾਂ ਦੀ ਰੱਖਿਆ ਅਤੇ ਉਨ੍ਹਾਂ ਨਾਲ ਕੀਤੇ ਜਾਣ ਵਾਲੇ ਵਰਤਾਅ ਸਬੰਧੀ ਵੀ ਜਾਣਕਾਰੀ ਹਾਸਲ ਕੀਤੀ।ਇਸ ਮੌਕੇ ਥਾਣਾ ਧਾਰੀਵਾਲ ਦੇ ਪੁਲਸ ਅਧਿਕਾਰੀਆਂ ਨੇ ਟੀਮ ਨੂੰ ਵਿਸ਼ਵਾਸ ਦਿਵਾਇਆ ਕਿ ਕਮਿਸ਼ਨ ਵੱਲੋਂ ਦਿੱਤੀਆਂ ਗਈਆਂ ਹਦਾਇਤਾਂ ਦੀ ਪੂਰੀ ਤਰ੍ਹਾਂ ਪਾਲਣਾ ਕੀਤੀ ਜਾਵੇਗੀ ਅਤੇ ਆਮ ਜਨਤਾ ਦੀ ਸੁਵਿਧਾ ਦਾ ਪੂਰਾ ਧਿਆਨ ਰੱਖਿਆ ਜਾਵੇਗਾ।



## ਇੱਕੋ ਰਾਤ ਦੋ ਮੈਡੀਕਲ ਸਟੋਰਾਂ 'ਚ ਚੋਰੀ; ਚੋਰ ਨਗਦੀ ਤੇ ਸਾਮਾਨ ਲੈ ਕੇ ਫਰਾਰ

ਧਾਰੀਵਾਲ, (ਮਨਦੀਪ ਵਿੱਕੀ)- ਧਾਰੀਵਾਲ ਸ਼ਹਿਰ ਵਿੱਚ ਦਿਨੋਂ-ਦਿਨ ਵੱਧ ਰਹੀਆਂ ਚੋਰੀ ਦੀਆਂ ਘਟਨਾਵਾਂ ਨੇ ਸਥਾਨਕ ਦੁਕਾਨਦਾਰਾਂ ਅਤੇ ਨਿਵਾਸੀਆਂ ਵਿੱਚ ਖੌਫ਼ ਦਾ ਮਾਹੌਲ ਪੈਦਾ ਕਰ ਦਿੱਤਾ ਹੈ।ਤਾਜ਼ਾ ਮਾਮਲਾ ਮਿਸ਼ਨ ਹਸਪਤਾਲ ਦੇ ਨਜ਼ਦੀਕ ਰੇਲਵੇ ਫਾਟਕ ਕੋਲੋਂ ਸਾਹਮਣੇ ਆਇਆ ਹੈ, ਜਿੱਥੇ ਚੋਰਾਂ ਨੇ ਇੱਕੋ ਰਾਤ ਵਿੱਚ ਦੋ ਮੈਡੀਕਲ ਸਟੋਰਾਂ ਨੂੰ ਆਪਣਾ ਨਿਸ਼ਾਨਾ ਬਣਾਇਆ। ਘਟਨਾ ਸਬੰਧੀ ਜਾਣਕਾਰੀ ਦਿੰਦਿਆਂ ਅਸ਼ੋਕਾ ਮੈਡੀਕਲ ਸਟੋਰ ਦੇ ਮਾਲਕ ਤਨੁਜ ਕੁਮਾਰ ਉਬਰਾਏ ਨੇ ਦੱਸਿਆ ਕਿ ਉਨ੍ਹਾਂ ਦੀ ਪਤਨੀ ਦੀ ਤਬੀਅਤ ਖਰਾਬ ਹੋਣ ਕਾਰਨ ਉਹ ਹਸਪਤਾਲ ਦਾਖਲ ਸਨ, ਜਿਸ ਕਰਕੇ ਪਿਛਲੇ 8-10 ਦਿਨਾਂ ਤੋਂ ਦੁਕਾਨ ਬੰਦ ਸੀ। ਬੀਤੀ ਰਾਤ ਅਣਪਛਾਤੇ ਚੋਰਾਂ ਨੇ ਸ਼ਟਰ ਦੇ ਤਾਲੇ ਤੋੜ ਕੇ ਦੁਕਾਨ ਅੰਦਰੋਂ ਕੁਝ ਮਹਿੰਗੀਆਂ ਦਵਾਈਆਂ ਅਤੇ ਨਗਦੀ ਚੋਰੀ ਕਰ ਲਈ।ਦੂਜੇ ਪਾਸੇਆਦਰਸ਼ ਮੈਡੀਕਲ ਸਟੋਰ ਦੇ ਮਾਲਕ ਰਾਜੇਸ਼ ਕੁਮਾਰ ਨੇ ਦੱਸਿਆ ਕਿ ਉਹ ਰੋਜ਼ਾਨਾ ਵਾਂਗ ਆਪਣੀ ਦੁਕਾਨ ਬੰਦ ਕਰਕੇ ਘਰ ਗਏ ਸਨ।ਸਵੇਰੇ ਕਿਸੇ ਰਾਹਗੀਰ ਨੇ ਫੋਨ ਤੇ ਸੂਚਨਾ ਦਿੱਤੀ ਕਿ ਦੁਕਾਨ ਦੇ ਤਾਲੇ ਅਤੇ ਸ਼ਟਰ ਟੁੱਟੇ ਹੋਏ ਹਨ।ਜਦੋਂ ਉਨ੍ਹਾਂ ਮੌਕੇ 'ਤੇ ਪਹੁੰਚ ਕੇ ਦੇਖਿਆ ਤਾਂ ਗੱਲੇ ਵਿੱਚ ਰੱਖੀ ਨਗਦੀ ਗਾਇਬ ਸੀ।ਚੋਰੀ ਦੀ ਇਸ ਵਾਰਦਾਤ ਨੂੰ ਅੰਜਾਮ ਦਿੰਦੇ ਹੋਏ ਚਾਲਾਕ ਚੋਰ ਪਛਾਣ ਛੁਪਾਉਣ ਦੇ ਮਕਸਦ ਨਾਲ ਦੋਵਾਂ ਦੁਕਾਨਾਂ ਦੇ ਸੀਸੀਟੀਵੀ ਕੈਮਰਿਆਂ ਦੇ ਡੀਵੀਆਰ ਵੀ ਆਪਣੇ ਨਾਲ ਖੋਲ੍ਹ ਕੇ ਲੈ ਗਏ।ਹਾਲਾਂਕਿ, ਆਸ-ਪਾਸ ਲੱਗੇ ਹੋਰ ਕੈਮਰਿਆਂ ਵਿੱਚ ਚੋਰਾਂ ਦੀ ਸੀਸੀਟੀਵੀ ਫੁਟੇਜ ਸਾਹਮਣੇ ਆਈ ਹੈ।ਦੁਕਾਨਦਾਰਾਂ ਵੱਲੋਂ ਘਟਨਾ ਸਬੰਧੀ ਸਥਾਨਕ ਪੁਲਿਸ ਥਾਣੇ ਵਿੱਚ ਲਿਖਤੀ ਸ਼ਿਕਾਇਤ ਦਰਜ ਕਰਵਾ ਦਿੱਤੀ ਗਈ ਹੈ। ਪੀੜਤ ਦੁਕਾਨਦਾਰਾਂ ਅਤੇ ਸ਼ਹਿਰ ਵਾਸੀਆਂ ਨੇ ਪੁਲੀਸ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਚੋਰਾਂ ਨੂੰ ਜਲਦ ਤੋਂ ਜਲਦ ਗ੍ਰਿਫ਼ਤਾਰ ਕਰਕੇ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ ਅਤੇ ਇਲਾਕੇ ਵਿੱਚ ਰਾਤ ਦੀ ਗਸ਼ਤ ਵਧਾਈ ਜਾਵੇ।



## ਮੀਰੀ-ਪੀਰੀ ਮਾਰਚ ਦਾ ਮਜੀਠਾ ਹਲਕੇ 'ਚ ਸੰਗਤਾਂ ਵੱਲੋਂ ਥਾਂ-ਥਾਂ ਭਰਵਾਂ ਸਵਾਗਤ

ਮਜੀਠਾ (ਸੋਇਮ ਆਨੰਦ)- ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਮੀਰੀ-ਪੀਰੀ ਦਿਵਸ ਨੂੰ ਸਮਰਪਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਰੰਭ ਕੀਤੇ ਗਏ ਮੀਰੀ-ਪੀਰੀ ਮਾਰਚ ਦਾ ਹਲਕਾ ਮਜੀਠਾ ਵਿਖੇ ਪਹੁੰਚਣ 'ਤੇ ਸੰਗਤਾਂ ਵੱਲੋਂ ਪੂਰੀ ਸ਼ਰਧਾ, ਉਤਸ਼ਾਹ ਅਤੇ ਸਤਿਕਾਰ ਨਾਲ ਸਵਾਗਤ ਕੀਤਾ ਗਿਆ।ਬਾਬਾ ਬੁੱਢਾ ਸਾਹਿਬ ਤੋਂ ਆਰੰਭ ਹੋਇਆ ਇਹ ਮਾਰਚ ਕਲੇਰ ਮਾਂਗਟ, ਡੱਡੀਆਂ, ਈਦਗਾਹ, ਮਜੀਠਾ ਅਤੇ ਸੋਹੀਆਂ ਕਲਾਂ ਆਦਿ ਪਿੰਡਾਂ ਵਿੱਚੋਂ ਹੁੰਦਾ ਹੋਇਆ ਅਗਲੇ ਪੜਾਅ ਗੁਰੂ ਕੇ ਬਾਗ ਲਈ ਰਵਾਨਾ ਹੋਇਆ।

ਪੰਜ ਪਿਆਰਿਆਂ ਦੀ ਅਗਵਾਈ ਹੇਠ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ-ਛਾਇਆ ਵਿੱਚ ਮਾਰਚ ਦੇ ਵੱਖ-ਵੱਖ ਪੜਾਵਾਂ 'ਤੇ ਸੰਗਤਾਂ ਨੇ ਜੈਕਾਰਿਆਂ ਦੀ ਗੂੰਜ ਨਾਲ ਸਵਾਗਤ ਕੀਤਾ।ਸੰਗਤਾਂ ਵੱਲੋਂ ਮਾਰਚ ਵਿੱਚ ਸ਼ਾਮਲ ਗੁਰੂ ਸਾਹਿਬ ਦੇ ਸਰੂਪ 'ਤੇ ਫੁੱਲਾਂ ਦੀ ਵਰਖਾ ਵੀ ਕੀਤੀ ਗਈ।ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।ਵੱਖ-ਵੱਖ ਪੜਾਵਾਂ 'ਤੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸਿੱਖ ਧਰਮ ਦੇ ਇਤਿਹਾਸ ਵਿੱਚ ਮੀਰੀ ਅਤੇ ਪੀਰੀ ਦੀ ਵਿਚਾਰਧਾਰਾ ਦਾ ਵਿਸ਼ੇਸ਼ ਮਹੱਤਵ ਹੈ। ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਵੱਲੋਂ ਦਰਸਾਇਆ ਗਿਆ ਇਹ ਸਿਧਾਂਤ ਸਿੱਖ ਨੂੰ ਅਧਿਆਤਮਿਕ ਜੀਵਨ ਦੇ ਨਾਲ-ਨਾਲ ਸਮਾਜਿਕ ਜ਼ਿੰਮੇਵਾਰੀਆਂ ਪ੍ਰਤੀ ਸੁਚੇਤ ਰਹਿਣ ਦਾ ਮਾਰਗ ਦਿਖਾਉਂਦਾ ਹੈ। ਉਨ੍ਹਾਂ ਨੇ ਸੰਗਤਾਂ ਨੂੰ ਗੁਰੂ ਸਾਹਿਬ ਦੇ ਦਰਸਾਏ ਮਾਰਗ 'ਤੇ ਚੱਲਣ ਅਤੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਗੁਰਸਿੱਖੀ ਜੀਵਨ ਬਤੀਤ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਿੰਘ ਸਾਹਿਬ ਵੱਲੋਂ ਸਾਬਤ-ਸੂਰਤ ਬੱਚਿਆਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।



ਉਨ੍ਹਾਂ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਆਪਣੇ ਸਿੱਖੀ ਸਰੂਪ, ਵਿਰਸੇ ਅਤੇ ਗੁਰਬਾਣੀ ਨਾਲ ਜੋੜਨਾ ਸਮੇਂ ਦੀ ਅਹਿਮ ਲੋੜ ਹੈ।ਮਾਰਚ ਦੇ ਸਵਾਗਤ ਮੌਕੇ ਵੱਖ-ਵੱਖ ਸਥਾਨਾਂ 'ਤੇ ਗਗਨਦੀਪ ਸਿੰਘ ਭਕਨਾ, ਐਡਵੋਕੇਟ ਰਕੇਸ਼ ਪਰਾਸ਼ਰ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਕਾਂਗਰਸ ਦੇ ਸ਼ਹਿਰੀ ਪ੍ਰਧਾਨ ਨਵਦੀਪ ਸਿੰਘ ਸੋਨਾ, ਐਡਵੋਕੇਟ ਤੇਗਬੀਰ ਸਿੰਘ ਸਿਆਲਕਾ, ਭਗਵੰਤ ਸਿੰਘ ਧੰਗੇੜਾ, ਗੁਰਦੁਆਰਾ ਬਾਬਾ ਬੁੱਢਾ ਸਾਹਿਬ ਦੇ ਮੈਨੇਜਰ ਜਗਰੂਪ ਸਿੰਘ ਮਜੀਠਾ, ਹਰਜੋਤ ਸਿੰਘ ਲਾਡੀ, ਗੁਰਦੀਪ ਸਿੰਘ ਮੱਬੀ, ਵਿਜੇ ਰਵੀਦਾਸੀਆ, ਰਮੇਸ਼ ਕੁਮਾਰ ਰਵੀਦਾਸੀਆ, ਗੁਰਪ੍ਰੀਤ ਸਿੰਘ ਪਿੰਕਾ, ਬਾਬਾ ਸ਼ਰਨਜੀਤ ਸਿੰਘ, ਅਰਸ਼ ਮਜੀਠਾ, ਜਗਦੀਸ਼ ਸਿੰਘ, ਪਰਮਜੀਤ ਸਿੰਘ, ਸਾਬਕਾ ਸਰਪੰਚ ਮਨਪ੍ਰੀਤ ਸਿੰਘ ਉੱਪਲ, ਸੁਰਿੰਦਰ ਪਾਲ ਸਿੰਘ ਗੋਕਲ, ਅਜੇ ਚੋਪੜਾ, ਤਰਨ ਅਬਰੋਲ, ਜਥੇਦਾਰ ਹਰਪਾਲ ਸਿੰਘ ਮਜੀਠਾ, ਭੁਪਿੰਦਰ ਸਿੰਘ ਮਜੀਠਾ ਦਿਹਾਤੀ, ਸਤਨਾਮ ਸਿੰਘ ਉੱਪਲ, ਦਵਿੰਦਰ ਸਿੰਘ, ਫਤਿਹ ਸਿੰਘ, ਨਰਿੰਦਰ ਸਿੰਘ ਉਪਲ, ਮਾਹਲ ਸਿੰਘ, ਕਾਲਾ ਕੰਬੋਜ, ਅਵਤਾਰ ਸਿੰਘ, ਹਰਦੀਪ ਸਿੰਘ ਪੰਚ, ਮੋਹਿਤਦੀਪ ਸਿੰਘ ਆਦਿ ਮੌਜੂਦ ਸਨ।

## ਹਰਭਜਨ ਸਿੰਘ ਈ ਟੀ ਓ ਨੇ ਤੀਰਥ ਯਾਤਰਾ ਬੱਸ ਨੂੰ ਹਰੀ ਝੰਡੀ ਵਿਖਾਈ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)- ਸੂਬੇ ਦੇ ਲੋਕ ਨਿਰਮਾਣ ਮੰਤਰੀ ਸ. ਹਰਭਜਨ ਸਿੰਘ ਈ.ਟੀ.ਓ. ਵੱਲੋਂ ਵਿਧਾਨ ਸਭਾ ਹਲਕਾ ਜੰਡਿਆਲਾ ਗੁਰੂ ਦੇ ਪਿੰਡ ਵਡਾਲਾ ਜੌਹਲ ਤੋਂ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਬੱਸ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ ਗਿਆ। ਇਸ ਯਾਤਰਾ ਰਾਹੀਂ ਸੰਗਤ ਨੂੰ ਖਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਕੀਰਤਪੁਰ ਸਾਹਿਬ ਅਤੇ ਮਾਤਾ ਸ੍ਰੀ ਨੈਣਾ ਦੇਵੀ ਮੰਦਰ ਦੇ ਦਰਸ਼ਨ ਕਰਵਾਏ ਜਾਣਗੇ। ਇਸ ਮੌਕੇ ਲੋਕ ਨਿਰਮਾਣ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਚਲਾਈ ਜਾ ਰਹੀ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦਾ ਸੂਬੇ ਦੇ ਲੋਕਾਂ ਨੂੰ ਬਹੁਤ ਵੱਡਾ ਲਾਭ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਯੋਜਨਾ ਰਾਹੀਂ ਲੋਕ ਪਾਵਨ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰ ਰਹੇ ਹਨ ਅਤੇ ਸਰਕਾਰ ਨੂੰ ਅਸੀਸਾਂ ਦੇ ਰਹੇ ਹਨ। ਉਨ੍ਹਾਂ ਦੱਸਿਆ ਕਿ ਯਾਤਰਾ ਦੌਰਾਨ ਸੰਗਤ ਦੇ ਰਹਿਣ-ਸਹਿਣ, ਖਾਣੇ ਅਤੇ ਹੋਰ ਲੋੜੀਂਦੀਆਂ ਸਹੂਲਤਾਂ ਦਾ ਸਾਰਾ ਪ੍ਰਬੰਧ ਪੰਜਾਬ ਸਰਕਾਰ ਵੱਲੋਂ ਕੀਤਾ ਜਾਂਦਾ ਹੈ।



## ਕਾਮਰੇਡ ਸੱਤਿਆ ਦੇਵੀ ਦੇ ਦਿਹਾਂਤ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ



ਝਬਾਲ (ਹਰਜਿੰਦਰ ਸਿੰਘ ਸੋਨੀ)- ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਅਤੇ ਜਨਰਲ ਸਕੱਤਰ ਜਸਬੀਰ ਸਿੰਘ ਝਬਾਲ ਅਤੇ ਗੁਰਨਾਮ ਸਿੰਘ ਤਲਵੰਡੀ ਵੱਲੋਂ ਕਾਮਰੇਡ ਚਰਨਜੀਤ ਸਿੰਘ ਮਜੀਠਾ ਜ਼ਿਲ੍ਹਾ ਸਕੱਤਰ ਕੁੱਲ ਹਿੰਦ ਕਮਿਊਨਿਸਟ ਪਾਰਟੀ ਮਾਰਕਸਵਾਦੀ ਦੀ ਧਰਮਪਤਨੀ ਸੱਤਿਆ ਦੇਵੀ ਦੀ ਅਚਨਚੇਤ ਮੌਤ 'ਤੇ ਦੁੱਖ ਪ੍ਰਗਟਾਵਾ ਕਰਦੇ ਹੋਏ ਜਸਬੀਰ ਸਿੰਘ ਝਬਾਲ, ਗੁਰਨਾਮ ਸਿੰਘ ਤਲਵੰਡੀ, ਤਰਸੇਮ ਸਿੰਘ ਟਪਿਆਲਾ, ਗੁਰਦੀਪ ਸਿੰਘ ਬੁਤਾਲਾ, ਜਗੀਰ ਸਿੰਘ ਸਰਜਾ, ਕੁਲਦੀਪ ਸਿੰਘ ਜੱਬੂਵਾਲ, ਸਤਨਾਮ ਸਿੰਘ ਕਲੇਰ, ਜਗਜੀਤ ਸਿੰਘ ਜਸਪਾਲ, ਸੁਭਾਸ਼ ਚੰਦਰ ਨੰਗਲੀ, ਸਕੱਤਰ ਸਿੰਘ ਨੇ ਪਰਿਵਾਰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਦੱਸਿਆ।

# ਪੰਜਾਬੀ ਯੂਨੀਵਰਸਿਟੀ ਦੇ ਖੇਤਰੀ ਯੁਵਕ ਮੇਲੇ ਦਾ ਮੁੱਖ ਮੰਤਰੀ ਨੂੰ ਦਿੱਤਾ ਸੱਦਾ ਪੱਤਰ



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ)**-ਦੇਸ਼ ਭਗਤ ਕਾਲਜ ਬਰੜਵਾਲ (ਧੂਰੀ) ਵਿਖੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਚਾਰ-ਰੋਜ਼ਾ ਖੇਤਰੀ ਯੁਵਕ ਤੇ ਲੋਕ ਮੇਲਾ 22, 23, 24 ਤੇ 25 ਅਕਤੂਬਰ ਨੂੰ ਵੱਡੇ ਪੱਧਰ 'ਤੇ ਕਰਵਾਇਆ ਜਾ ਰਿਹਾ ਹੈ।ਇਸ ਸੱਭਿਆਚਾਰਕ ਮਹਾਂਕੁੰਭ ਵਿੱਚ ਵੱਖ-ਵੱਖ ਕਾਲਜਾਂ ਦੇ ਵਿਦਿਆਰਥੀ ਆਪਣੀ ਕਲਾ ਤੇ ਪ੍ਰਤਿਭਾ ਦਾ ਪ੍ਰਦਰਸ਼ਨ ਕਰਨਗੇ।ਇਸ ਵਿਸ਼ੇਸ਼ ਸਮਾਗਮ ਦੇ ਸਬੰਧ ਵਿੱਚ ਕਾਲਜ ਟਰੱਸਟ ਦੇ ਚੇਅਰਮੈਨ ਤੇ ਸੇਵਾ ਮੁਕਤ ਆਈ.ਪੀ.ਐੱਸ. ਅਧਿਕਾਰੀ ਪਰਮਜੀਤ ਸਿੰਘ ਗਿੱਲ, ਐਡਵੋਕੇਟ ਜਤਿੰਦਰ ਸਿੰਘ ਸੋਨੀ ਮੰਡੇਰ ਤੇ ਕਾਲਜ ਪ੍ਰਿੰਸੀਪਲ ਡਾ. ਬਲਵੀਰ ਸਿੰਘ ਨੇ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਭਗਵੰਤ ਮਾਨ ਨਾਲ ਮੁਲਾਕਾਤ ਕੀਤੀ।ਕਾਲਜ ਪ੍ਰਬੰਧਕੀ ਟੀਮ ਵੱਲੋਂ ਮੁੱਖ ਮੰਤਰੀ ਨੂੰ ਇਸ ਖੇਤਰੀ ਯੁਵਕ ਮੇਲੇ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨ ਲਈ ਰਸਮੀ ਸੱਦਾ ਪੱਤਰ ਦਿੱਤਾ ਗਿਆ।ਇਸ ਮੌਕੇ ਪੰਜਾਬ ਲਘੂ ਉਦਯੋਗ ਨਿਗਮ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।ਮੁਲਾਕਾਤ ਦੌਰਾਨ ਕਾਲਜ ਪ੍ਰਬੰਧਕਾਂ ਨੇ ਮੁੱਖ ਮੰਤਰੀ ਨਾਲ ਯੁਵਕ ਮੇਲੇ ਦੀਆਂ ਤਿਆਰੀਆਂ ਤੇ ਪ੍ਰੋਗਰਾਮਾਂ ਦੀ ਰੂਪ-ਰੇਖਾ ਬਾਰੇ ਵਿਚਾਰ-ਵਟਾਂਦਰਾ ਕੀਤਾ।ਪ੍ਰਬੰਧਕਾਂ ਨੇ ਦੱਸਿਆ ਕਿ ਇਹ ਯੁਵਕ ਮੇਲਾ ਨੌਜਵਾਨਾਂ ਨੂੰ ਆਪਣੇ ਅਮੀਰ ਪੰਜਾਬੀ ਸੱਭਿਆਚਾਰ, ਵਿਰਸੇ ਤੇ ਲੋਕ-ਕਲਾਵਾਂ ਨਾਲ ਜੋੜਨ ਵਿੱਚ ਅਹਿਮ ਭੂਮਿਕਾ ਨਿਭਾਵੇਗਾ।

# ਵਾਮਨ ਦੁਆਸ਼ੀ ਮੌਕੇ ਕਰਵਾਈ ਭਜਨ ਸੰਧਿਆ




**ਨਾਭਾ (ਅਮਨ ਗਰਗ)**-ਸ੍ਰੀ ਸਨਾਤਮ ਧਰਮ ਮਹਾਵੀਰ ਦਲ ਨਾਭਾ (ਰਜਿ:) ਚੇਅਰਮੈਨ ਡਾਕਟਰ ਸਤਪਾਲ ਅਗਰਵਾਲ ਤੇ ਪ੍ਰਧਾਨ ਚਮਨ ਲਾਲ ਮਿੱਤਲ ਪੱਪੀ ਦੀ ਅਗਵਾਈ ਵਿੱਚ ਵਾਮਨ ਦੁਆਸ਼ੀ ਮੌਕੇ ਮੈਂਹਸ ਗੇਟ ਚੌਕ ਵਿੱਚ ਭਜਨ ਸੰਧਿਆ ਕਰਵਾਈ ਗਈ।ਇਸ ਮੌਕੇ ਭਜਨ ਗਾਇਕਾ ਅਨੂ ਸ਼ਰਮਾ ਨੇ ਆਪਣੀ ਭਜਨਾਂ ਰਾਹੀਂ ਸ਼ਰਧਾਲੂਆਂ ਨੂੰ ਨਿਹਾਲ ਕੀਤਾ।ਇਸ ਸਮਾਗਮ ਵਿੱਚ ਸਮਾਜ ਸੇਵੀ ਪਰਮਿੰਦਰ ਬਾਂਸਲ ਭੋਲੀ ਤੇ ਉਨ੍ਹਾਂ ਦੀ ਪਤਨੀ ਵਰਸ਼ਾ ਬਾਂਸਲ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਉਨ੍ਹਾਂ ਕਿਹਾ ਕਿ ਸਿਰਫ਼ ਤੇ ਸਿਰਫ਼ ਭਗਵਾਨ ਦਾ ਨਾਮ ਹੀ ਸਮਾਜ ਭਲਾਈ ਦੇ ਕਾਰਜ ਕੀਤੇ ਜਾਂਦੇ ਹਨ, ਜੋ ਬਹੁਤ ਹੀ ਵਧੀਆ ਉਪਰਾਲਾ ਹੈ।ਇਸ ਮੌਕੇ ਮੁੱਖ ਮਹਿਮਾਨ, ਪ੍ਰਧਾਨ, ਚੇਅਰਮੈਨ ਤੇ ਸਮੂਹ ਮੈਂਬਰਾਂ ਵੱਲੋਂ ਆਈਆਂ ਹੋਈਆਂ ਸ਼ਖ਼ਸੀਅਤਾਂ ਦਾ ਸਨਮਾਨ ਕੀਤਾ ਗਿਆ।ਇਸ ਮੌਕੇ ਸ਼ਹਿਰ ਦੇ ਪਤਵੰਤੇ ਸੱਜਣ ਤੇ ਸਮੂਹ ਮੈਂਬਰ ਹਾਜ਼ਰ ਸਨ।

# ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ ਸੰਬੰਧੀ ਕੀਤਾ ਜਾਗਰੂਕ




**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**-ਸਹੀਦ ਨੌਜਵਾਨ ਭਾਰਤ ਸਭਾ ਵੱਲੋਂ ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ ਸੰਬੰਧੀ ਸ਼ਹਿਰ ਵਾਸੀਆਂ ਨੂੰ ਜਾਗਰੂਕ ਕਰਨ ਲਈ ਪ੍ਰੋਗਰਾਮ ਕਰਵਾਇਆ ਗਿਆ।ਇਸ ਮੌਕੇ ਆਗੂਆਂ ਵੱਲੋਂ ਲੋਕਾਂ ਨੂੰ ਰੁਜ਼ਗਾਰ ਦੇ ਹੱਕ ਤੇ ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ ਦੀ ਲੋੜ ਸਬੰਧੀ ਜਾਣਕਾਰੀ ਦਿੱਤੀ ਗਈ।ਇਸ ਮੌਕੇ ਕੁਲਦੀਪ ਭੋਲਾ ਜ਼ਿਲ੍ਹਾ ਸਕੱਤਰ, ਗੁਰਦਿੱਤ ਦੀਨਾ ਕੌਂਸ਼ਲ ਮੈਂਬਰ, ਨਵਜੋਤ ਕੌਰ ਇਲਾਕਾ ਕਮੇਟੀ ਮੈਂਬਰ ਤੋਂ ਇਲਾਵਾ ਸਮੂਹ ਮੈਂਬਰ ਹਾਜ਼ਰ ਸਨ।ਆਗੂਆਂ ਨੇ ਕਿਹਾ ਕਿ ਰੁਜ਼ਗਾਰ ਦੇ ਮੁੱਦੇ ਸਬੰਧੀ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨਾ ਸਮੇਂ ਦੀ ਲੋੜ ਹੈ।ਉਨ੍ਹਾਂ ਸ਼ਹਿਰ ਵਾਸੀਆਂ ਨੂੰ ਰੁਜ਼ਗਾਰ ਦੇ ਹੱਕਾਂ ਸਬੰਧੀ ਜਾਗਰੂਕ ਹੋਣ ਤੇ ਇਸ ਮੁਹਿੰਮ ਨਾਲ ਜੁੜਨ ਦੀ ਅਪੀਲ ਕੀਤੀ।

# ਆਈ ਟੀ ਤੇ ਬਾਇਓਟੈਕ ਪਾਰਕ ਦੀ ਜ਼ਮੀਨ ਹੋਰ ਮੰਤਵ ਲਈ ਵਰਤਣ ਦਾ ਵਿਰੋਧ




**ਪਟਿਆਲਾ (ਰਾਜਿੰਦਰ ਸਿੰਘ)**-ਓਮੈਕਸ ਸਿਟੀ ਵੈਲਫੇਅਰ ਐਸੋਸੀਏਸ਼ਨ, ਪਟਿਆਲਾ (ਰਜਿ.) ਦੀ ਕਾਰਜਕਾਰੀ ਕਮੇਟੀ ਦੀ ਮੀਟਿੰਗ ਪ੍ਰਧਾਨ ਇੰਜੀਨੀਅਰ ਸਤਵਿੰਦਰ ਸਿੰਘ ਸੈਣੀ ਦੀ ਅਗਵਾਈ ਹੇਠ ਹੋਈ।ਮੀਟਿੰਗ ਦੌਰਾਨ ਓਮੈਕਸ ਸਿਟੀ ਵਿੱਚ ਆਈ.ਟੀ. ਅਤੇ ਬਾਇਓਟੈਕ ਪਾਰਕ ਲਈ ਨਿਰਧਾਰਤ ਜ਼ਮੀਨ ਦੀ ਵਰਤੋਂ ਵਿੱਚ ਤਬਦੀਲੀ ਸਬੰਧੀ ਸਾਹਮਣੇ ਆ ਰਹੀ ਤਜਵੀਜ਼ 'ਤੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ।ਓਮੈਕਸ ਸਿਟੀ ਦੀ ਸ਼ੁਰੂਆਤ ਸਮੇਂ ਪੇਸ਼ ਕੀਤੇ ਗਏ ਮੂਲ ਨਕਸ਼ੇ ਅਤੇ ਬਰੋਸ਼ਰ ਅਨੁਸਾਰ, ਓਮੈਕਸ ਸਿਟੀ ਦੇ ਕੁੱਲ ਖੇਤਰਫਲ ਲਗਭਗ 336.5 ਏਕੜ, ਜਿਸ ਵਿੱਚੋਂ 60 ਏਕੜ ਜ਼ਮੀਨ ਆਈ.ਟੀ. ਅਤੇ ਬਾਇਓਟੈਕ ਪਾਰਕ ਲਈ ਵਿਸ਼ੇਸ਼ ਤੌਰ 'ਤੇ ਰਾਖਵੀਂ ਰੱਖੀ ਗਈ ਸੀ। ਕਮੇਟੀ ਨੇ ਗੰਭੀਰ ਚਿੰਤਾ ਅਤੇ ਸਖ਼ਤ ਇਤਰਾਜ਼ ਪ੍ਰਗਟ ਕੀਤਾ ਹੈ ਕਿ ਪਟਿਆਲਾ ਵਿਕਾਸ ਅਥਾਰਟੀ ਵੱਲੋਂ ਹੁਣ ਇਸ 60 ਏਕੜ ਜ਼ਮੀਨ ਨੂੰ ਰਿਹਾਇਸ਼ੀ ਵਰਤੋਂ 'ਚ ਬਦਲਣ ਦੀ ਤਜਵੀਜ਼ ਹੈ।ਇਸ ਸਬੰਧੀ ਐਸੋਸੀਏਸ਼ਨ ਦੇ ਪ੍ਰਧਾਨ ਇੰਜੀਨੀਅਰ ਸਤਵਿੰਦਰ ਸਿੰਘ ਸੈਣੀ ਅਤੇ ਸਮੁੱਚੀ ਕਾਰਜਕਾਰੀ ਕਮੇਟੀ ਨੇ ਪੰਜਾਬ ਸਰਕਾਰ, ਪਟਿਆਲਾ ਵਿਕਾਸ ਅਥਾਰਟੀ ਅਤੇ ਸਬੰਧਤ ਅਧਿਕਾਰੀਆਂ ਨੂੰ ਪੁਰਜ਼ੋਰ ਅਪੀਲ ਕੀਤੀ ਹੈ ਕਿ ਅਜਿਹੀ ਕਿਸੇ ਵੀ ਤਜਵੀਜ਼ 'ਤੇ ਮੁੜ ਵਿਚਾਰ ਕੀਤਾ ਜਾਵੇ ਅਤੇ ਇਸ ਜਮੀਨ 'ਤੇ ਪ੍ਰਸਤਾਵਿਤ ਆਈ.ਟੀ. ਅਤੇ ਬਾਇਓਟੈਕ ਪਾਰਕ ਬਣਾਇਆ ਜਾਵੇ।

# ਮਲੋਟ ਸਿਵਲ ਹਸਪਤਾਲ 'ਚ 24 ਘੰਟੇ ਸੀ ਟੀ ਸਕੈਨ ਸ਼ੁਰੂ




**ਮਲੋਟ (ਰਜਿੰਦਰ ਜੁਨੇਜਾ)**-ਸਥਾਨਕ ਸਿਵਲ ਹਸਪਤਾਲ ਵਿਖੇ ਸੀ.ਟੀ. ਸਕੈਨ ਦੀ ਨਵੀਂ ਮਸ਼ੀਨ ਸਥਾਪਿਤ ਹੋਣ ਅਤੇ ਲੋੜੀਂਦੇ ਤਕਨੀਕੀ ਸਟਾਫ਼ ਦੀ ਤਾਇਨਾਤੀ ਉਪਰੰਤ ਇਲਾਕਾ ਨਿਵਾਸੀਆਂ ਨੂੰ ਇੱਕ ਵੱਡੀ ਸਿਹਤ ਸਹੂਲਤ ਮਿਲੀ ਹੈ। ਇਹ ਸੇਵਾ ਹਫ਼ਤੇ ਦੇ ਸੱਤੇ ਦਿਨ ਅਤੇ 24 ਘੰਟੇ ਨਿਰੰਤਰ ਜਾਰੀ ਰਹੇਗੀ, ਜਿਸ ਨਾਲ ਐਮਰਜੈਂਸੀ ਹਾਲਾਤ ਵਿੱਚ ਆਉਣ ਵਾਲੇ ਮਰੀਜ਼ਾਂ ਨੂੰ ਤੁਰੰਤ ਜਾਂਚ ਦੀ ਸਹੂਲਤ ਹਾਸਲ ਹੋਵੇਗੀ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸਿਵਲ ਹਸਪਤਾਲ ਦੇ ਐੱਸ.ਐੱਮ.ਓ. ਡਾ. ਰਾਜਿੰਦਰ ਕੁਮਾਰ ਨੇ ਦੱਸਿਆ ਕਿ ਇੱਥੇ ਨਾ ਸਿਰਫ਼ ਸਰਕਾਰੀ ਹਸਪਤਾਲ, ਸਗੋਂ ਪ੍ਰਾਈਵੇਟ ਡਾਕਟਰਾਂ ਵੱਲੋਂ ਰੈਫ਼ਰ ਕੀਤੇ ਗਏ ਮਰੀਜ਼ਾਂ ਦੇ ਸੀ.ਟੀ. ਸਕੈਨ ਵੀ ਕੀਤੇ ਜਾਣਗੇ।ਉਨ੍ਹਾਂ ਸਪੱਸ਼ਟ ਕੀਤਾ ਕਿ ਟੈਸਟਾਂ ਦੀ ਰੇਟ ਲਿਸਟ ਸਰਕਾਰੀ ਨਿਯਮਾਂ ਅਨੁਸਾਰ ਬਹੁਤ ਘੱਟ ਰੱਖੀ ਗਈ ਹੈ, ਤਾਂ ਜੋ ਗ਼ਰੀਬ ਅਤੇ ਲੋੜਵੰਦ ਮਰੀਜ਼ਾਂ ਦੀ ਜੇਬ 'ਤੇ ਬੋਝ ਨਾ ਪਵੇ।

# ਪਰਾਲੀ ਦੇ ਸੁਚੱਜੇ ਪ੍ਰਬੰਧਨ ਸੰਬੰਧੀ ਅਧਿਕਾਰੀਆਂ ਨੂੰ ਹਦਾਇਤਾਂ



**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਜ਼ਿਲ੍ਹਾ ਫਾਜ਼ਿਲਕਾ ਵਿੱਚ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਦੀਆਂ ਘਟਨਾਵਾਂ ਨੂੰ ਰੋਕਣ ਅਤੇ ਕਿਸਾਨਾਂ ਨੂੰ ਪਰਾਲੀ ਦੇ ਸੁਚੱਜੇ ਪ੍ਰਬੰਧਨ ਲਈ ਜਾਗਰੂਕ ਕਰਨ ਸਬੰਧੀ ਮੁੱਖ ਖੇਤੀਬਾੜੀ ਅਫ਼ਸਰ ਫਾਜ਼ਿਲਕਾ ਡਾ. ਕੁਲਵੰਤ ਸਿੰਘ ਵੱਲੋਂ ਖੇਤੀਬਾੜੀ ਵਿਭਾਗ ਦੇ ਕਲੱਸਟਰ ਅਫ਼ਸਰਾਂ ਅਤੇ ਨੋਡਲ ਅਫ਼ਸਰਾਂ ਨਾਲ ਵਿਸ਼ੇਸ਼ ਮੀਟਿੰਗ ਕੀਤੀ ਗਈ।ਮੀਟਿੰਗ ਦੌਰਾਨ ਡਾ. ਕੁਲਵੰਤ ਸਿੰਘ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਆਪਣੇ-ਆਪਣੇ ਨਿਰਧਾਰਤ ਖੇਤਰਾਂ ਵਿੱਚ ਕਿਸਾਨਾਂ ਨਾਲ ਲਗਾਤਾਰ ਸੰਪਰਕ ਕਰਕੇ ਉਨ੍ਹਾਂ ਨੂੰ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾਉਣ ਲਈ ਪ੍ਰੇਰਿਤ ਕਰਨ। ਉਨ੍ਹਾਂ ਕਿਹਾ ਕਿ ਪਰਾਲੀ ਪ੍ਰਬੰਧਨ ਲਈ ਉਪਲਬਧ ਮਸ਼ੀਨਰੀ ਅਤੇ ਖੇਤੀਬਾੜੀ ਵਿਭਾਗ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਸਬੰਧੀ ਕਿਸਾਨਾਂ ਨੂੰ ਵੱਧ ਤੋਂ ਵੱਧ ਜਾਣਕਾਰੀ ਦਿੱਤੀ ਜਾਵੇ।ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਪਿੰਡ ਪੱਧਰ 'ਤੇ ਕਿਸਾਨਾਂ ਨਾਲ ਮੀਟਿੰਗਾਂ ਕਰਕੇ ਇਨ-ਸੀਟੂ ਅਤੇ ਐਕਸ-ਸੀਟੂ ਪਰਾਲੀ ਪ੍ਰਬੰਧਨ ਸਬੰਧੀ ਤਰੀਕਿਆਂ ਬਾਰੇ ਜਾਗਰੂਕ ਕੀਤਾ ਜਾਵੇ ਅਤੇ ਪਰਾਲੀ ਨੂੰ ਖੇਤ ਵਿੱਚ ਹੀ ਮਿਲਾਉਣ ਜਾਂ ਇਸ ਦੀ ਸੁਚੱਜੀ ਵਰਤੋਂ ਲਈ ਉਪਲਬਧ ਵਿਕਲਪਾਂ ਬਾਰੇ ਜਾਣਕਾਰੀ ਦਿੱਤੀ ਜਾਵੇ।

# ਬੰਦੀ ਸਿੰਘਾਂ ਦੀ ਰਿਹਾਈ ਤੇ ਕਿਸਾਨੀ ਮਸਲਿਆਂ ਬਾਰੇ ਡੀ ਸੀ ਨੂੰ ਮੰਗ ਪੱਤਰ



**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**-ਬੰਦੀ ਸਿੰਘਾਂ ਦੀ ਰਿਹਾਈ ਅਤੇ ਕਿਸਾਨਾਂ ਨਾਲ ਸਬੰਧਤ ਵੱਖ-ਵੱਖ ਮਸਲਿਆਂ ਤੇ ਮੰਗਾਂ ਨੂੰ ਲੈ ਕੇ ਸੰਯੁਕਤ ਕਿਸਾਨ ਮੋਰਚਾ ਅਤੇ ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਕ) ਵੱਲੋਂ ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ ਦਿੱਤਾ ਗਿਆ।ਕਿਸਾਨ ਆਗੂਆਂ ਨੇ ਕਿਹਾ ਕਿ ਲੰਮੇ ਸਮੇਂ ਤੋਂ ਜੇਲ੍ਹਾਂ ਵਿੱਚ ਬੰਦ ਬੰਦੀ ਸਿੰਘਾਂ ਦੀ ਰਿਹਾਈ ਦਾ ਮਾਮਲਾ ਗੰਭੀਰ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਬੰਦੀ ਸਿੰਘਾਂ ਦੀ ਰਿਹਾਈ ਲਈ ਲੋੜੀਂਦੀ ਕਾਰਵਾਈ ਕੀਤੀ ਜਾਵੇ।ਇਸ ਮੌਕੇ ਕਿਸਾਨਾਂ ਨੇ ਫਸਲਾਂ ਦੇ ਉਚਿਤ ਭਾਅ, ਕਿਸਾਨਾਂ ਦੀਆਂ ਹੋਰ ਲੰਬੇ ਸਮੇਂ ਤੋਂ ਲਟਕਦੀਆਂ ਮੰਗਾਂ ਅਤੇ ਖੇਤੀਬਾੜੀ ਨਾਲ ਸਬੰਧਤ ਸਮੱਸਿਆਵਾਂ ਦਾ ਤੁਰੰਤ ਹੱਲ ਕਰਨ ਦੀ ਮੰਗ ਵੀ ਕੀਤੀ।

# ਅਰਵਿਲ ਥਿੰਦ ਨੈੱਟ ਪੀ ਜੀ ਪ੍ਰੀਖਿਆ 'ਚ ਰਿਹਾ ਅੱਵਲ



**ਜਲਾਲਾਬਾਦ (ਜੀਤ ਕੁਮਾਰ/ਜੰਗੀਰ ਕੌਰ)**-ਨੈਸ਼ਨਲ ਐਲੀਜੀਬਿਲਿਟੀ-ਕਮ-ਐਂਟਰੈਂਸ ਟੈਸਟ ਫ਼ਾਰ ਪੋਸਟ ਗ੍ਰੈਜੂਏਟ (ਨੈੱਟ-ਪੀ.ਜੀ.) ਦੇ ਆਏ ਨਤੀਜਿਆਂ ਵਿੱਚ ਪੰਜਾਬ ਦੇ ਹੋਣਹਾਰ ਨੌਜਵਾਨ ਅਰਵਿਲ ਕੰਬੋਜ ਥਿੰਦ ਨੇ ਵੱਡੀ ਸਫ਼ਲਤਾ ਹਾਸਲ ਕਰਕੇ ਇਲਾਕੇ ਤੇ ਪੂਰੇ ਪੰਜਾਬ ਸੂਬੇ ਦਾ ਨਾਮ ਰੌਸ਼ਨ ਕੀਤਾ ਹੈ। ਅਰਵਿਲ ਨੇ ਪੂਰੇ ਭਾਰਤ ਵਿੱਚੋਂ 4000ਵਾਂ ਰੈਂਕ ਹਾਸਲ ਕੀਤਾ ਹੈ, ਜਦਕਿ ਪੰਜਾਬ ਭਰ ਵਿੱਚੋਂ ਪਹਿਲਾ (ਅੱਵਲ) ਸਥਾਨ ਪ੍ਰਾਪਤ ਕੀਤਾ ਹੈ। ਇਸ ਸ਼ਾਨਦਾਰ ਪ੍ਰਾਪਤੀ ਦੀ ਖ਼ਬਰ ਮਿਲਦਿਆਂ ਹੀ ਪਰਿਵਾਰ ਤੇ ਇਲਾਕੇ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਅਤੇ ਵਧਾਈਆਂ ਦੇਣ ਵਾਲਿਆਂ ਦਾ ਤਾਂਤਾ ਲੱਗ ਗਿਆ। ਜਾਣਕਾਰੀ ਦਿੰਦਿਆਂ ਰਾਧਾ ਕ੍ਰਿਸ਼ਨ, ਮਾਤਾ ਸੁਨੀਤਾ ਰਾਣੀ (ਪਿੰਡ ਚੱਕ ਜੰਡ ਵਾਲਾ/ਮੌਲਵੀ ਵਾਲਾ) ਤੇ ਮਾਮਾ ਅਮਨਦੀਪ ਕੰਬੋਜ (ਪਿੰਡ ਤਾਰੇਵਾਲਾ) ਨੇ ਦੱਸਿਆ ਕਿ ਅਰਵਿਲ ਬਚਪਨ ਤੋਂ ਹੀ ਪੜ੍ਹਾਈ ਵਿੱਚ ਬਹੁਤ ਹੋਣਹਾਰ ਰਿਹਾ ਹੈ। ਉਸ ਨੇ ਇਸ ਤੋਂ ਪਹਿਲਾਂ ਚੰਡੀਗੜ੍ਹ ਤੋਂ ਆਪਣੀ ਐੱਮ.ਬੀ.ਬੀ.ਐੱਸ. ਦੀ ਡਿਗਰੀ ਮੁਕੰਮਲ ਕੀਤੀ ਸੀ। ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਅਰਵਿਲ ਦੀ ਦਿਨ-ਰਾਤ ਦੀ ਸਖ਼ਤ ਮਿਹਨਤ ਤੇ ਲਗਨ ਸਦਕਾ ਹੀ ਅੱਜ ਇਹ ਮੁਕਾਮ ਹਾਸਲ ਹੋਇਆ ਹੈ।

# ਮੁਲਾਜ਼ਮ ਆਗੂ ਹੁਰਾ ਬਾਨੋ ਦੀ ਮੁਅੱਤਲੀ ਦੀ ਪ ਸ ਸ ਫ ਵੱਲੋਂ ਸਖ਼ਤ ਨਿੰਦਾ

## ਮੁਅੱਤਲੀ ਰੱਦ ਨਾ ਕਰਨ 'ਤੇ ਪੂਰੇ ਦੇਸ਼ 'ਚ ਤਿੱਖਾ ਅੰਦੋਲਨ ਵਿੱਢਣ ਦੀ ਚੇਤਾਵਨੀ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਪੰਜਾਬ ਦੇ ਮੁਲਾਜ਼ਮਾਂ ਦੀ ਸੰਘਰਸ਼ਸ਼ੀਲ ਜਥੇਬੰਦੀ ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ (ਪ.ਸ.ਸ.ਫ.) ਦੇ ਸੂਬਾ ਪ੍ਰਧਾਨ ਸਤੀਸ਼ ਰਾਣਾ, ਜਨਰਲ ਸਕੱਤਰ ਤੀਰਥ ਸਿੰਘ ਬਾਸੀ ਤੇ ਵਿੱਤ ਸਕੱਤਰ ਗੁਰਦੀਪ ਸਿੰਘ ਬਾਜਵਾ ਨੇ ਇੱਕ ਸਾਂਝੇ ਬਿਆਨ ਰਾਹੀਂ ਜੰਮੂ-ਕਸ਼ਮੀਰ ਸਰਕਾਰ ਵੱਲੋਂ ਜੇ. ਐਂਡ ਕੇ. ਦੀ ਸੂਬਾ ਆਗੂ ਤੇ ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ਼ ਫੈਡਰੇਸ਼ਨ ਦੀ ਕੌਮੀ ਕਾਰਜਕਾਰਨੀ ਮੈਂਬਰ ਹੁਰਾ ਬਾਨੋ ਨੂੰ ਮੁਅੱਤਲ ਕਰਨ ਦੀ ਕਰੜੇ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ।ਪ.ਸ.ਸ.ਫ. ਦੇ ਸੂਬਾ ਵਿੱਤ ਸਕੱਤਰ ਇੰਦਰਜੀਤ ਵਿਰਦੀ ਨੇ ਦੱਸਿਆ ਕਿ ਉਮਰ ਅਬਦੁੱਲਾ ਸਰਕਾਰ ਦੇ ਸਿਹਤ ਅਧਿਕਾਰੀਆਂ ਵੱਲੋਂ ਹੁਰਾ ਬਾਨੋ ਨੂੰ ਸਿਰਫ਼ ਇਸ ਲਈ ਮੁਅੱਤਲ ਕੀਤਾ ਗਿਆ ਹੈ ਕਿ ਉਹ ਕਸ਼ਮੀਰ ਅੰਦਰ ਐੱਨ.ਐੱਚ.ਐੱਮ. ਮੁਲਾਜ਼ਮਾਂ ਵੱਲੋਂ ਸੇਵਾਵਾਂ ਰੈਗੂਲਰ ਕਰਵਾਉਣ ਲਈ ਕੀਤੇ ਜਾ ਰਹੇ ਸੰਘਰਸ਼ ਦੀ ਹਮਾਇਤ ਕਰਦੀ ਹੈ ਤੇ ਸਰਕਾਰ ਨੂੰ ਮੁਲਾਜ਼ਮਾਂ ਦੀਆਂ ਮੰਗਾਂ ਹੱਲ ਕਰਨ ਲਈ ਲਲਕਾਰਦੀ ਹੈ।ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ਼ ਫੈਡਰੇਸ਼ਨ ਦੇ ਕੌਮੀ ਮੀਤ ਪ੍ਰਧਾਨ ਤੀਰਥ ਸਿੰਘ ਬਾਸੀ, ਨੈਸ਼ਨਲ ਕਮੇਟੀ ਮੈਂਬਰ ਕਰਮਜੀਤ ਸਿੰਘ ਬੀਹਲਾ, ਸੁਖਵਿੰਦਰ ਸਿੰਘ ਚਾਹਲ ਤੇ ਹਰਮਨਪ੍ਰੀਤ ਕੌਰ ਗਿੱਲ ਨੇ ਕਸ਼ਮੀਰ ਸਰਕਾਰ ਨੂੰ ਚੇਤਾਵਨੀ ਦਿੱਤੀ ਹੈ ਕਿ ਹੁਰਾ ਬਾਨੋ ਦੀ ਮੁਅੱਤਲੀ ਤੁਰੰਤ ਰੱਦ ਕੀਤੀ ਜਾਵੇ ਤੇ ਮੁਲਾਜ਼ਮਾਂ ਦੀਆਂ ਮੰਗਾਂ ਗੱਲਬਾਤ ਰਾਹੀਂ ਹੱਲ ਕੀਤੀਆਂ ਜਾਣ।

ਆਗੂਆਂ ਨੇ ਕਿਹਾ ਕਿ ਪੂਰੇ ਦੇਸ਼ ਵਾਂਗ ਪੰਜਾਬ ਦੇ ਮੁਲਾਜ਼ਮ ਵੀ ਕਸ਼ਮੀਰ ਦੇ ਮੁਲਾਜ਼ਮਾਂ ਨਾਲ ਡੱਟ ਕੇ ਖੜ੍ਹੇ ਹਨ।ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਮੁਅੱਤਲੀ ਤੁਰੰਤ ਰੱਦ ਨਾ ਕੀਤੀ ਗਈ ਤਾਂ ਪੂਰੇ ਦੇਸ਼ ਅੰਦਰ ਕਸ਼ਮੀਰ ਸਰਕਾਰ ਵਿਰੁੱਧ ਅੰਦੋਲਨ ਛੇੜਿਆ ਜਾਵੇਗਾ ਤੇ ਸਰਕਾਰ ਦਾ ਲੋਕ-ਵਿਰੋਧੀ ਚਿਹਰਾ ਬੇਨਕਾਬ ਕੀਤਾ ਜਾਵੇਗਾ।ਇਸ ਮੌਕੇ ਜਿਲ੍ਹਾ ਆਗੂ ਜਤਿੰਦਰ ਕੁਮਾਰ, ਬਲਵਿੰਦਰ ਸਿੰਘ, ਸਰਬਜੀਤ ਸਿੰਘ ਪੱਟੀ, ਗੁਰਵਿੰਦਰ ਸਿੰਘ, ਦਰਸ਼ਨ ਚੀਮਾ, ਸੁਖਦੇਵ ਚੰਗਾਲੀਵਾਲਾ, ਗੁਰਪ੍ਰੀਤ ਸਿੰਘ, ਮਨੋਹਰ ਲਾਲ ਸ਼ਰਮਾ, ਚਮਕੌਰ ਸਿੰਘ ਰਾਣਾ, ਰਾਣੋ ਖੇੜੀ ਗਿੱਲਾਂ, ਗੁਰਪ੍ਰੀਤ ਕੌਰ, ਰਣਜੀਤ ਕੌਰ ਤੇ ਬਿਮਲਾ ਰਾਣੀ ਆਦਿ ਹਾਜ਼ਰ ਸਨ।

# ਜੰਗਲਾਤ ਕਾਮੇ ਵਿੱਤ ਮੰਤਰੀ ਦੇ ਹਲਕੇ 'ਚ 30 ਨੂੰ ਕਰਨਗੇ ਪ੍ਰਦਰਸ਼ਨ : ਅਮਰੀਕ ਸਿੰਘ



**ਧੂਰੀ (ਸੁਖਦੇਵ ਧੂਰੀ)**-ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਨਾਲ ਸੰਬਧਤ ਜੰਗਲਾਤ, ਜੰਗਲੀ ਜੀਵ ਤੇ ਕਾਰਪੋਰੇਸ਼ਨ ਕਾਮਿਆਂ ਦੀ ਸੰਘਰਸ਼ੀਲ ਜਥੇਬੰਦੀ ਜੰਗਲਾਤ ਵਰਕਰਜ਼ ਯੂਨੀਅਨ ਪੰਜਾਬ ਦੀ ਮੀਟਿੰਗ ਸੂਬਾਈ ਪ੍ਰਧਾਨ ਅਮਰੀਕ ਸਿੰਘ ਗੜ੍ਹਸ਼ੰਕਰ ਦੀ ਪ੍ਰਧਾਨਗੀ ਵਿੱਚ ਹੋਈ। ਮੀਟਿੰਗ ਦੀ ਕਾਰਵਾਈ ਸੂਬਾ ਜਨਰਲ ਸਕੱਤਰ ਜਸਵਿੰਦਰ ਸਿੰਘ ਸੌਜਾ ਨੇ ਪ੍ਰੈੱਸ ਦੇ ਨਾਂਅ ਜਾਰੀ ਕਰਦਿਆਂ ਕਿਹਾ ਕਿ ਮੀਟਿੰਗ ਵਿੱਚ ਹਾਜ਼ਰ ਹੋਏ, ਸਾਥੀ ਜਨਰਲ ਸਕੱਤਰ ਜਸਵੀਰ ਸਿੰਘ ਸੀਰਾ, ਵਿੱਤ ਸਕੱਤਰ ਅਮਨਦੀਪ ਸਿੰਘ ਛੱਤ, ਚੇਅਰਮੈਨ ਵਿਰਸਾ ਸਿੰਘ ਚਹਿਲ, ਸੀਨੀ. ਮੀਤ ਰਣਜੀਤ ਸਿੰਘ ਗੁਰਦਾਸਪੁਰ ਤੇ ਸਤਨਾਮ ਸੰਗਤੀਵਾਲਾ ਸੰਗਰੂਰ ਨੇ ਕਿਹਾ ਕਿ ਜ਼ਿਲ੍ਹੇ ਵੱਖ-ਵੱਖ ਮੰਡਲਾਂ ਵਿੱਚ ਕਾਮਿਆਂ ਦੀਆਂ ਮੰਗਾਂ ਜਿਉਂ ਦੀਆਂ ਤਿਉਂ ਖੜ੍ਹੀਆਂ ਹਨ। ਪੰਜਾਬ ਸਰਕਾਰ ਵੱਲੋਂ ਕੱਚੇ ਕਾਮਿਆਂ ਨੂੰ ਪੱਕਾ ਕਰਨ ਸਬੰਧੀ 16-05-2023 ਦੀ ਪਾਲਿਸੀ ਬਣਾਈ ਹੈ, ਉਸ ਵਣ ਤੇ ਜੰਗਲੀ ਜੀਵ ਵਿਭਾਗ ਵਿੱਚ ਪਿਛਲੇ 27/28 ਸਾਲਾਂ ਤੋਂ ਕੰਮ ਕਰਦੇ ਸੀਨੀਅਰ ਕਾਮਿਆਂ ਨੂੰ ਪੰਜਾਬ ਸਰਕਾਰ ਨੇ ਪਾਲਿਸੀ ਤਹਿਤ ਪੱਕੇ ਨਹੀਂ ਕੀਤਾ ਗਿਆ, ਸਰਕਾਰ ਨੇ ਇਨ੍ਹਾਂ ਕਾਮਿਆਂ ਨੂੰ ਉਸ ਪਾਲਿਸੀ ਅਧੀਨ ਲਿਆ ਕੇ ਪਲੇਸਮੈਂਟ ਜਾਰੀ ਨਹੀਂ ਕੀਤਾ ਗਿਆ।ਇਸ ਪਾਲਿਸੀ ਵਿੱਚ ਪੱਕਿਆਂ ਵਾਲੀ ਕੋਈ ਸਹੂਲਤ ਨਹੀਂ ਹੈ, ਜਿਸ ਕਾਰਨ ਜੰਗਲਾਤ ਕਾਮਿਆਂ ਵਿੱਚ ਭਾਰੀ ਰੋਸ ਦੇ ਬੇਚੈਨੀ ਪਾਈ ਜਾ ਰਹੀ ਹੈ।ਬਲਵੀਰ ਤਰਨਤਾਰਨ, ਰਵੀ ਲੁਧਿਆਣਾ, ਬੱਬੂ ਮਾਨਸਾ, ਬਲਰਾਜ ਪਠਾਨਕੋਟ, ਰਵੀਕਾਂਤ ਰੋਪੜ ਤੇ ਸੁਖਦੇਵ ਜਲੰਧਰ ਨੇ ਦੱਸਿਆ ਕਿ ਜੇਕਰ ਸਰਕਾਰ ਵੱਲੋਂ ਮੰਗਾਂ ਪ੍ਰਤੀ ਕੋਈ ਠੋਸ ਫੈਸਲਾ ਨਾ ਕੀਤਾ ਗਿਆ ਤਾਂ ਮਜਬੂਰਨ ਜਥੇਬੰਦੀ 30 ਸਤੰਬਰ ਨੂੰ ਵਿਧਾਨ ਸਭਾ ਹਲਕਾ ਦਿੜ੍ਹਬਾ (ਸੰਗਰੂਰ) ਵਿੱਚ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਸਹਿਯੋਗ ਨਾਲ ਰੋਸ ਪ੍ਰਦਰਸ਼ਨ ਕਰਨ ਉਪਰੰਤ ਪੱਕਾ ਮੋਰਚਾ ਲਗਾਇਆ ਜਾਵੇਗਾ।ਇਹ ਪੱਕਾ ਮੋਰਚਾ ਉਦੋਂ ਤੱਕ ਜਾਰੀ ਰਹੇਗਾ, ਜਦੋਂ ਤੱਕ ਮੰਗਾਂ ਪ੍ਰਤੀ ਠੋਸ ਫ਼ੈਸਲਾ ਨਹੀਂ ਹੁੰਦਾ।ਇਸ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਸੁਲੱਖਣ ਮੱਘੋਲੀ, ਮਲਕੀਤ ਮੁਕਤਸਰ, ਪਵਨ ਹੁਸ਼ਿਆਰਪੁਰ, ਰਾਣਾ ਫ਼ਿਰੋਜ਼ਪੁਰ, ਭੁਪਿੰਦਰ ਦਸੂਹਾ, ਕਰਮ ਸਿੰਘ ਰਾਜੌਕੇ ਪੱਟਣ, ਜਗਤਾਰ ਸਾਹਪੁਰ, ਭੁਪਿੰਦਰ ਸਿੰਘ ਸਾਧੋਹੇੜੀ ਆਦਿ ਹਾਜ਼ਰ ਸਨ।

# ਬੈਂਕ 'ਚੋਂ ਨਿਕਲੀ ਔਰਤ ਦਾ ਪਰਸ ਖੋਹਿਆ

## ਨਕਾਬਪੋਸ਼ ਲੁਟੇਰਿਆਂ ਦੀ ਭਾਲ ਜਾਰੀ : ਥਾਣਾ ਮੁਖੀ

**ਰਾਏਕੋਟ (ਸੰਤੋਖ ਗਿੱਲ)**-ਨੇੜਲੇ ਕਸਬਾ ਗੁਰੂਸਰ ਸੁਧਾਰ ਵਿਖੇ ਸ਼ੁੱਕਰਵਾਰ ਦਿਨ ਦਿਹਾੜੇ ਬੈਂਕ 'ਚੋਂ ਨਕਦੀ ਲੈ ਕੇ ਬਜ਼ਾਰ ਵੱਲ ਜਾ ਰਹੀ ਔਰਤ ਤੋਂ ਮੋਟਰਸਾਈਕਲ ਸਵਾਰ ਦੋ ਨਕਾਬਪੋਸ਼ ਲੁਟੇਰੇ ਪਰਸ ਖੋਹ ਕੇ ਫ਼ਰਾਰ ਹੋ ਗਏ।ਥਾਣਾ ਸੁਧਾਰ ਦੀ ਪੁਲਸ ਵੱਲੋਂ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਕਰਮਜੀਤ ਕੌਰ ਵਾਸੀ ਲੁਧਿਆਣਾ-ਬਠਿੰਡਾ ਰਾਜ-ਮਾਰਗ ਉਪਰ ਖ਼ਾਲਸਾ ਕਾਲਜ ਨੇੜੇ ਐੱਚ.ਡੀ.ਐੱਫ.ਸੀ. ਬੈਂਕ 'ਚੋਂ 10 ਹਜ਼ਾਰ ਰੁਪਏ ਕਢਵਾ ਕੇ ਬਜ਼ਾਰ ਵੱਲ ਜਾ ਰਹੀ ਸੀ ਕਿ ਪਿੱਛੇ ਤੋਂ ਆਏ ਲੁਟੇਰਿਆਂ ਨੇ ਉਸ ਨੂੰ ਨਿਸ਼ਾਨਾ ਬਣਾਇਆ। ਨਕਦੀ ਵਾਲੇ ਪਰਸ ਦੇ ਝਪਟ ਦੌਰਾਨ ਉਸ ਦਾ ਮੋਬਾਈਲ ਫ਼ੋਨ ਸੜਕ 'ਤੇ ਡਿੱਗ ਪਿਆ, ਮੌਕੇ ਦਾ ਲਾਭ ਉਠਾ ਕੇ ਫ਼ਰਾਰ ਹੋਣ ਵਿੱਚ ਕਾਮਯਾਬ ਹੋ ਗਏ।ਥਾਣਾ ਸੁਧਾਰ ਦੇ ਮੁਖੀ ਨੇ ਦੱਸਿਆ ਕਿ ਪੁਲਸ ਅਧਿਕਾਰੀਆਂ ਅਨੁਸਾਰ ਵਾਰਦਾਤ ਵਾਲੀ ਥਾਂ ਤੋਂ ਇਲਾਵਾ ਬੈਂਕ ਤੇ ਆਸ-ਪਾਸ ਲੱਗੇ ਸੀਸੀਟੀਵੀ ਕੈਮਰਿਆਂ ਦੀ ਜਾਂਚ ਕੀਤੀ ਜਾ ਰਹੀ ਹੈ।ਥਾਣਾ ਸੁਧਾਰ ਦੇ ਮੁਖੀ ਕੁਲਵਿੰਦਰ ਸਿੰਘ ਅਨੁਸਾਰ ਕੁਝ ਸ਼ੱਕੀ ਵਿਅਕਤੀਆਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਲੁਟੇਰਿਆਂ ਨੂੰ ਜਲਦ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।ਇਸ ਘਟਨਾ ਤੋਂ ਬਾਅਦ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਹੈ।ਪੀੜਤ ਔਰਤ ਨੇ ਦੱਸਿਆ ਕਿ ਪਰਸ ਵਿੱਚ ਨਕਦੀ ਤੋਂ ਇਲਾਵਾ ਜ਼ਰੂਰੀ ਦਸਤਾਵੇਜ਼ ਵੀ ਸਨ।ਇਸ ਸਬੰਧੀ ਥਾਣਾ ਸੁਧਾਰ ਵਿਖੇ ਮਾਮਲਾ ਦਰਜ ਕਰ ਲਿਆ ਗਿਆ ਹੈ।

# ਝੋਨੇ ਦੀ ਖਰੀਦ ਤੋਂ ਪਹਿਲਾਂ ਮੰਡੀਆਂ 'ਚ ਸਹੂਲਤਾਂ ਯਕੀਨੀ ਬਣਾਉਣ ਦੀ ਮੰਗ



**ਭਵਾਨੀਗੜ੍ਹ (ਰਾਜ ਖੁਰਮੀ)**-ਭਾਰਤੀ ਕਿਸਾਨ ਯੂਨੀਅਨ ਡਕੌਂਦਾ ਬੁਰਜ ਗਿੱਲ ਬਲਾਕ ਭਵਾਨੀਗੜ੍ਹ ਦੀ ਮੀਟਿੰਗ ਬਲਾਕ ਪ੍ਰਧਾਨ ਚਮਕੌਰ ਸਿੰਘ ਭੱਟੀਵਾਲ ਦੀ ਅਗਵਾਈ ਹੇਠ ਹੋਈ।ਮੀਟਿੰਗ ਵਿੱਚ ਯੂਨੀਅਨ ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਗੁਰਮੀਤ ਸਿੰਘ ਭੱਟੀਵਾਲ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਇਸ ਦੌਰਾਨ ਕਿਸਾਨਾਂ ਅਤੇ ਮਜ਼ਦੂਰਾਂ ਨਾਲ ਸਬੰਧਤ ਵੱਖ-ਵੱਖ ਮਸਲਿਆਂ 'ਤੇ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ।ਮੀਟਿੰਗ ਨੂੰ ਸੰਬੋਧਨ ਕਰਦਿਆਂ ਗੁਰਮੀਤ ਸਿੰਘ ਭੱਟੀਵਾਲ ਨੇ ਕਿਹਾ ਕਿ ਝੋਨੇ ਦੀ ਖਰੀਦ ਦਾ ਸੀਜ਼ਨ ਨੇੜੇ ਆ ਰਿਹਾ ਹੈ, ਇਸ ਲਈ ਸਰਕਾਰ ਅਤੇ ਪ੍ਰਸ਼ਾਸਨ ਵੱਲੋਂ ਅਨਾਜ ਮੰਡੀਆਂ ਵਿੱਚ ਪਹਿਲਾਂ ਹੀ ਪੁਖ਼ਤਾ ਪ੍ਰਬੰਧ ਕੀਤੇ ਜਾਣੇ ਚਾਹੀਦੇ ਹਨ।ਉਨ੍ਹਾਂ ਮੰਗ ਕੀਤੀ ਕਿ ਮੰਡੀਆਂ ਦੀ ਸਫ਼ਾਈ, ਪੀਣ ਵਾਲੇ ਪਾਣੀ ਅਤੇ ਹੋਰ ਬੁਨਿਆਦੀ ਸਹੂਲਤਾਂ ਦਾ ਢੁੱਕਵਾਂ ਪ੍ਰਬੰਧ ਕੀਤਾ ਜਾਵੇ ਅਤੇ ਝੋਨੇ ਦੀ ਖਰੀਦ ਲਈ ਲੋੜੀਂਦੇ ਪ੍ਰਬੰਧ ਸਮੇਂ ਸਿਰ ਮੁਕੰਮਲ ਕੀਤੇ ਜਾਣ।

# ਖੇਡਾਂ ਵਤਨ ਪੰਜਾਬ ਦੀਆਂ 'ਚ ਐਕਮੇ ਸਕੂਲ ਨੇ ਮਾਰੀ ਬਾਜ਼ੀ



**ਜਲਾਲਾਬਾਦ (ਬਲਵਿੰਦਰ ਸਿੰਘ)**-ਬੀਤੇ ਦਿਨੀਂ ਖੇਡਾਂ ਵਤਨ ਪੰਜਾਬ ਦੀਆਂ-2026-27 ਤਹਿਤ ਬਲਾਕ ਪੱਧਰੀ ਖੇਡ ਮੁਕਾਬਲੇ ਜਲਾਲਾਬਾਦ ਦੇ ਖੇਡ ਸਟੇਡੀਅਮ ਵਿੱਚ ਕਰਵਾਏ ਗਏ।ਇਨ੍ਹਾਂ ਮੁਕਾਬਲਿਆਂ ਵਿੱਚ ਐਕਮੇ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੇ ਖਿਡਾਰੀਆਂ ਨੇ ਵੱਖ-ਵੱਖ ਖੇਡਾਂ ਵਿੱਚ ਉਤਸ਼ਾਹ ਨਾਲ ਭਾਗ ਲੈਂਦਿਆਂ ਸ਼ਾਨਦਾਰ ਪ੍ਰਦਰਸ਼ਨ ਕੀਤਾ।ਸਕੂਲ ਦੀ ਅੰਡਰ-21 ਵਰਗ ਲੜਕੀਆਂ ਦੀ ਵਾਲੀਬਾਲ ਟੀਮ ਨੇ ਆਪਣੀ ਬਿਹਤਰੀਨ ਖੇਡ ਦਾ ਪ੍ਰਦਰਸ਼ਨ ਕਰਦਿਆਂ ਪਹਿਲਾ ਸਥਾਨ ਹਾਸਲ ਕੀਤਾ।ਇਸ ਸ਼ਾਨਦਾਰ ਪ੍ਰਦਰਸ਼ਨ ਦੇ ਨਾਲ ਟੀਮ ਨੇ ਜ਼ਿਲ੍ਹਾ ਪੱਧਰ 'ਤੇ ਹੋਣ ਵਾਲੇ ਵਾਲੀਬਾਲ ਮੁਕਾਬਲਿਆਂ ਲਈ ਆਪਣੀ ਥਾਂ ਪੱਕੀ ਕਰ ਲਈ।ਇਸ ਤਰ੍ਹਾਂ ਅੰਡਰ-17 ਵਰਗ ਦੇ ਲੜਕਿਆਂ ਨੇ ਫੁੱਟਬਾਲ ਮੁਕਾਬਲਿਆਂ ਵਿੱਚ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕਰਦਿਆਂ ਦੂਜਾ ਸਥਾਨ ਹਾਸਲ ਕੀਤਾ।ਖਿਡਾਰੀਆਂ ਨੇ ਆਪਣੀ ਖੇਡ ਪ੍ਰਤਿਭਾ ਅਤੇ ਮਿਹਨਤ ਦਾ ਪ੍ਰਦਰਸ਼ਨ ਕਰਕੇ ਸਕੂਲ ਦੇ ਨਾਲ-ਨਾਲ ਆਪਣੇ ਕੋਚ ਰਮਨਦੀਪ ਸਿੰਘ ਦਾ ਨਾਮ ਵੀ ਰੌਸ਼ਨ ਕੀਤਾ।ਖਿਡਾਰੀਆਂ ਦੀ ਇਸ ਪ੍ਰਾਪਤੀ 'ਤੇ ਸਕੂਲ ਦੀ ਪ੍ਰਬੰਧਕ ਕਮੇਟੀ ਅਤੇ ਪ੍ਰਿੰਸੀਪਲ ਡਾ. ਅਰੁਣਾ ਮਿੱਢਾ ਵੱਲੋਂ ਖਿਡਾਰੀਆਂ ਅਤੇ ਕੋਚ ਰਮਨਦੀਪ ਸਿੰਘ ਨੂੰ ਵਧਾਈ ਦਿੱਤੀ ਗਈ ਅਤੇ ਉਨ੍ਹਾਂ ਦੀ ਹੌਸਲਾ-ਅਫ਼ਜ਼ਾਈ ਕੀਤੀ ਗਈ।

# ਸਰਬੱਤ ਦਾ ਭਲਾ ਟਰੱਸਟ ਵੱਲੋਂ ਗਿੱਦੜਬਾਹਾ ਵਿੱਚ ਇਕਾਈ ਸਥਾਪਤ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਡਾਕਟਰ ਐਸ ਪੀ ਸਿੰਘ ਓਬਰਾਏ ਵੱਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੇ ਮੱਦੇਨਜ਼ਰ ਗਿੱਦੜਬਾਹਾ ਸ਼ਹਿਰ ਦੇ ਕੁੱਝ ਵਲੰਟੀਅਰਾਂ ਵੱਲੋਂ ਆਪਣੇ ਆਪ ਨੂੰ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨਾਲ ਜੁੜ ਕੇ ਸੇਵਾ ਕਰਨ ਲਈ ਬੇਨਤੀ ਕੀਤੀ ਗਈ ਸੀ।ਇਸ ਅਰਜ਼ੀ ਨੂੰ ਪ੍ਰਵਾਨ ਕਰਦਿਆਂ ਟਰੱਸਟ ਦੇ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਗਿੱਦੜਬਾਹਾ ਵਿਖੇ ਚਾਹਵਾਨ ਵਲੰਟੀਅਰਾਂ ਨਾਲ ਗੱਲਬਾਤ ਕੀਤੀ ਗਈ ਅਤੇ ਇਨ੍ਹਾਂ ਦੀ ਆਪਸੀ ਸਹਿਮਤੀ ਨਾਲ ਟੀਮ ਦੀ ਚੋਣ ਕੀਤੀ ਗਈ ਹੈ। ਇਸ ਮੌਕੇ ਸ੍ਰੀ ਅਸ਼ੋਕ ਕੁਮਾਰ ਨੂੰ ਪ੍ਰਧਾਨ, ਸ੍ਰੀ ਰਤਨ ਪੰਪਲੀ ਨੂੰ ਸਕੱਤਰ, ਸ੍ਰੀ ਕਪਿਲ ਗੁਪਤਾ ਨੂੰ ਵੱਲੋਂ ਆਏ ਸ੍ਰੀ ਜੇ. ਕੇ. ਗੁਪਤਾ ਨੂੰ ਪ੍ਰੋਜੈਕਟ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ। ਇਨ੍ਹਾਂ ਵੱਲੋਂ ਡਾ ਓਬਰਾਏ ਦਾ ਧੰਨਵਾਦ ਕੀਤਾ ਗਿਆ ਹੈ ਅਤੇ ਉਨ੍ਹਾਂ ਵੱਲੋਂ ਲੋਕ ਭਲਾਈ ਦੇ ਕੰਮਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਪਾਉਣ ਦਾ ਪ੍ਰਣ ਲਿਆ ਗਿਆ। ਇਸ ਉਪਰੰਤ ਜਸਪਾਲ ਸਿੰਘ ਸਿੱਧੂ ਜ਼ਿਲ੍ਹਾ ਪ੍ਰਧਾਨ ਵੱਲੋਂ ਆਏ ਅਰਵਿੰਦਰ ਪਾਲ ਸਿੰਘ ਚਾਹਲ ਜ਼ਿਲ੍ਹਾ ਪ੍ਰਧਾਨ ਦਾ ਵੀ ਧੰਨਵਾਦ ਕੀਤਾ ਗਿਆ। ਇਸ ਮੌਕੇ ਜਸਪਾਲ ਸਿੰਘ ਰਿਟਾ ਚੇਅਰਮੈਨ ਸੀਨੀਅਰ ਮੀਤ ਪ੍ਰਧਾਨ, ਮਲਕੀਤ ਸਿੰਘ ਰਿਟਾ ਬੈਂਕ ਮੈਨੇਜਰ ਮੀਤ ਪ੍ਰਧਾਨ, ਗੁਰਪਾਲ ਸਿੰਘ ਪਾਲੀ ਕੈਸ਼ੀਅਰ, ਜਸਬੀਰ ਸਿੰਘ ਰਿਟਾ ਏ ਐਸ ਆਈ ਪ੍ਰੋਜੈਕਟ ਚੇਅਰਮੈਨ ਅਤੇ ਗਿੱਦੜਬਾਹਾ ਨਿਵਾਸੀ ਹਾਜ਼ਰ ਸਨ।


# ਗੁਰਮਤਿ ਸਮਾਗਮ ਅੱਜ

**ਮੋਗਾ (ਇਕਬਾਲ ਸਿੰਘ ਖਹਿਰਾ)**

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਹਿਲੇ ਪ੍ਰਚਾਰਕ ਤੇ ਅਨਿਨ ਸਿੱਖ ਭਾਈ ਲਾਲੋ ਜੀ ਦਾ ਜਨਮ ਦਿਹਾੜਾ ਗੁਰਦੁਆਰਾ ਵਿਸ਼ਵਕਰਮਾ ਭਵਨ ਕੋਟਕਪੂਰਾ ਬਾਈਪਾਸ ਲੱਡੂ ਦੇ ਆਰੇ ਦੇ ਨਜ਼ਦੀਕ 27 ਸਤੰਬਰ ਐਤਵਾਰ ਨੂੰ ਮਨਾਇਆ ਜਾ ਰਿਹਾ ਹੈ।


ਸਮਾਗਮ ਸਬੰਧੀ ਜਾਣਕਾਰੀ ਦਿੰਦਿਆਂ ਭਾਈ ਲਾਲੋ ਜੀ ਵੈੱਲਫੇਅਰ ਸੋਸਾਇਟੀ ਮੋਗਾ ਦੇ ਜਨਰਲ ਸਕੱਤਰ ਗੁਰਪ੍ਰੀਤਮ ਸਿੰਘ ਚੀਮਾ ਨੇ ਦੱਸਿਆ ਕਿ ਸਮਾਗਮ ਦੌਰਾਨ ਸਹਿਜ ਪਾਠ ਦੇ ਭੋਗ ਪਾਏ ਜਾਣਗੇ, ਗੁਰਬਾਣੀ ਦੇ ਮਨੋਹਰ ਕੀਰਤਨ ਭਾਈ ਹਰਪ੍ਰੀਤ ਸਿੰਘ ਦੇ ਜਥੇ ਤੇ ਕਥਾ ਵਿਚਾਰ ਭਾਈ ਹਰਜੀਤ ਸਿੰਘ ਪ੍ਰਚਾਰਕ ਵੱਲੋਂ ਸਰਵਣ ਕਰਵਾਏ ਜਾਣਗੇ।

# 'ਵੰਦੇ ਮਾਤਰਮ' ਦੀ 150ਵੀਂ ਵਰ੍ਹੇਗੰਢ ਨੂੰ ਸਮਰਪਤ ਸਮੂਹਕ ਗਾਇਨ ਪ੍ਰੋਗਰਾਮ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਸਰਵਹਿਤਕਾਰੀ ਵਿੱਦਿਆ ਮੰਦਰ ਸੀਨੀਅਰ ਸੈਕੰਡਰੀ ਸਕੂਲ ਬੂੜਾ ਗੁੱਜਰ ਰੋਡ ਸ੍ਰੀ ਮੁਕਤਸਰ ਸਾਹਿਬ ਵਿਖੇ 'ਵੰਦੇ ਮਾਤਰਮ' ਦੇ 150ਵੇਂ ਵਰ੍ਹੇਗੰਢ ਨੂੰ ਸਮਰਪਤ ਸਮੂਹਕ ਗਾਇਨ ਪ੍ਰੋਗਰਾਮ ਕਰਵਾਇਆ ਗਿਆ। ਪ੍ਰੋਗਰਾਮ ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਡਾ. ਦਰਸ਼ਨ ਸਿੰਘ ਕਪੂਰ, ਸੇਵਾ ਮੁਕਤ ਇਲੈਕਟ੍ਰੀਕਲ ਇੰਜੀਨੀਅਰ, ਵਾਟਰ ਐਂਡ ਸੈਨੀਟੇਸ਼ਨ ਵਿਭਾਗ ਸ੍ਰੀ ਮੁਕਤਸਰ ਸਾਹਿਬ ਨੇ ਸ਼ਿਰਕਤ ਕੀਤੀ।ਇਸ ਮੌਕੇ ਵਿਸ਼ਾ ਮਾਹਿਰ ਸ੍ਰੀਮਾਨ ਰਾਜੀਵ ਚੁੱਘ ਪ੍ਰਿੰਸੀਪਲ ਡੀ.ਏ.ਵੀ. ਸੀਨੀਅਰ ਸੈਕੰਡਰੀ ਸਕੂਲ ਸ੍ਰੀ ਮੁਕਤਸਰ ਸਾਹਿਬ ਵੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਉਨ੍ਹਾਂ ਦੀ ਮੌਜੂਦਗੀ ਨੇ ਸਮਾਗਮ ਦੀ ਮਹੱਤਤਾ ਨੂੰ ਹੋਰ ਵਧਾਇਆ ਤੇ ਵਿਦਿਆਰਥੀਆਂ ਨੂੰ ਰਾਸ਼ਟਰੀ ਭਾਵਨਾਵਾਂ ਨਾਲ ਜੁੜਨ ਦਾ ਮੌਕਾ ਪ੍ਰਦਾਨ ਕੀਤਾ। ਸਮਾਗਮ ਦੀ ਸ਼ੁਰੂਆਤ ਦੀਪ ਜਗਾਉਣ ਦੀ ਰਸਮ ਨਾਲ ਕੀਤੀ ਗਈ।ਇਸ ਉਪਰੰਤ 'ਵੰਦੇ ਮਾਤਰਮ' ਦੇ ਇਤਿਹਾਸ, ਇਸ ਦੀ ਮਹੱਤਤਾ ਤੇ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਵਿੱਚ ਇਸ ਦੇ ਯੋਗਦਾਨ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ। ਵਿਦਿਆਰਥੀਆਂ ਵੱਲੋਂ ਪੂਰੇ ਉਤਸ਼ਾਹ ਤੇ ਸ਼ਰਧਾ ਨਾਲ 'ਵੰਦੇ ਮਾਤਰਮ' ਦਾ ਸਮੂਹਕ ਗਾਇਨ ਕੀਤਾ ਗਿਆ।ਇਸ ਮੌਕੇ ਸਕੂਲ ਦੇ ਪ੍ਰਧਾਨ ਸ੍ਰੀਮਾਨ ਬੀਰਬਲ ਸ਼ਰਮਾ ਤੇ ਮੈਨੇਜਰ ਡਾ. ਅਜੇ ਛਾਬੜਾ ਸਮੇਤ ਮੈਨੇਜਮੈਂਟ ਕਮੇਟੀ ਦੇ ਮੈਂਬਰਾਂ ਨੇ ਵੀ ਆਪਣੀ ਹਾਜ਼ਰੀ ਦਰਜ ਕਰਵਾਈ।ਇਸ ਮੌਕੇ ਵਿਦਿਆਰਥੀਆਂ ਦੇ ਮਾਪਿਆਂ ਨੇ ਵੀ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ।ਸਕੂਲ ਪ੍ਰਿੰਸੀਪਲ ਬਿੰਦਰਪਾਲ ਕੌਰ ਨੇ ਆਏ ਹੋਏ ਮਹਿਮਾਨਾਂ, ਮੈਨੇਜਮੈਂਟ ਕਮੇਟੀ ਦੇ ਮੈਂਬਰਾਂ, ਮਾਪਿਆਂ ਤੇ ਸਮੂਹ ਸਟਾਫ਼ ਦਾ ਧੰਨਵਾਦ ਕਰਦਿਆਂ ਕਿਹਾ ਕਿ 'ਵੰਦੇ ਮਾਤਰਮ' ਸਿਰਫ਼ ਇੱਕ ਗੀਤ ਨਹੀਂ, ਸਗੋਂ ਦੇਸ਼ ਪ੍ਰਤੀ ਪਿਆਰ, ਸਤਿਕਾਰ ਤੇ ਸਮਰਪਣ ਦੀ ਇੱਕ ਮਹਾਨ ਭਾਵਨਾ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਸਕੂਲ ਦਾ ਉਦੇਸ਼ ਵਿਦਿਆਰਥੀਆਂ ਨੂੰ ਸਿੱਖਿਆ ਦੇ ਨਾਲ-ਨਾਲ ਨੈਤਿਕ ਕਦਰਾਂ-ਕੀਮਤਾਂ, ਦੇਸ਼ਭਗਤੀ ਤੇ ਸਮਾਜਿਕ ਜ਼ਿੰਮੇਵਾਰੀ ਦੀ ਸਿੱਖਿਆ ਦੇਣਾ ਹੈ, ਤਾਂ ਜੋ ਉਹ ਭਵਿੱਖ ਵਿੱਚ ਦੇਸ਼ ਦੇ ਜਾਗਰੂਕ ਤੇ ਜ਼ਿੰਮੇਵਾਰ ਨਾਗਰਿਕ ਬਣ ਸਕਣ।ਪ੍ਰੋਗਰਾਮ ਦੌਰਾਨ ਮੰਚ ਸੰਚਾਲਨ ਦੀ ਭੂਮਿਕਾ ਸ੍ਰੀਮਤੀ ਆਸ਼ਾ ਰਾਣੀ ਤੇ ਸ੍ਰੀਮਤੀ ਮੀਨਾਕਸ਼ੀ ਵੱਲੋਂ ਬਾਖ਼ੂਬੀ ਨਿਭਾਈ ਗਈ।

# ਰੋਟਰੀ ਕਲੱਬ ਸਮਾਣਾ ਵੱਲੋਂ ਵਿਸ਼ੇਸ਼ ਯੋਗ ਕੈਂਪ



**ਸਮਾਣਾ (ਗੁਰਪਿਆਰ ਸਿੰਘ ਬੱਲ, ਇਕਬਾਲ ਸਿੰਘ ਬੱਲ)**-ਯੋਗਾ ਅਚਾਰੀਆ ਸ਼ਿਵ ਕੁਮਾਰ ਨੂੰ ਯੋਗ ਕਰਵਾਉਂਦਿਆਂ ਅੱਜ 20 ਸਾਲ ਪੂਰੇ ਹੋ ਗਏ ਹਨ।ਇਸ ਸ਼ੁਭ ਅਵਸਰ ਨੂੰ ਯਾਦਗਾਰੀ ਬਣਾਉਣ ਲਈ ਰੋਟਰੀ ਕਲੱਬ ਸਮਾਣਾ ਵੱਲੋਂ ਪ੍ਰਧਾਨ ਸ੍ਰੀ ਮੁਨੀਸ਼ ਗੁਪਤਾ ਦੀ ਅਗਵਾਈ ਹੇਠ ਯੋਗਾ ਅਚਾਰੀਆ ਸ਼ਿਵ ਕੁਮਾਰ ਨੂੰ ਸਮਰਪਤ ਇੱਕ ਵਿਸ਼ੇਸ਼ ਯੋਗ ਕੈਂਪ ਚਿਲਡਰਨ ਮੈਮੋਰੀਅਲ ਪਾਰਕ ਸਮਾਣਾ ਵਿਖੇ ਲਗਾਇਆ ਗਿਆ।ਇਸ ਕੈਂਪ ਵਿੱਚ ਮੁੱਖ ਮਹਿਮਾਨ ਵਜੋਂ ਰੋਟਰੀ ਡਿਸਟ੍ਰਿਕਟ ਗਵਰਨਰ ਰੋਟੇਰੀਅਨ ਸ੍ਰੀ ਅਮਿਤ ਸੀ.ਏ. ਤੇ ਵਿਸ਼ੇਸ਼ ਮਹਿਮਾਨ ਵਜੋਂ ਨਗਰ ਕੌਂਸਲ ਸਮਾਣਾ ਦੇ ਪ੍ਰਧਾਨ ਸ੍ਰੀ ਕਪੂਰ ਚੰਦ ਬਾਂਸਲ ਸ਼ਾਮਲ ਹੋਏ।ਕੈਂਪ ਦੀ ਸ਼ੁਰੂਆਤ ਮੌਕੇ ਰੋਟਰੀ ਕਲੱਬ ਸਮਾਣਾ ਦੇ ਪ੍ਰਧਾਨ ਸ੍ਰੀ ਮੁਨੀਸ਼ ਗੁਪਤਾ ਤੇ ਹੋਰ ਮੈਂਬਰਾਂ ਵੱਲੋਂ ਯੋਗਾ ਮੰਤਰਾਂ ਦਾ ਉਚਾਰਨ ਕੀਤਾ ਗਿਆ।ਕੈਂਪ ਦੀ ਸਮਾਪਤੀ ਉਪਰੰਤ ਯੋਗਾ ਅਚਾਰੀਆ ਸ਼ਿਵ ਕੁਮਾਰ, ਗਵਰਨਰ ਸ੍ਰੀ ਅਮਿਤ ਸੀ.ਏ. ਤੇ ਨਗਰ ਕੌਂਸਲ ਪ੍ਰਧਾਨ ਸ੍ਰੀ ਕਪੂਰ ਚੰਦ ਬਾਂਸਲ ਨੂੰ ਸਨਮਾਨਤ ਕੀਤਾ ਗਿਆ ਤੇ ਸ਼ਿਵ ਕੁਮਾਰ ਦੀਆਂ 20 ਸਾਲਾਂ ਦੀਆਂ ਨਿਰਸਵਾਰਥ ਯੋਗ ਸੇਵਾਵਾਂ ਦੀ ਸ਼ਲਾਘਾ ਕੀਤੀ ਗਈ।ਇਸ ਮੌਕੇ ਯੋਗਾ ਟ੍ਰੇਨਰ ਮੈਡਮ ਸੋਨੀਆ ਸੋਢੀ, ਸਤੀਸ਼ ਗੋਗੀਆ, ਨੰਦ ਕਿਸ਼ੋਰ ਤੋਂ ਇਲਾਵਾ ਰੋਟਰੀ ਕਲੱਬ ਦੇ ਹੋਰ ਅਹੁਦੇਦਾਰ, ਵੱਡੀ ਗਿਣਤੀ ਵਿੱਚ ਯੋਗ ਸਿਖਿਆਰਥੀ ਤੇ ਸ਼ਹਿਰ ਦੇ ਪਤਵੰਤੇ ਸੱਜਣ ਹਾਜ਼ਰ ਰਹੇ।


# ਕਿਰਤੀ ਕਾਲਜ 'ਚ ਮਨਾਇਆ ਐੱਨ ਐੱਸ ਐੱਸ ਦਿਵਸ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਸਰਕਾਰੀ ਕਿਰਤੀ ਕਾਲਜ ਨਿਆਲ ਪਾਤੜਾਂ ਵਿਖੇ ਪ੍ਰਿੰਸੀਪਲ ਡਾ. ਗਗਨਦੀਪ ਚੀਮਾ ਦੀ ਰਹਿਨੁਮਾਈ ਹੇਠ ਕਾਲਜ ਦੇ ਐੱਨ ਐੱਸ ਐੱਸ ਵਿਭਾਗ ਵੱਲੋਂ ਤੇ ਐੱਨ ਐੱਸ ਐੱਸ ਯੂਨਿਟ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਚੁਨਾਗਰਾ ਵੱਲੋਂ ਸਾਂਝੇ ਤੌਰ 'ਤੇ ਐੱਨ ਐੱਸ ਐੱਸ ਦਿਵਸ ਮਨਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਕਾਲਜ ਸ਼ਬਦ ਤੇ ਐੱਨ ਐੱਨ ਐੱਸ ਦੇ ਗੀਤ ਨਾਲ ਕਰਨ ਮਗਰੋਂ ਪ੍ਰੋਗਰਾਮ ਅਫਸਰ ਪ੍ਰੋ. ਜਗਦੀਸ਼ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਾਮਲ ਸ੍ਰੀਮਤੀ ਸੁਖਜੀਤ ਕੌਰ ਸੇਵਾ ਮੁਕਤ ਸੀਨੀਅਰ ਸਹਾਇਕ ਉਚੇਰੀ ਸਿੱਖਿਆ ਵਿਭਾਗ, ਕਾਲਜ ਪ੍ਰਿੰਸੀਪਲ, ਸਮੂਹ ਸਟਾਫ ਤੇ ਵਿਦਿਆਰਥੀਆਂ ਨੂੰ ਜੀ ਆਇਆਂ ਆਖਿਆ।ਪ੍ਰੋਗਰਾਮ ਅਫਸਰ ਸਮਸ ਚੁਨਾਗਰਾ, ਲਵਕੇਸ਼ ਕੁਮਾਰ ਨੇ ਵਿਦਿਆਰਥੀਆਂ ਨੂੰ ਐੱਨ ਐੱਸ ਐੱਸ ਦੇ ਵੱਖ ਵੱਖ ਰਾਜ ਪੱਧਰੀ ਤੇ ਕੌਮਾਂਤਰੀ ਕੈਂਪਾਂ ਬਾਰੇ ਅਤੇ ਮਾਈ ਭਾਰਤ ਪੋਰਟਲ ਬਾਰੇ ਜਾਣਕਾਰੀ ਦਿੱਤੀ ਅਤੇ ਉਸ ਉੱਪਰ ਹੋਣ ਵਾਲੀਆਂ ਵੱਖ-ਵੱਖ ਗਤੀਵਿਧੀਆਂ ਬਾਰੇ ਦੱਸਿਆ।ਕਾਲਜ ਤੇ ਚੁਨਾਗਰਾ ਸਕੂਲ ਦੇ ਵਲੰਟੀਅਰਸ ਨੇ ਆਪਣੀ ਕਲਾ ਦਾ ਪ੍ਰਦਰਸ਼ਨ ਕਰਦੇ ਹੋਏ ਕੋਰੀਓਗ੍ਰਾਫੀ, ਲੋਕ ਨਾਚ ਗਿੱਧਾ ਤੇ ਗੀਤਾਂ ਦੀ ਪੇਸ਼ਕਾਰੀ ਕੀਤੀ।ਮੁੱਖ ਮਹਿਮਾਨ ਸ੍ਰੀਮਤੀ ਸੁਖਜੀਤ ਕੌਰ ਨੇ ਕਿਹਾ ਕਿ ਵਿਦਿਆਰਥੀ ਨੂੰ ਬਗੈਰ ਕਿਸੇ ਭੇਦ ਭਾਵ ਤੋਂ ਸਮਾਜ ਸੇਵਾ ਕਰਨੀ ਚਾਹੀਦੀ ਹੈ। ਮੁੱਖ ਮਹਿਮਾਨ ਵੱਲੋਂ ਕਾਲਜ ਨੂੰ 21000 ਦੀ ਸਹਾਇਤਾ ਰਾਸ਼ੀ ਦਿੱਤੀ ਗਈ। ਪ੍ਰਿੰਸੀਪਲ ਡਾ. ਗਗਨਦੀਪ ਚੀਮਾ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਕਿਹਾ ਕਿ ਕੌਮੀ ਸੇਵਾ ਯੋਜਨਾ ਦਾ ਮੁੱਖ ਮਨੋਰਥ ਕਿਸੇ ਵੀ ਵਿੱਦਿਅਕ ਸੰਸਥਾ ਵਿੱਚ ਸਿੱਖਿਆ ਦੇ ਨਾਲ ਨਾਲ ਵਿਦਿਆਰਥੀਆਂ ਵਿੱਚ ਭਾਈਚਾਰਕ ਤੇ ਸਮਾਜਿਕ ਸੇਵਾ ਦੀ ਭਾਵਨਾ ਉਜਾਗਰ ਕਰਨਾ ਹੈ।ਪ੍ਰੋਗਰਾਮ ਅਫਸਰ ਪ੍ਰੋ: ਹਰਮੀਤ ਸਿੰਘ ਨੇ ਸ਼੍ਰੀਮਤੀ ਸੁਖਜੀਤ ਕੌਰ, ਪ੍ਰਿੰਸੀਪਲ ਡਾ. ਗਗਨਦੀਪ ਚੀਮਾ, ਪ੍ਰੋਗਰਾਮ ਅਫਸਰ ਲਵਕੇਸ਼ ਕੁਮਾਰ, ਸਮੂਹ ਸਟਾਫ ਤੇ ਵਲੰਟੀਅਰਜ਼ ਦਾ ਰਸਮੀ ਤੌਰ 'ਤੇ ਧੰਨਵਾਦ ਕੀਤਾ। ਮੰਚ ਦਾ ਸੰਚਾਲਨ ਮਨਪ੍ਰੀਤ ਕੌਰ ਤੇ ਅਰਸ਼ਪ੍ਰੀਤ ਕੌਰ ਵੱਲੋਂ ਕੀਤਾ ਗਿਆ। ਇਸ ਮੌਕੇ ਡਾ. ਜਸਵਿੰਦਰ ਸ਼ਰਮਾ, ਪ੍ਰੋ. ਰਮਨਜੀਤ ਕੌਰ ਹਾਜ਼ਰ ਸਨ।




# ਸੂਰਜ ਚੜ੍ਹਨ ਤੋਂ ਪਹਿਲਾਂ ਹੀ ਕੂੜੇ ਦੇ ਢੇਰਾਂ 'ਚੋਂ ਰੋਟੀ ਲੱਭਦੇ ਮਾਸੂਮ ਬੱਚੇ



**ਬਰੇਟਾ (ਗੀਤਵਾਲ)**-ਜਦੋਂ ਸ਼ਹਿਰ ਦੇ ਬਹੁਤੇ ਲੋਕ ਅਜੇ ਨੀਂਦ ਦੀ ਗੋਦ ਵਿੱਚ ਹੁੰਦੇ ਹਨ, ਉਸ ਵੇਲੇ ਕੁਝ ਛੋਟੇ-ਛੋਟੇ ਬੱਚੇ ਆਪਣੇ ਮੋਢਿਆਂ 'ਤੇ ਬੋਰੀਆਂ ਲਟਕਾ ਕੇ ਗਲੀਆਂ, ਬਜ਼ਾਰਾਂ ਤੇ ਸੜਕਾਂ 'ਤੇ ਨਿਕਲ ਪੈਂਦੇ ਹਨ।ਇਨ੍ਹਾਂ ਦੀ ਮੰਜ਼ਿਲ ਨਾ ਸਕੂਲ ਹੈ, ਨਾ ਖੇਡ ਦਾ ਮੈਦਾਨ, ਸਗੋਂ ਕੂੜੇ ਦੇ ਢੇਰ, ਜਿੱਥੋਂ ਇਹ ਰੱਦੀ ਕਾਗਜ਼, ਪਲਾਸਟਿਕ ਤੇ ਹੋਰ ਵਿਕਣਯੋਗ ਚੀਜ਼ਾਂ ਚੁਗਦੇ ਹਨ।ਢਿੱਡ ਦੀ ਭੁੱਖ ਇਨ੍ਹਾਂ ਬੱਚਿਆਂ ਨੂੰ ਇਸ ਉਮਰ ਵਿੱਚ ਹੀ ਮਿਹਨਤ-ਮਜ਼ਦੂਰੀ ਦੇ ਰਾਹ ਪਾ ਦਿੰਦੀ ਹੈ, ਜਦੋਂ ਉਨ੍ਹਾਂ ਦੇ ਹੱਥਾਂ ਵਿੱਚ ਕਿਤਾਬਾਂ ਹੋਣੀਆਂ ਚਾਹੀਦੀਆਂ ਸਨ।ਦਿਨ ਭਰ ਦੀ ਮਿਹਨਤ ਤੋਂ ਬਾਅਦ ਇਕੱਠਾ ਕੀਤਾ ਰੱਦੀ ਮਾਲ ਕਬਾੜੀਆਂ ਨੂੰ ਵੇਚ ਕੇ ਮਸਾਂ ਹੀ ਕੁਝ ਰੁਪਏ ਮਿਲਦੇ ਹਨ, ਜਿਸ ਨਾਲ ਇਹ ਆਪਣੇ ਤੇ ਆਪਣੇ ਪਰਿਵਾਰ ਦੇ ਪੇਟ ਦੀ ਅੱਗ ਬੁਝਾਉਣ ਦੀ ਕੋਸ਼ਿਸ਼ ਕਰਦੇ ਹਨ।ਸਮਾਜ ਸੇਵੀ ਲੋਕਾਂ ਦਾ ਕਹਿਣਾ ਹੈ ਕਿ ਬਾਲ ਮਜ਼ਦੂਰੀ ਰੋਕਣ ਲਈ ਕਾਨੂੰਨ ਹੋਣ ਦੇ ਬਾਵਜੂਦ ਗਰੀਬੀ, ਬੇਰੁਜ਼ਗਾਰੀ ਤੇ ਸਿੱਖਿਆ ਦੀ ਘਾਟ ਕਾਰਨ ਅਜਿਹੇ ਬੱਚੇ ਸਕੂਲਾਂ ਦੀ ਬਜਾਏ ਸੜਕਾਂ 'ਤੇ ਨਜ਼ਰ ਆਉਂਦੇ ਹਨ।ਲੋੜ ਹੈ ਕਿ ਪ੍ਰਸ਼ਾਸਨ ਤੇ ਸਮਾਜ ਮਿਲ ਕੇ ਇਨ੍ਹਾਂ ਮਾਸੂਮਾਂ ਨੂੰ ਸਿੱਖਿਆ ਤੇ ਬਿਹਤਰ ਜੀਵਨ ਵੱਲ ਲਿਆਉਣ ਲਈ ਠੋਸ ਕਦਮ ਚੁੱਕੇ, ਤਾਂ ਜੋ ਆਉਣ ਵਾਲੀ ਪੀੜ੍ਹੀ ਦਾ ਬਚਪਨ ਕੂੜੇ ਦੇ ਢੇਰਾਂ ਵਿੱਚ ਨਾ ਗੁਆਚੇ।

# 4 ਵਿਸ਼ਾਲ ਸ਼ੋਭਾ ਯਾਤਰਾਵਾਂ ਕੱਢੇਗੀ ਸਰਕਾਰ : ਪ੍ਰਭਬੀਰ ਸਿੰਘ ਬਰਾੜ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪਨਸਪ ਦੇ ਚੇਅਰਮੈਨ ਸ. ਪ੍ਰਭਬੀਰ ਸਿੰਘ ਬਰਾੜ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਦੇਸ਼ ਭਰ ਦੇ ਪ੍ਰਮੁੱਖ ਧਾਰਮਿਕ ਅਤੇ ਇਤਿਹਾਸਕ ਅਸਥਾਨਾਂ ਨੂੰ ਸ੍ਰੀ ਖੁਰਾਲਗੜ੍ਹ ਸਾਹਿਬ ਨਾਲ ਜੋੜਨ ਲਈ ਚਾਰ ਵਿਸ਼ਾਲ ਸ਼ੋਭਾ ਯਾਤਰਾਵਾਂ ਕੱਢੀਆਂ ਜਾਣਗੀਆਂ।ਉਨ੍ਹਾਂ ਕਿਹਾ ਕਿ ਇਨ੍ਹਾਂ ਸ਼ੋਭਾ ਯਾਤਰਾਵਾਂ ਦਾ ਮੁੱਖ ਉਦੇਸ਼ ਸ੍ਰੀ ਗੁਰੂ ਰਵਿਦਾਸ ਦੀਆਂ ਸਰਬ ਸਾਂਝੀਆਂ ਸਿੱਖਿਆਵਾਂ, ਪਵਿੱਤਰ ਬਾਣੀ ਅਤੇ ਬਰਾਬਰਤਾ, ਪ੍ਰੇਮ ਤੇ ਆਪਸੀ ਭਾਈਚਾਰੇ ਦੇ ਸੰਦੇਸ਼ ਨੂੰ ਘਰ-ਘਰ ਪਹੁੰਚਾਉਣਾ ਹੈ।ਬਰਾੜ ਨੇ ਦੱਸਿਆ ਕਿ ਪਹਿਲੀ ਸ਼ੋਭਾ ਯਾਤਰਾ 30 ਨਵੰਬਰ ਨੂੰ ਵਾਰਾਨਸੀ (ਕਾਸ਼ੀ) ਤੋਂ ਸ਼ੁਰੂ ਹੋ ਕੇ ਕਾਨਪੁਰ, ਦਿੱਲੀ, ਅੰਬਾਲਾ, ਮੋਹਾਲੀ ਅਤੇ ਰੂਪਨਗਰ ਰਾਹੀਂ 3 ਦਸੰਬਰ ਨੂੰ ਸ੍ਰੀ ਖੁਰਾਲਗੜ੍ਹ ਸਾਹਿਬ ਪਹੁੰਚੇਗੀ।ਦੂਜੀ ਸ਼ੋਭਾ ਯਾਤਰਾ 2 ਦਸੰਬਰ ਨੂੰ ਫਰੀਦਕੋਟ ਤੋਂ ਰਵਾਨਾ ਹੋ ਕੇ ਫਿਰੋਜ਼ਪੁਰ, ਮੋਗਾ, ਲੁਧਿਆਣਾ, ਸ਼ਹੀਦ ਭਗਤ ਸਿੰਘ ਨਗਰ ਅਤੇ ਗੜ੍ਹਸ਼ੰਕਰ ਰਾਹੀਂ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਪਹੁੰਚੇਗੀ।ਤੀਜੀ ਸ਼ੋਭਾ ਯਾਤਰਾ 1 ਦਸੰਬਰ ਨੂੰ ਬਠਿੰਡਾ ਤੋਂ ਸ਼ੁਰੂ ਹੋ ਕੇ ਬਰਨਾਲਾ, ਮਾਨਸਾ, ਲਹਿਰਾਗਾਗਾ, ਸੰਗਰੂਰ, ਪਟਿਆਲਾ, ਫਤਹਿਗੜ੍ਹ ਸਾਹਿਬ, ਮੋਰਿੰਡਾ ਅਤੇ ਰੂਪਨਗਰ ਰਾਹੀਂ 3 ਦਸੰਬਰ ਨੂੰ ਸ੍ਰੀ ਖੁਰਾਲਗੜ੍ਹ ਸਾਹਿਬ ਪਹੁੰਚੇਗੀ।ਚੌਥੀ ਸ਼ੋਭਾ ਯਾਤਰਾ 30 ਨਵੰਬਰ ਨੂੰ ਜੰਮੂ ਤੋਂ ਸ਼ੁਰੂ ਹੋ ਕੇ ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਤਰਨ ਤਾਰਨ, ਕਪੂਰਥਲਾ, ਜਲੰਧਰ ਅਤੇ ਹੁਸ਼ਿਆਰਪੁਰ ਰਾਹੀਂ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਪਹੁੰਚੇਗੀ।ਚੇਅਰਮੈਨ ਨੇ ਕਿਹਾ ਕਿ ਚਾਰੋਂ ਸ਼ੋਭਾ ਯਾਤਰਾਵਾਂ ਦੇ 3 ਦਸੰਬਰ ਨੂੰ ਸ੍ਰੀ ਖੁਰਾਲਗੜ੍ਹ ਸਾਹਿਬ ਪਹੁੰਚਣ ਉਪਰੰਤ ਵਿਸ਼ਾਲ ਧਾਰਮਿਕ ਸਮਾਗਮ ਕਰਵਾਏ ਜਾਣਗੇ।4 ਦਸੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਹੋਵੇਗੀ ਅਤੇ 6 ਦਸੰਬਰ ਨੂੰ ਭੋਗ ਪਾਏ ਜਾਣਗੇ।

# ਬਾਬਾ ਮਿੱਠੂ ਸ਼ਾਹ ਦਰਬਾਰ ਦੇ ਮੁੱਖ ਸੇਵਾਦਾਰ ਬਾਬਾ ਸੇਵਾ ਸਿੰਘ ਦੀ ਬਰਸੀ ਮਨਾਈ



**ਮੱਖੂ (ਰਛਪਾਲ ਸਿੰਘ ਸੰਧੂ)**-ਧੰਨ ਧੰਨ ਪੀਰ ਬਾਬਾ ਮਿੱਠੂ ਸ਼ਾਹ ਦਰਬਾਰ ਦੇ ਮੁੱਖ ਸੇਵਾਦਾਰ ਬਾਬਾ ਸੇਵਾ ਸਿੰਘ ਦੀ 11ਵੀਂ ਸਾਲਾਨਾ ਬਰਸੀ ਸੰਗਤ ਵੱਲੋਂ ਮੁੱਖ ਸੇਵਾਦਾਰ ਬਾਬਾ ਰਾਜਿੰਦਰ ਸਿੰਘ ਦੀ ਅਗਵਾਈ ਹੇਠ ਬਹੁਤ ਹੀ ਸ਼ਰਧਾ ਨਾਲ ਮਨਾਈ ਗਈ।ਇਸ ਮੌਕੇ ਵੱਡੀ ਗਿਣਤੀ ਵਿੱਚ ਸੰਗਤ ਵੱਲੋਂ ਦਰਗਾਹ 'ਤੇ ਹਾਜ਼ਰੀ ਲਵਾ ਕੇ ਆਪਣਾ ਜੀਵਨ ਸਫਲ ਬਣਾਇਆ ਗਿਆ।ਇਸ ਮੌਕੇ ਬਾਬਾ ਨਸੀਬ ਮੁੱਖ ਸੇਵਾਦਾਰ ਦਰਗਾਹ ਮੁੰਡੀ ਛੁਰੀ ਮਾਰਾਂ ਵੱਲੋਂ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਸੰਗਤ ਨੂੰ ਅਸ਼ੀਰਵਾਦ ਦਿੱਤਾ ਗਿਆ।ਇਸ ਮੌਕੇ ਵਿਧਾਇਕ ਨਰੇਸ਼ ਕਟਾਰੀਆ, ਵਿਜੇ ਕਾਲੜਾ ਪ੍ਰਧਾਨ ਫੈਡਰੇਸ਼ਨ ਆਫ ਆੜ੍ਹਤੀਆ ਐਸੋਸੀਏਸ਼ਨ ਪੰਜਾਬ, ਸ਼੍ਰੋਮਣੀ ਅਕਾਲੀ ਦਲ ਹਲਕਾ ਜ਼ੀਰਾ ਦੇ ਇੰਚਾਰਜ ਹਰਪ੍ਰੀਤ ਸਿੰਘ ਹੀਰੋ, ਭਾਰਤੀ ਜਨਤਾ ਪਾਰਟੀ ਜ਼ਿਲ੍ਹਾ ਫਿਰੋਜ਼ਪੁਰ ਦੇ ਸਾਬਕਾ ਪ੍ਰਧਾਨ ਅਵਤਾਰ ਸਿੰਘ ਜ਼ੀਰਾ, ਭਾਜਪਾ ਜਿਲ੍ਹਾ ਫਿਰੋਜ਼ਪੁਰ ਦੇ ਮੀਤ ਪ੍ਰਧਾਨ ਸੰਦੀਪ ਸਚਦੇਵਾ, ਦਿਵਿਆਂਗ ਸ਼ਕਤੀ ਸੈਲ ਪੰਜਾਬ ਦੇ ਕਨਵੀਨਰ ਡਾ. ਰਾਜੀਵ ਆਹੂਜਾ, ਰਾਜੀਵ ਕਪੂਰ ਕਨਵੀਨਰ ਨਮੋ ਐਪ ਜ਼ਿਲ੍ਹਾ ਫਿਰੋਜ਼ਪੁਰ, ਨਸੀਬ ਸਿੰਘ ਸੇਖੋਂ, ਵਰਿੰਦਰ ਠੁਕਰਾਲ ਸਾਬਕਾ ਪ੍ਰਧਾਨ ਨਗਰ ਪੰਚਾਇਤ ਮੱਖੂ, ਮਨਜਿੰਦਰ ਸਿੰਘ ਕੌਂਸਲਰ, ਡਾ. ਰਾਜੀਵ ਆਹੂਜਾ ਰਵੀ, ਪਵਨ ਕਟਾਰੀਆ, ਮਹਿਕਦੀਪ ਸਿੰਘ ਜ਼ੀਰਾ, ਮਹਿੰਦਰ ਮਦਾਨ ਸਾਬਕਾ ਪ੍ਰਧਾਨ ਨਗਰ ਪੰਚਾਇਤ ਮੱਖੂ, ਸ਼ਿਵ ਸਾਗਰ ਸ਼ਰਮਾ ਪ੍ਰਧਾਨ ਕਾਂਗਰਸ ਕਮੇਟੀ ਬਲਾਕ ਮੱਖੂ ਸ਼ਹਿਰੀ, ਐਡਵੋਕੇਟ ਵਿਕਰਮ ਕਪੂਰ, ਸਾਬਕਾ ਕੌਂਸਲਰ ਨਰਿੰਦਰ ਮਹਿਤਾ, ਰਵੀ ਚੋਪੜਾ ਆਦਿ ਵੱਲੋਂ ਹਾਜ਼ਰੀ ਲਵਾਈ।ਇਸ ਮੌਕੇ ਬਾਬਾ ਨਸੀਬ, ਬਾਬਾ ਰਾਜਿੰਦਰ ਸਿੰਘ ਅਤੇ ਹੋਰ ਸੰਗਤ ਵੱਲੋਂ ਦਰਗਾਹ 'ਤੇ ਚਾਦਰ ਚੜ੍ਹਾਉਣ ਦੀ ਰਸਮ ਨਿਭਾਈ ਗਈ।ਇਸ ਮੌਕੇ ਮੁਸਕਾਨ ਚੋਪੜਾ ਵੱਲੋਂ ਸੰਗਤ ਨੂੰ ਕੱਵਾਲ ਸੁਣਾ ਕੇ ਨਿਹਾਲ ਕੀਤਾ ਗਿਆ।ਦਰਗਾਹ 'ਤੇ ਪਹੁੰਚੀ ਸੰਗਤ ਵਿੱਚ ਚਾਹ ਪਕੌੜੇ ਤੇ ਲੰਗਰ ਵਰਤਾਇਆ ਗਿਆ।

# ਨਮੋ ਕ੍ਰਿਕਟ ਲੀਗ : ਹਰਮਨਪ੍ਰੀਤ ਦੀ ਤੂਫ਼ਾਨੀ ਬੱਲੇਬਾਜ਼ੀ ਨੇ ਮੋਗਾ ਦੀ ਝੋਲੀ ਪਾਈ ਜਿੱਤ

## ਵਿਜੇਤਾ ਟੀਮ ਨੂੰ ਟਰਾਫੀ ਸਮੇਤ 31 ਹਜ਼ਾਰ ਰੁਪਏ ਦਾ ਨਕਦ ਇਨਾਮ



**ਮੋਗਾ (ਇਕਬਾਲ ਸਿੰਘ ਖਹਿਰਾ)**

ਮੋਗਾ ਵਿੱਚ ਪਿਛਲੇ ਪੰਜ ਦਿਨਾਂ ਤੋਂ ਚੱਲ ਰਹੀ ਨਮੋ ਕ੍ਰਿਕਟ ਲੀਗ ਦੇ ਫਟਾਫਟ ਕ੍ਰਿਕਟ ਮੁਕਾਬਲਿਆਂ ਦਾ ਸ਼ੁੱਕਰਵਾਰ ਸ਼ਾਨਦਾਰ ਸਮਾਪਨ ਹੋਇਆ।ਫਾਈਨਲ ਮੁਕਾਬਲੇ ਵਿੱਚ ਮੋਗਾ ਕ੍ਰਿਕਟ ਕਲੱਬ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਮਾਧ ਭਾਈ ਪੇਸਰਜ਼ ਦੀ ਟੀਮ ਨੂੰ 10 ਵਿਕਟਾਂ ਨਾਲ ਹਰਾ ਕੇ ਟਰਾਫੀ ਆਪਣੇ ਨਾਮ ਕਰ ਲਈ।ਮੁਕਾਬਲੇ ਵਿੱਚ ਮੋਗਾ ਦੇ ਸਲਾਮੀ ਬੱਲੇਬਾਜ਼ ਹਰਮਨਪ੍ਰੀਤ ਸਿੰਘ ਨੇ ਤੂਫ਼ਾਨੀ ਬੱਲੇਬਾਜ਼ੀ ਕਰਦਿਆਂ ਮਹਿਜ਼ 8 ਗੇਂਦਾਂ ਵਿੱਚ 32 ਦੌੜਾਂ ਦੀ ਧਮਾਕੇਦਾਰ ਪਾਰੀ ਖੇਡੀ।ਉਨ੍ਹਾਂ ਦੀ ਪਾਰੀ ਵਿੱਚ 5 ਗਗਨਚੁੰਬੀ ਛੱਕੇ ਸ਼ਾਮਲ ਸਨ।ਹਰਮਨਪ੍ਰੀਤ ਦੀ ਇਸ ਸ਼ਾਨਦਾਰ ਬੱਲੇਬਾਜ਼ੀ ਨੇ ਮੈਦਾਨ ਵਿੱਚ ਮੌਜੂਦ ਸੈਂਕੜੇ ਦਰਸ਼ਕਾਂ ਦਾ ਖ਼ੂਬ ਮਨੋਰੰਜਨ ਕੀਤਾ ਤੇ ਮੋਗਾ ਦੀ ਟੀਮ ਨੂੰ ਸ਼ਾਨਦਾਰ ਜਿੱਤ ਦਿਵਾਈ।

ਇਸ ਤੋਂ ਪਹਿਲਾਂ ਸਮਾਧ ਭਾਈ ਪੇਸਰਜ਼ ਨੇ ਪਹਿਲਾਂ ਬੱਲੇਬਾਜ਼ੀ ਕਰਦਿਆਂ ਨਿਰਧਾਰਤ 4 ਓਵਰਾਂ ਵਿੱਚ 1 ਵਿਕਟ ਦੇ ਨੁਕਸਾਨ 'ਤੇ 47 ਦੌੜਾਂ ਬਣਾਈਆਂ।ਟੀਮ ਵੱਲੋਂ ਹਰਮਨਜੋਤ ਨੇ ਸਿਰਫ਼ 9 ਗੇਂਦਾਂ 'ਤੇ 29 ਦੌੜਾਂ ਦੀ ਤੂਫ਼ਾਨੀ ਪਾਰੀ ਖੇਡੀ, ਜਿਸ ਵਿੱਚ 1 ਚੌਕਾ ਤੇ 4 ਛੱਕੇ ਸ਼ਾਮਲ ਸਨ। ਇਸ ਤੋਂ ਇਲਾਵਾ ਸ਼ਮਸ਼ੇਰ ਸਿੰਘ ਨੇ 10 ਗੇਂਦਾਂ 'ਤੇ 12 ਦੌੜਾਂ ਤੇ ਕਪਤਾਨ ਹੈਪੀ ਸਮਾਧ ਨੇ 5 ਗੇਂਦਾਂ 'ਤੇ 6 ਦੌੜਾਂ ਬਣਾਈਆਂ।

ਮੋਗਾ ਕ੍ਰਿਕਟ ਕਲੱਬ ਵੱਲੋਂ ਗੇਂਦਬਾਜ਼ੀ ਵਿੱਚ ਸਾਹਿਲ ਕੁਮਾਰ ਨੇ 1 ਵਿਕਟ ਹਾਸਲ ਕੀਤੀ, ਜਦਕਿ ਕਰਨ, ਨਿਆਜ਼ਦੀਨ ਤੇ ਸਲਮਦੀਪ ਨੇ ਵੀ ਕਸੀ ਹੋਈ ਗੇਂਦਬਾਜ਼ੀ ਕਰਦਿਆਂ ਵਿਰੋਧੀ ਟੀਮ ਨੂੰ ਸੀਮਤ ਸਕੋਰ ਤੱਕ ਰੋਕਣ ਵਿੱਚ ਅਹਿਮ ਯੋਗਦਾਨ ਪਾਇਆ।47 ਦੌੜਾਂ ਦੇ ਟੀਚੇ ਦਾ ਪਿੱਛਾ ਕਰਨ ਉੱਤਰੀ ਮੋਗਾ ਕ੍ਰਿਕਟ ਕਲੱਬ ਦੀ ਟੀਮ ਨੇ ਸ਼ੁਰੂ ਤੋਂ ਹੀ ਤਾਬੜਤੋੜ ਬੱਲੇਬਾਜ਼ੀ ਕੀਤੀ।ਸਲਾਮੀ ਬੱਲੇਬਾਜ਼ ਸਲਮਦੀਪ ਸਿੰਘ ਤੇ ਹਰਮਨਪ੍ਰੀਤ ਸਿੰਘ ਨੇ ਪਹਿਲੇ ਹੀ ਓਵਰ ਵਿੱਚ ਵਿਰੋਧੀ ਟੀਮ ਦੇ ਹੌਸਲੇ ਪਸਤ ਕਰ ਦਿੱਤੇ।ਹਰਮਨਪ੍ਰੀਤ ਸਿੰਘ ਨੇ 8 ਗੇਂਦਾਂ ਵਿੱਚ 32 ਦੌੜਾਂ ਤੇ ਸਲਮਦੀਪ ਸਿੰਘ ਨੇ 5 ਗੇਂਦਾਂ ਵਿੱਚ 14 ਦੌੜਾਂ ਦੀ ਪਾਰੀ ਖੇਡਦਿਆਂ ਮੋਗਾ ਨੂੰ ਬਿਨਾਂ ਕੋਈ ਵਿਕਟ ਗੁਆਏ ਜਿੱਤ ਦਿਵਾ ਦਿੱਤੀ।

ਫਾਈਨਲ ਮੁਕਾਬਲੇ ਤੋਂ ਬਾਅਦ ਪੰਜਾਬ ਦੇ ਸਾਬਕਾ ਡੀਜੀਪੀ ਪੀ.ਐੱਸ. ਗਿੱਲ ਨੇ ਜੇਤੂ ਮੋਗਾ ਕ੍ਰਿਕਟ ਕਲੱਬ ਨੂੰ ਟਰਾਫੀ ਪ੍ਰਦਾਨ ਕਰਕੇ ਸਨਮਾਨਤ ਕੀਤਾ ਤੇ 31,000 ਦੀ ਨਕਦ ਇਨਾਮੀ ਰਾਸ਼ੀ ਦਾ ਚੈੱਕ ਸੌਂਪਿਆ।ਇਸ ਜਿੱਤ ਨਾਲ ਮੋਗਾ ਕ੍ਰਿਕਟ ਟੀਮ ਨੇ ਹੁਣ 21 ਲੱਖ ਦੀ ਇਨਾਮੀ ਰਾਸ਼ੀ ਵਾਲੇ ਅਗਲੇ ਰਾਊਂਡ ਲਈ ਵੀ ਕੁਆਲੀਫਾਈ ਕਰ ਲਿਆ ਹੈ।ਇਸ ਮੌਕੇ ਧਰਮ ਜਾਗਰਣ ਮੰਚ ਪੰਜਾਬ ਦੇ ਸੰਯੋਜਕ ਰਾਮ ਗੋਪਾਲ ਤੇ ਐੱਸ ਐੱਫ ਸੀ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੇ ਪ੍ਰਧਾਨ ਅਭਿਸ਼ੇਕ ਜਿੰਦਲ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।

ਪ੍ਰੋਗਰਾਮ ਦਾ ਸੰਚਾਲਨ ਆਯੋਜਕ ਕਮੇਟੀ ਦੇ ਵਾਸੂ ਸ਼ਰਮਾ ਵੱਲੋਂ ਕੀਤਾ ਗਿਆ।ਇਸ ਮੌਕੇ ਰਾਜਿੰਦਰਾ ਪਬਲਿਕ ਸਕੂਲ ਦੀ ਚੇਅਰਪਰਸਨ ਸੀਮਾ ਸ਼ਰਮਾ, ਪਿੰਕ ਪਾਲ ਸਿੰਘ, ਵਾਸੂ ਸ਼ਰਮਾ, ਸੰਜੀਵ ਆਹੂਜਾ ਸਮੇਤ ਹੋਰ ਪਤਵੰਤੇ ਤੇ ਖੇਡ ਪ੍ਰੇਮੀ ਮੌਜੂਦ ਸਨ।

# ਨਸ਼ੀਲੇ ਪਦਾਰਥਾਂ ਤੇ ਅਸਲੇ ਸਮੇਤ ਪੁਲਸ ਇੰਸਪੈਕਟਰ ਕਾਬੂ

## 3.350 ਕਿੱਲੋ ਹੈਰੋਇਨ, 6 ਪਿਸਤੌਲ ਤੇ 17 ਰੌਂਦ, ਆਈ-20 ਕਾਰ ਵੀ ਬਰਾਮਦ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**- ਫਿਰੋਜ਼ਪੁਰ ਜ਼ਿਲ੍ਹਾ ਪੁਲਸ ਦੁਆਰਾ ਨਸ਼ਿਆਂ ਦੇ ਖ਼ਾਤਮੇ ਲਈ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤੇ 'ਜ਼ੀਰੋ ਟਾਲਰੇਂਸ' ਨੀਤੀ ਤਹਿਤ ਇਕ ਸਫਲਤਾ ਹਾਸਲ ਕਰਦਿਆਂ ਪੁਲਸ ਨੇ ਅਸਲੇ ਤੇ ਨਸ਼ੀਲੇ ਪਦਾਰਥਾਂ ਸਮੇਤ ਇਕ ਪੁਲਸ ਇੰਸਪੈਕਟਰ ਨੂੰ ਗ੍ਰਿਫ਼ਤਾਰ ਕੀਤਾ ਹੈ। ਸੀਨੀਅਰ ਕਪਤਾਨ ਪੁਲਸ ਫਿਰੋਜ਼ਪੁਰ ਭੁਪਿੰਦਰ ਸਿੰਘ ਸਿੱਧੂ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਤੇ ਡਾਇਰੈਕਟਰ ਜਨਰਲ ਪੁਲਸ (ਡੀ.ਜੀ.ਪੀ.) ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹੇ ਅੰਦਰ ਨਸ਼ਾ ਤਸਕਰਾਂ, ਸਮਾਜ ਵਿਰੋਧੀ ਅਨਸਰਾਂ ਤੇ ਭ੍ਰਿਸ਼ਟਾਚਾਰ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ। ਪੁਲਸ ਵੱਲੋਂ ਸਾਫ਼ ਕੀਤਾ ਗਿਆ ਹੈ ਕਿ ਨਸ਼ਾ ਤਸਕਰੀ, ਤਸਕਰਾਂ ਦੀ ਮੱਦਦ ਜਾਂ ਰਿਸ਼ਵਤਖੋਰੀ ਵਿੱਚ ਲਿਪਤ ਕਿਸੇ ਵੀ ਅਧਿਕਾਰੀ ਜਾਂ ਕਰਮਚਾਰੀ ਖ਼ਿਲਾਫ਼ ਕਾਨੂੰਨ ਅਨੁਸਾਰ ਬਿਨਾਂ ਕਿਸੇ ਰਿਆਇਤ ਦੇ ਸਖ਼ਤ ਕਾਰਵਾਈ ਕੀਤੀ ਜਾਵੇਗੀ। ਸ਼ਨੀਵਾਰ ਗਸ਼ਤ ਤੇ ਚੈਕਿੰਗ ਦੌਰਾਨ ਮੁੱਖ ਅਫਸਰ ਥਾਣਾ ਘੱਲ ਖੁਰਦ ਇੰਸਪੈਕਟਰ ਕਸ਼ਮੀਰ ਸਿੰਘ ਨੂੰ ਇਕ ਗੁਪਤ ਇਤਲਾਹ ਮਿਲੀ ਸੀ। ਇਤਲਾਹ ਅਨੁਸਾਰ ਕਾਊਂਟਰ ਇੰਟੈਲੀਜੈਂਸ ਫਰੀਦਕੋਟ ਯੂਨਿਟ 'ਚ ਤਾਇਨਾਤ ਇੰਸਪੈਕਟਰ ਬਲਦੇਵ ਸਿੰਘ, ਜੋ ਕਿ ਫਿਰੋਜ਼ਪੁਰ-ਮੋਗਾ ਰੋਡ 'ਤੇ ਆਪਣੀ ਆਈ-20 ਕਾਰ ਨੰਬਰ ਪੀਬੀ-05-ਏਜੀ-6517 ਵਿਚ ਆ ਰਿਹਾ ਸੀ, ਕੋਲ ਨਸ਼ੀਲੇ ਪਦਾਰਥ ਤੇ ਨਜਾਇਜ਼ ਹਥਿਆਰ ਸਨ। ਇਸ ਇਤਲਾਹ ਦੇ ਆਧਾਰ 'ਤੇ ਕਾਰਵਾਈ ਕਰਦਿਆਂ ਥਾਣਾ ਘੱਲਖੁਰਦ ਦੀ ਪੁਲਸ ਟੀਮ ਨੇ ਫਿਰੋਜ਼ਪੁਰ-ਮੋਗਾ ਰੋਡ 'ਤੇ ਨੇੜੇ ਟੋਲ ਪਲਾਜ਼ਾ ਫਿਰੋਜ਼ਸ਼ਾਹ ਵਿਖੇ ਉਕਤ ਆਈ-20 ਕਾਰ ਨੂੰ ਘੇਰ ਕੇ ਕਾਬੂ ਕਰ ਲਿਆ।

ਕਾਰ ਤੇ ਇੰਸਪੈਕਟਰ ਦੀ ਤਲਾਸ਼ੀ ਲੈਣ 'ਤੇ ਉਸ ਦੇ ਕਬਜ਼ੇ ਵਿੱਚੋਂ 3 ਕਿੱਲੋ 350 ਗ੍ਰਾਮ ਹੈਰੋਇਨ, 6 ਪਿਸਤੌਲ ਮੈਗਜ਼ੀਨ ਸਮੇਤ 4 ਹੋਰ ਮੈਗਜ਼ੀਨ, 17 ਜ਼ਿੰਦਾ ਰੌਂਦ ਕਾਰਤੂਸ, 6 ਮੋਬਾਈਲ ਫ਼ੋਨ ਤੇ ਆਈ-20 ਕਾਰ ਬਰਾਮਦ ਹੋਈ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਬਲਦੇਵ ਸਿੰਘ ਇੰਸਪੈਕਟਰ ਕਾਊਂਟਰ ਇੰਟੈਲੀਜੈਂਸ ਫਰੀਦਕੋਟ ਯੂਨਿਟ ਪੁੱਤਰ ਮੱਖਣ ਸਿੰਘ ਵਾਸੀ ਪਿੰਡ ਪੱਤਲੀ, ਥਾਣਾ ਤਲਵੰਡੀ ਭਾਈ, ਜ਼ਿਲ੍ਹਾ ਫਿਰੋਜ਼ਪੁਰ ਵਜੋਂ ਹੋਈ ਹੈ। ਇਸ ਸਬੰਧੀ ਥਾਣਾ ਘੱਲ ਖੁਰਦ ਵਿੱਚ ਮਾਮਲਾ ਦਰਜ ਕਰਕੇ ਅਗਲੇਰੀ ਤਫ਼ਤੀਸ਼ ਆਰੰਭ ਦਿੱਤੀ ਗਈ ਹੈ। ਐੱਸਐੱਸਪੀ ਫਿਰੋਜ਼ਪੁਰ ਨੇ ਦੱਸਿਆ ਕਿ ਗ੍ਰਿਫ਼ਤਾਰ ਇੰਸਪੈਕਟਰ ਕੋਲੋਂ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ। ਜੇਕਰ ਤਫ਼ਤੀਸ਼ ਦੌਰਾਨ ਕਿਸੇ ਵੀ ਹੋਰ ਵਿਅਕਤੀ, ਪੁਲਸ ਅਧਿਕਾਰੀ ਜਾਂ ਕਰਮਚਾਰੀ ਦੀ ਭੂਮਿਕਾ ਸਾਹਮਣੇ ਆਉਂਦੀ ਹੈ ਤਾਂ ਉਸ ਖ਼ਿਲਾਫ਼ ਵੀ ਕਾਨੂੰਨ ਅਨੁਸਾਰ ਬਣਦੀ ਸਖ਼ਤ ਕਾਰਵਾਈ ਕੀਤੀ ਜਾਵੇਗੀ।

## ਵੱਖ-ਵੱਖ ਸੜਕ ਹਾਦਸਿਆਂ 'ਚ ਇੱਕ ਦੀ ਮੌਤ, ਇੱਕ ਜ਼ਖ਼ਮੀ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਰਹਿੰਦ-ਪਟਿਆਲਾ ਰੋਡ 'ਤੇ ਪਿੰਡ ਨੌਲੱਖਾ ਨੇੜੇ ਤੇ ਜੋਤੀ ਸਰੂਪ ਮੋੜ ਸਰਹਿੰਦ ਨਜ਼ਦੀਕ ਵਾਪਰੇ ਦੋ ਵੱਖ-ਵੱਖ ਸੜਕ ਹਾਦਸਿਆਂ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਜਾਣ ਅਤੇ ਇੱਕ ਵਿਅਕਤੀ ਦੇ ਗੰਭੀਰ ਜ਼ਖ਼ਮੀ ਹੋ ਜਾਣ ਦੀ ਸੂਚਨਾ ਹੈ।ਪ੍ਰਾਪਤ ਵੇਰਵਿਆਂ ਅਨੁਸਾਰ ਗੁਰਮੁੱਖ ਸਿੰਘ (55) ਵਾਸੀ ਪਿੰਡ ਬਾਲਪੁਰ ਪਿੰਡ ਨੌਲੱਖਾ ਨਜ਼ਦੀਕ ਪੈਦਲ ਸੜਕ ਪਾਰ ਕਰ ਰਿਹਾ ਸੀ ਤਾਂ ਪਟਿਆਲਾ ਵੱਲੋਂ ਆ ਰਹੀ ਇੱਕ ਤੇਜ਼ ਰਫ਼ਤਾਰ ਬੱਸ ਨੇ ਉਸ ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ ਗੰਭੀਰ ਸੱਟਾਂ ਲੱਗਣ 'ਤੇ ਗੁਰਮੁੱਖ ਸਿੰਘ ਦੀ ਮੌਤ ਹੋ ਗਈ।ਮ੍ਰਿਤਕ ਦੇ ਪੁੱਤਰ ਦੇ ਬਿਆਨਾਂ 'ਤੇ ਥਾਣਾ ਮੂਲੇਪੁਰ ਵਿਖੇ ਨਾਮਾਲੂਮ ਬੱਸ ਡਰਾਈਵਰ ਖ਼ਿਲਾਫ਼ ਮੁਕੱਦਮਾ ਦਰਜ ਕਰਵਾ ਕੇ ਸਹਾਇਕ ਥਾਣੇਦਾਰ ਸੁਖਵਿੰਦਰ ਸਿੰਘ ਵੱਲੋਂ ਮਾਮਲੇ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ।ਇੱਕ ਵੱਖਰੇ ਮਾਮਲੇ ਵਿੱਚ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਰਵੀ ਪ੍ਰਤਾਪ ਵਾਸੀ ਸਰਹਿੰਦ ਨੇ ਦੱਸਿਆ ਕਿ ਉਹ ਮੋਟਰਸਾਈਕਲ 'ਤੇ ਸਵਾਰ ਹੋ ਕੇ ਆਪਣੇ ਘਰ ਨੂੰ ਜਾ ਰਿਹਾ ਸੀ।

ਜਦੋਂ ਉਹ ਜੱਸੜ ਕੰਪਲੈਕਸ ਸਰਹਿੰਦ ਸਾਹਮਣੇ ਮੁੱਖ ਸੜਕ 'ਤੇ ਖੜ੍ਹੀ ਇੱਕ ਸਵਿਫਟ ਕਾਰ ਨੂੰ ਕਰਾਸ ਕਰਨ ਲੱਗਾ ਤਾਂ ਕਾਰ ਦੇ ਡਰਾਈਵਰ ਨੇ ਅਚਾਨਕ ਕਾਰ ਦੀ ਡਰਾਈਵਰ ਸਾਈਡ ਵਾਲੀ ਟਾਕੀ ਖੋਲ੍ਹ ਦਿੱਤੀ, ਜਿਸ ਕਾਰਨ ਉਹ ਸਮੇਤ ਮੋਟਰਸਾਈਕਲ ਉਕਤ ਕਾਰ ਦੀ ਟਾਕੀ ਨਾਲ ਟਕਰਾ ਕੇ ਸੜਕ 'ਤੇ ਜਾ ਡਿੱਗਾ ਤੇ ਉਸ ਦੇ ਗੰਭੀਰ ਸੱਟਾਂ ਲੱਗੀਆਂ। ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਸਵਿਫਟ ਕਾਰ ਦੇ ਨਾਮਾਲੂਮ ਡਰਾਈਵਰ ਵਿਰੁੱਧ ਕੇਸ ਦਰਜ ਕਰਕੇ ਥਾਣਾ ਫ਼ਤਹਿਗੜ੍ਹ ਸਾਹਿਬ ਦੀ ਪੁਲਸ ਨੇ ਮਾਮਲੇ ਦੀ ਤਫ਼ਤੀਸ਼ ਸ਼ੁਰੂ ਕਰ ਦਿੱਤੀ ਹੈ।

# ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਦਾ ਫੂਕਿਆ ਪੁਤਲਾ, ਜੇਲ੍ਹ ਭੇਜਣ ਦੀ ਕੀਤੀ ਮੰਗ



**ਮਾਨਸਾ (ਆਤਮਾ ਸਿੰਘ ਪਮਾਰ)**-ਸੀਪੀਆਈ ਐੱਮ ਐੱਲ ਲਿਬਰੇਸ਼ਨ ਤੇ ਹੋਰ ਸੰਗਠਨਾਂ ਨੇ ਦੇਸ਼ ਧ੍ਰੋਹੀ ਮੁੱਖ ਚੋਣ ਕਮਿਸ਼ਨਰ ਨੂੰ ਜੇਲ੍ਹ ਭੇਜਣ ਦੀ ਮੰਗ ਕੀਤੀ ਹੈ ਤੇ ਜੰਤਰ ਮੰਤਰ 'ਤੇ ਧਰਨਾ ਦੇ ਰਹੇ ਉੱਘੇ ਸਮਾਜਿਕ ਤੇ ਸਿਆਸੀ ਆਗੂਆਂ ਨੂੰ ਪੁਲਸ ਵੱਲੋਂ ਹਿਰਾਸਤ 'ਚ ਲੈਣ ਦੀ ਵੀ ਸਖ਼ਤ ਨਿੰਦਾ ਕਰਦਿਆਂ ਸਥਾਨਕ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਚੌਕ 'ਚ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦਾ ਪੁਤਲਾ ਫੂਕਿਆ ਗਿਆ।ਇਸ ਮੌਕੇ ਇਕੱਤਰ ਲੋਕਾਂ ਨੂੰ ਸੰਬੋਧਨ ਕਰਦਿਆਂ ਲਿਬਰੇਸ਼ਨ ਆਗੂ ਕਾਮਰੇਡ ਰਾਜਵਿੰਦਰ ਸਿੰਘ ਰਾਣਾ, ਆਰ ਐੱਮ ਪੀ ਆਈ ਆਗੂ ਕਾਮਰੇਡ ਆਤਮਾ ਰਾਮ, ਬਹੁਜਨ ਮੁਕਤੀ ਪਾਰਟੀ ਦੇ ਆਗੂ ਸੁਰਿੰਦਰ ਸਿੰਘ ਨੇ ਕਿਹਾ ਕਿ ਈ ਵੀ ਐੱਮ ਰਾਹੀਂ ਵੋਟ ਚੋਰੀ ਤੇ ਮੁੱਖ ਚੋਣ ਕਮਿਸ਼ਨਰ ਵਲੋਂ ਨਾਜਾਇਜ਼ ਤੌਰ 'ਤੇ ਤੇਰਾਂ ਕਰੋੜ ਵੋਟਾਂ ਕਟਵਾ ਦੇਣ ਵਰਗੀਆਂ ਕਾਰਵਾਈਆਂ ਦੇਸ਼ ਦੇ ਸੰਵਿਧਾਨ ਤੇ ਲੋਕਤੰਤਰ ਨਾਲ ਵੱਡਾ ਧੋਖਾ ਹਨ।ਅਜਿਹੇ ਕੁਕਰਮ ਕਰਨ ਵਾਲੇ ਗਿਆਨੇਸ਼ ਕੁਮਾਰ ਗੁਪਤਾ ਖ਼ਿਲਾਫ਼ ਦੇਸ਼ ਭਰ 'ਚ ਵਿਸ਼ਾਲ ਜਨਤਕ ਵਿਰੋਧ ਉਠ ਰਿਹਾ ਹੈ, ਜਿਸ ਕਰਕੇ ਜਥੇਬੰਦੀਆਂ ਦੀ ਮੰਗ ਹੈ ਕਿ ਮੁੱਖ ਚੋਣ ਕਮਿਸ਼ਨਰ ਨੂੰ ਬਰਖ਼ਾਸਤ ਕਰਕੇ ਜੇਲ੍ਹ 'ਚ ਬੰਦ ਕੀਤਾ ਜਾਵੇ ਤੇ ਦੂਜੇ ਦੋਵੇਂ ਚੋਣ ਕਮਿਸ਼ਨਰਾਂ ਨੂੰ ਦਰਕਿਨਾਰ ਕਰਕੇ ਮਨਮਾਨੇ ਨਵੇਂ ਨਿਯਮ ਬਣਾ ਕੇ ਬੀਜੇਪੀ ਨੂੰ ਗਲਤ ਢੰਗ ਨਾਲ ਚੋਣ ਲਈ ਜਿਤਾਉਣ ਬਦਲੇ ਗਿਆਨੇਸ਼ ਕੁਮਾਰ ਖ਼ਿਲਾਫ਼ ਮੁਕੱਦਮਾ ਚਲਾਇਆ ਜਾਵੇ।ਇਸ ਮੌਕੇ ਲਿਬਰੇਸ਼ਨ ਪਾਰਟੀ ਦੇ ਕੇਂਦਰੀ ਕੰਟਰੋਲ ਕਮਿਸ਼ਨ ਦੇ ਮੈਂਬਰ ਕਾਮਰੇਡ ਨਛੱਤਰ ਸਿੰਘ ਖੀਵਾ, ਸੁਖਦਰਸ਼ਨ ਸਿੰਘ ਨੱਤ, ਸੁਰਿੰਦਰ ਪਾਲ ਸ਼ਰਮਾ, ਜਸਬੀਰ ਕੌਰ ਨੱਤ, ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਆਗੂ ਬਲਵਿੰਦਰ ਘਰਾਂਗਣਾ, ਕਾਮਰੇਡ ਅਮਰੀਕ ਸਿੰਘ ਫਫੜੇ, ਗੁਰਜੰਟ ਸਿੰਘ ਮਾਨਸਾ, ਬਿੰਦਰ ਕੌਰ ਉੱਡਤ ਭਗਤ ਰਾਮ, ਗੁਰਸੇਵਕ ਮਾਨ ਤੇ ਇਨਕਲਾਬੀ ਨੌਜਵਾਨ ਸਭਾ ਦੇ ਆਗੂ ਹੈਪੀ ਮਾਨ, ਹਰਵਿੰਦਰ ਸਿੰਘ, ਬੀਕੇਯੂ ਡਕੌਂਦਾ ਦੇ ਜਗਦੇਵ ਸਿੰਘ, ਜਸਵੰਤ ਸਿੰਘ, ਕਿਸਾਨ ਆਗੂ ਕਰਨੈਲ ਸਿੰਘ, ਆਟੋ ਯੂਨੀਅਨ ਦੇ ਅੰਗਰੇਜ਼ ਸਿੰਘ ਘਰਾਂਗਣਾ, ਪ੍ਰਿੰਸੀਪਲ ਗੁਰਲਾਭ ਸਿੰਘ ਤੇ ਹੋਰ ਆਗੂ ਹਾਜ਼ਰ ਸਨ।

## ਬੀਬਾ ਰਾਜਵੰਤ ਕੌਰ ਨੇ ਵੱਡੇ ਕਾਫਲੇ ਨਾਲ ਛਪਾਰ ਰੈਲੀ 'ਚ ਕੀਤੀ ਸ਼ਮੂਲੀਅਤ



**ਸਨੌਰ/ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਵਿਧਾਨ ਸਭਾ ਹਲਕਾ ਸਨੌਰ ਤੋਂ ਸ਼੍ਰੋਮਣੀ ਅਕਾਲੀ ਦਲ ਵਾਰਿਸ ਪੰਜਾਬ ਦੇ ਦੀ ਸੀਨੀਅਰ ਆਗੂ ਤੇ ਪਾਰਟੀ ਦੇ ਮਹਿਲਾ ਵਿੰਗ ਦੇ ਸੂਬਾ ਮੀਤ ਪ੍ਰਧਾਨ ਤੇ ਹਲਕਾ ਸਨੌਰ ਤੋਂ ਸੰਭਾਵੀ ਉਮੀਦਵਾਰ ਬੀਬਾ ਰਾਜਵੰਤ ਕੌਰ ਘੜਾਮ ਤੇ ਸੀਨੀਅਰ ਆਗੂ ਸਰਬਜੀਤ ਸਿੰਘ ਘੜਾਮ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ ਵਾਰਿਸ ਪੰਜਾਬ ਦੀ ਛਪਾਰ ਮੇਲੇ ਵਿਖੇ ਵਿਸ਼ਾਲ ਕਾਨਫਰੰਸ 'ਚ ਸ਼ਾਮਲ ਹੋਣ ਲਈ ਹਲਕਾ ਸਨੌਰ ਤੋਂ 40 ਗੱਡੀਆਂ ਦੇ ਵੱਡੇ ਕਾਫਲੇ ਤੇ ਸੈਂਕੜੇ ਆਗੂਆਂ ਤੇ ਵਰਕਰਾਂ ਨਾਲ ਰਵਾਨਾ ਹੋਏ ਅਤੇ ਅਕਾਲੀ ਦਲ ਵਾਰਿਸ ਪੰਜਾਬ ਦੇ ਦੀ ਛਪਾਰ ਰੈਲੀ 'ਚ ਸ਼ਮੂਲੀਅਤ ਕੀਤੀ। ਇਸ ਕਾਫਲੇ 'ਚ ਸੀਨੀਅਰ ਆਗੂ ਸਰਬਜੀਤ ਸਿੰਘ ਘੜਾਮ, ਦੀਦਾਰ ਸਿੰਘ ਸੰਧੂ, ਕੁਲਦੀਪ ਸਿੰਘ ਘੜਾਮ, ਕੈਪਟਨ ਸਿੰਘ ਨੰਦਗੜ੍ਹ, ਪ੍ਰਕਾਸ਼ ਸਿੰਘ ਬਾਦਲ ਚੂਹਟ, ਪਰਮਜੀਤ ਸਿੰਘ ਟਿਵਾਣਾ, ਜਤਿੰਦਰ ਕੌਰ ਨੰਦਗੜ੍ਹ, ਤਸਵੀਰ ਸਿੰਘ ਮਾੜੂ, ਰਾਮ ਸਰਨ ਕਿਸਾਨ ਆਗੂ, ਪਰਵਿੰਦਰ ਕੌਰ ਘੜਾਮ, ਸੁਰਿੰਦਰ ਕੌਰ ਚੌਹਾਨ, ਕੁਲਦੀਪ ਕੌਰ ਕਾਹਲੋਂ, ਪਰਵਿੰਦਰ ਕੌਰ ਸਮਾਣਾ, ਹਰਜਿੰਦਰ ਕੌਰ ਸਮਾਣਾ, ਸੁਰਿੰਦਰ ਕੌਰ ਚੌਹਾਨ, ਕੁਲਦੀਪ ਕੌਰ ਕਾਹਲੋਂ, ਪਰਵਿੰਦਰ ਕੌਰ ਸਮਾਣਾ, ਸਰਬਜੀਤ ਕੌਰ ਸਮਾਣਾ, ਪਰਵਿੰਦਰ ਕੌਰ ਘੜਾਮ, ਜਤਿੰਦਰ ਕੌਰ ਨੰਦਗੜ੍ਹ, ਮਨਜੀਤ ਕੌਰ ਸੰਧੂ ਤੋਂ ਇਲਾਵਾ ਹੋਰ ਬਹੁਤ ਸਾਰੇ ਆਗੂ ਤੇ ਵਰਕਰ ਇਸ ਮੌਕੇ ਸ਼ਾਮਲ ਸਨ।

## ਚੇਅਰਮੈਨ ਭੋਲਾ ਖੁਰਮੀ ਵੱਲੋਂ ਕਲੱਬ ਨੂੰ 21 ਹਜ਼ਾਰ ਦੀ ਰਾਸ਼ੀ ਭੇਟ



**ਕੋਟਕਪੂਰਾ (ਗੁਰਪਾਲ ਭੁੱਲਰ)**-ਮਨੁੱਖਤਾ ਦੀ ਭਲਾਈ ਵਾਲੇ ਸੇਵਾ ਕਾਰਜਾਂ ਵਿੱਚ ਲਗਾਤਾਰ ਯਤਨਸ਼ੀਲ ਸਮਾਜਸੇਵੀ ਸੰਸਥਾ ਗੁੱਡ ਮੌਰਨਿੰਗ ਵੈੱਲਫੇਅਰ ਕਲੱਬ ਦੇ ਨਵ ਨਿਯੁਕਤ ਚੇਅਰਮੈਨ ਮਲਕੀਤ ਸਿੰਘ ਭੋਲਾ ਖੁਰਮੀ ਨੇ ਕਲੱਬ ਦੀਆਂ ਸੇਵਾਵਾਂ ਤੋਂ ਖੁਸ਼ ਹੋ ਕੇ 21 ਹਜ਼ਾਰ ਰੁਪਏ ਦੀ ਰਾਸ਼ੀ ਕਲੱਬ ਦੇ ਵਿੱਤ ਸਕੱਤਰ ਜਸਕਰਨ ਸਿੰਘ ਭੱਟੀ ਤੇ ਸਹਾਇਕ ਖਜ਼ਾਨਚੀ ਮਾ. ਸੋਮਨਾਥ ਅਰੋੜਾ ਨੂੰ ਸੌਂਪਦਿਆਂ ਆਖਿਆ ਕਿ ਉਸ ਨੂੰ ਕਲੱਬ ਨਾਲ ਜੁੜਨ ਦੀ ਅਥਾਹ ਖੁਸ਼ੀ ਹੈ।ਕਲੱਬ ਦੇ ਪ੍ਰਧਾਨ ਡਾ. ਮਨਜੀਤ ਸਿੰਘ ਢਿੱਲੋਂ ਤੇ ਮੁੱਖ ਸਰਪ੍ਰਸਤ ਗੁਰਿੰਦਰ ਸਿੰਘ ਮਹਿੰਦੀਰੱਤਾ ਨੇ ਦੱਸਿਆ ਕਿ ਭਾਵੇਂ ਮਲਕੀਤ ਸਿੰਘ ਭੋਲਾ ਖੁਰਮੀ ਕਲੱਬ ਦੇ ਮੁੱਢਲੇ ਮੈਂਬਰਾਂ ਦੀ ਸੂਚੀ ਵਿੱਚ ਆਉਂਦੇ ਹਨ, ਪਰ ਕੁਝ ਸਮਾਂ ਗੈਰ-ਹਾਜ਼ਰ ਰਹਿਣ ਤੋਂ ਬਾਅਦ ਫਿਰ ਦਿਖਾਈ ਸਰਗਰਮੀ ਤੇ ਕਲੱਬ ਦੀਆਂ ਸੇਵਾਵਾਂ ਵਿੱਚ ਲਗਾਤਾਰ ਯੋਗਦਾਨ ਪਾਉਣ ਬਦਲੇ ਭੋਲਾ ਖੁਰਮੀ ਦੇ ਸਤਿਕਾਰ 'ਚ ਵਾਧਾ ਹੋਣਾ ਸੁਭਾਵਿਕ ਹੈ।ਕਲੱਬ ਦੇ ਕੁਝ ਚੋਣਵੇਂ ਅਹੁਦੇਦਾਰਾਂ ਤੇ ਮੈਂਬਰਾਂ ਨਾਲ ਯਾਦਗਾਰੀ ਤਸਵੀਰ ਖਿਚਵਾਉਂਦਿਆਂ ਮਲਕੀਤ ਸਿੰਘ ਭੋਲਾ ਖੁਰਮੀ ਨੇ ਆਖਿਆ ਕਿ ਉਹ ਕਲੱਬ ਦੀ ਹਰ ਗਤੀਵਿਧੀ ਤੇ ਸੇਵਾ ਕਾਰਜਾਂ ਵਿੱਚ ਬਕਾਇਦਾ ਸਹਿਯੋਗ ਦੇਣ ਲਈ ਹਮੇਸ਼ਾ ਵਚਨਬੱਧ ਹਨ।

## ਕਾਤਰਾਂ

### ਨਾਇਬ ਸਿੰਘ ਸੈਣੀ ਦੀ ਸਨੌਰ ਰੈਲੀ ਮੁਲਤਵੀ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਵਿਧਾਨ ਸਭਾ ਹਲਕਾ ਸਨੌਰ ਸੰਭਾਵੀ ਉਮੀਦਵਾਰ ਦੇ ਹੱਕ ਵਿਚ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਵੱਲੋਂ ਸਨੌਰ ਹਲਕੇ ਦੀ ਤਹਿਸੀਲ ਦੂੱਧਨ ਸਾਧਾਂ ਦੀ ਅਨਾਜ ਮੰਡੀ ਵਿਖੇ 27ਸਤੰਬਰ ਨੂੰ ਹੋਣ ਵਾਲੀ ਫ਼ਤਿਹ ਰੈਲੀ ਝੋਨੇ ਦੇ ਸੀਜ਼ਨ ਦੇ ਸ਼ੁਰੂ ਹੋਣ, ਬੀ ਜੇ ਪੀ ਦੀ ਨਸ਼ਿਆਂ ਖਿਲਾਫ਼ ਪੰਜਾਬ ਯਾਤਰਾ ਅਤੇ ਹੋਰ ਪ੍ਰਬੰਧਕੀ ਕਾਰਨਾਂ ਕਾਰਨ ਨਵੰਬਰ ਤੱਕ ਮੁਲਤਵੀ ਕਰ ਦਿੱਤੀ ਗਈ ਹੈ। ਸੀਨੀਅਰ ਆਗੂ ਸਤਪਾਲ ਸਿੰਘ ਪੂਨੀਆ ਨੇ ਦੱਸਿਆ ਕਿ ਭਾਰਤੀ ਜਨਤਾ ਪਾਰਟੀ ਹਾਈ ਕਮਾਂਡ ਵੱਲੋਂ ਆੜ੍ਹਤੀ, ਮਜ਼ਦੂਰ ਅਤੇ ਕਿਸਾਨ ਵੀਰਾਂ ਦੇ ਹਿੱਤ ਨੂੰ ਮੁੱਖ ਰੱਖਦੇ ਹੋਏ ਹਲਕਾ ਸਨੌਰ ਰੈਲੀ ਨੂੰ ਮੁਲਤਵੀ ਕਰ ਦਿੱਤਾ ਹੈ।

### ਡੀ ਸੀ ਦਫ਼ਤਰ ਦੇ ਘਿਰਾਓ ਸੰਬੰਧੀ ਪਿੰਡ ਪੱਧਰੀ ਤਿਆਰੀ ਮੀਟਿੰਗਾਂ

**ਤਲਵੰਡੀ ਸਾਬੋ (ਜਗਦੀਪ ਗਿੱਲ)**-ਭਾਰਤ ਅਮਰੀਕਾ ਮੁਕਤ ਵਪਾਰ ਸਮਝੌਤਾ, ਲੈਂਡ ਪੂਲਿੰਗ ਪਾਲਸੀ ਦੀ ਵਾਪਸੀ, ਜ਼ਮੀਨਾਂ ਦੇ ਮਾਲਕੀ ਹੱਕ, ਕਰਜ਼ਾ ਮੁਕਤੀ ਤੇ ਹੋਰ ਜਬਰ ਦੀਆਂ ਮੰਗਾਂ ਨੂੰ ਲੈ ਕੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਤਲਵੰਡੀ ਸਾਬੋ ਵੱਲੋਂ ਪਿੰਡ ਇਕਾਈ ਜੋਗੇਵਾਲਾ ਤੇ ਸੰਗਤ ਖੁਰਦ ਵਿਖੇ ਅਗਲੇ ਸਖਤ ਐਕਸ਼ਨ 5 ਅਕਤੂਬਰ ਨੂੰ ਡੀਸੀ ਦਫ਼ਤਰਾਂ ਦੇ ਘਰਾਓ ਤੇ ਥਾਂ ਥਾਂ 'ਤੇ ਕੀਤੇ ਜਾਣ ਵਾਲੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਪਿੱਟ ਸਿਆਪੇ ਸੰਬੰਧੀ ਬਲਾਕ ਤਲਵੰਡੀ ਸਾਬੋ ਦੇ ਪ੍ਰਧਾਨ ਬਹੱਤਰ ਸਿੰਘ ਨੰਗਲਾ ਦੀ ਪ੍ਰਧਾਨਗੀ ਹੇਠ ਜਥੇਬੰਦੀ ਦੀ ਮੀਟਿੰਗ ਕੀਤੀ।ਮੀਟਿੰਗ ਵਿੱਚ ਆਗੂਆਂ ਨੇ ਜ਼ੋਰ ਦੇ ਕੇ ਪੰਜਾਬ ਸਰਕਾਰ ਤੋਂ ਜਲਦੀ ਵਿਧਾਨ ਸਭਾ ਦਾ ਸੈਸ਼ਨ ਬੁਲਾਉਣ ਦੀ ਮੰਗ ਕੀਤੀ।ਜ਼ਿਲ੍ਹਾ ਬਠਿੰਡਾ ਦੇ ਆਗੂ ਜਗਦੇਵ ਸਿੰਘ ਜੋਗੇਵਾਲਾ ਨੇ ਆਖਿਆ ਕਿ ਮੁਕਤ ਵਪਾਰ ਸਮਝੌਤਾ ਖੇਤੀ ਖੇਤਰ ਤੋਂ ਇਲਾਵਾ ਸਨਅਤੀ ਖੇਤਰ ਤੇ ਪ੍ਰਚੂਨ ਖੇਤਰ ਦੀ ਵੀ ਤਬਾਹੀ ਦਾ ਸਾਧਨ ਬਣੇਗਾ, ਸਿੱਟੇ ਵਜੋਂ ਦੇਸ਼ 'ਚ ਬੇਰੁਜ਼ਗਾਰੀ, ਮਹਿੰਗਾਈ ਵਧੇਗੀ ਤੇ ਜੀਨ ਸੋਧੀਆਂ ਖੁਰਾਕੀ ਵਸਤਾਂ ਦੀ ਆਮਦ ਨਾਲ ਭਾਰਤੀ ਲੋਕ ਭਿਆਨਕ ਬਿਮਾਰੀਆਂ ਮੂੰਹ ਧੱਕੇ ਜਾਣ ਲਈ ਸਰਾਪੇ ਜਾਣਗੇ।

### ਕੇਂਦਰੀ ਪੰਜਾਬੀ ਲੇਖਕ ਸਭਾ ਦਾ ਜਨਰਲ ਅਜਲਾਸ ਅੱਜ

**ਧੂਰੀ (ਮਨੋਹਰ ਸੱਗੂ, ਮੋਹਿਤ ਗਰਗ)**-ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਦੇ 27 ਸਤੰਬਰ ਨੂੰ ਪੰਜਾਬੀ ਭਵਨ ਲੁਧਿਆਣਾ ਵਿੱਚ ਹੋਣ ਵਾਲੇ ਜਨਰਲ ਅਜਲਾਸ ਲਈ ਲੇਖਕਾਂ ਵਿੱਚ ਭਾਰੀ ਉਤਸ਼ਾਹ ਹੈ।ਦਫ਼ਤਰ ਸਕੱਤਰ ਗੁਲਜ਼ਾਰ ਸਿੰਘ ਸ਼ੌਂਕੀ ਨੇ ਪ੍ਰਧਾਨ ਪਵਨ ਹਰਚੰਦਪੁਰੀ ਤੇ ਜਨਰਲ ਸਕੱਤਰ ਸੰਧੂ ਵਰਿਆਣਵੀ ਦੇ ਹਵਾਲੇ ਨਾਲ ਦੱਸਿਆ ਕਿ ਅਜਲਾਸ ਦੌਰਾਨ ਪਿਛਲੇ ਚਾਰ ਸਾਲਾਂ ਦੀ ਕਾਰਗੁਜ਼ਾਰੀ ਬਾਰੇ ਵਿਚਾਰ-ਵਟਾਂਦਰਾ ਕਰਨ ਉਪਰੰਤ ਨਵੀਂ ਚੋਣ ਕੀਤੀ ਜਾਵੇਗੀ ਤੇ ਨਵੀਆਂ ਕਿਤਾਬਾਂ ਲੋਕ ਅਰਪਣ ਕੀਤੀਆਂ ਜਾਣਗੀਆਂ।ਇਸ ਮੌਕੇ ਸਾਹਿਤਕ ਰਸਾਲਿਆਂ ਦੇ ਸੰਪਾਦਕਾਂ ਤੋਂ ਇਲਾਵਾ ਨਾਟ ਮੰਡਲੀਆਂ, ਕਵੀਸ਼ਰੀ ਤੇ ਢਾਡੀ ਜਥਿਆਂ, ਕਵਾਲ ਪਾਰਟੀ, ਲੋਕ ਸੰਗੀਤ ਮੰਡਲੀਆਂ ਤੇ ਲੋਕ ਗਾਇਕਾਂ ਦਾ ਸਨਮਾਨ ਕੀਤਾ ਜਾਵੇਗਾ।ਜਗਦੀਸ਼ ਰਾਏ ਕੁਲਰੀਆਂ, ਡਾ. ਸੁਖਜਿੰਦਰ ਰਿਸ਼ੀ ਤੇ ਹੋਰ ਸਾਹਿਤਕ ਤੇ ਮੀਡੀਆ ਸ਼ਖ਼ਸੀਅਤਾਂ ਨੂੰ ਵੀ ਸਨਮਾਨਤ ਕੀਤਾ ਜਾਵੇਗਾ।

## ਅੱਜ ਸਮੂਹ ਬੀ ਐੱਲ ਓਜ਼ ਪੋਲਿੰਗ ਬੂਥਾਂ 'ਤੇ ਹਾਜ਼ਰ ਰਹਿਣਗੇ : ਦੀਪਸ਼ਿਖਾ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਭਾਰਤ ਚੋਣ ਕਮਿਸ਼ਨ ਤੇ ਮੁੱਖ ਚੋਣ ਅਫਸਰ ਪੰਜਾਬ ਵੱਲੋਂ ਚਲਾਈ ਗਈ ਸਪੈਸ਼ਲ ਇੰਟੈਂਸਿਵ ਰਵੀਜ਼ਨ ਮੁਹਿੰਮ ਤਹਿਤ ਸਾਰੇ ਯੋਗ ਨਾਗਰਿਕਾਂ ਦੀ ਰਜਿਸਟ੍ਰੇਸ਼ਨ ਦੇ ਉਦੇਸ਼ ਹਿੱਤ ਇਕ ਵਿਸ਼ੇਸ਼ ਕੈਂਪ ਤਹਿਤ 27 ਸਤੰਬਰ ਐਤਵਾਰ ਨੂੰ ਜ਼ਿਲ੍ਹਾ ਫਿਰੋਜ਼ਪੁਰ ਦੇ ਸਮੂਹ ਬੂਥਾਂ 'ਤੇ ਬੀ.ਐੱਲ.ਓਜ਼. ਹਾਜ਼ਰ ਰਹਿਣਗੇ ਤੇ ਵੋਟਰਾਂ ਨੂੰ ਲੋੜੀਂਦੀ ਸਹਾਇਤਾ ਪ੍ਰਦਾਨ ਕਰਨਗੇ। ਇਹ ਜਾਣਕਾਰੀ ਜ਼ਿਲ੍ਹਾ ਚੋਣ ਅਫਸਰ ਦੀਪਸ਼ਿਖਾ ਸ਼ਰਮਾ ਨੇ ਦਿੱਤੀ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਫਿਰੋਜ਼ਪੁਰ ਦੇ ਸਮੂਹ ਚੋਣ ਹਲਕਿਆਂ ਵਿੱਚ ਬੀ.ਐੱਲ.ਓਜ਼ ਵੱਲੋਂ 27 ਸਤੰਬਰ ਨੂੰ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਸਪੈਸ਼ਲ ਕੈਂਪ ਦੇ ਤਹਿਤ ਆਪਣੇ-ਆਪਣੇ ਪੋਲਿੰਗ ਬੂਥਾਂ 'ਤੇ ਹਾਜ਼ਰ ਰਹਿਣਗੇ ਅਤੇ ਸਪੈਸ਼ਲ ਕੈਂਪ ਦੌਰਾਨ ਬੀ.ਐੱਲ.ਓ ਵੱਲੋਂ ਦੂਜੇ ਫੇਜ਼ ਦੌਰਾਨ ਤਿਆਰ ਕੀਤੀ ਗਈ ਏ.ਐੱਸ.ਡੀ.ਡੀ. ਲਿਸਟ ਨੂੰ ਮਾਨਤਾ ਪ੍ਰਾਪਤ ਰਾਜਨੀਤਕ ਪਾਰਟੀਆਂ ਦੇ ਨੁਮਾਇੰਦਿਆਂ ਤੇ ਉਨ੍ਹਾਂ ਵੱਲੋਂ ਨਿਯੁਕਤ ਕੀਤੇ ਗਏ ਬੀ.ਐੱਲ.ਏ. ਤੇ ਵੋਟਰਾਂ ਨਾਲ ਸਾਂਝਾ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਸਪੈਸ਼ਲ ਕੈਂਪ ਦੌਰਾਨ ਵੋਟਰ ਆਪਣੇ ਨਾਮ ਤੇ ਸੰਬੰਧਤ ਰਿਕਾਰਡ ਦੀ ਜਾਂਚ ਕਰ ਸਕਣਗੇ। ਜੇਕਰ ਕਿਸੇ ਵੋਟਰ ਨੂੰ ਆਪਣੇ ਰਿਕਾਰਡ ਸਬੰਧੀ ਕੋਈ ਇਤਰਾਜ਼ ਜਾਂ ਗਲਤੀ ਨਜ਼ਰ ਆਉਂਦੀ ਹੈ ਤਾਂ ਉਹ ਆਪਣਾ ਇਤਰਾਜ਼/ਜਾਣਕਾਰੀ ਸਬੰਧਤ ਬੀ.ਐੱਲ.ਓ ਨੂੰ ਦੇ ਸਕਦਾ ਹੈ, ਤਾਂ ਜੋ ਮਾਮਲੇ ਦੀ ਨਿਯਮਾਂ ਅਨੁਸਾਰ ਜਾਂਚ ਕਰਕੇ ਲੋੜੀਂਦੀ ਕਾਰਵਾਈ ਕੀਤੀ ਜਾ ਸਕੇ।

# ਭਾਜਪਾ-ਸੰਘ ਦੇ ਫਾਸ਼ੀਵਾਦੀ ਹੱਲੇ ਖ਼ਿਲਾਫ਼ ਸੀ ਪੀ ਆਈ (ਐੱਮ ਐੱਲ) ਨਿਊ ਡੈਮੋਕਰੇਸੀ ਵੱਲੋਂ ਰੈਲੀ



**ਮੋਗਾ (ਇਕਬਾਲ ਸਿੰਘ ਖਹਿਰਾ)**- ਮੋਗਾ ਦੀ ਨਵੀਂ ਦਾਣਾ ਮੰਡੀ ਵਿਖੇ ਸੀ.ਪੀ.ਆਈ. (ਐਮ.ਐਲ.) ਨਿਊ ਡੈਮੋਕਰੇਸੀ ਵੱਲੋਂ ਕੀਤੀ ਗਈ ਵਿਸ਼ਾਲ ਸੂਬਾ ਪੱਧਰੀ ਰੈਲੀ ਨੇ ਪੰਜਾਬ ਦੇ ਸਿਆਸੀ ਮੈਦਾਨ ਅੰਦਰ ਨਵਾਂ ਇਤਿਹਾਸ ਸਿਰਜ ਦਿੱਤਾ ਹੈ।ਅਮਰ ਸ਼ਹੀਦ ਕਾਮਰੇਡ ਬਲਦੇਵ ਸਿੰਘ ਮਾਨ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਤ ਇਸ ਰੈਲੀ ਵਿੱਚ ਪੰਜਾਬ ਭਰ ਤੋਂ ਪਹੁੰਚੇ ਹਜ਼ਾਰਾਂ ਮਜ਼ਦੂਰਾਂ, ਕਿਸਾਨਾਂ, ਨੌਜਵਾਨਾਂ, ਮੁਲਾਜ਼ਮਾਂ ਤੇ ਔਰਤਾਂ ਦੇ ਭਾਰੀ ਇਕੱਠ ਨੇ ਮੋਗਾ ਦੀ ਦਾਣਾ ਮੰਡੀ ਨੂੰ ਪੂਰੀ ਤਰ੍ਹਾਂ 'ਲਾਲੋ-ਲਾਲ' ਕਰ ਦਿੱਤਾ।ਲੰਮੇ ਸਮੇਂ ਬਾਅਦ ਕਮਿਊਨਿਸਟਾਂ ਦੇ ਇਸ ਵੱਡੇ ਜਨਤਕ ਇਕੱਠ ਨੇ ਕੇਂਦਰ ਦੀ ਬੀ.ਜੇ.ਪੀ.-ਆਰ.ਐਸ.ਐਸ. ਹਕੂਮਤ ਦੇ ਫਾਸੀਵਾਦੀ ਹੱਲੇ ਖ਼ਿਲਾਫ਼ ਸੰਘਰਸ਼ ਦਾ ਬਿਗਲ ਵਜਾਉਂਦਿਆਂ ਲੋਕਾਂ ਨੂੰ ਇਸ ਹੱਲੇ ਦਾ ਡੱਟਵਾਂ ਵਿਰੋਧ ਕਰਨ ਦਾ ਸੱਦਾ ਦਿੱਤਾ।ਇਕੱਠ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਸੀਨੀਅਰ ਆਗੂਆਂ ਕਾ. ਸਰਦਾਰਾ ਸਿੰਘ ਮਾਹਲ, ਕਾ. ਦਰਸ਼ਨ ਸਿੰਘ ਖਟਕੜ ਤੇ ਕਾ. ਕੁਲਵਿੰਦਰ ਸਿੰਘ ਵੜੈਚ ਨੇ ਮੋਦੀ-ਸ਼ਾਹ ਹਕੂਮਤ ਤੇ ਆਰ.ਐੱਸ.ਐੱਸ. ਦੇ ਫਾਸ਼ੀਵਾਦੀ ਮਨਸੂਬਿਆਂ ਦੀਆਂ ਪਰਤਾਂ ਖੋਲ੍ਹਦਿਆਂ ਤਿੱਖੇ ਸਿਆਸੀ ਹਮਲੇ ਕੀਤੇ।ਉਨ੍ਹਾਂ ਕਿਹਾ ਕਿ ਇਹ ਗੱਠਜੋੜ ਦੇਸ਼ ਅੰਦਰ ਮਨੂੰਵਾਦੀ ਤੇ ਭੰਗਵੀਂ ਸੋਚ ਤੇ ਪਿਛਾਖੜੀ ਸੱਭਿਆਚਾਰ ਨੂੰ ਪ੍ਰਫੁੱਲਤ ਕਰ ਰਿਹਾ।ਦਲਿਤਾਂ ਨੂੰ ਮਿਲਦੀਆ ਸਮਾਜਿਕ ਸਹੂਲਤਾਂ ਨੂੰ ਕੱਟਣ, ਮਨਰੇਗਾ ਨੂੰ ਬਦਲ ਕੇ ਜੀ-ਰਾਮਜੀ ਲਾਗੂ ਕਰਨ ਅਤੇ ਚਾਰ ਲੇਬਰ ਕੋਡ ਲਾਗੂ ਕਰਨ ਦੀਆਂ ਉਦਾਹਰਣਾਂ ਦਿੰਦਿਆਂ ਉਨ੍ਹਾਂ ਕਿਹਾ ਕਿ ਦਲਿਤਾਂ, ਪਿੱਛੜੇ ਵਰਗਾਂ, ਗਰੀਬ ਮਜ਼ਦੂਰਾਂ, ਘੱਟ ਗਿਣਤੀਆਂ ਤੇ ਕਮਿਊਨਿਸਟਾਂ 'ਤੇ ਅੱਤਿਆਚਾਰ ਤੇ ਸਮਾਜਿਕ ਧੱਕੇਸ਼ਾਹੀ ਦਿਨੋਂ ਦਿਨ ਵੱਧ ਰਹੀ ਹੈ।ਦੇਸ਼ 'ਚ ਜਿੰਨਾ ਕੁ ਵੀ ਫੈਡਰਲ (ਸੰਘੀ) ਢਾਂਚਾ ਸੀ, ਉਸ ਨੂੰ ਪੂਰੀ ਤਰ੍ਹਾਂ ਤਬਾਹ ਕਰਕੇ ਸਾਰੀਆਂ ਤਾਕਤਾਂ ਦਾ ਅੰਨ੍ਹਾ ਕੇਂਦਰੀਕਰਨ ਕੀਤਾ ਜਾ ਰਿਹਾ।ਡੈਮਾਂ ਸੇਫਟੀ ਐਕਟ ਬਣਾ ਕੇ ਡੈਮਾਂ ਉੱਤੇ ਕੰਟਰੋਲ ਕਰਕੇ ਸੂਬਿਆਂ ਦੇ ਪਾਣੀ ਦੇ ਹੱਕ ਖੋਹੇ ਜਾ ਰਹੇ ਹਨ।ਪੰਜਾਬ ਨਾਲ ਵਿਤਕਰੇ ਦਾ ਇੱਕ ਹੋਰ ਕਦਮ ਪੁੱਟਦਿਆਂ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿੱਚੋਂ ਪੱਕੀ ਮੈਂਬਰੀ ਖਤਮ ਕਰ ਦਿੱਤੀ।ਉਨ੍ਹਾਂ ਕਿਹਾ ਕਿ ਫਾਸ਼ੀਵਾਦੀ ਹੱਲੇ ਦਾ ਮਕਸਦ ਤਾਨਾਸ਼ਾਹੀ ਸਥਾਪਤ ਕਰਨਾ ਹੈ, ਇਸੇ ਲਈ 'ਇੱਕ ਦੇਸ਼, ਇੱਕ ਚੋਣ' ਤੇ ਇਕਸਾਰ ਸਿਵਲ ਕੋਡ ਵਰਗੇ ਤਾਨਾਸ਼ਾਹੀ ਏਜੰਡੇ ਥੋਪਣ ਦੀਆਂ ਵਿਉਂਤਾਂ ਘੜੀਆਂ ਜਾ ਰਹੀਆਂ ਹਨ।

ਬੁਲਾਰਿਆਂ ਨੇ ਕਿਹਾ ਕਿ ਨਿਆਂਪਾਲਿਕਾ ਤੇ ਚੋਣ ਕਮਿਸ਼ਨ ਵਰਗੀਆਂ ਸੰਵਿਧਾਨਕ ਸੰਸਥਾਵਾਂ ਨੂੰ ਕੰਟਰੋਲ ਹੇਠ ਲਿਆ ਕੇ ਜਮਹੂਰੀਅਤ ਦਾ ਘਾਣ ਕੀਤਾ ਜਾ ਰਿਹਾ ਹੈ।ਐਸ ਆਈ ਆਰ ਦੇ ਨਾਂ ਹੇਠ ਲੋਕਾਂ ਦੀਆਂ ਵੋਟਾਂ ਅਵੈਧ ਢੰਗਾਂ ਰਾਹੀ ਕੱਟਕੇ ਭਾਜਪਾ ਵਲੋਂ ਸੂਬਿਆਂ ਦੀਆਂ ਚੋਣਾਂ ਜਿੱਤੀਆਂ ਜਾ ਰਹੀਆਂ ਹਨ। ਦੇਸ਼ ਦੇ ਚੋਣ ਕਮਿਸ਼ਨ ਦੇ ਤਿੰਨ ਅਹੁਦੇਦਾਰਾਂ ਵਿੱਚੋਂ ਦੋ ਨੇ ਜਦ ਇਸ ਉੱਤੇ ਇਤਰਾਜ਼ ਪ੍ਰਗਟ ਕੀਤਾ ਤਾਂ ਉਨ੍ਹਾਂ ਦੇ ਇਤਰਾਜ਼ ਦਰਕਿਨਾਰ ਕਰ ਦੇਣਾ ਇਸੇ ਗੱਲ ਦਾ ਸੰਕੇਤ ਦਿੰਦਾ ਹੈ।ਰੈਲੀ ਵਿੱਚ ਵਿਸ਼ੇਸ਼ ਤੌਰ ਤੇ ਪਹੁੰਚੇ ਸਲੀਮ ਖਾਨ ਮੰਡੇਰ ਤੇ ਹੋਰ ਨੁਮਾਇੰਦੇ ਨੇ ਦੇਸ਼ ਦੇ ਭਲੇ ਲਈ ਸਭ ਧਰਮਾਂ-ਵਰਗਾਂ ਦੇ ਲੋਕਾਂ ਨੂੰ ਇੱਕਜੁੱਟ ਹੋਣ ਦਾ ਹੋਕਾ ਦਿੱਤਾ।ਰੈਲੀ ਦੀ ਹਮਾਇਤ ਵਿੱਚ ਪਹੁੰਚੇ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਨਿਰਭੈ ਸਿੰਘ ਢੁੱਡੀਕੇ ਅਤੇ ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਤਰਸੇਮ ਸਿੰਘ ਪੀਟਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਲਾਮਿਸਾਲ ਅਤੇ ਇਤਿਹਾਸਕ ਕਿਸਾਨ ਸੰਘਰਸ਼ ਨੇ ਕਾਰਪੋਰੇਟ ਪੱਖੀ ਤਿੰਨ ਖੇਤੀ ਕਾਨੂੰਨਾਂ ਨੂੰ ਵਾਪਸ ਕਰਵਾਇਆ ਸੀ, ਪਰ ਇਸ ਦੇ ਬਾਵਜੂਦ ਮੋਦੀ ਦੀ ਕੇਂਦਰ ਸਰਕਾਰ ਫਾਸ਼ੀਵਾਦੀ ਆਰਥਿਕ ਹਮਲੇ ਤੋਂ ਪਿੱਛੇ ਹਟਣ ਦੀ ਬਜਾਏ ਹੁਣ ਦੱਸ ਦੱਸ ਹਜ਼ਾਰ ਏਕੜ ਦੇ ਕਲਸਟਰ ਫਾਰਮ ਉਸਾਰਨ ਦੀਆਂ ਵਿਉਂਤਾਂ ਘੜ ਰਹੀ ਹੈ।ਉਨ੍ਹਾਂ ਇਸ ਪ੍ਰਤੀ ਲੋਕਾਂ ਨੂੰ ਚੌਕਸ ਰਹਿਣ ਦੀ ਅਪੀਲ ਕੀਤੀ।ਸਟੇਜ ਸਕੱਤਰ ਦੀ ਭੂਮਿਕਾ ਕਾ. ਗੁਰਮੁਖ ਸਿੰਘ ਨੇ ਨਿਭਾਈ।

## ਝਾਂਸੀ ਰਾਣੀ ਦੀ ਮੂਰਤੀ ਨੂੰ ਫਲੈਕਸਾਂ ਪਿੱਛੇ ਲੁਕਾਉਣਾ ਮੰਦਭਾਗਾ : ਬੀਬੀ ਲੀਲਾ



**ਜਗਰਾਓਂ (ਨਛੱਤਰ ਸੰਧੂ)**-ਸ਼੍ਰੋਮਣੀ ਅਕਾਲੀ ਦਲ ਹਲਕਾ ਜਗਰਾਓਂ ਦੀ ਇਸਤਰੀ ਵਿੰਗ ਪ੍ਰਧਾਨ ਤੇ ਬਲਾਕ ਸਮਿਤੀ ਮੈਂਬਰ ਬੀਬੀ ਸਤਪਾਲ ਕੌਰ ਲੀਲਾ ਨੇ ਜਗਰਾਓਂ ਦੇ ਇਤਿਹਾਸਕ ਝਾਂਸੀ ਰਾਣੀ ਚੌਕ ਵਿੱਚ ਰਾਣੀ ਲਕਸ਼ਮੀ ਬਾਈ ਦੀ ਮੂਰਤੀ ਦੇ ਆਲੇ-ਦੁਆਲੇ ਵੱਖ-ਵੱਖ ਪਾਰਟੀਆਂ, ਸੰਸਥਾਵਾਂ ਤੇ ਇਸ਼ਤਿਹਾਰਬਾਜ਼ੀ ਵਾਲਿਆਂ ਵੱਲੋਂ ਲਗਾਈਆਂ ਫਲੈਕਸਾਂ ਤੇ ਬੋਰਡਾਂ 'ਤੇ ਚਿੰਤਾ ਪ੍ਰਗਟ ਕੀਤੀ ਹੈ।ਬੀਬੀ ਲੀਲਾ ਨੇ ਕਿਹਾ ਕਿ ਰਾਣੀ ਲਕਸ਼ਮੀ ਬਾਈ ਦੇਸ਼ ਦੀ ਮਹਾਨ ਵੀਰਾਂਗਣਾ ਸਨ, ਜਿਨ੍ਹਾਂ ਨੇ ਦੇਸ਼ ਤੇ ਆਪਣੀ ਮਾਤਭੂਮੀ ਦੀ ਰੱਖਿਆ ਲਈ ਬਹਾਦਰੀ ਨਾਲ ਸੰਘਰਸ਼ ਕੀਤਾ।ਅਜਿਹੀ ਮਹਾਨ ਸ਼ਖ਼ਸੀਅਤ ਦੀ ਮੂਰਤੀ ਨੂੰ ਫਲੈਕਸਾਂ ਤੇ ਬੋਰਡਾਂ ਪਿੱਛੇ ਲੁਕਾ ਦੇਣਾ ਦੁੱਖਦਾਈ ਗੱਲ ਹੈ।ਉਨ੍ਹਾਂ ਕਿਹਾ ਕਿ ਜਗਰਾਓਂ ਵਿੱਚ ਅਸੀਂ ਦੇਸ਼ ਲਈ ਕੁਰਬਾਨੀਆਂ ਦੇਣ ਵਾਲੇ ਮਹਾਨ ਯੋਧਿਆਂ ਦੀਆਂ ਮੂਰਤੀਆਂ ਦੀ ਸਾਫ਼-ਸਫ਼ਾਈ ਤੇ ਸਾਂਭ-ਸੰਭਾਲ ਦੀ ਗੱਲ ਕਰਦੇ ਹਾਂ।ਫਿਰ ਝਾਂਸੀ ਰਾਣੀ ਦੀ ਮੂਰਤੀ ਨੂੰ ਚਾਰੇ ਪਾਸਿਓਂ ਫਲੈਕਸਾਂ ਨਾਲ ਢੱਕ ਦੇਣਾ ਕੀ ਸਹੀ ਹੈ? ਇਹ ਸਵਾਲ ਪ੍ਰਸ਼ਾਸਨ ਤੇ ਸ਼ਹਿਰ ਦੀਆਂ ਸਾਰੀਆਂ ਜ਼ਿੰਮੇਵਾਰ ਧਿਰਾਂ ਨੂੰ ਆਪਣੇ ਆਪ ਤੋਂ ਪੁੱਛਣਾ ਚਾਹੀਦਾ ਹੈ।ਇਸ ਮੌਕੇ ਬੀਬੀ ਸਤਪਾਲ ਕੌਰ ਲੀਲਾ ਨੇ ਕਿਹਾ ਕਿ ਇਹ ਮਸਲਾ ਕਿਸੇ ਇੱਕ ਪਾਰਟੀ ਜਾਂ ਵਿਅਕਤੀ ਦਾ ਨਹੀਂ, ਸਗੋਂ ਜਗਰਾਓਂ ਦੀ ਇਤਿਹਾਸਕ ਪਛਾਣ ਤੇ ਰਾਣੀ ਲਕਸ਼ਮੀ ਬਾਈ ਦੇ ਸਨਮਾਨ ਨਾਲ ਜੁੜਿਆ ਹੋਇਆ ਹੈ।ਉਨ੍ਹਾਂ ਨਗਰ ਕੌਂਸਲ ਤੇ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਿ ਝਾਂਸੀ ਰਾਣੀ ਚੌਂਕ ਵਿੱਚ ਲੱਗੀਆਂ ਫਲੈਕਸਾਂ ਤੇ ਬੋਰਡਾਂ ਦੀ ਜਾਂਚ ਕਰਕੇ ਅਜਿਹਾ ਪ੍ਰਬੰਧ ਕੀਤਾ ਜਾਵੇ ਕਿ ਰਾਣੀ ਲਕਸ਼ਮੀ ਬਾਈ ਦੀ ਮੂਰਤੀ ਸਪਸ਼ਟ ਦਿਖਾਈ ਦੇਵੇ।

## ਅਕਾਲ ਅਕੈਡਮੀ ਉੱਭਿਆ ਵਿਖੇ ਅੰਮ੍ਰਿਤਪਾਨ ਤੇ ਗੁਰਮਤਿ ਜੀਵਨ ਸੰਬੰਧੀ ਸੈਮੀਨਾਰ



**ਚੀਮਾ ਮੰਡੀ (ਰਵਿੰਦਰ ਚੀਮਾ)**-ਕਲਗੀਧਰ ਟਰੱਸਟ ਬੜੂ ਸਾਹਿਬ ਅਧੀਨ ਚੱਲ ਰਹੀ ਵਿੱਦਿਅਕ ਸੰਸਥਾ ਅਕਾਲ ਅਕੈਡਮੀ ਉੱਭਿਆ ਵਿਖੇ ਵਿਦਿਆਰਥੀਆਂ ਨੂੰ ਗੁਰਮਤਿ ਜੀਵਨ ਨਾਲ ਜੋੜਨ ਤੇ ਅੰਮ੍ਰਿਤ ਪਾਨ ਲਈ ਪ੍ਰੇਰਿਤ ਕਰਨ ਦੇ ਉਦੇਸ਼ ਨਾਲ ਇੱਕ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ।ਇਸ ਮੌਕੇ ਮੁੱਖ ਮਹਿਮਾਨ ਵਜੋਂ ਕਥਾਵਾਚਕ ਸ੍ਰ. ਅੰਮ੍ਰਿਤਪਾਲ ਸਿੰਘ ਵਿਸ਼ੇਸ਼ ਤੌਰ 'ਤੇ ਮਸਤੂਆਣਾ ਸਾਹਿਬ ਤੋਂ ਪਹੁੰਚੇ।ਉਨ੍ਹਾਂ ਨਾਲ ਭਾਈ ਸਾਹਿਬ ਅਮਨਦੀਪ ਸਿੰਘ ਪਾਤੜਾਂ ਨੇ ਵੀ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਸੈਮੀਨਾਰ ਦੌਰਾਨ ਵਿਦਿਆਰਥੀਆਂ ਨੇ ਭਾਈ ਸਾਹਿਬ ਦੇ ਵਿਚਾਰਾਂ ਨੂੰ ਬੜੇ ਧਿਆਨ ਤੇ ਸ਼ਰਧਾ ਨਾਲ ਸਰਵਣ ਕੀਤਾ। ਭਾਈ ਸਾਹਿਬ ਨੇ ਬਹੁਤ ਹੀ ਸਰਲ ਤੇ ਪ੍ਰਭਾਵਸ਼ਾਲੀ ਢੰਗ ਨਾਲ ਵਿਦਿਆਰਥੀਆਂ ਨੂੰ ਅੰਮ੍ਰਿਤ ਪਾਨ ਕਰਨ, ਗੁਰੂ ਸਾਹਿਬ ਦੇ ਲੜ ਲੱਗਣ ਤੇ ਗੁਰਮਤਿ ਦੇ ਸਿਧਾਂਤਾਂ ਅਨੁਸਾਰ ਜੀਵਨ ਬਤੀਤ ਕਰਨ ਲਈ ਪ੍ਰੇਰਿਤ ਕੀਤਾ।ਉਨ੍ਹਾਂ ਵਿਦਿਆਰਥੀਆਂ ਨੂੰ ਆਪਣੇ ਜੀਵਨ ਵਿੱਚ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਨੂੰ ਅਪਣਾਉਣ ਤੇ ਚੰਗੇ ਗੁਣਾਂ ਦਾ ਵਿਕਾਸ ਕਰਨ ਲਈ ਵੀ ਉਤਸ਼ਾਹਤ ਕੀਤਾ।ਇਸ ਮੌਕੇ ਅਕਾਲ ਅਕੈਡਮੀ ਉੱਭਿਆ ਦੀ ਪ੍ਰਿੰਸੀਪਲ ਗੁਰਜੀਤ ਕੌਰ ਨੇ ਮੁੱਖ ਮਹਿਮਾਨ ਤੇ ਭਾਈ ਸਾਹਿਬ ਦਾ ਨਿੱਘਾ ਸਵਾਗਤ ਕੀਤਾ।ਉਨ੍ਹਾਂ ਵਿਦਿਆਰਥੀਆਂ ਨੂੰ ਗੁਰਮਤਿ ਨਾਲ ਜੋੜਨ ਤੇ ਅੰਮ੍ਰਿਤ ਪਾਨ ਸਬੰਧੀ ਪ੍ਰੇਰਨਾਦਾਇਕ ਵਿਚਾਰ ਸਾਂਝੇ ਕਰਨ ਲਈ ਉਨ੍ਹਾਂ ਦਾ ਧੰਨਵਾਦ ਕੀਤਾ।

# ਅੰਤਰਰਾਸ਼ਟਰੀ ਨਸ਼ਾ ਤਸਕਰੀ ਖਿਲਾਫ ਪੁਲਸ ਦੀ ਵੱਡੀ ਸਫਲਤਾ

## 270 ਗ੍ਰਾਮ ਹੈਰੋਇਨ ਤੇ 2 ਡਰੋਨਾਂ ਸਮੇਤ 3 ਕਾਬੂ



**ਜਲਾਲਾਬਾਦ (ਜੀਤ ਕੁਮਾਰ)**-ਫਾਜ਼ਿਲਕਾ ਪੁਲਸ ਵੱਲੋਂ ਨਸ਼ਾ ਤਸਕਰੀ ਖਿਲਾਫ ਚਲਾਈ ਜਾ ਰਹੀ ਮੁਹਿੰਮ ਤਹਿਤ ਇੱਕ ਹੋਰ ਵੱਡੀ ਸਫਲਤਾ ਹਾਸਲ ਕਰਦਿਆਂ 3 ਨਸ਼ਾ ਤਸਕਰਾਂ ਨੂੰ 270 ਗ੍ਰਾਮ ਹੈਰੋਇਨ ਤੇ 2 ਡਰੋਨਾਂ ਸਮੇਤ ਕਾਬੂ ਕੀਤਾ ਗਿਆ ਹੈ। ਸ੍ਰੀ ਸਤਿੰਦਰ ਕੁਮਾਰ ਪੀ.ਪੀ.ਐੱਸ. ਕਪਤਾਨ ਪੁਲਸ (ਇੰਨਵੈਸਟੀਗੇਸ਼ਨ) ਫਾਜ਼ਿਲਕਾ ਦੀ ਅਗਵਾਈ ਹੇਠ ਇੰਸਪੈਕਟਰ ਸੁਨੀਲ ਕੁਮਾਰ, ਇੰਚਾਰਜ ਸੀ.ਆਈ.ਏ. ਫਾਜ਼ਿਲਕਾ ਦੀ ਨਿਗਰਾਨੀ ਹੇਠ ਐੱਸ.ਆਈ. ਕੁਲਵੰਤ ਸਿੰਘ ਵੱਲੋਂ ਸਮੇਤ ਪੁਲਸ ਪਾਰਟੀ ਥਾਣਾ ਸਦਰ ਜਲਾਲਾਬਾਦ ਦੇ ਏਰੀਏ ਵਿੱਚ ਗਸ਼ਤ ਕੀਤੀ ਜਾ ਰਹੀ ਸੀ। ਇਸ ਦੌਰਾਨ ਪਿੰਡ ਸੁਖੇਰਾ ਬੋਦਲਾ ਤੋਂ ਅੱਗੇ ਘੁਬਾਇਆ ਕਾਲਜ ਆਫ਼ ਇੰਜੀਨੀਅਰਿੰਗ ਐਂਡ ਟੈਕਨੋਲੋਜੀ ਨੇੜੇ ਮੋਟਰਸਾਈਕਲ 'ਤੇ ਸਵਾਰ ਤਿੰਨ ਨੌਜਵਾਨਾਂ ਨੂੰ ਸ਼ੱਕ ਦੇ ਆਧਾਰ 'ਤੇ ਰੋਕ ਕੇ ਤਲਾਸ਼ੀ ਲਈ ਗਈ। ਤਲਾਸ਼ੀ ਦੌਰਾਨ ਉਨ੍ਹਾਂ ਪਾਸੋਂ 270 ਗ੍ਰਾਮ ਹੈਰੋਇਨ ਤੇ 2 ਡਰੋਨ ਬਰਾਮਦ ਹੋਏ। ਪੁਲਸ ਵੱਲੋਂ ਤਿੰਨਾਂ ਨੂੰ ਮੋਟਰਸਾਈਕਲ ਸਮੇਤ ਕਾਬੂ ਕਰਕੇ ਬਰਾਮਦ ਨਸ਼ੀਲਾ ਪਦਾਰਥ ਤੇ ਡਰੋਨ ਆਪਣੇ ਕਬਜ਼ੇ ਵਿੱਚ ਲੈ ਲਏ ਗਏ। ਕਾਬੂ ਕੀਤੇ ਮੁਲਜ਼ਮਾਂ ਦੀ ਪਹਿਚਾਣ ਹਰਮੇਸ਼ ਸਿੰਘ ਉਰਫ਼ ਗੱਗੀ ਪੁੱਤਰ ਗੁਰਨਾਮ ਸਿੰਘ ਵਾਸੀ ਪਿੰਡ ਫੱਤੂ ਵਾਲਾ, ਲਵਪ੍ਰੀਤ ਸਿੰਘ ਉਰਫ਼ ਲਵਲੀ ਪੁੱਤਰ ਮੁਖਤਿਆਰ ਸਿੰਘ ਵਾਸੀ ਜੋਧਾ ਭੈਣੀ ਤੇ ਬਲਵਿੰਦਰ ਸਿੰਘ ਉਰਫ ਨੀਟੀ ਪੁੱਤਰ ਰਾਮ ਸਿੰਘ ਵਾਸੀ ਢਾਣੀ ਮਾਘ ਸਿੰਘ ਵਜੋਂ ਹੋਈ ਹੈ। ਇਸ ਸਬੰਧੀ ਥਾਣਾ ਸਦਰ ਜਲਾਲਾਬਾਦ ਵਿਖੇ ਕੇਸ ਦਰਜ ਕਰਕੇ ਅਗਲੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ। ਮੁੱਢਲੀ ਤਫਤੀਸ਼ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਉਪਰੋਕਤ ਤਸਕਰਾਂ ਵੱਲੋਂ ਇਹ ਹੈਰੋਇਨ ਪਾਕਿਸਤਾਨ ਤੋਂ ਡਰੋਨ ਰਾਹੀਂ ਮੰਗਵਾਈ ਗਈ ਸੀ। ਮੁਲਜ਼ਮਾਂ ਦੇ ਫਾਰਵਰਡ ਤੇ ਬੈਕਵਰਡ ਲਿੰਕਾਂ ਸਬੰਧੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ, ਤਾਂ ਜੋ ਨਸ਼ਾ ਤਸਕਰੀ ਦੇ ਪੂਰੇ ਨੈੱਟਵਰਕ ਬਾਰੇ ਜਾਣਕਾਰੀ ਹਾਸਲ ਕਰਕੇ ਇਸ ਨਾਲ ਜੁੜੇ ਹੋਰ ਵਿਅਕਤੀਆਂ ਖਿਲਾਫ ਵੀ ਕਾਨੂੰਨੀ ਕਾਰਵਾਈ ਕੀਤੀ ਜਾ ਸਕੇ।

# 'ਕ੍ਰਿਕਟ ਨਮੋ ਲੀਗ' 'ਚ ਤਰਮਾਲਾ ਦੀ ਟੀਮ ਨੇ ਮਾਰੀ ਬਾਜ਼ੀ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਜਨਮ ਦਿਨ ਮੌਕੇ ਸ਼ੁਰੂ ਕੀਤੀ ਗਈ 'ਕ੍ਰਿਕਟ ਨਮੋ ਲੀਗ' ਦੇ ਜ਼ੋਨ ਸ੍ਰੀ ਮੁਕਤਸਰ ਸਾਹਿਬ ਦੇ ਮੈਚ ਪਿੰਡ ਬਰਕੰਦੀ ਦੇ ਸਟੇਡੀਅਮ ਵਿਖੇ ਸੰਪੂਰਨ ਹੋਏ।ਫਾਈਨਲ ਮੈਚ ਉਪਰੰਤ ਜੇਤੂ ਟੀਮਾਂ ਨੂੰ ਇਨਾਮ ਵੰਡਣ ਤੇ ਹੌਸਲਾ ਅਫਜ਼ਾਈ ਲਈ ਪੰਚਕੂਲਾ ਤੋਂ ਸਾਬਕਾ ਮੇਅਰ ਮਨਵੀਰ ਕੌਰ ਗਿੱਲ ਵਿਸ਼ੇਸ਼ ਤੌਰ 'ਤੇ ਪਹੁੰਚੇ।ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਤੇ ਨਸ਼ਿਆਂ ਤੋਂ ਦੂਰ ਰੱਖਣ ਦੇ ਮਕਸਦ ਨਾਲ ਸ਼ੁਰੂ ਕੀਤੀ ਗਈ 'ਕ੍ਰਿਕਟ ਨਮੋ ਲੀਗ' ਦਾ ਫਾਈਨਲ ਮੈਚ ਪਿੰਡ ਬਰਕੰਦੀ ਦੇ ਖੇਡ ਸਟੇਡੀਅਮ ਵਿਖੇ ਖੇਡਿਆ ਗਿਆ।ਇਸ ਸਬੰਧੀ ਜਾਣਕਾਰੀ ਦਿੰਦਿਆਂ ਭਾਰਤੀ ਜਨਤਾ ਪਾਰਟੀ ਦੇ ਪ੍ਰਮੁੱਖ ਆਗੂ ਤੇ 'ਕ੍ਰਿਕਟ ਨਮੋ ਲੀਗ' ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਜ਼ੋਨ ਇੰਚਾਰਜ ਕੁਲਵੰਤ ਸਿੰਘ ਗਿੱਲ ਨੇ ਦੱਸਿਆ ਕਿ 'ਕ੍ਰਿਕਟ ਨਮੋ ਲੀਗ' ਦੇ ਫਾਈਨਲ ਮੈਚ ਵਿੱਚ ਜੇਤੂ ਰਹਿਣ ਵਾਲੀ ਤਰਮਾਲਾ ਦੀ ਟੀਮ ਨੂੰ 31 ਹਜ਼ਾਰ ਰੁਪਏ ਨਕਦ ਇਨਾਮ ਤੇ ਟੀ ਸ਼ਰਟਾਂ ਦਿੱਤੀਆਂ ਗਈਆਂ।ਰਨਰਅੱਪ ਰਹਿਣ ਵਾਲੀ ਲੁਬਾਣਿਆਂ ਵਾਲੀ ਦੀ ਟੀਮ ਨੂੰ 21 ਹਜ਼ਾਰ ਰੁਪਏ ਨਕਦ ਇਨਾਮ ਤੇ ਟੀ ਸ਼ਰਟਾਂ ਤੋਂ ਇਲਾਵਾ ਤੀਜੇ ਨੰਬਰ 'ਤੇ ਰਹਿਣ ਵਾਲੀਆਂ ਸ੍ਰੀ ਮੁਕਤਸਰ ਸਾਹਿਬ ਤੇ ਭੁੱਲਰ ਦੀਆਂ ਟੀਮਾਂ ਨੂੰ 5100-5100 ਰੁਪਏ ਦਾ ਵਿਸ਼ੇਸ਼ ਇਨਾਮ ਤੇ ਟੀ ਸ਼ਰਟਾਂ ਦਿੱਤੀਆਂ।ਇਹ 'ਕ੍ਰਿਕਟ ਨਮੋ ਲੀਗ' ਦੀਆਂ ਜੇਤੂ ਟੀਮਾਂ 28 ਸਤੰਬਰ 2026 ਤੋਂ ਪੰਚਕੂਲਾ ਵਿਖੇ ਮੈਚ ਖੇਡਣਗੀਆਂ, ਜਿਸ ਵਿੱਚ ਜੇਤੂ ਟੀਮਾਂ ਨੂੰ ਲੱਖਾਂ ਰੁਪਏ ਦੇ ਵਿਸ਼ੇਸ਼ ਇਨਾਮ ਦਿੱਤੇ ਜਾਣਗੇ।

ਜੇਤੂ ਟੀਮਾਂ ਨੂੰ ਇਨਾਮ ਵੰਡਣ ਦੌਰਾਨ ਪੰਚਕੂਲਾ ਦੇ ਸਾਬਕਾ ਮੇਅਰ ਮਨਵੀਰ ਕੌਰ ਗਿੱਲ ਨੇ ਜੇਤੂ ਟੀਮ ਤੇ ਰਨਰਅੱਪ ਟੀਮ ਨੂੰ ਵਧਾਈਆਂ ਦਿੱਤੀਆਂ।ਉਨ੍ਹਾਂ ਨੇ ਖਿਡਾਰੀਆਂ ਨੂੰ ਵਿਸਵਾਸ਼ ਦਵਾਇਆ ਕਿ ਭਵਿੱਖ ਵਿੱਚ ਵੀ ਅਸੀਂ ਤੁਹਾਡੇ ਨਾਲ ਤਾਲਮੇਲ ਰੱਖਾਂਗੇ ਤੇ ਆਪ ਦੀਆਂ ਜ਼ਰੂਰਤਾਂ ਅਨੁਸਾਰ ਅਸੀਂ ਸਹਿਯੋਗ ਕਰਦੇ ਰਹਾਂਗੇ।

## ਅਫਵਾਹਾਂ ਨੇ ਚਿਤਕਾਰਾ 'ਚ ਮਚਾਇਆ ਹੰਗਾਮਾ



**ਰਾਜਪੁਰਾ (ਰਮੇਸ਼ ਕਟਾਰੀਆ)**- ਰਾਜਪੁਰਾ ਨੇੜੇ ਚਿਤਕਾਰਾ ਯੂਨੀਵਰਸਿਟੀ ਵਿੱਚ ਸ਼ੁੱਕਰਵਾਰ ਦੇਰ ਰਾਤ ਸੋਸ਼ਲ ਮੀਡੀਆ 'ਤੇ ਫੈਲੀਆਂ ਕਥਿਤ ਅਫਵਾਹਾਂ ਤੋਂ ਬਾਅਦ ਮਾਹੌਲ ਤਣਾਅਪੂਰਨ ਹੋ ਗਿਆ।ਬੀਤੀ ਰਾਤ ਵੱਡੀ ਗਿਣਤੀ ਵਿੱਚ ਵਿਦਿਆਰਥੀ ਕੈਂਪਸ ਵਿੱਚ ਇਕੱਠੇ ਹੋਏ ਤੇ ਰੋਸ ਪ੍ਰਦਰਸ਼ਨ ਕੀਤਾ।ਇਸ ਦੌਰਾਨ ਭੰਨਤੋੜ ਹੋਣ ਦੀ ਵੀ ਰਿਪੋਰਟ ਸਾਹਮਣੇ ਆਈ ਹੈ।ਰਿਪੋਰਟਾਂ ਅਨੁਸਾਰ ਕੁਝ ਵਿਦਿਆਰਥੀਆਂ ਵੱਲੋਂ ਦੋ ਵਿਦਿਆਰਥਣਾਂ ਦੇ ਲਾਪਤਾ ਹੋਣ ਸਬੰਧੀ ਦਾਅਵੇ ਕੀਤੇ ਗਏ, ਜਿਸ ਤੋਂ ਬਾਅਦ ਵਿਦਿਆਰਥੀਆਂ ਨੇ ਯੂਨੀਵਰਸਿਟੀ ਪ੍ਰਸ਼ਾਸਨ ਤੋਂ ਸਪਸ਼ਟੀਕਰਨ ਦੀ ਮੰਗ ਕੀਤੀ।ਮੌਕੇ 'ਤੇ ਪੁਲਸ ਅਧਿਕਾਰੀ ਵੀ ਪਹੁੰਚੇ ਤੇ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ।ਪੁਲਸ ਵੱਲੋਂ ਕਿਹਾ ਗਿਆ ਕਿ ਵਿਦਿਆਰਥੀਆਂ ਦੀ ਸ਼ਿਕਾਇਤ ਪ੍ਰਾਪਤ ਹੋਈ ਹੈ ਤੇ ਮਾਮਲੇ ਦੀ ਜਾਂਚ ਕਰਕੇ ਤੱਥਾਂ ਦੀ ਪੁਸ਼ਟੀ ਕੀਤੀ ਜਾਵੇਗੀ।ਦੂਜੇ ਪਾਸੇ, ਯੂਨੀਵਰਸਿਟੀ ਪ੍ਰਸ਼ਾਸਨ ਨੇ ਕਿਸੇ ਵਿਦਿਆਰਥਣ ਦੀ ਮੌਤ ਜਾਂ ਖੁਦਕੁਸ਼ੀ ਦੀ ਘਟਨਾ ਤੋਂ ਸਪੱਸ਼ਟ ਤੌਰ 'ਤੇ ਇਨਕਾਰ ਕਰਦਿਆਂ ਕਿਹਾ ਕਿ ਸੋਸ਼ਲ ਮੀਡੀਆ 'ਤੇ ਚੱਲ ਰਹੀਆਂ ਗੈਰ-ਪੁਸ਼ਟੀਸ਼ੁਦਾ ਖ਼ਬਰਾਂ ਤੇ ਅਫਵਾਹਾਂ 'ਤੇ ਵਿਸ਼ਵਾਸ ਨਾ ਕੀਤਾ ਜਾਵੇ।ਪ੍ਰਸ਼ਾਸਨ ਵੱਲੋਂ ਵਿਦਿਆਰਥੀਆਂ ਨੂੰ ਸਿਰਫ਼ ਅਧਿਕਾਰਤ ਜਾਣਕਾਰੀ 'ਤੇ ਭਰੋਸਾ ਕਰਨ ਦੀ ਅਪੀਲ ਕੀਤੀ ਗਈ। ਫਿਲਹਾਲ ਪੁਲਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਅਸਲ ਤੱਥ ਜਾਂਚ ਤੋਂ ਬਾਅਦ ਹੀ ਸਪੱਸ਼ਟ ਹੋਣਗੇ।

## ਮਾਤਾ ਕਿਰਨ ਮਿੱਤਲ ਨਮਿੱਤ ਅੰਤਿਮ ਅਰਦਾਸ ਅੱਜ



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਰੈਨਾ ਹੋਮਵੇਅਰਜ਼ ਪ੍ਰਾਈਵੇਟ ਲਿਮਟਿਡ ਦੇ ਸੰਚਾਲਕ ਤੇ ਨੌਜਵਾਨ ਉਦਯੋਗਪਤੀ ਸ੍ਰੀ ਦੀਪਕ ਮਿੱਤਲ ਦੀ ਮਾਤਾ ਸ੍ਰੀਮਤੀ ਕਿਰਨ ਮਿੱਤਲ ਦਾ ਬੀਤੀ 17 ਸਤੰਬਰ ਨੂੰ ਦੇਹਾਂਤ ਹੋ ਗਿਆ ਸੀ, ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਨਾਮ ਚਰਚਾ ਤੇ ਅੰਤਿਮ ਅਰਦਾਸ 27 ਸਤੰਬਰ ਐਤਵਾਰ ਨੂੰ ਮਹਾਰਾਜਾ ਪੈਲੇਸ ਸੁਨਾਮ ਵਿਖੇ ਸਵੇਰੇ 11 ਵਜੇ ਤੋਂ ਦੁਪਹਿਰ 1 ਵਜੇ ਤੱਕ ਹੋਵੇਗੀ।ਇਸ ਮੌਕੇ ਸਵ. ਕਿਰਨ ਮਿੱਤਲ ਦੀ ਯਾਦ ਵਿੱਚ ਖ਼ੂਨਦਾਨ ਕੈਂਪ ਲਗਾਇਆ ਜਾਵੇਗਾ।ਵਾਤਾਵਰਣ ਦੀ ਸ਼ੁੱਧਤਾ ਤੇ ਹਰਿਆਵਲ ਨੂੰ ਉਤਸ਼ਾਹਤ ਕਰਨ ਲਈ ਮੁਫ਼ਤ ਬੂਟੇ ਵੀ ਵੰਡੇ ਜਾਣਗੇ।ਇਸ ਮੌਕੇ ਵੱਡੀ ਗਿਣਤੀ ਵਿੱਚ ਇਲਾਕੇ ਭਰ ਤੋਂ ਨਾਮਵਰ ਰਾਜਸੀ, ਸਮਜਿਕ ਤੇ ਧਾਰਮਿਕ ਸ਼ਖਸੀਅਤਾਂ ਤੇ ਸਨੇਹੀ ਸ਼੍ਰੀਮਤੀ ਕਿਰਨ ਮਿੱਤਲ ਨੂੰ ਸ਼ਰਧਾ ਦੇ ਫੁੱਲ ਭੇਟ ਕਰਨਗੇ।

## ਦਾਣਾ ਮੰਡੀ 'ਚ ਫ਼ਸਲ ਆਉਣ ਤੋਂ ਪਹਿਲਾਂ ਸਾਰੇ ਪ੍ਰਬੰਧ ਮੁਕੰਮਲ

**ਮਲੋਟ (ਰਜਿੰਦਰ ਜੁਨੇਜਾ)**-ਜਿਵੇਂ-ਜਿਵੇਂ ਝੋਨੇ ਦਾ ਸੀਜ਼ਨ ਨੇੜੇ ਆ ਰਿਹਾ ਹੈ, ਪ੍ਰਸ਼ਾਸਨ ਵੱਲੋਂ ਵੀ ਤਿਆਰੀਆਂ ਤੇਜ਼ ਕਰ ਦਿੱਤੀਆਂ ਗਈਆਂ ਹਨ।ਮਾਰਕੀਟ ਕਮੇਟੀ ਦੇ ਸੈਕਟਰੀ ਮਨਦੀਪ ਰਹੇਜਾ ਨੇ ਦੱਸਿਆ ਕਿ ਇਸ ਵਾਰ ਨਰਮੇ ਤੇ ਝੋਨੇ ਦੀ ਫ਼ਸਲ ਚੰਗੀ ਹੋਣ ਦੀ ਉਮੀਦ ਹੈ।ਇਸ ਲਈ ਕਿਸਾਨਾਂ ਨੂੰ ਕਿਸੇ ਤਰ੍ਹਾਂ ਦੀ ਖੱਜਲ-ਖੁਆਰੀ ਨਾ ਹੋਵੇ ਤੇ ਉਨ੍ਹਾਂ ਨੂੰ ਮੰਡੀਆਂ ਵਿੱਚ ਵੱਧ ਸਮਾਂ ਨਾ ਬੈਠਣਾ ਪਵੇ, ਇਸ ਲਈ ਬਿਜਲੀ, ਪਾਣੀ ਤੇ ਸਫ਼ਾਈ ਸਮੇਤ ਸਾਰੇ ਲੋੜੀਂਦੇ ਪ੍ਰਬੰਧ 30 ਸਤੰਬਰ ਤੱਕ ਮੁਕੰਮਲ ਕਰ ਲਏ ਜਾਣਗੇ।ਉਨ੍ਹਾਂ ਦੱਸਿਆ ਕਿ ਮੰਡੀਆਂ ਵਿੱਚ ਪਿਛਲੇ ਕੁਝ ਦਿਨਾਂ ਤੋਂ ਸਫ਼ਾਈ ਕਰਵਾਈ ਜਾ ਰਹੀ ਹੈ।ਇਸ ਤੋਂ ਇਲਾਵਾ ਲਾਈਟਾਂ, ਪਾਣੀ, ਰਾਤ ਸਮੇਂ ਰਖਵਾਲੀ ਲਈ ਚੌਕੀਦਾਰ ਤੇ ਹੋਰ ਲੋੜੀਂਦੇ ਪ੍ਰਬੰਧ ਵੀ ਕੀਤੇ ਜਾ ਰਹੇ ਹਨ।

## ਲਿਫਟ ਦੇਣ ਦੇ ਬਹਾਨੇ ਉਤਾਰੀਆਂ ਵਾਲੀਆਂ, ਕੇਸ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਰਹਿੰਦ ਵਿਖੇ ਕਾਰ ਸਵਾਰ ਔਰਤਾਂ ਵੱਲੋਂ ਕਾਰ ਵਿੱਚ ਲਿਫਟ ਦੇ ਬਹਾਨੇ ਇੱਕ ਔਰਤ ਦੇ ਕੰਨਾਂ ਦੇ ਵਾਲੀਆਂ ਉਤਾਰ ਕੇ ਲੈ ਜਾਣ ਦੀ ਸੂਚਨਾ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਰਾਣੀ ਦੇਵੀ ਵਾਸੀ ਰੇਲਵੇ ਰੋਡ ਸਰਹਿੰਦ ਨੇ ਦੱਸਿਆ ਕਿ ਕੱਲ ਸਵੇਰੇ ਕਰੀਬ ਸਾਢੇ ਨੌਂ ਵਜੇ ਉਹ ਸਰਹਿੰਦ ਬੱਸ ਸਟੈਂਡ 'ਤੇ ਬੱਸ 'ਚੋਂ ਉੱਤਰ ਕੇ ਪੈਦਲ ਤੁਰੀ ਜਾ ਰਹੀ ਸੀ ਤਾਂ ਅਨਾਜ ਮੰਡੀ ਨਜ਼ਦੀਕ ਇੱਕ ਚਿੱਟੇ ਰੰਗ ਦੀ ਕਾਰ ਉਸ ਕੋਲ ਆ ਕੇ ਰੁਕੀ, ਜਿਸ ਵਿੱਚ ਸਵਾਰ ਇੱਕ ਮਰਦ ਤੇ ਔਰਤਾਂ ਨੇ ਉਸ ਨੂੰ ਕਿਹਾ ਕਿ ਉਨ੍ਹਾਂ ਨੇ ਵੀ ਉਸ ਦੇ ਘਰ ਵੱਲ ਹੀ ਜਾਣਾ ਹੈ, ਜਿਨ੍ਹਾਂ ਦੀਆਂ ਗੱਲਾਂ ਵਿੱਚ ਆ ਕੇ ਉਹ ਉਨ੍ਹਾਂ ਦੇ ਨਾਲ ਕਾਰ ਵਿੱਚ ਬੈਠ ਗਈ।ਸ਼ਿਕਾਇਤ ਕਰਤਾ ਨੇ ਦੋਸ਼ ਲਗਾਏ ਕਿ ਉਕਤ ਔਰਤਾਂ ਨੇ ਉਸ ਦੇ ਕੰਨਾਂ ਵਿੱਚ ਪਾਈਆਂ ਸੋਨੇ ਦੀਆਂ ਵਾਲੀਆਂ ਉਤਾਰ ਲਈਆਂ ਤੇ ਉਸ ਨੂੰ ਕਾਰ 'ਚੋਂ ਉਤਾਰ ਕੇ ਮੌਕੇ ਤੋਂ ਫ਼ਰਾਰ ਹੋ ਗਈਆਂ।ਪੁਲਸ ਨੇ ਮੁਕੱਦਮਾ ਦਰਜ ਕਰਕੇ ਮਾਮਲੇ ਦੀ ਤਫ਼ਤੀਸ਼ ਸ਼ੁਰੂ ਕਰ ਦਿੱਤੀ ਹੈ।

## ਪਾਵਰਕਾਮ ਵੱਲੋਂ ਆਪਣੇ ਪੈਨਸ਼ਨਰਾਂ ਤੇ ਫੈਮਿਲੀ ਪੈਨਸ਼ਨਰਾਂ ਲਈ ਵੱਡੀ ਰਾਹਤ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਇੰਜ: ਰਤਨ ਕੁਮਾਰ ਮਿੱਤਲ ਵੰਡ ਦੱਖਣ ਜ਼ੋਨ ਪਟਿਆਲਾ ਵੱਲੋਂ ਦੱਸਿਆ ਗਿਆ ਹੈ ਕਿ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਵੱਲੋਂ ਪੈਨਸ਼ਨਰਾਂ ਤੇ ਫੈਮਿਲੀ ਪੈਨਸ਼ਨਰਾਂ ਨੂੰ ਬਣਦੇ ਵਿੱਤੀ ਲਾਭ ਸਮੇਂ ਸਿਰ ਮੁਹੱਈਆ ਕਰਵਾਉਣ ਲਈ ਪੈਨਸ਼ਨ ਪੈਕੇਜ ਵਿੱਚ ਲੋੜੀਂਦਾ ਰਿਕਾਰਡ ਅਪਡੇਟ ਕਰਨ ਸਬੰਧੀ ਸਮੂਹ ਡੀ.ਡੀ.ਓਜ਼ ਨੂੰ ਨਿਰਦੇਸ਼ ਜਾਰੀ ਕੀਤੇ ਗਏ ਹਨ।ਪੀ.ਐੱਸ.ਪੀ.ਸੀ.ਐੱਲ. ਦੇ ਸੀ.ਐੱਮ.ਡੀ. ਗੁਰਕਿਰਤ ਕਿਰਪਾਲ ਸਿੰਘ, ਪੀ.ਐੱਸ.ਈ.ਬੀ. ਜੁਆਇੰਟ ਫੋਰਮ ਤੇ ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ ਦਰਮਿਆਨ ਹੋਈ ਮੀਟਿੰਗ ਦੌਰਾਨ ਇਹ ਮਾਮਲਾ ਸਾਹਮਣੇ ਆਇਆ ਸੀ ਕਿ ਪੈਨਸ਼ਨ ਪੈਕੇਜ ਵਿੱਚ ਕੁਝ ਪੈਨਸ਼ਨਰਾਂ ਦੀ ਮੌਤ ਦੀ ਮਿਤੀ ਅਤੇ ਕੁਝ ਫੈਮਿਲੀ ਪੈਨਸ਼ਨਰਾਂ ਦੀ ਜਨਮ ਮਿਤੀ ਦਰਜ ਨਾ ਹੋਣ ਕਾਰਨ ਬੁਢਾਪਾ ਭੱਤਾ ਤੇ ਐੱਲ.ਟੀ.ਸੀ. ਵਰਗੇ ਬਣਦੇ ਲਾਭਾਂ ਦੀ ਅਦਾਇਗੀ ਵਿੱਚ ਦਿੱਕਤ ਆ ਰਹੀ ਹੈ।ਪੜਤਾਲ ਕਰਨ 'ਤੇ ਸਾਹਮਣੇ ਆਇਆ ਕਿ 2109 ਪੈਨਸ਼ਨਰਾਂ ਦੀ ਮੌਤ ਦੀ ਮਿਤੀ ਤੇ 876 ਫੈਮਿਲੀ ਪੈਨਸ਼ਨਰਾਂ ਦੀ ਜਨਮ ਮਿਤੀ ਦਾ ਡਾਟਾ ਅਪਡੇਟ ਨਹੀਂ ਹੈ।ਇਸ ਕਾਰਨ ਕੁਝ ਯੋਗ ਪੈਨਸ਼ਨਰਾਂ ਨੂੰ ਐੱਲ ਟੀ ਸੀ ਤੇ ਬੁਢਾਪਾ ਭੱਤੇ ਸਮੇਤ ਹੋਰ ਬਣਦੇ ਲਾਭ ਪ੍ਰਾਪਤ ਕਰਨ ਵਿੱਚ ਮੁਸ਼ਕਲ ਆ ਰਹੀ ਸੀ।ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਪੀ.ਐੱਸ.ਪੀ.ਸੀ.ਐੱਲ. ਦੇ ਸੀ ਐੱਮ ਡੀ ਗੁਰਕਿਰਤ ਕਿਰਪਾਲ ਸਿੰਘ ਵੱਲੋਂ ਸਮੂਹ ਸਬੰਧਤ ਡੀ.ਡੀ.ਓਜ਼ ਨੂੰ ਉਕਤ ਕਾਰਵਾਈ 15 ਦਿਨਾਂ ਦੇ ਅੰਦਰ ਮੁਕੰਮਲ ਕਰਨ ਦੀ ਹਦਾਇਤ ਕੀਤੀ ਗਈ ਹੈ, ਤਾਂ ਜੋ ਪੈਨਸ਼ਨਰਾਂ ਤੇ ਫੈਮਿਲੀ ਪੈਨਸ਼ਨਰਾਂ ਨੂੰ ਬਣਦੇ ਵਿੱਤੀ ਲਾਭਾਂ ਦੀ ਅਦਾਇਗੀ ਸੁਚਾਰੂ ਢੰਗ ਨਾਲ ਯਕੀਨੀ ਬਣਾਈ ਜਾ ਸਕੇ, ਜਿਸ ਸੰਬੰਧੀ 23 ਸਤੰਬਰ 2026 ਨੂੰ ਪੀ.ਐੱਸ.ਪੀ.ਸੀ.ਐੱਲ. ਵੱਲੋਂ ਪੱਤਰ ਜਾਰੀ ਕਰਕੇ ਸਮੂਹ ਡੀ.ਡੀ.ਓਜ਼ ਨੂੰ ਹਦਾਇਤ ਕੀਤੀ ਹੈ ਕਿ ਪੈਨਸ਼ਨਰਾਂ ਦੇ ਰਿਕਾਰਡ ਦੀ ਤੁਰੰਤ ਜਾਂਚ ਕੀਤੀ ਜਾਵੇ।ਲੋੜੀਂਦੇ ਦਸਤਾਵੇਜ਼ਾਂ ਦੇ ਆਧਾਰ 'ਤੇ ਰਿਕਾਰਡ ਵਿੱਚ ਡਾਟਾ ਤੁਰੰਤ ਅਪਡੇਟ ਕੀਤਾ ਜਾਵੇ ਤੇ ਜੇਕਰ ਕਿਸੇ ਪੈਨਸ਼ਨਰ ਦਾ ਕੋਈ ਦਸਤਾਵੇਜ਼ ਜਾਂ ਜਾਣਕਾਰੀ ਅਧੂਰੀ ਹੈ, ਤਾਂ ਦਫ਼ਤਰ ਵੱਲੋਂ ਖੁਦ ਸਬੰਧਤ ਪੈਨਸ਼ਨਰ ਨਾਲ ਸੰਪਰਕ ਕਰਕੇ ਕਮੀ ਨੂੰ ਪੂਰਾ ਕਰਵਾਇਆ ਜਾਵੇ।

# ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੂੰ ਤੁਰੰਤ ਬਰਖਾਸਤ ਕੀਤਾ ਜਾਵੇ : ਛਿੱਬੜ/ਦੱਪੜ

## ਚੋਣ ਵੋਟਰ ਸੂਚੀਆਂ ਦੀ ਸੁਧਾਰ ਪ੍ਰਕਿਰਿਆ ਰੋਕੀ ਜਾਵੇ : ਆਈ ਏ ਐੱਲ



**ਲੁਧਿਆਣਾ (ਐੱਮ ਐੱਸ ਭਾਟੀਆ)**

ਇੰਡੀਅਨ ਐਸੋਸੀਏਸ਼ਨ ਆਫ਼ ਲਾਇਅਰਜ਼ (ਆਈ.ਏ.ਐੱਲ), ਪੰਜਾਬ ਨੇ ਇਕ ਬਿਆਨ ਜਾਰੀ ਕਰਕੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੂੰ ਬਰਖਾਸਤ ਕਰਨ ਦੀ ਮੰਗ ਕੀਤੀ ਹੈ।ਇੱਥੇ ਜਾਰੀ ਬਿਆਨ ਵਿੱਚ ਐਡਵੋਕੇਟ ਐੱਨ. ਕੇ. ਛਿੱਬੜ ਪ੍ਰਧਾਨ ਤੇ ਐਡਵੋਕੇਟ ਜਸਪਾਲ ਸਿੰਘ ਦੱਪੜ ਜਨਰਲ ਸਕੱਤਰ ਨੇ ਕਿਹਾ ਕਿ ਇਹ ਦੇਸ਼ ਦੇ ਲੋਕਾਂ ਨਾਲ ਗੱਦਾਰੀ ਹੈ, ਜਿਨ੍ਹਾਂ ਨੂੰ ਆਪਣੇ ਹੱਕ ਤੋਂ ਵਾਂਝਿਆ ਕੀਤਾ ਜਾ ਰਿਹਾ ਹੈ।

ਚੋਣ ਕਮਿਸ਼ਨ ਤੋਂ ਪਾਰਦਰਸ਼ਤਾ ਤੇ ਨਿਰਪੱਖਤਾ ਦੀ ਉਮੀਦ ਕੀਤੀ ਜਾਂਦੀ ਹੈ, ਪਰ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੇ ਤਾਂ ਪੂਰੀ ਤਰ੍ਹਾਂ ਨਰਿੰਦਰ ਮੋਦੀ ਲਈ ਕੰਮ ਕੀਤਾ ਹੈ।'ਇੰਡੀਅਨ ਐਕਸਪ੍ਰੈੱਸ' ਦੀ 23 ਸਤੰਬਰ ਦੀ ਰਿਪੋਰਟ ਦਾ ਹਵਾਲਾ ਦਿੰਦਿਆਂ ਦੱਸਿਆ ਕਿ ਬਾਕੀ ਦੋ ਚੋਣ ਕਮਿਸ਼ਨਰਾਂ ਨੇ ਹੀ ਮੌਜੂਦਾ ਚੀਫ਼ ਇਲੈਕਸ਼ਨ ਕਮਿਸ਼ਨਰ ਗਿਆਨੇਸ਼ ਕੁਮਾਰ ਦੇ ਕੰਮਕਾਜ 'ਤੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ।ਦੋਵਾਂ ਕਮਿਸ਼ਨਰਾਂ ਨੇ ਘੱਟੋ-ਘੱਟ 14 ਮੌਕਿਆਂ 'ਤੇ ਵੋਟਰ ਰਜਿਸਟ੍ਰੇਸ਼ਨ, ਨਾਂ ਕੱਟਣ, ਮੁੜ ਸ਼ਾਮਲ ਕਰਨ ਤੇ 'ਵਿਸ਼ੇਸ਼ ਸੰਘਣੇ ਸੁਧਾਰ' ਪ੍ਰਕਿਰਿਆ ਦੇ ਫੈਸਲਿਆਂ 'ਤੇ ਆਪਣੀਆਂ ਲਿਖਤੀ ਅਸਹਿਮਤੀਆਂ 'ਤੇ ਇਤਰਾਜ਼ ਦਰਜ ਕਰਵਾਏ ਹਨ।ਇਸ ਤੋਂ ਇਲਾਵਾ ਉਨ੍ਹਾਂ ਦੀ ਸਹਿਮਤੀ ਤੋਂ ਬਿਨਾਂ ਹੀ ਕਈ ਅਹਿਮ ਫੈਸਲੇ ਲਏ ਗਏ ਹਨ।ਉਨ੍ਹਾਂ ਅਨੁਸਾਰ ਇਹ ਖੁਲਾਸੇ ਵਿਰੋਧੀ ਧਿਰਾਂ ਤੇ ਸਿਵਲ ਸੁਸਾਇਟੀ ਵੱਲੋਂ ਪਹਿਲਾਂ ਤੋਂ ਜਤਾਏ ਜਾ ਰਹੇ ਖਦਸ਼ਿਆਂ ਦੀ ਪੁਸ਼ਟੀ ਕਰਦੇ ਹਨ।ਵੋਟਰ ਡਾਟਾਬੇਸ ਦਾ ਕੇਂਦਰੀਕਰਨ ਕਰਕੇ ਰਾਜ ਤੇ ਹਲਕਾ ਪੱਧਰੀ ਸੰਵਿਧਾਨਕ ਅਧਿਕਾਰੀਆਂ ਦੇ ਅਧਿਕਾਰਾਂ ਨੂੰ ਸੀਮਤ ਕੀਤਾ ਜਾ ਰਿਹਾ ਹੈ।ਬਿਆਨ ਵਿੱਚ ਗੋਆ ਦੀ ਮਿਸਾਲ ਦਿੰਦਿਆਂ ਦੱਸਿਆ ਗਿਆ ਕਿ ਉੱਥੇ ਸਾਫਟਵੇਅਰ ਦੀਆਂ ਰੋਕਾਂ ਕਾਰਨ ਚੋਣ ਰਜਿਸਟ੍ਰੇਸ਼ਨ ਅਧਿਕਾਰੀ 97 ਯੋਗ ਵੋਟਰਾਂ ਦੇ ਨਾਂ ਦਰਜ ਕਰਨ ਤੋਂ ਅਸਮਰੱਥ ਹਨ।ਇੰਡੀਅਨ ਐਸੋਸੀਏਸ਼ਨ ਆਫ਼ ਲਾਇਅਰਜ਼ (ਆਈ.ਏ.ਐਲ) ਪੰਜਾਬ ਨੇ ਮੰਗ ਕੀਤੀ ਕਿ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੂੰ ਤੁਰੰਤ ਅਹੁਦੇ ਤੋਂ ਹਟਾਇਆ ਜਾਵੇ, ਐੱਸ.ਆਈ.ਆਰ. ਪ੍ਰਕਿਰਿਆ 'ਤੇ ਰੋਕ ਲਗਾਈ ਜਾਵੇ ਤੇ ਵੋਟਰ ਸੂਚੀਆਂ 'ਚੋਂ ਗਲਤ ਤਰੀਕੇ ਨਾਲ ਬਾਹਰ ਕੀਤੇ ਸਾਰੇ ਵੋਟਰਾਂ ਦੇ ਹੱਕ ਬਹਾਲ ਕੀਤੇ ਜਾਣ, ਚੋਣ ਕਮਿਸ਼ਨ ਦਾ ਸੁਤੰਤਰ ਤੇ ਲੋਕਤੰਤਰੀ ਕੰਮਕਾਜ ਬਹਾਲ ਕੀਤਾ ਜਾਵੇ, ਚੋਣ ਕਮਿਸ਼ਨਰਾਂ ਦੀ ਨਿਯੁਕਤੀ ਲਈ ਸੁਪਰੀਮ ਕੋਰਟ ਵੱਲੋਂ ਸੁਝਾਈ ਗਈ ਕਮੇਟੀ (ਜਿਸ ਵਿੱਚ ਪ੍ਰਧਾਨ ਮੰਤਰੀ, ਵਿਰੋਧੀ ਧਿਰ ਦਾ ਨੇਤਾ ਅਤੇ ਸੁਪਰੀਮ ਕੋਰਟ ਦੇ ਮੁੱਖ ਜੱਜ ਸ਼ਾਮਲ ਹੋਣ) ਵਾਲੀ ਪ੍ਰਣਾਲੀ ਲਾਗੂ ਕੀਤੀ ਜਾਵੇ।

## ਛਪਾਰ ਕਾਨਫਰੰਸ 'ਚ ਵੱਡੇ ਕਾਫਲੇ ਨਾਲ ਪੁੱਜੀ ਭਾਈ ਗੁਰਮੀਤ ਸਿੰਘ ਬੁੱਕਣਵਾਲਾ ਟੀਮ



**ਮੋਗਾ (ਇਕਬਾਲ ਸਿੰਘ ਖਹਿਰਾ)**-ਵਿਧਾਨ ਸਭਾ ਹਲਕਾ ਮੋਗਾ ਤੋਂ ਉਮੀਦਵਾਰ ਭਾਈ ਗੁਰਮੀਤ ਸਿੰਘ ਬੁੱਕਣ ਵਾਲਾ ਦੀ ਟੀਮ ਛਪਾਰ ਕਾਨਫਰੰਸ ਵਿੱਚ ਵੱਡੇ ਕਾਫਲੇ ਨਾਲ ਆਪਣੇ ਦਫ਼ਤਰ ਤੋਂ ਰਵਾਨਾ ਹੋਏ ਇਸ ਮੌਕੇ ਸੰਬੋਧਨ ਕਰਦਿਆਂ ਭਾਈ ਤਰਨਦੀਪ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਦੀ ਇਹ ਰੈਲੀ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਨੂੰਅਕਾਲੀ ਦਲ ਵਾਰਿਸ ਪੰਜਾਬ ਦੇ' ਦੀ ਸਰਕਾਰ ਦਾ ਮੁੱਢ ਬੰਨ੍ਹਣ ਜਾ ਰਹੀ ਹੈ, ਕਿਉਂਕਿ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਬਾਪੂ ਤਰਸੇਮ ਸਿੰਘ ਜੀ ਅਤੇ ਐਮ ਐਲ ਏ ਮਨਪ੍ਰੀਤ ਸਿੰਘ ਇਯਾਲੀ ਜੀ ਆਪਣੀ ਦੂਰਅੰਦੇਸ਼ੀ ਨਾਲ ਪਾਰਟੀ ਨੂੰ ਬਹੁਤ ਸੰਚਾਰੂ ਢੰਗ ਨਾਲ ਚਲਾ ਰਹੇ ਹਨ ਤੇ ਲੋਕ ਇਸ ਰੈਲੀ ਵਿੱਚ ਆਪ ਮੁਹਾਰੇ ਪਹੁੰਚ ਰਹੇ ਹਨ।ਇਸ ਰੈਲੀ ਵਿੱਚ ਸ਼ਾਮਲ ਹੋਣ ਲਈ ਅਗਵਾਈ ਕਰਤਾ ਤਰਨਦੀਪ ਸਿੰਘ ਗਿੱਲ, ਸੀਨੀਅਰ ਆਗੂ ਅਮਰਜੀਤ ਸਿੰਘ ਲੰਢੇ ਕੇ, ਭਰਾ ਜਗਜਿੰਦਰ ਸਿੰਘ ਗਿੱਲ, ਬਲਜੀਤ ਸਿੰਘ ਜੱਸ ਮੰਗੇਵਾਲਾ, ਦਵਿੰਦਰ ਸਿੰਘ ਰਣੀਆਂ ਸੀਨੀਅਰ ਆਗੂ, ਏਕਮ ਚੁੱਪਕੀਤੀ, ਨਿਰਮਲ ਸਿੰਘ ਸਕੱਤਰ ਜਨਰਲ, ਅਰਸ਼ਦੀਪ ਸਿੰਘ ਕਾਰਜਕਾਰੀ ਕਮੇਟੀ, ਸੁਖਮੰਦਰ ਸਿੰਘ ਸਕੱਤਰ, ਗੁਰਜੀਤ ਸਿੰਘ ਸਰਕਲ ਪ੍ਰਧਾਨ, ਸੁਖਚੈਨ ਸਿੰਘ ਚੋਟੀਆਂ, ਗੁਰਸੇਵਕ ਸਿੰਘ, ਸੁਖਦੀਪ ਸਿੰਘ, ਮਲਕੀਤ ਸਿੰਘ, ਹਾਕਮ ਸਿੰਘ, ਗੁਰਪ੍ਰੀਤ ਸਿੰਘ ਫੋਜੀ, ਮਨਜੀਤ ਸਿੰਘ, ਮਹਿੰਦਰਪਾਲ ਸਿੰਘ, ਮੱਖਣ ਸਿੰਘ, ਬਲਵਿੰਦਰ ਸਿੰਘ, ਦਵਿੰਦਰ ਸਿੰਘ, ਪਲਵਿੰਦਰ ਸਿੰਘ, ਮੀਡੀਆ ਇੰਚਾਰਜ ਅਰਸ਼ਦੀਪ ਸਿੰਘ, ਦਫਤਰ ਇੰਚਾਰਜ ਗੁਰਵਿੰਦਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

# ਵਾਤਾਵਰਨ ਨੂੰ ਸ਼ੁੱਧ ਰੱਖਣ ਲਈ ਪੌਦੇ ਜ਼ਰੂਰ ਲਗਾਉਣਗੇ ਚਾਹੀਦੇ : ਪ੍ਰਗਟ ਨਾਥ

**ਕਪੂਰਥਲਾ (ਮਨਜੀਤ ਮਾਨ)**-ਜ਼ਿਲ੍ਹਾ ਕਪੂਰਥਲਾ ਦੇ ਇਤਿਹਾਸਕ ਕਸਬਾ ਕਾਲਾ ਸੰਘਿਆਂ ਵਿਖੇ ਯੋਗਾ ਤੇ ਸਾਇਕਲਿੰਗ ਟੀਮ ਦੇ ਯੋਗ ਗੁਰੂ ਰਾਕੇਸ਼ ਕੁਮਾਰ ਸ਼ਰਮਾ ਵੱਲੋਂ ਰਾਜੇਸ਼ ਕੁਮਾਰ ਸ਼ਰਮਾ, ਸਰਪੰਚ ਮਨਿੰਦਰਪਾਲ



ਸਿੰਘ ਮੰਨਾ, ਹਰਪਾਲ ਸਿੰਘ ਪਾਲਾ, ਨੰਬਰਦਾਰ ਸੰਜੀਵ ਕੁਮਾਰ ਹੈਪੀ, ਸੁਖਵਿੰਦਰ ਸਿੰਘ ਪਦਮ, ਹੈਪੀ ਵਾਲੀਆਂ ਦੇ ਉੱਦਮ ਸਦਕਾ ਸਮੂਹ ਗ੍ਰਾਮ ਪੰਚਾਇਤ,ਨਗਰ ਨਿਵਾਸੀਆਂ ਤੇ ਐਨ ਆਰ ਆਈਜ਼ ਦੇ ਸਹਿਯੋਗ ਨਾਲ ਟਰਮੀਨੀਆ ਦੇ 45 ਪੌਦੇ ਬਾਲਯੋਗੀ ਪ੍ਰਗਟ ਨਾਥ ਮੁੱਖ ਸੇਵਾਦਾਰ ਵਾਲਮੀਕਿ ਯੋਗ ਆਸ਼ਰਮ ਰਹੀਮਪੁਰ ਤੇ ਚੇਅਰਮੈਨ ਸ਼ਰਾਈਨ ਬੋਰਡ ਵਾਲਮੀਕਿ ਆਸ਼ਰਮ ਅੰਮ੍ਰਿਤਸਰ ਵੱਲੋਂ ਆਪਣੇ ਕਰ ਕਮਲਾਂ ਨਾਲ ਲਗਾਏ ਗਏ। ਇਸ ਮੌਕੇ ਬਾਲਯੋਗੀ ਪ੍ਰਗਟ ਨਾਥ ਨੇ ਕਿਹਾ ਕਿ ਸਾਨੂੰ ਆਪਣੇ ਆਲੇ ਦੁਆਲੇ ਨੂੰ ਸ਼ੁੱਧ ਰੱਖਣ ਲਈ ਸਾਨੂੰ ਵੱਧ ਤੋਂ ਵੱਧ ਪੌਦੇ ਲਗਾਉਣੇ ਚਾਹੀਦੇ ਹਨ ਤੇ ਪ੍ਰਦੂਸ਼ਿਤ ਹੋ ਰਹੇ ਵਾਤਾਵਰਨ ਨੂੰ ਨੂੰ ਨੂੰ ਸਾਨੂੰ ਪਹਿਲ ਕਦਮੀ ਕਰਨੀ ਚਾਹੀਦੀ ਹੈ ਉਨ੍ਹਾਂ ਕਿਹਾ ਕਿ ਮਨੁੱਖ ਨੂੰ ਇੱਕ ਪੌਦਾ ਜ਼ਰੂਰ ਲਗਾਉਣਾ ਚਾਹੀਦਾ ਹੈ। ਇਸ ਮੌਕੇ ਤੇ ਪਰਮਜੀਤ ਸਿੰਘ ਬੱਸਣ ਪ੍ਰਧਾਨ ਗੁਰਦੁਆਰਾ ਸੰਤ ਬਾਬਾ ਕਾਹਨ ਦਾਸ ਜੀ ਕਾਲਾ ਸੰਘਿਆਂ, ਮੈਨੇਜਰ ਜੁਗਿੰਦਰ ਸਿੰਘ,ਮਿੱਠੂ ਜੋਸ਼ੀ,ਹੈਮੰਤ ਕੁਮਾਰ ਘਨੁਈਆ, ਜਗਰੂਪ ਸਿੰਘ ਰੂਪਾ ਸੰਘਾ, ਰਾਜੇਸ਼ ਕੁਮਾਰ ਸਰਨਾ, ਅਜੇ ਕੁਮਾਰ ਜੋਸ਼ੀ,ਮੋਹਣ ਲਾਲ ਸੁਨਿਆਰਾ, ਹੈਪੀ ਵਾਲੀਆਂ, ਨੀਟਾ ਸਰਨਾ, ਮਾਸਟਰ ਦਵਿੰਦਰ,ਬੇਲੀ ਰਾਮ ਬਿਜਲੀ ਵਾਲਾ, ਘਨੁਈਆ ਸਰਨਾਂ, ਸ਼ਾਮ ਸੁੰਦਰ ਸਰਨਾ, ਬੱਬਲੂ ਸਰਨਾਂ,ਸੁਰੇਸ਼ ਬੈਕ ਵਾਲੇ, ਕੁਲਦੀਪ ਕੁਮਾਰ ਲੂੰਬਾ, ਸੁਖਵਿੰਦਰ ਸਿੰਘ ਨਿੱਝਰ, ਨਰਿੰਦਰ ਸਿੰਘ ਸੰਘਾ ਬਲਾਕ ਕੋਆਰਡੀਨੇਟਰ ਕਿਸਾਨ ਵਿੰਗ ਕਪੂਰਥਲਾ, ਮਨਜੀਤ ਸਿੰਘ ਸਾਬਕਾ ਏ ਐਸ ਆਈ, ਮਾਸਟਰ ਸ਼ਾਮ ਸ਼ਰਮਾ, ਸੁਖਨਿੱਝਰ ਕੈਨੇਡਾ, ਮਨਜੀਤ ਸਿੰਘ ਸੋਹਲ ਮਨਜੀਤ ਸਟੂਡੀਓ,ਰਾਜਨ ਮੜੀਆਂ, ਜਸਵੀਰ ਸਿੰਘ ਕੈਨੇਡਾ,ਧੀਰਜ ਵਾਲੀਆ, ਵਿਕਾਸ ਸ਼ਰਮਾ ਸ਼ਰਮਾ ਬੈਕਰੀ, ਡਾਕਟਰ ਨਵਲ, ਸੰਜੀਵ ਕੌਂਡਲ, ਡਾਕਟਰ ਹਨੀ ਸ਼ਰਮਾ, ਸੁਖਦੇਵ ਸੁੱਖਾ, ਐਸ ਜੀ ਇਲੈਕਟ੍ਰੌਨਿਕ, ਬੂਟਾ ਗਿੱਲ,ਰਿਕੀ ਸਰਨਾ, ਸੁਰਜੀਤ ਬਿੱਟੂ ਸਾਬਕਾ ਸਰਪੰਚ, ਰਾਜਿੰਦਰ ਸਿੰਘ,ਹੈਰੀ ਡਾਕਟਰ ਬਲਕਾਰ ਸਿੰਘ ਲਾਲਕਾ, ਪੱਤਰਕਾਰ ਅਮਰਜੀਤ ਸਿੰਘ ਨਿੱਝਰ, ਸੁਖਵਿੰਦਰ ਸਿੱਧੂ, ਸੁਖਵਿੰਦਰ ਸਿੰਘ ਚਾਹਲ ਮਾਲਿਕ ਮੈਗਾ ਮਾਰਟ,ਸਚਿਨ ਜੋਸ਼ੀ, ਗਨੇਸ਼, ਪੰਮੀ ਮਿਸਤਰੀ, ਜੋਲੀ ਟੇਲਰ, ਸ਼ੋਕਤ ਅਲੀ, ਪਰਮਜੀਤ ਸਿੰਘ ਪੱਪੂ,ਗੁਰਦਾਵਰ ਬੱਸਣ, ਵਿਜੇ ਬੱਗਾ, ਰਾਜੇਸ਼ ਲੂੰਬਾ, ਬਲਰਾਮ, ਸੋਨੀ ਬਲੱਗਣ, ਬਿੱਲਾ ਮੱਟੂ,ਦਾ ਇਸ ਸਮਾਗਮ ਨੂੰ ਸਫਲ ਕਰਨ ਲਈ ਵਿਸ਼ੇਸ਼ ਸਹਿਯੋਗ ਦਿੱਤਾ ਗਿਆ। ਇਸ ਮੌਕੇ ਪਿੰਡ ਤੇ ਇਲਾਕੇ ਦੀਆਂ ਨਾਮਵਰ ਸ਼ਖ਼ਸੀਅਤਾਂ ਹਾਜ਼ਰ ਸਨ।

# ਐੱਲ ਪੀ ਯੂ ਵਿਖੇ ਰਾਸ਼ਟਰੀ ਹੈਕਾਥੌਨ ਯਾਤਰਾ 'ਗੀਅਰ ਅੱਪ ਸੀਜ਼ਨ 5' ਨਾਲ ਸ਼ੁਰੂ

**ਜਲੰਧਰ (ਸ਼ੈਲੀ ਐਲਬਰਟ)**-ਭਾਰਤ ਦੀ ਪ੍ਰਮੁੱਖ ਵਿਦਿਆਰਥੀ ਇਨੋਵੇਸ਼ਨ ਚੁਣੌਤੀ, ਸਮਾਰਟ ਇੰਡੀਆ ਹੈਕਾਥੌਨ (ਐੱਸ ਆਈ ਐੱਚ) 2026 ਨੇ ਦੇਸ਼ ਭਰ ਦੇ ਹਜ਼ਾਰਾਂ ਨੌਜਵਾਨ ਇਨੋਵੇਟਰਾਂ ਨੂੰ ਅਸਲ-ਸੰਸਾਰ ਦੀਆਂ ਚੁਣੌਤੀਆਂ ਦੇ ਹੱਲ ਲੱਭਣ ਲਈ ਇਕੱਠੇ ਕੀਤਾ। ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐੱਲ ਪੀ ਯੂ) ਵਿਖੇ, ਰਾਸ਼ਟਰੀ ਹੈਕਾਥੌਨ ਯਾਤਰਾ 'ਗੀਅਰ ਅੱਪ ਸੀਜ਼ਨ 5' ਨਾਲ ਸ਼ੁਰੂ ਹੋਈ, ਜੋ ਕਿ ਐੱਸ ਆਈ ਐੱਚ 2026 ਲਈ ਯੂਨੀਵਰਸਿਟੀ ਦਾ ਅੰਦਰੂਨੀ ਗੇਟਵੇ ਹੈ। 6,000 ਤੋਂ ਵੱਧ ਐਲਪੀਯੂ ਵਿਦਿਆਰਥੀਆਂ ਨੇ 900 ਤੋਂ ਵੱਧ ਟੀਮਾਂ ਬਣਾਈਆਂ ਅਤੇ ਹਾਰਡਵੇਅਰ ਅਤੇ ਸਾਫਟਵੇਅਰ ਡੋਮੇਨਾਂ ਵਿੱਚ 200 ਤੋਂ ਵੱਧ ਸਮੱਸਿਆ ਬਿਆਨਾਂ 'ਤੇ ਕੰਮ ਕੀਤਾ। 36 ਘੰਟੇ ਦੇ ਹੈਕਾਥੌਨ 'ਗੀਅਰ ਅੱਪ' ਦੇ ਸਭ ਤੋਂ ਵੱਡੇ ਐਡੀਸ਼ਨ, ਨੇ ਐੱਲ ਪੀ ਯੂ ਕੈਂਪਸ ਵਿੱਚ ਇੱਕ ਵੱਡੇ ਪੱਧਰ 'ਤੇ ਅੰਦਰੂਨੀ ਨਵੀਨਤਾ ਪਲੇਟਫਾਰਮ ਬਣਾਇਆ, ਜਿਸ ਨਾਲ ਵਿਦਿਆਰਥੀ ਟੀਮਾਂ ਨੂੰ ਐੱਸ ਆਈ ਐੱਚ ਚੋਣ ਪ੍ਰਕਿਰਿਆ ਤੋਂ ਪਹਿਲਾਂ ਆਪਣੇ ਹੱਲ ਵਿਕਸਤ ਕਰਨ ਅਤੇ ਸੁਧਾਰਨ ਦੀ ਆਗਿਆ ਮਿਲੀ। ਇਸ ਸਾਲ, 18 ਥੀਮਾਂ ਦੇ ਅਧੀਨ 226 ਸਮੱਸਿਆ ਨੇ ਸਮਾਰਟ ਇੰਡੀਆ ਹੈਕਾਥੌਨ ਚੈਲੇਂਜ ਦਾ ਆਧਾਰ




ਬਣਾਇਆ, ਜਿਸ ਨਾਲ ਭਾਗ ਲੈਣ ਵਾਲੀਆਂ ਟੀਮਾਂ ਨੂੰ ਕੰਮ ਕਰਨ ਲਈ ਅਸਲ-ਸੰਸਾਰ ਦੇ ਖੇਤਰਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਪ੍ਰਦਾਨ ਕੀਤੀ ਗਈ। ਇਨ੍ਹਾਂ ਸਮੱਸਿਆ ਬਿਆਨਾਂ ਵਿੱਚ 172 ਸੌਫਟਵੇਅਰ ਅਤੇ 54 ਹਾਰਡਵੇਅਰ ਚੁਣੌਤੀਆਂ ਸ਼ਾਮਲ ਸਨ। ਐਲਪੀਯੂ ਦੀ ਪ੍ਰੋ-ਚਾਂਸਲਰ ਡਾ. ਕਰਨਲ ਰਸ਼ਮੀ ਮਿੱਤਲ ਅਤੇ ਆਰਐਮਐਕਸ ਗਰੁੱਪ ਦੇ ਮੁੱਖ ਵਪਾਰ ਅਧਿਕਾਰੀ-ਗਲੋਬਲ ਸੁਧਾਂਸ਼ੂ ਕਰਨਾਟਕ ਨੇ ਇਸ ਪਹਿਲਕਦਮੀ ਦਾ ਉਦਘਾਟਨ ਕੀਤਾ। ਡਾ. ਰਸ਼ਮੀ ਮਿੱਤਲ ਨੇ ਕਿਹਾ, 'ਐਲਪੀਯੂ ਦਾ ਮੰਨਣਾ ਹੈ ਕਿ ਨੌਜਵਾਨ ਦਿਮਾਗ ਉਦੋਂ ਸਭ ਤੋਂ ਵਧੀਆ ਵਿਕਸਤ ਹੁੰਦੇ ਹਨ ਜਦੋਂ ਉਨ੍ਹਾਂ ਨੂੰ ਕਿਸੀ ਦਾਇਰੇ ਤੋਂ ਬਾਹਰ ਸੋਚਣ ਅਤੇ ਆਪਣੇ ਵਿਚਾਰਾਂ ਨੂੰ ਹਕੀਕਤ ਵਿੱਚ ਅਨੁਵਾਦ ਕਰਨ ਦੀ ਆਜ਼ਾਦੀ ਦਿੱਤੀ ਜਾਂਦੀ ਹੈ। ਅਸੀਂ ਇੱਕ ਅਜਿਹਾ ਮਾਹੌਲ ਬਣਾਉਣ ਦੀ ਕੋਸ਼ਿਸ਼ ਕਰਦੇ ਹਾਂ ਜਿੱਥੇ ਉਤਸੁਕਤਾ, ਰਚਨਾਤਮਕਤਾ ਅਤੇ ਪ੍ਰਯੋਗ ਕਰਨ ਦੀ ਹਿੰਮਤ ਵਿਦਿਆਰਥੀ ਅਨੁਭਵ ਦੇ ਅਨਿੱਖੜਵੇਂ ਅੰਗ ਬਣ ਜਾਣ।'

# ਬੈਡਮਿੰਟਨ ਅੰਡਰ 17 'ਚ ਗੁਰਦਾਸਪੁਰ ਤੇ ਜਲੰਧਰ ਜ਼ਿਲ੍ਹਾ ਮੋਹਰੀ

**ਹੁਸ਼ਿਆਰਪੁਰ (ਓ ਪੀ ਰਾਣਾ)** -ਹੁਸ਼ਿਆਰਪੁਰ ਦੇ ਇਨਡੋਰ ਸਟੇਡੀਅਮ ਵਿਖੇ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਸਿੱਖਿਆ ਸ੍ਰੀਮਤੀ ਹਰਜਿੰਦਰ ਕੌਰ ਤੇ ਉਪ ਜ਼ਿਲ੍ਹਾ ਸਿੱਖਿਆ ਅਫਸਰ ਅਮਨਦੀਪ ਸ਼ਰਮਾ ਦੇ ਦਿਸ਼ਾ ਨਿਰਦੇਸ਼ ਤੇ ਜ਼ਿਲ੍ਹਾ ਖੇਡ ਕੋਆਰਡੀਨੇਟਰ ਜਗਜੀਤ ਸਿੰਘ ਦੀ ਅਗਵਾਈ ਹੇਠ 70ਵੀਆਂ ਅੰਤਰ ਜ਼ਿਲ੍ਹਾ ਸਕੂਲ ਖੇਡਾਂ ਬੈਡਮਿੰਟਨ ਲੜਕੇ ਤੇ ਲੜਕੀਆਂ ਅੰਡਰ 17 ਦੇ ਵੱਖ ਵੱਖ ਵਰਗਾਂ ਦੇ ਦਿਲ ਖਿੱਚਵੇ ਮੁਕਾਬਲਿਆਂ ਨਾਲ ਸੰਪਨ ਹੋ ਗਈਆਂ। ਇਹਨਾਂ ਰਾਜ ਪੱਧਰੀ ਮੁਕਾਬਲਿਆਂ



ਦੌਰਾਨ ਲੜਕੀਆਂ ਦੇ ਵਰਗ ਵਿੱਚ ਗੁਰਦਾਸਪੁਰ ਜ਼ਿਲੇ ਨੇ ਪਹਿਲਾ ਜਲੰਧਰ ਨੇ ਦੂਜਾ ਅਤੇ ਅੰਮ੍ਰਿਤਸਰ ਨੇ ਤੀਜਾ ਸਥਾਨ ਹਾਸਲ ਕੀਤਾ ਜਦਕਿ ਮੁੰਡਿਆਂ ਦੇ ਵਰਗ ਵਿੱਚ ਜਲੰਧਰ ਜ਼ਿਲ੍ਹੇ ਨੇ ਪਹਿਲਾ ਅੰਮ੍ਰਿਤਸਰ ਨੇ ਦੂਜਾ ਅਤੇ ਗੁਰਦਾਸਪੁਰ ਜਿਲੇ ਨੇ ਤੀਜਾ ਸਥਾਨ ਹਾਸਲ ਕੀਤਾ। ਖੇਡਾਂ ਦੇ ਆਖਰੀ ਦਿਨ ਜ਼ਿਲਾ ਖੇਡ ਕੋਆਰਡੀਨੇਟਰ ਜਗਜੀਤ ਸਿੰਘ ਨੇ ਕਿਹਾ ਕਿ ਸਿੱਖਿਆ ਵਿਭਾਗ ਦੇ ਉੱਚ ਅਧਿਕਾਰੀਆਂ ਅਤੇ ਖੇਡ ਅਧਿਆਪਕਾਂ ਦੇ ਸਹਿਯੋਗ ਨਾਲ ਹੀ ਜ਼ਿਲ੍ਹਾ ਹੁਸ਼ਿਆਰਪੁਰ ਇਹਨਾਂ ਸੂਬਾ ਪੱਧਰੀ ਖੇਡ ਮੁਕਾਬਲਿਆਂ ਦੇ ਸਫਲ ਆਯੋਜਨ ਵਿੱਚ ਕਾਮਯਾਬ ਹੋਇਆ ਹੈ। ਉਹਨਾਂ ਉਮੀਦ ਜਾਹਰ ਕੀਤੀ ਕਿ ਸੂਬੇ ਪੱਧਰ ਦੇ ਖੇਡ ਮੁਕਾਬਲਿਆਂ ਵਿੱਚੋਂ ਨੈਸ਼ਨਲ ਵਾਸਤੇ ਚੁਣੇ ਗਏ ਖਿਡਾਰੀ ਆਪਣੇ ਬਿਹਤਰੀਨ ਪ੍ਰਦਰਸ਼ਨ ਨੂੰ ਜਾਰੀ ਰੱਖਣਗੇ। ਇਸ ਮੌਕੇ ਜ਼ਿਲਾ ਸਿੱਖਿਆ ਅਫਸਰ ਸੈਕੰਡਰੀ ਸਿੱਖਿਆ ਹਰਜਿੰਦਰ ਕੌਰ ਨੇ ਜੇਤੂ ਟੀਮਾਂ ਨੂੰ ਇਨਾਮ ਤਕਸੀਮ ਕਰਦਿਆਂ ਕਿਹਾ ਕਿ ਖੇਡਾਂ ਇਨਸਾਨ ਨੂੰ ਜਿੱਤ ਅਤੇ ਹਾਰ ਖਿੜੇ ਮੱਥੇ ਸਵੀਕਾਰ ਕਰਨ ਦਾ ਗੁਣ ਸਿਖਾਉਂਦੀਆਂ ਹਨ । ਇਸ ਮੌਕੇ ਜ਼ਿਲਾ ਖੇਡ ਕੋਆਡੀਨੇਟਰ ਜਲੰਧਰ ਅਮਨਦੀਪ ਕੌਂਡਲ ਬੈਡਮਿੰਟਨ ਆਫੀਸ਼ੀਅਲ ਸੰਦੀਪ ਸਿੰਘ ਸੈਣੀ, ਨੀਲਮ ਕੁਮਾਰੀ, ਦੀਪਕ ਸੋਧੀ, ਸੰਧਿਆ ਦੇਵੀ, ਅਬਦੁੱਲਾ ਜਮੀਰ, ਜ਼ਿਲ੍ਹਾ ਟੂਰਨਾਮੈਂਟ ਕਮੇਟੀ ਦੇ ਮੀਤ ਪ੍ਰਧਾਨ ਪ੍ਰਿੰਸੀਪਲ ਭਾਰਤ ਭੂਸ਼ਣ, ਪ੍ਰਭਜੋਤ ਸਿੰਘ, ਸਤਵੀਰ ਸਿੰਘ,ਬਲਵੀਰ ਸਿੰਘ ਡਾਕਟਰ ਕੁਲਦੀਪ ਮਿਨਹਾਸ,ਜ਼ਿਲਾ ਸਿੱਖਿਆ ਅਫਸਰ ਦਫਤਰ ਤੋਂ ਹਰਦੀਪ ਸਿੰਘ, ਵਰਿੰਦਰ ਸਿੰਘ ਨਿਮਾਣਾ, ਸਰਜੀਤ ਕੁਮਾਰ ਰਾਜਾ, ਟੈਕਨੀਕਲ ਕਮੇਟੀ ਦੇ ਜਸਵੀਰ ਸਿੰਘ ਕਨਵੀਨਰ ਮੁੱਖ ਅਧਿਆਪਕਾ ਕਸ਼ਮੀਰ ਕੌਰ, ਲੈਕਚਰਾਰ ਕੁਲਵੀਰ ਕੌਰ ਕੁਲਵੰਤ ਸਿੰਘ, ਹੇਮਰਾਜ, ਲੈਕਚਰਾਰ ਨਰੇਸ਼, ਰਜਨੀਸ਼ ਕੌਰ, ਸ਼ਮਸ਼ੇਰ ਸਿੰਘ, ਮੁਕੇਸ਼ ਕੁਮਾਰ ਆਦੀ ਹਾਜ਼ਰ ਸਨ।

## ਜੈ ਸ੍ਰੀ ਰਾਮ ਮਹਾਂਵੀਰ ਕਲੱਬ ਵੱਲੋਂ ਰਾਮਲੀਲ੍ਹਾ 12 ਨੂੰ

**ਜਲੰਧਰ (ਲਖਵਿੰਦਰ ਸਿੰਘ ਆਧੀ)**-ਜੈ ਸ੍ਰੀ ਰਾਮ ਮਹਾਵੀਰ ਕਲੱਬ ਵੱਲੋਂ ਐਂਟੀ ਕ੍ਰਾਈਮ ਸਮਾਜ ਸੁਰੱਖਿਆ ਸੈੱਲ ਪੰਜਾਬ ਦੇ ਸਹਿਯੋਗ ਨਾਲ ਗੋਰੀਆ ਕੰਪਲੈਕਸ, ਗੀਤਾ ਕਲੋਨੀ, ਕਾਂਸ਼ੀ ਨਗਰ ਰੋਡ ਵਿਖੇ 12 ਅਕਤੂਬਰ ਦੀ ਰਾਤ ਤੋਂ ਰਾਮਲੀਲਾ ਦਾ ਸ਼ੁਭ ਆਰੰਭ ਕੀਤਾ ਜਾਵੇਗਾ। ਰਾਮਲੀਲਾ ਦੇ ਪ੍ਰਬੰਧਾਂ ਨੂੰ ਅੰਤਿਮ ਰੂਪ ਦੇਣ ਲਈ



ਪ੍ਰਬੰਧਕਾਂ ਵੱਲੋਂ ਇੱਕ ਅਹਿਮ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ 22 ਅਕਤੂਬਰ ਨੂੰ ਕਰਵਾਏ ਜਾ ਰਹੇ ਦੁਸਹਿਰਾ ਉਤਸਵ ਸੰਬੰਧੀ ਵੀ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਮੌਕੇ ਸਮਾਗਮ ਦੀ ਰੂਪ-ਰੇਖਾ, ਪ੍ਰਬੰਧਾਂ, ਸੁਰੱਖਿਆ ਅਤੇ ਹੋਰ ਤਿਆਰੀਆਂ ਸੰਬੰਧੀ ਅਹਿਮ ਵਿਚਾਰ ਸਾਂਝੇ ਕੀਤੇ ਗਏ। ਇਸ ਮੌਕੇ ਰਿੰਕੂ ਮੱਕੜ, ਸੁਨੀਲ ਸੋਂਧੀ, ਵਿਜੇ ਕੁਮਾਰ, ਅਜੇ ਸ਼ਰਮਾ ਅਤੇ ਸੁਮਿਤ ਸ਼ਰਮਾ ਨੇ ਐਂਟੀ ਕ੍ਰਾਈਮ ਸਮਾਜ ਸੁਰੱਖਿਆ ਸੈੱਲ ਪੰਜਾਬ ਦੇ ਚੇਅਰਮੈਨ ਸੁਭਾਸ਼ ਗੋਰੀਆ ਨਾਲ ਰਾਮਲੀਲਾ ਅਤੇ ਦੁਸਹਿਰਾ ਉਤਸਵ ਦੀਆਂ ਤਿਆਰੀਆਂ ਸੰਬੰਧੀ ਵਿਸਥਾਰ ਨਾਲ ਗੱਲਬਾਤ ਕੀਤੀ।ਚੇਅਰਮੈਨ ਸੁਭਾਸ਼ ਗੋਰੀਆ ਨੇ ਕਿਹਾ ਕਿ ਰਾਮਲੀਲਾ ਅਤੇ ਦੁਸਹਿਰਾ ਉਤਸਵ ਨੂੰ ਸ਼ਰਧਾ ਅਤੇ ਆਪਸੀ ਭਾਈਚਾਰੇ ਦੀ ਭਾਵਨਾ ਨਾਲ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਇਨ੍ਹਾਂ ਧਾਰਮਿਕ ਸਮਾਗਮਾਂ ਦਾ ਮੁੱਖ ਉਦੇਸ਼ ਲੋਕਾਂ ਨੂੰ ਭਗਵਾਨ ਸ੍ਰੀ ਰਾਮ ਦੇ ਆਦਰਸ਼ਾਂ ਨਾਲ ਜੋੜਨਾ ਅਤੇ ਸਮਾਜ ਵਿੱਚ ਪਿਆਰ, ਭਾਈਚਾਰੇ ਅਤੇ ਸਦਭਾਵਨਾ ਦਾ ਸੰਦੇਸ਼ ਦੇਣਾ ਹੈ।ਉਨ੍ਹਾਂ ਦੱਸਿਆ ਕਿ 12 ਅਕਤੂਬਰ ਤੋਂ ਸ਼ੁਰੂ ਹੋਣ ਵਾਲੀ ਰਾਮਲੀਲਾ ਨੂੰ ਲੈ ਕੇ ਤਿਆਰੀਆਂ ਜ਼ੋਰਾਂ 'ਤੇ ਹਨ। ਇਸ ਦੇ ਨਾਲ ਹੀ 22 ਅਕਤੂਬਰ ਨੂੰ ਹੋਣ ਵਾਲੇ ਦੁਸਹਿਰਾ ਉਤਸਵ ਨੂੰ ਯਾਦਗਾਰ ਬਣਾਉਣ ਲਈ ਵੀ ਵਿਸ਼ੇਸ਼ ਪ੍ਰਬੰਧ ਕੀਤੇ ਜਾ ਰਹੇ ਹਨ।

## 2 ਨੂੰ ਹੋ ਰਹੀ ਜਥੇਬੰਦਕ ਕਨਵੈਨਸ਼ਨ 'ਚ ਸ਼ਾਮਲ ਹੋਣ ਦਾ ਫੈਸਲਾ

**ਜਲੰਧਰ (ਰਾਜੇਸ਼ ਥਾਪਾ)**-ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਨਿਗੂਣੇ ਜਿਹੇ ਮਾਣ ਭੱਤੇ 'ਤੇ ਕੰਮ ਕਰਦੀਆਂ ਮਿੱਡ-ਡੇ-ਮੀਲ ਵਰਕਰਜ਼ ਯੂਨੀਅਨ ਪੰਜਾਬ ਦੀ ਮੀਟਿੰਗ ਸੂਬਾ ਪ੍ਰਧਾਨ ਬਿਮਲਾ ਦੇਵੀ ਫਾਜਿਲਕਾ ਦੀ ਪ੍ਰਧਾਨਗੀ ਹੇਠ ਕੀਤੀ ਗਈ। ਇਸ ਮੀਟਿੰਗ ਦੀ ਕਾਰਵਾਈ ਚਲਾਉਂਦਿਆਂ ਜਥੇਬੰਦੀ ਦੀ ਸੂਬਾ ਜਨਰਲ ਸਕੱਤਰ ਕਮਲਜੀਤ ਕੌਰ ਹੁਸ਼ਿਆਰਪੁਰ ਨੇ ਜਥੇਬੰਦੀ ਵਲੋਂ ਪਿਛਲੇ ਸਮੇਂ ਵਿੱਚ ਕੀਤੇ ਗਏ ਕੰਮਾਂ ਦੀ ਜਾਣਕਾਰੀ ਸਾਂਝੀ ਕੀਤੀ। ਮੀਟਿੰਗ ਵਿੱਚ ਇਸਤਰੀ ਮੁਲਾਜ਼ਮ ਤਾਲਮੇਲ



ਕਮੇਟੀ ਦੀ 2 ਅਕਤੂਬਰ ਦਿਨ ਸ਼ੁੱਕਰਵਾਰ ਨੂੰ ਜਲੰਧਰ ਵਿਖੇ ਹੋ ਰਹੀ ਜਥੇਬੰਦਕ ਕਨਵੈਨਸ਼ਨ ਵਿੱਚ ਸ਼ਾਮਲ ਹੋਣ ਦਾ ਫੈਸਲਾ ਕੀਤਾ ਗਿਆ। ਮੀਟਿੰਗ ਵਿੱਚ [illegible] ਕਨਵੈਨਸ਼ਨ ਤੋਂ ਤੁਰੰਤ ਬਾਅਦ ਆਪਣੀ ਮੀਟਿੰਗ ਕਰਕੇ ਅਗਲੇ ਸੰਘਰਸ਼ ਦਾ ਐਲਾਨ ਕਰਨ ਦਾ ਵੀ ਫੈਸਲਾ ਕੀਤਾ। [illegible] 26000/- ਰੁਪਏ ਮਿਹਨਤਾਨਾ ਦਿੱਤਾ ਜਾਵੇ। [illegible]

## ਮੁੱਖ ਚੋਣ ਕਮਿਸ਼ਨਰ ਅਸਤੀਫ਼ਾ ਦੇਣ: ਕਾਹਲੋਂ

**ਜਲੰਧਰ (ਰਾਜੇਸ਼ ਥਾਪਾ)**-ਐਡਵੋਕੇਟਸ ਫਾਰ ਫਾਰਮਰਜ਼ ਐਂਡ ਲੇਬਰਜ਼ ਦੇ ਪ੍ਰਧਾਨ ਗੁਰਜੀਤ ਸਿੰਘ ਕਾਹਲੋਂ, ਐਡਵੋਕੇਟ ਨੇ ਕਿਹਾ ਕਿ ਦ ਇੰਡੀਅਨ ਐਕਸਪ੍ਰੈੱਸ ਦੀ ਪੱਤਰਕਾਰ ਰਿਤਿਕਾ ਚੋਪੜਾ ਵੱਲੋਂ ਸਾਹਮਣੇ ਲਿਆਂਦੇ ਗਏ ਚੋਣ ਕਮਿਸ਼ਨਰਾਂ ਦੇ ਲਿਖਤੀ ਇਤਰਾਜ਼ ਚੋਣ ਕਮਿਸ਼ਨ ਦੀ



ਕਾਰਜਪ੍ਰਣਾਲੀ ਬਾਰੇ ਗੰਭੀਰ ਸਵਾਲ ਖੜ੍ਹੇ ਕਰਦੇ ਹਨ। ਪ੍ਰਕਾਸ਼ਿਤ ਰਿਪੋਰਟ ਅਨੁਸਾਰ ਚੋਣ ਕਮਿਸ਼ਨਰ ਸੁਖਬੀਰ ਸਿੰਘ ਸੰਧੂ ਅਤੇ ਵਿਵੇਕ ਜੋਸ਼ੀ ਨੇ ਦਸ ਮਹੀਨਿਆਂ ਵਿੱਚ 14 ਵਾਰ ਇਤਰਾਜ਼ ਦਰਜ ਕੀਤੇ। ਇਨ੍ਹਾਂ ਵਿੱਚ ਕਮਿਸ਼ਨ ਦੀ ਮਨਜ਼ੂਰੀ ਤੋਂ ਬਿਨਾਂ ਅਧਿਕਾਰਕ ਸੰਚਾਰ, ਫਾਰਮ 6 ਵਿੱਚ ਤਬਦੀਲੀਆਂ, ਵੋਟਰ ਸੂਚੀ ਦੇ ਡਾਟਾਬੇਸ ਅਤੇ ਅਧਿਕਾਰੀਆਂ ਦੇ ਕੰਮ ਦੀ ਵੰਡ ਵਰਗੇ ਮੁੱਦੇ ਸ਼ਾਮਲ ਹਨ। ਕਾਹਲੋਂ ਨੇ ਕਿਹਾ ਕਿ ਦੇਸ਼ ਦੇ ਵੋਟਰਾਂ ਨੂੰ ਇਨ੍ਹਾਂ ਇਤਰਾਜ਼ਾਂ ਬਾਰੇ ਸਪੱਸ਼ਟ ਜਵਾਬ ਮਿਲਣਾ ਚਾਹੀਦਾ ਹੈ। ਉਨ੍ਹਾਂ ਮੰਗ ਕੀਤੀ ਕਿ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੈਤਿਕ ਜ਼ਿੰਮੇਵਾਰੀ ਲੈਂਦੇ ਹੋਏ ਅਸਤੀਫ਼ਾ ਦੇਣ। ਸੰਬੰਧਿਤ ਫ਼ੈਸਲੇ, ਮਨਜ਼ੂਰੀਆਂ ਅਤੇ ਇਤਰਾਜ਼ਾਂ ਦਾ ਰਿਕਾਰਡ ਜਨਤਕ ਕੀਤਾ ਜਾਵੇ ਅਤੇ ਪੂਰੇ ਮਾਮਲੇ ਦੀ ਸੁਤੰਤਰ ਜਾਂਚ ਹੋਵੇ।ਕਾਹਲੋਂ ਨੇ ਪੱਤਰਕਾਰ ਰਿਤਿਕਾ ਚੋਪੜਾ ਦਾ ਧੰਨਵਾਦ ਕਰਦਿਆਂ ਉਨ੍ਹਾਂ ਦੀ ਹਿੰਮਤ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ, ਲੋਕਤੰਤਰ ਨਾਲ ਜੁੜੇ ਸੰਵੇਦਨਸ਼ੀਲ ਸਵਾਲਾਂ ਨੂੰ ਦਸਤਾਵੇਜ਼ਾਂ ਦੇ ਆਧਾਰ 'ਤੇ ਜਨਤਾ ਸਾਹਮਣੇ ਲਿਆਉਣਾ ਸਾਹਸੀ ਪੱਤਰਕਾਰਤਾ ਹੈ। ਰਿਤਿਕਾ ਚੋਪੜਾ ਨੇ ਆਪਣੀ ਰਿਪੋਰਟ ਰਾਹੀਂ ਜਨਤਕ ਜਵਾਬਦੇਹੀ ਲਈ ਮਹੱਤਵਪੂਰਨ ਕੰਮ ਕੀਤਾ ਹੈ।

## ਸਾਹੀ ਨੇ ਦੁਕਾਨਦਾਰਾਂ ਦੀਆਂ ਸਮੱਸਿਆਵਾਂ ਸੁਣੀਆ

**ਦਸੂਹਾ (ਕਰਨੈਲ ਮਾਂਗਟ)**-ਕਾਂਗਰਸ ਦੇ ਸੀਨੀਅਰ ਆਗੂ ਤਰਲੋਕ ਸਿੰਘ ਸਾਹੀ ਜਰਨਲ ਸਕੱਤਰ ਪੰਜਾਬ ਹਲਕਾ ਦਸੂਹਾ ਵਲੋਂ ਦਸੂਹਾ ਸ਼ਹਿਰ ਦੇ ਬਾਬਾ ਬਾਲਕ ਨਾਥ ਮੰਦਰ ਬਲੱਗਣ ਚੌਕ ਤੋਂ ਸਿਵਲ ਹਸਪਤਾਲ ਦਸੂਹਾ ਤੱਕ ਬੂਥ ਵਾਇਜ ਅਤੇ 2027 ਦੀਆਂ ਚੋਣਾਂ ਦੇ ਸਬੰਧ ਵਿੱਚ ਬਜਾਰ ਦੇ ਵੱਖ-




ਵੱਖ ਦੁਕਾਨਦਾਰਾਂ ਨਾਲ ਡੋਰ ਟੂ ਡੋਰ ਜਾ ਕੇ ਦੁਕਾਨਦਾਰਾਂ ਦੀਆ ਸਮੱਸਿਆਵਾਂ ਸੁਣੀਆ ਅਤੇ ਇਸ ਮੌਕੇ ਤੇ ਦੁਕਾਨਦਾਰਾਂ ਵਲੋਂ ਕਾਂਗਰਸ ਪਾਰਟੀ ਨੂੰ ਭਰਵਾਂ ਹੁੰਗਾਰਾ ਮਿਲਿਆ। ਤਰਲੋਕ ਸਿੰਘ ਸਾਹੀ ਨੇ ਕਾਂਗਰਸ ਪਾਰਟੀ ਨੂੰ ਮਜ਼ਬੂਤ ਕਰਨ ਲਈ ਕਾਂਗਰਸ ਪਾਰਟੀ ਦੀਆਂ ਨੀਤੀਆਂ ਬਾਰੇ ਜਾਣੂ ਕਰਵਾਇਆ। ਇਸ ਮੌਕੇ ਸਿਮਰਨਜੀਤ ਸਿੰਘ ਸਾਹੀ ਯੂਥ ਪ੍ਰਧਾਨ ਆਗੂ ਹਲਕਾ ਦਸੂਹਾ,ਅਮਨਦੀਪ ਸਿੰਘ, ਸਾਗਰ ਸਹੋਤਾ, ਤਰਲੋਚਨ ਸਿੰਘ, ਪ੍ਰੇਮਪਾਲ, ਕਾਲੂ, ਮਨਪ੍ਰੀਤ ਸਿੰਘ, ਰੋਸ਼ਨ, ਮਨਦੀਪ ਸਿੰਘ, ਪਾਰਸ ਸ਼ਰਮਾ, ਸਤਪਾਲ ਸਿੰਘ, ਸੁਨੀਲ ਆਦਿ ਹਾਜ਼ਰ ਸਨ।

## ਗਣੇਸ਼ ਚੌਦੇ ਸਮਾਗਮ 'ਚ ਵਡਾਲਾ ਨੇ ਕੀਤੀ ਸ਼ਿਰਕਤ



**ਨਕੋਦਰ (ਬਲਵਿੰਦਰ ਸਿੰਘ ਧਾਲੀਵਾਲ)**-ਹਲਕਾ ਨਕੋਦਰ ਦੇ ਸਾਬਕਾ ਵਿਧਾਇਕ ਗੁਰਪ੍ਰਤਾਪ ਸਿੰਘ ਵਡਾਲਾ ਨੇ ਹਲਕਾ ਨਕੋਦਰ ਵਿੱਚ ਵੱਖ-ਵੱਖ ਸਮਾਗਮਾਂ ਵਿੱਚ ਸ਼ਿਰਕਤ ਕੀਤੀ।ਇਸ ਦੌਰਾਨ ਉਹ ਗਣੇਸ਼ ਚੌਂਦੇ ਸੰਬੰਧੀ ਕਰਵਾਏ ਗਏ ਸਮਾਗਮ ਵਿੱਚ ਵੀ ਵਿਸ਼ੇਸ਼ ਤੌਰ 'ਤੇ ਪਹੁੰਚੇ।ਸਮਾਗਮ ਵਿੱਚ ਪਹੁੰਚਣ 'ਤੇ ਪ੍ਰਬੰਧਕਾਂ ਅਤੇ ਸ਼ਰਧਾਲੂਆਂ ਵੱਲੋਂ ਸਾਬਕਾ ਵਿਧਾਇਕ ਗੁਰਪ੍ਰਤਾਪ ਸਿੰਘ ਵਡਾਲਾ ਦਾ ਸਵਾਗਤ ਕੀਤਾ ਗਿਆ।ਉਨ੍ਹਾਂ ਨੇ ਗਣੇਸ਼ ਚੌਂਦੇ ਦੀਆਂ ਸ਼ੁਭਕਾਮਨਾਵਾਂ ਦਿੰਦਿਆਂ ਸਮਾਗਮ ਵਿੱਚ ਸ਼ਾਮਲ ਹੋਏ ਲੋਕਾਂ ਨਾਲ ਮੁਲਾਕਾਤ ਕੀਤੀ ਅਤੇ ਧਾਰਮਿਕ ਸਮਾਗਮ ਵਿੱਚ ਹਾਜ਼ਰੀ ਲਗਵਾਈ।ਇਸ ਮੌਕੇ ਵੱਡੀ ਗਿਣਤੀ ਵਿੱਚ ਸ਼ਰਧਾਲੂ ਅਤੇ ਇਲਾਕੇ ਦੇ ਲੋਕ ਮੌਜੂਦ ਸਨ।

## ਘੋੜਾਵਾਹਾ 'ਚ ਦੋ ਰੋਜ਼ਾ ਵਾਲੀਬਾਲ ਟੂਰਨਾਮੈਂਟ

**ਅੱਡਾ ਸਰਾਂ (ਜਸਵੀਰ ਕਾਜਲ)**- ਪਿੰਡ ਘੋੜਾਵਾਹਾ ਵਿਚ ਦੋ ਰੋਜ਼ਾ ਵਾਲੀਬਾਲ ਟੂਰਨਾਮੈਂਟ ਧੂਮਧਾਮ ਨਾਲ ਸ਼ੁਰੂ ਹੋ ਗਿਆ।ਸੀਨੀਅਰ ਆਗੂ ਬਿਕਰਮਜੀਤ ਸਿੰਘ ਲਾਲੀ, ਗੁਰਵਿੰਦਰ ਸਿੰਘ ਗੋਲ੍ਡੀ, ਮਾਸਟਰ ਅਰਵਿੰਦਰ



ਸਿੰਘ, ਰਕੇਸ ਵੋਹਰਾ, ਕਰਨੈਲ ਸਿੰਘ ਬੱਬੂ, ਕੋਚ ਦਲਬੀਰ ਸਿੰਘ ਜੌੜਾ, ਕੁਲਦੀਪ ਸਿੰਘ ਦੀ ਦੇਖਰੇਖ ਵਿਚ ਕਰਵਾਏ ਜਾ ਰਹੇ ਇਸ ਟੂਰਨਾਮੈਂਟ ਦਾ ਉਦਘਾਟਨ ਸੰਤ ਬਾਬਾ ਮੱਖਣ ਸਿੰਘ ਦਰੀਆਂ ਵੱਲੋਂ ਸਰਬੱਤ ਦੇ ਭਲੇ ਦੀ ਕੀਤੀ ਗਈ ਅਰਦਾਸ ਉਪਰੰਤ ਮੁੱਖ ਮਹਿਮਾਨ ਸਰਬਜੀਤ ਸਿੰਘ ਗੋਲਡੀ ਦਸੂਹਾ ਅਤੇ ਰਾਵਲ ਸਿੰਘ ਨੇ ਕੀਤਾ।ਉਨ੍ਹਾਂ ਇਸ ਮੌਕੇ ਪ੍ਰਬੰਧਕਾਂ ਵੱਲੋਂ ਵਾਲੀਬਾਲ ਖੇਡ ਨੂੰ ਪ੍ਰਫੁੱਲਿਤ ਕਰਨ ਦੇ ਕੀਤੇ ਜਾ ਰਹੇ ਉੱਦਮ ਦੀ ਸਲਾਘਾ ਕੀਤੀ ਅਤੇ ਖਿਡਾਰੀਆਂ ਨੂੰ ਖੇਡ ਭਾਵਨਾ ਨਾਲ ਖੇਡਣ ਦੀ ਪ੍ਰੇਰਨਾ ਦਿੱਤੀ।ਮੁਕਾਬਲਿਆਂ 'ਚ ਕੰਧਾਲਾ ਜੱਟਾ ਦੀ ਟੀਮ ਨੇ ਬੀਰਮਪੁਰ ਦੀ ਟੀਮ ਨੂੰ ਹਰਾਇਆ ਜਦਕਿ ਤਲਵੰਡੀ ਜੱਟਾ ਨੇ ਸਹਿਬਾਜ਼ਪੁਰ ਦੀ ਟੀਮ ਨੂੰ, ਰਾਇਪੁਰ ਨੇ ਸੂਸਾ ਨੂੰ ਅਤੇ ਟੇਰਕਿਆਣਾ ਨੇ ਨਰੀਆਲਾ ਨੇ ਹਰਾਇਆ।ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ ਟੂਰਨਾਮੈਂਟ ਵਿਚ ਅੰਡਰ 19 ਸਾਲ, ਪਿੰਡ ਪੱਧਰ ਮੁਕਾਬਲੇ ਅਤੇ 40 ਸਾਲ ਤੋਂ ਉੱਪਰ ਉਮਰ ਵਰਗ ਮੁਕਾਬਲੇ ਹੋਣਗੇ।ਆਲ ਓਪਨ ਕਲੱਬਾਂ ਦੇ ਮੁਕਾਬਲੇ ਵਿਚ 21 ਹਜ਼ਾਰ 100 ਰੁਪਏ ਦੇ ਇਨਾਮ ਲਈ ਮਾਝਾ, ਮਾਲਵਾ, ਦੋਆਬਾ ਅਤੇ ਦੀਨਾਨਗਰ ਦੀਆਂ ਕਲੱਬਾਂ ਦੇ ਖਿਡਾਰੀ 27 ਸਤੰਬਰ ਨੂੰ ਆਪਣੀ ਖੇਡ ਦਾ ਪ੍ਰਦਰਸ਼ਨ ਕਰਨਗੇ। ਇਸ ਮੌਕੇ ਗੁਰਵਿੰਦਰ ਸਿੰਘ ਗੋਲਡੀ, ਅਰਵਿੰਦਰ ਸਿੰਘ, ਰਕੇਸ਼ ਵੋਹਰਾ, ਕਰਨੈਲ ਸਿੰਘ, ਸੁਖਵਿੰਦਰ ਸਿੰਘ ਮੂਨਕਾ, ਜਸਵੀਰ ਸਿੰਘ, ਨਿਰੰਜਨ ਸਿੰਘ, ਨਿਰਮਲ ਸਿੰਘ, ਚਰਨਜੀਤ ਸਿੰਘ, ਬਲਦੇਵ ਸਿੰਘ, ਸੁਵਿੰਦਰ ਸਿੰਘ, ਕਵਰ ਚੌਧਰੀ ਸ਼ਹਿਨਾਜ਼ ਖਾਂ, ਦਮਨਦੀਪ ਸਿੰਘ ਬਿੱਲਾ, ਹਰਪਾਲ ਸਿੰਘ, ਰਾਜ ਕੁਮਾਰ ਸਰਪੰਚ ਸਲੇਮਪੁਰ ਅਤੇ ਹੋਰ ਹਾਜ਼ਰ ਸਨ।

# ਸਾਹਿਤਕਾਰ ਪਰਮਿੰਦਰ ਸਿੰਘ ਪ੍ਰੇਮ ਦੀ ਅੰਤਿਮ ਅਰਦਾਸ ਮੌਕੇ ਸ਼ਰਧਾਂਜਲੀਆਂ

**ਮੋਰਿੰਡਾ (ਨਿਹਾਲ ਸਿੰਘ ਕਲਸੀ)**-ਗੁਰਦੁਆਰਾ ਸ਼ਹੀਦ ਗੰਜ ਸਾਹਿਬ ਮੋਰਿੰਡਾ ਵਿਖੇ ਸਾਹਿਤਕਾਰ ਪਰਮਿੰਦਰ ਸਿੰਘ ਪ੍ਰੇਮ ਨੂੰ ਸ਼ਰਧਾਜਲੀਆਂ ਦਿੱਤੀਆਂ ਗਈਆਂ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਨੌਜਵਾਨ ਸਾਹਿਤ ਸਭਾ ਰਜਿ. ਮੋਰਿੰਡਾ ਦੇ ਜਨਰਲ ਸਕੱਤਰ ਰਾਬਿੰਦਰ ਸਿੰਘ ਰੱਬੀ ਨੇ ਦੱਸਿਆ ਕਿ ਇਸ ਸ਼ਰਧਾਂਜਲੀ ਸਮਾਰੋਹ ਵਿੱਚ ਪਰਮਿੰਦਰ ਸਿੰਘ ਪ੍ਰੇਮ ਦੀ ਕਿਤਾਬ ਪ੍ਰੇਮ ਪੁਸ਼ਪ ਦਾ ਜ਼ਿਕਰ ਕਰਦਿਆਂ ਸਾਹਿਤਕਾਰ ਡਾ. ਰਾਜਿੰਦਰ ਸਿੰਘ ਕੁਰਾਲੀ ਨੇ ਉਨਾਂ ਦੀ ਸਾਹਿਤਿਕ ਘਾਲਣਾ ਦਾ ਬਾਖੂਬੀ ਜ਼ਿਕਰ ਕੀਤਾ। ਬਾਰ ਐਸੋਸੀਏਸ਼ਨ ਰੂਪਨਗਰ ਦੇ ਪ੍ਰਧਾਨ ਰਾਜਿੰਦਰ ਸਿੰਘ ਰਾਜੂ ਨੇ ਗੁਰਪ੍ਰੀਤ ਕੌਰ ਦੇ ਪਰਵਾਰ ਨਾਲ ਖੜ੍ਹੇ ਰਹਿਣ ਦਾ ਪ੍ਰਣ ਕੀਤਾ ਤੇ ਪਰਵਾਰ ਦੀ ਐਸੋਸੀਏਸ਼ਨ ਵੱਲੋਂ ਆਰਥਿਕ ਮਦਦ ਵੀ ਕੀਤੀ ।ਭਾਰਤੀ ਜਨਤਾ ਪਾਰਟੀ ਦੇ ਮੇਜਰ ਅੰਜੂ ਬਾਲਾ ਸਿੰਘ, ਐਡਵੋਕੇਟ ਬਲਜਿੰਦਰ ਸਿੰਘ ਅਤੇ ਦਰਸ਼ਨ ਸਿੰਘ ਸ਼ਿਵਜੋਤ ਨੇ ਪਰਵਾਰ ਦੀਆਂ ਸਮਾਜਿਕ ਜ਼ਿੰਮੇਵਾਰੀ ਨੂੰ ਬਖੂਬੀ ਬਿਆਨ ਕੀਤਾ। ਸ੍ਰੀ ਰੱਬੀ ਨੇ ਪ੍ਰੇਮ ਦੀਆਂ ਦੋ ਬੇਟੀਆਂ ਜਪਲੀਨ ਕੌਰ, ਗੁਰਲੀਨ ਕੌਰ ਅਤੇ ਬੇਟੇ ਤਰਨਵੀਰ ਸਿੰਘ ਦੀਆਂ ਸਾਹਿਤਕ ਬਿਰਤੀਆਂ ਬਾਰੇ ਦੱਸਿਆ। ਇਸ ਮੌਕੇ ਡਾ. ਜਲੌਰ ਸਿੰਘ ਖੀਵਾ, ਪ੍ਰਧਾਨ ਸੁਰਿੰਦਰ ਸਿੰਘ ਰਸੂਲਪੁਰ, ਨਗਰ ਕੌਂਸਲਰ ਹਰਜੀਤ ਸਿੰਘ ਸੋਢੀ, ਪ੍ਰਧਾਨ ਹਰਦੀਪ ਗਿੱਲ, ਭਾਰਤੀ ਵਿਕਾਸ ਪ੍ਰੀਸ਼ਦ ਦੇ ਪ੍ਰਧਾਨ ਜਤਿੰਦਰ ਗੁੰਬਰ, ਮਹਾਰਾਜਾ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਫੈਡਰੇਸ਼ਨ ਮੋਰਿੰਡਾ ਤੋਂ ਦਲਜੀਤ ਸਿੰਘ ਮੋਰਿੰਡਾ, ਭਾਜਪਾ ਦੇ ਬੁਲਾਰੇ ਅਮਨਪ੍ਰੀਤ ਕੌਰ ਰਾਏ, ਨਵਜੋਤ ਸਿੰਘ, ਪੁਨੀਤ ਮਿੱਤਲ, ਸਾਹਿਤਕਾਰ ਗੁਰਿੰਦਰ ਸਿੰਘ ਕਲਸੀ, ਸਾਹਿਤਕਾਰ ਮੈਡਮ ਅਮਰਜੀਤ ਕੌਰ, ਕਰਮਜੀਤ ਸਿੰਘ ਭੰਗੂ ਮੰਡਲ ਪ੍ਰਧਾਨ, ਹਰਜੀਤ ਸਿੰਘ ਮੀਤ ਪ੍ਰਧਾਨ, ਕੁਲਦੀਪ ਸਿੰਘ ਮੀਤ ਪ੍ਰਧਾਨ, ਮੈਡਮ ਨੀਲੂ ਹਰਸ਼, ਕਲਾਕਾਰ ਦਿਲਬਾਗ ਸਿੰਘ ਅਤੇ ਸਾਹਿਤਕਾਰ ਗੁਰਨਾਮ ਸਿੰਘ ਬਿਜਲੀ ਤੋਂ ਇਲਾਵਾ ਨੌਜਵਾਨ ਸਾਹਿਤ ਸਭਾ ਮੋਰਿੰਡਾ, ਸੱਜਰੀ ਸਵੇਰ ਕਲਾ ਕੇਂਦਰ ਮੋਰਿੰਡਾ, ਸ਼ਬਦ ਸੰਚਾਰ ਸਾਹਿਤਕ ਸੁਸਾਇਟੀ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਮੋਰਿੰਡਾ , ਪੰਜਾਬੀ ਲਿਖਾਰੀ ਸਭਾ ਕੁਰਾਲੀ , ਬੀਬੀ ਕ੍ਰਿਪਾਲ ਕੌਰ ਯਾਦਗਾਰੀ ਸਾਹਿਤਕ ਟਰੱਸਟ ਆਦਿ ਹਾਜ਼ਰ ਸਨ।



## ਲੁਠੇੜੀ ਬਲਾਕ ਕਾਂਗਰਸ ਕਮੇਟੀ ਮੋਰਿੰਡਾ ਦੇ ਪ੍ਰਧਾਨ ਬਣੇ

**ਮੋਰਿੰਡਾ (ਨਿਹਾਲ ਸਿੰਘ ਕਲਸੀ)**-ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਵਿਧਾਨ ਸਭਾ ਚੋਣਾਂ ਦੇ ਚੱਲਦਿਆ ਸੰਗਠਨ ਨੂੰ ਹੋਰ ਮਜਬੂਤ ਕਰਨ ਦੇ ਮੱਦੇ ਨਜ਼ਰ ਟਕਸਾਲੀ ਕਾਂਗਰਸੀ ਆਗੂ ਅਤੇ ਬਲਾਕ ਸੰਮਤੀ ਮੋਰਿੰਡਾ ਦੇ ਸਾਬਕਾ ਵਾਈਸ ਚੇਅਰਮੈਨ ਜਗਜੀਤ ਸਿੰਘ ਲੁਠੇੜੀ ਨੂੰ ਬਲਾਕ ਕਾਂਗਰਸ ਕਮੇਟੀ ਮੋਰਿੰਡਾ ਦਾ ਪ੍ਰਧਾਨ



ਨਿਯੁਕਤ ਕੀਤਾ ਗਿਆ ਜਦਕਿ ਦਰਸ਼ਨ ਸਿੰਘ ਅਮਰਾਲੀ ਨੂੰ ਹਲਕਾ ਸ੍ਰੀ ਚਮਕੌਰ ਸਾਹਿਬ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਮੌਕੇ ਨਵ ਨਿਯੁਕਤ ਬਲਾਕ ਪ੍ਰਧਾਨ ਜਗਜੀਤ ਸਿੰਘ ਲੁਠੇੜੀ ਨੇ ਆਪਣੀ ਨਿਯੁਕਤੀ ਲਈ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਬਲਾਕ ਮੋਰਿੰਡਾ ਵਿੱਚ ਕਾਂਗਰਸ ਪਾਰਟੀ ਦੀ ਮਜਬੂਤੀ ਲਈ ਪੂਰੇ ਤਨਦੇਹੀ ਨਾਲ ਕੰਮ ਕੀਤਾ ਜਾਵੇਗਾ ਅਤੇ ਬਲਾਕ ਕਾਂਗਰਸ ਕਮੇਟੀ ਦੀ ਇੱਕ ਟੀਮ ਬਣਾ ਕੇ ਵੱਧ ਤੋਂ ਵੱਧ ਲੋਕਾਂ ਨੂੰ ਕਾਂਗਰਸ ਪਾਰਟੀ ਨਾਲ ਜੋੜਿਆ ਜਾਵੇਗਾ। ਇਸ ਮੌਕੇ ਉਹਨਾਂ ਆਪਣੇ 67ਵੇਂ ਜਨਮ ਦਿਨ ਤੇ ਮਿਲੀ ਇਸ ਜ਼ਿੰਮੇਵਾਰੀ ਦੀ ਖੁਸ਼ੀ ਵਿੱਚ ਸਾਥੀ ਆਗੂਆਂ ਨਾਲ ਕੇਕ ਕੱਟ ਕੇ ਖੁਸ਼ੀ ਦਾ ਇਜ਼ਹਾਰ ਵੀ ਕੀਤਾ। ਇਸ ਮੌਕੇ ਪਨਗਰੇਨ ਪੰਜਾਬ ਦੇ ਸਾਬਕਾ ਚੇਅਰਮੈਨ ਬੰਤ ਸਿੰਘ ਕਲਾਰਾਂ, ਜਿਲਾ ਪਰਿਸ਼ਦ ਮੈਂਬਰ ਗੁਰਵਿੰਦਰ ਸਿੰਘ ਕਕਰਾਲੀ ਤੇ ਨਰਿੰਦਰ ਸਿੰਘ ਮਾਵੀ, ਸ਼ੂਗਰ ਮੋਰਿੰਡਾ ਦੇ ਸਾਬਕਾ ਚੇਅਰਮੈਨ ਉਸ ਖੁਸ਼ਹਾਲ ਸਿੰਘ ਦਤਾਰਪੁਰ, ਹਰਪਾਲ ਸਿੰਘ ਬਮਨਾੜਾ, ਬਲਵੀਰ ਸਿੰਘ ਸਹੇੜੀ, ਨਵਤੇਜ ਸਿੰਘ ਤੇਜੀ ਸਹੇੜੀ, ਕੌਂਸਲਰ ਮਨਦੀਪ ਸਿੰਘ ਬਾਜਵਾ, ਸ਼ਹਿਰੀ ਪ੍ਰਧਾਨ ਰਾਹੁਲ ਸ਼ਰਮਾ,ਠੇਕੇਦਾਰ ਬਲਬੀਰ ਸਿੰਘ ਲਾਲਾ, ਕੌਂਸਲਰ ਰਜੇਸ਼ ਕੁਮਾਰ ਸੁਸ਼ੋਧੀਆ, ਕੌਂਸਲਰ ਰਾਕੇਸ਼ ਕੁਮਾਰ ਬੱਗਾ, ਡਾਕਟਰ ਅਮਨਦੀਪ ਸਿੰਘ ਲੁਠੇੜੀ, ਜਗਮੋਹਨ ਸਿੰਘ ਕੰਗ, ਮਨਵੀਰ ਸਿੰਘ ਸਰਪੰਚ ਰਾਮਗੜ੍ਹ, ਟਹਿਲ ਸਿੰਘ ਸਰਪੰਚ ਲੁਠੇੜੀ, ਹਰਜੋਤ ਸਿੰਘ ਢੰਗਰਾਲੀ ਆਦਿ ਹਾਜ਼ਰ ਸਨ।

## ਵਿਸ਼ਵ ਓਜ਼ੋਨ ਦਿਵਸ ਮਨਾਇਆ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**-ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਵਿਖੇ ਪ੍ਰਿੰਸੀਪਲ ਡਾ. ਅਮਨਦੀਪ ਹੀਰਾ ਦੀ ਅਗਵਾਈ ਹੇਠ ਕਾਲਜ ਦੀ ਟ੍ਰਿੱਪਲ ਆਈ ਸੁਸਾਇਟੀ ਆਫ਼



ਸਾਇੰਸ ਸਟੂਡੈਂਟਸ ਵਲੋਂ ਸਾਲਾਨਾ ਸਮਾਗਮ ਕਰਵਾਉਂਦੇ ਹੋਏ ਵਿਸ਼ਵ ਓਜ਼ੋਨ ਦਿਵਸ ਮਨਾਇਆ ਗਿਆ। ਸਮਾਗਮ ਦੀ ਆਰੰਭਤਾ 'ਤੇ ਡਾ. ਅਮਨਦੀਪ ਕੌਰ ਢਿੱਲੋਂ ਨੇ ਹਾਜ਼ਰੀਨ ਦਾ ਸਵਾਗਤ ਕੀਤਾ ਤੇ ਸੁਸਾਇਟੀ ਦੇ ਨਵੇਂ ਅਹੁਦੇਦਾਰਾਂ ਨਾਲ ਜਾਣ ਪਹਿਚਾਣ ਕਰਵਾਈ ਗਈ। ਇਸ ਮੌਕੇ ਜੀਵ ਵਿਗਿਆਨ ਵਿਭਾਗ ਵਲੋਂ ਵਿਦਿਆਰਥੀਆਂ ਦੇ ਪੋਸਟਰ ਮੇਕਿੰਗ ਅਤੇ ਭਾਸ਼ਣ ਮੁਕਾਬਲੇ ਕਰਵਾਏ ਗਏ ਜਿਸ ਵਿਚ ਵਿਦਿਆਰਥੀਆਂ ਨੇ ਓਜ਼ੋਨ ਪਰਤ ਦੀ ਸੁਰੱਖਿਆ ਅਤੇ ਵਾਤਾਵਰਣ ਦੀ ਸੰਭਾਲ ਸਬੰਧੀ ਵਿਚਾਰ ਪੇਸ਼ ਕੀਤੇ। ਭਾਸ਼ਣ ਮੁਕਾਬਲੇ ਵਿਚ ਐੱਮ ਐੱਸ ਸੀ ਕਮਿਸਟਰੀ ਭਾਗ ਦੂਜਾ ਦੀ ਵਿਦਿਆਰਥਣ ਰਮਨਦੀਪ ਨੇ ਪਹਿਲਾ ਸਥਾਨ, ਬੀ ਐੱਸ ਸੀ ਭਾਗ ਦੂਜਾ ਦੀ ਮਹਿਕ ਨੇ ਦੂਜਾ ਅਤੇ ਬੀ ਐੱਸ ਸੀ ਭਾਗ ਪਹਿਲਾ ਦੀ ਜਸਮੀਤ ਕੌਰ ਨੇ ਤੀਜਾ ਸਥਾਨ ਹਾਸਿਲ ਕੀਤਾ। ਪੋਸਟਰ ਮੇਕਿੰਗ ਮੁਕਾਬਲੇ ਵਿਚ ਬੀ ਐੱਸ ਸੀ ਭਾਗ ਪਹਿਲਾ ਦੀ ਵਿਦਿਆਰਥਣ ਜਸਪ੍ਰੀਤ ਕੌਰ ਨੇ ਪਹਿਲਾ, ਐੱਮ ਐੱਸ ਸੀ ਕਮਿਸਟਰੀ ਭਾਗ ਪਹਿਲਾ ਦੀ ਵਿਦਿਆਰਥਣ ਸਿਮਰਨ ਕੌਰ ਤੇ ਐੱਮ ਐੱਸ ਸੀ ਭਾਗ ਦੂਜਾ ਦੀ ਵਿਦਿਆਰਥਣ ਦੀਕਸ਼ਾ ਨੇ ਕ੍ਰਮਵਾਰ ਦੂਜਾ ਅਤੇ ਤੀਜਾ ਸਥਾਨ ਹਾਸਿਲ ਕੀਤਾ। ਇਸ ਮੌਕੇ ਅਵੱਲ ਰਹੇ ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕੀਤੇ ਗਏ। ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਡਾ. ਕੁਲਦੀਪ ਕੌਰ ਨੇ ਵਾਤਾਵਰਣ ਪ੍ਰਤੀ ਜਾਗਰੂਕਤਾ ਅਤੇ ਹਾਨੀਕਾਰਕ ਗੈਸਾਂ ਤੋਂ ਵਾਤਾਵਰਣ ਦੀ ਸੁਰੱਖਿਆ ਲਈ ਸਾਂਝੀ ਜ਼ਿੰਮੇਵਾਰੀ ਦੀ ਮਹੱਤਤਾ 'ਤੇ ਚਾਨਣਾ ਪਾਇਆ।

## ਪੰਚਾਇਤ ਸਕੱਤਰ ਯੂਨੀਅਨ ਵੱਲੋਂ ਛੇ ਮਹੀਨੇ ਤੋਂ ਤਨਖਾਹ ਨਾ ਮਿਲਣ 'ਤੇ ਰੋਸ ਧਰਨਾ

**ਮਾਹਿਲਪੁਰ (ਸ਼ਫਰੀ)**-ਮਾਹਿਲਪੁਰ ਬੀ ਡੀ ਪੀ ਓ ਦੇ ਦਫ਼ਤਰ ਦੇ ਅੱਗੇ ਪੰਚਾਇਤ ਸਕੱਤਰ ਵੱਲੋਂ ਛੇ ਮਹੀਨੇ ਤੋ ਤਨਖ਼ਾਹ ਨਾ ਮਿਲਣ ਨੂੰ ਲੈ ਕੇ ਪੰਚਾਇਤ ਸਕੱਤਰ ਯੂਨੀਅਨ ਦੇ ਪ੍ਰਧਾਨ ਜਰਨੈਲ ਸਿੰਘ ਦੀ ਅਗਵਾਈ ਹੇਠ ਪੰਚਾਇਤ ਸਕੱਤਰ ਅਤੇ ਸਮੂਹ ਸਟਾਫ਼ ਵੱਲੋਂ ਰੋਸ ਧਰਨਾ ਦਿੱਤਾ ਤੇ ਸਰਕਾਰ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ ਅਤੇ ਮੰਗ ਕੀਤੀ ਕਿ ਜਲਦ ਉਨ੍ਹਾਂ ਨੂੰ ਤਨਖ਼ਾਹਾਂ ਦਿਤੀਆਂ ਜਾਣ ਅਤੇ ਵਾਧੂ ਕੰਮ ਲੈਣਾ ਬੰਦ ਕੀਤਾ ਜਾਵੇ। ਧਰਨੇ ਨੂੰ ਸੰਬੋਧਨ ਕਰਦਿਆਂ [illegible]



[illegible] ਜਾਵੇ ਤੇ ਜਲਦ ਪਿਛਲੀਆਂ ਤਨਖਾਹਾਂ ਦਿੱਤੀਆਂ ਜਾਣ।ਇਸ ਮੌਕੇ ਰਾਜਿੰਦਰ ਕੌਰ, ਜਸਵੀਰ ਕੌਰ, ਹਰਜਿੰਦਰ ਸਿੰਘ, ਕੁਲਵਿੰਦਰ ਸਿੰਘ, ਬਲਜੀਤ ਕੁਮਾਰ, ਵਿਜੈ ਕੁਮਾਰ, ਰਣਜੀਤ ਸਿੰਘ, ਕਮਲ ਰਾਓ, ਮਨਿੰਦਰ ਸਿੰਘ, ਸੰਦੇਸ਼ ਕੌਰ, ਰਾਮ ਲੁਭਾਇਆ ਬਲਜਿੰਦਰ ਕੌਰ, ਰਣਵੀਰ ਸੰਧੀ ਸਮੇਤ ਵੱਡੀ ਗਿਣਤੀ ਵਿੱਚ ਬੀ ਡੀ ਪੀ ਓ ਦਾ ਸਟਾਫ ਹਾਜ਼ਰ ਸੀ

## ਸਰਕਾਰੀ ਐਲੀਮੈਂਟਰੀ ਸਕੂਲ ਮੋਹਨਵਾਲ ਵਿਖੇ ਬਲਾਕ ਪੱਧਰੀ ਖੇਡਾਂ ਸੰਪੰਨ



**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**-ਬਲਾਕ [illegible] ਕਮਲਜੀਤ ਕੌਰ, ਸੀ ਐੱਚ ਟੀ ਰਾਮ ਸਰੂਪ, ਸੀ ਐੱਚ ਟੀ ਬਲਬੀਰ ਕੌਰ, ਸੀ ਐੱਚ ਟੀ ਵਿਨੇ ਬੱਤਰਾ ਐੱਚ ਟੀ ਨਵਜੋਤ ਕੌਰ ਤੇ ਅਮਰਜੀਤ ਕੌਰ ਨੇ ਆਪਣੀ ਜਿੰਮੇਵਾਰੀ ਬਖੂਬੀ ਢੰਗ ਨਾਲ ਨਿਭਾਈ। ਡੀ ਪੀ ਈ ਸਾਹਿਬਾਨ ਵਲੋਂ ਨਿਰਪੱਖ ਢੰਗ ਨਾਲ ਹਰ ਤਰ੍ਹਾਂ ਦੀਆਂ ਖੇਡਾਂ ਦੇ ਮੈਚ ਕਰਵਾਏ ਗਏ। ਪਹਿਲੇ ਦਿਨ ਲੜਕਿਆਂ ਦੇ ਅਥਲੈਟਿਕਸ, ਕਬੱਡੀ, ਨੈਸ਼ਨਲ ਸਟਾਈਲ, ਕਬੱਡੀ ਸਰਕਲ ਸਟਾਈਲ, ਰੱਸਾ ਕੱਸੀ, ਖੋਖੋ ਅਤੇ ਕੁਸ਼ਤੀਆਂ ਦੇ ਮੁਕਾਬਲੇ ਕਰਵਾਏ ਗਏ ਅਤੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਵੀ ਤਕਸੀਮ ਕੀਤੇ [illegible] ਸ਼ਿਰਕਤ ਕੀਤੀ ਅਤੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕੀਤੇ ਗਏ। ਖੇਡ ਟੂਰਨਾਮੈਂਟ ਦਾ ਪ੍ਰਬੰਧ ਵਿਨੇ ਕੁਮਾਰ ਨੇ ਪਿੰਡ ਮੋਹਨਵਾਲ ਦੇ ਐੱਨ ਆਰ ਆਈਜ਼ ਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਮੁਕੰਮਲ ਕੀਤਾ। ਖੇਡ ਟੂਰਨਾਮੈਂਟ ਵਿੱਚ ਦਿਲਾਵਰ ਸਿੰਘ ਖੱਖ ਅਤੇ ਸਰਪੰਚ ਹਰਜਿੰਦਰ ਕੌਰ ਮਾਨ, ਪੰਚ ਜਸਵਿੰਦਰ ਕੌਰ ਵੱਲੋਂ ਦੋਵੇਂ ਦਿਨ ਵਿਸ਼ੇਸ਼ ਸ਼ਿਰਕਤ ਕੀਤੀ ਅਤੇ ਜੇਤੂ ਖਿਡਾਰੀਆਂ ਦੀ ਹੌਸਲਾ ਅਫਜਾਈ ਕੀਤੀ । ਇਸ ਟੂਰਨਾਮੈਂਟ ਦੌਰਾਨ ਸਾਰੇ ਖਿਡਾਰੀਆਂ ਨੂੰ ਹਰਜਿੰਦਰ ਕੌਰ ਮਾਨ ਵੱਲੋਂ ਰਿਫਰੈਸ਼ਮੈਂਟ ਦਿੱਤੀ ਗਈ।

## ਗੁਰਲੀਨ ਕੌਰ ਨੇ ਹਰਡਲ ਰੇਸਾਂ 'ਚ ਗੋਲਡ ਜਿੱਤ ਕੇ ਰਾਜ ਪੱਧਰ ਲਈ ਕੀਤਾ ਕੁਆਲੀਫਾਈ

**ਟਾਂਡਾ ਉੜਮੁੜ** [illegible]



[illegible] ਰੇਸਾਂ ਵਿੱਚ ਗੋਲਡ ਮੈਡਲ ਜਿੱਤ ਕੇ ਸਕੂਲ ਦਾ ਮਾਣ ਵਧਾਇਆ।ਸੰਸਥਾ ਦੇ ਚੇਅਰਮੈਨ ਤਰਲੋਚਨ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਪ੍ਰਿੰਸੀਪਲ ਮੁਨੀਸ਼ਾ ਸੰਗਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਗੁਰਲੀਨ ਕੌਰ ਨੇ ਸਰਕਾਰੀ ਕਾਲਜ ਟਾਂਡਾ ਦੇ ਸਟੇਡੀਅਮ ਵਿਖੇ ਚੱਲ ਰਹੇ ਜ਼ਿਲ੍ਹਾ ਪੱਧਰੀ ਐਥਲੈਟਿਕਸ ਮੁਕਾਬਲਿਆਂ ਦੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ 100 ਮੀਟਰ ਅਤੇ 400 ਮੀਟਰ ਹਾਰਡਲ ਰੇਸਾਂ ਦੇ ਵਿੱਚ ਗੋਲਡ ਮੈਡਲ ਤੇ ਕਬਜ਼ਾ ਕੀਤਾ ਅਤੇ ਰਾਜ ਪੱਧਰੀ ਮੁਕਾਬਲਿਆਂ ਦੇ ਵਿੱਚ [illegible] ਨੂੰ ਉਤਸ਼ਾਹਿਤ ਕਰਦਾ ਰਿਹਾ ਹੈ ਅਤੇ ਸਕੂਲ ਦੇ ਵਿੱਚ ਵਧੀਆ ਖੇਡ ਸੁਵਿਧਾਵਾਂ ਮੁਹਈਆ ਕਰਵਾ ਰਿਹਾ ਹੈ।ਇਸ ਮੌਕੇ ਤੇ ਸੰਸਥਾ ਦੇ ਮੈਨੇਜਰ ਗਜਿੰਦਰ ਪਾਲ ਸਿੰਘ, ਤਰਨ ਸੈਣੀ, ਬਿਕਰਮਜੀਤ ਸਿੰਘ ਭੇਲਾ, ਅਮਰਜੀਤ ਕੌਰ ਸੈਣੀ, ਜਗਬੰਧਨ ਸਿੰਘ ਗੁਰਪ੍ਰੀਤ,ਪੰਕਜ, ਬਲਦੇਵ, ਸੁਸ਼ੀਲ, ਸੁਰੇਸ਼, ਵਿਸ਼ਾਲੀ, ਅਰਚਨਾ, ਰਾਜਵਿੰਦਰ, ਨੇਹਾ, ਸੁਮਨ, ਬਲਜੀਤ, ਕੰਚਨ, ਪਰਮਜੀਤ, ਗੁਰਦੇਵ, ਹਰਜੀਤ, ਅਜੇ, ਅਮਰੀਕ,ਬਲਵਿੰਦਰ, ਮੋਨਿਕਾ, ਪੂਜਾ, ਰੁਪਿੰਦਰ, ਅਮਨ, ਅਤੇ ਹੋਰ ਸਟਾਫ ਮੌਜੂਦ ਸੀ।

## ਸਿਹਤ ਵਿਭਾਗ ਦੀ ਟੀਮਾਂ ਵੱਲੋਂ ਡੇਂਗੂ ਲਾਰਵੇ ਦੀ ਜਾਂਚ

**ਮੋਹਾਲੀ (ਗੁਰਜੀਤ ਬਿੱਲਾ)**-ਡੇਂਗੂ ਦੀ ਰੋਕਥਾਮ ਅਤੇ ਇਸ ਦੇ ਫੈਲਾਅ ਨੂੰ ਰੋਕਣ ਲਈ ਸਿਹਤ ਵਿਭਾਗ ਵੱਲੋਂ ਅੱਜ ਜ਼ਿਲ੍ਹਾ ਮੋਹਾਲੀ ਦੇ ਵੱਖ-ਵੱਖ ਜੋਖ਼ਮ ਭਰੇ ਇਲਾਕਿਆਂ ਵਿੱਚ ਵਿਸ਼ੇਸ਼ ਚੈਕਿੰਗ ਮੁਹਿੰਮ ਚਲਾਈ ਗਈ। 'ਹਰ ਸ਼ੁੱਕਰਵਾਰ, ਡੇਂਗੂ ਤੇ ਵਾਰ' ਮੁਹਿੰਮ ਸਿਵਲ ਸਰਜਨ ਮੋਹਾਲੀ ਡਾ. ਸੰਗੀਤਾ ਜੈਨ ਦੀ ਅਗਵਾਈ ਹੇਠ ਚਲਾਈ ਗਈ, ਜਿਸ ਦੌਰਾਨ ਸਿਹਤ ਵਿਭਾਗ ਦੀਆਂ ਟੀਮਾਂ ਨੇ ਘਰਾਂ, ਦੁਕਾਨਾਂ ਅਤੇ ਹੋਰ ਸੰਭਾਵੀ ਥਾਵਾਂ ਦੀ ਜਾਂਚ ਕੀਤੀ। ਚੈਕਿੰਗ ਦੌਰਾਨ ਟੀਮਾਂ ਵੱਲੋਂ ਕੂਲਰਾਂ, ਗਮਲਿਆਂ, ਪਾਣੀ ਦੀਆਂ ਟੈਂਕੀਆਂ, ਪੁਰਾਣੇ ਟਾਇਰਾਂ, ਕਬਾੜ ਅਤੇ ਹੋਰ ਪਾਣੀ ਇਕੱਠਾ ਹੋਣ ਵਾਲੀਆਂ ਥਾਵਾਂ ਦੀ ਬਾਰੀਕੀ ਨਾਲ ਜਾਂਚ ਕੀਤੀ ਗਈ। ਜਿੱਥੇ ਵੀ ਡੇਂਗੂ ਦਾ ਲਾਰਵਾ ਮਿਲਿਆ, ਉੱਥੇ ਲਾਰਵੇ ਨੂੰ



ਤੁਰੰਤ ਨਸ਼ਟ ਕੀਤਾ ਗਿਆ ਅਤੇ ਲੋਕਾਂ ਨੂੰ ਭਵਿੱਖ ਵਿੱਚ ਅਜਿਹੀਆਂ ਸਥਿਤੀਆਂ ਪੈਦਾ ਨਾ ਹੋਣ ਦੇਣ ਲਈ ਜਾਗਰੂਕ ਕੀਤਾ ਗਿਆ।ਜ਼ਿਲ੍ਹਾ ਟੀਕਾਕਰਨ ਅਧਿਕਾਰੀ ਡਾ. ਗਿਰੀਸ਼ ਡੋਗਰਾ ਅਤੇ ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਅਨਾਮਿਕਾ ਸੋਨੀ ਨੇ ਵੀ ਵੱਖ-ਵੱਖ ਥਾਵਾਂ 'ਤੇ ਚੈਕਿੰਗ ਕੀਤੀ ਅਤੇ ਸਿਹਤ ਕਰਮਚਾਰੀਆਂ ਨੂੰ ਡੇਂਗੂ ਵਿਰੋਧੀ ਗਤੀਵਿਧੀਆਂ ਵਿੱਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਡੇਂਗੂ ਦਾ ਮੱਛਰ ਸਾਫ਼ ਖੜ੍ਹੇ ਪਾਣੀ ਵਿੱਚ ਪੈਦਾ ਹੁੰਦਾ ਹੈ, ਇਸ ਲਈ ਘਰਾਂ ਅਤੇ ਆਲੇ-ਦੁਆਲੇ ਪਾਣੀ ਖੜ੍ਹਾ ਨਾ ਹੋਣ ਦੇਣਾ ਡੇਂਗੂ ਤੋਂ ਬਚਾਅ ਦਾ ਸਭ ਤੋਂ ਪ੍ਰਭਾਵਸ਼ਾਲੀ ਤਰੀਕਾ ਹੈ।

## ਬਾਬਾ ਸ੍ਰੀ ਚੰਦ ਉਦਾਸੀਨ ਦੇ ਜਨਮ ਦਿਹਾੜੇ ਨੂੰ ਸਮਰਪਤ ਗੁਰਮਤਿ ਸਮਾਗਮ

**ਮੁਹਾਲੀ (ਗੁਰਜੀਤ ਬਿੱਲਾ)**-ਧੰਨ ਧੰਨ ਅਮਰ ਸ਼ਹੀਦ ਜੱਥੇਦਾਰ ਬਾਬਾ ਹਨੂੰਮਾਨ ਸਿੰਘ ਜੀ ਦੇ ਸ਼ਹੀਦੀ ਅਸਥਾਨ ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਵਿਖੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਬਾਬਾ ਸ੍ਰੀ ਚੰਦ ਜੀ



ਉਦਾਸੀਨ ਦੇ ਜਨਮ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਗੁਰਮਤਿ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਦਿਹਾੜੇ ਦੀ ਖੁਸ਼ੀ ਵਿੱਚ ਸਵੇਰੇ 9 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਇਸ ਉਪਰੰਤ ਸਾਰਾ ਦਿਨ ਗੁਰਮਤਿ ਸਮਾਗਮ ਦਾ ਆਯੋਜਨ ਕੀਤਾ ਗਿਆ । ਇਸ ਗੁਰਮਤਿ ਸਮਾਗਮ ਵਿੱਚ ਭਾਈ ਨਵਰੰਗ ਸਿੰਘ ਮਲੇਰਕੋਟਲੇ ਵਾਲਿਆਂ ਦੇ ਇੰਟਰਨੈਸ਼ਨਲ ਢਾਡੀ ਜੱਥੇ ਨੇ ਸ੍ਰੀ ਗੁਰੂ ਨਾਨਕ ਦੇਵ ਦੇ ਵੱਡੇ ਸਪੁੱਤਰ ਬਾਬਾ ਸ੍ਰੀ ਚੰਦ ਜੀ ਉਦਾਸੀਨ ਦਾ ਪੂਰਾ ਜੀਵਨ ਬ੍ਰਿਤਾਂਤ ਸੰਗਤਾਂ ਨੂੰ ਢਾਡੀ ਵਾਰਾਂ ਵਿੱਚ ਵਿਸਥਾਰ ਸਹਿਤ ਸਰਵਣ ਕਰਾਇਆ। ਭਾਈ ਜਗਤਾਰ ਸਿੰਘ ਜੀ ਅੰਮ੍ਰਿਤਸਰ ਵਾਲਿਆਂ ਨੇ ਆਪਣੇ ਰਸ ਭਿੰਨੇ ਕੀਰਤਨ ਰਾਹੀਂ ਇਲਾਹੀ ਬਾਣੀ ਨਾਲ ਗਵਾ ਕੇ ਸੰਗਤਾਂ ਨੂੰ ਗੁਰੂ ਨਾਲ ਜੋੜਨ ਦਾ ਉਪਰਾਲਾ ਕੀਤਾ।ਭਾਈ ਗੁਰਪਾਲ ਸਿੰਘ ਦਮਦਮੀ ਟਕਸਾਲ ਵਾਲਿਆਂ ਨੇ ਖੰਡੇ ਬਾਟੇ ਦੇ ਅੰਮ੍ਰਿਤ ਦੀ ਮਹੱਤਤਾ ਦੱਸਦੇ ਹੋਏ ਸੰਗਤਾਂ ਨੂੰ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣਨ ਲਈ ਪ੍ਰੇਰਿਆ । ਇਸ ਤੋਂ ਇਲਾਵਾ ਬੀਬੀ ਮਨਜਿੰਦਰ ਕੌਰ ਫਗਵਾੜਾ, ਭਾਈ ਮਨਦੀਪ ਸਿੰਘ ਸੰਗਰੂਰ, ਭਾਈ ਪੂਰਨ ਸਿੰਘ ਜਵੱਦੀ ਟਕਸਾਲ, ਭਾਈ ਗੁਰਦੀਪ ਸਿੰਘ, ਭਾਈ ਨਿਸ਼ਾਨ ਸਿੰਘ, ਭਾਈ ਸੁਰਜੀਤ ਸਿੰਘ, ਭਾਈ ਬਹਾਦਰ ਸਿੰਘ, ਭਾਈ ਅਮਰਜੀਤ ਸਿੰਘ ਖਾਲਸਾ, ਸ਼ੇਰ ਏ ਪੰਜਾਬ ਕਵੀਸ਼ਰੀ ਜੱਥਾ, ਸੁਖਮਨੀ ਸੇਵਾ ਸੁਸਾਇਟੀ ਦੀਆਂ ਬੀਬੀਆਂ ਦੇ ਜੱਥਿਆਂ ਤੋਂ ਇਲਾਵਾ ਗੁਰਦੁਆਰਾ ਸਿੰਘ ਸ਼ਹੀਦਾਂ ਦੇ ਹਜ਼ੂਰੀ ਜੱਥੇ ਭਾਈ ਬਲਵਿੰਦਰ ਸਿੰਘ, ਭਾਈ ਇੰਦਰਜੀਤ ਸਿੰਘ, ਭਾਈ ਗੁਰਮੀਤ ਸਿੰਘ ਅਤੇ ਭਾਈ ਸੁਖਵਿੰਦਰ ਸਿੰਘ ਨੇ ਕਥਾ, ਕੀਰਤਨ, ਕਵੀਸ਼ਰੀ ਅਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਸਾਰਾ ਦਿਨ ਹਰਿ ਜਸ ਸੁਣਾ ਕੇ ਨਿਹਾਲ ਕੀਤਾ । ਸਾਰੇ ਜੱਥਿਆਂ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ। ਬਾਬਾ ਸ੍ਰੀ ਚੰਦ ਉਦਾਸੀਨ ਜੀ ਦੇ ਜਨਮ ਦਿਹਾੜੇ ਨੂੰ ਮੁੱਖ ਰੱਖਦੇ ਹੋਏ ਸ੍ਰੀ ਦਰਬਾਰ ਸਾਹਿਬ ਜੀ ਦੀ ਅੰਦਰੋਂ ਫੁੱਲਾਂ ਨਾਲ ਵਿਸ਼ੇਸ਼ ਸਜਾਵਟ ਕੀਤੀ ਗਈ ਸੀ। ਇਸ ਦਿਹਾੜੇ ਤੇ ਹਜ਼ਾਰਾਂ ਸੰਗਤਾਂ ਨੇ ਇਸ ਸਥਾਨ ਦੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕੀਤਾ । ਹਰ ਵਿਭਾਗ ਦੇ ਮਾਹਿਰ ਡਾਕਟਰਾਂ ਵੱਲੋਂ ਮਰੀਜ਼ਾਂ ਦਾ ਮੁਆਇਨਾ ਕੀਤਾ ਗਿਆ ਅਤੇ ਦਵਾਈ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਿੱਤੀ ਗਈ ਗੁਰੂ ਕਾ ਲੰਗਰ ਸਾਰਾ ਦਿਨ ਅਤੁੱਟ ਵਰਤਾਇਆ ਗਿਆ।

## ਨਾਈ ਦੀ ਦੁਕਾਨ 'ਤੇ ਅਣਪਛਾਤਿਆਂ ਵੱਲੋਂ ਕੀਮਤੀ ਸਮਾਨ ਦੀ ਭੰਨਤੋੜ

**ਪੋਜੇਵਾਲ (ਰਾਮ ਲਾਲ)**- ਬਲਾਚੌਰ ਨਜ਼ਦੀਕ ਪਿੰਡ ਰਾਮ ਨਗਰ ਵਿਖੇ ਇੱਕ ਨਾਈ ਦੀ ਦੁਕਾਨ ਤੇ ਕੁਝ ਅਣਪਛਾਤਿਆਂ ਵੱਲੋਂ ਹਜ਼ਾਰਾਂ ਰੁਪਏ ਦੇ ਕੀਮਤੀ ਸਮਾਨ ਦੀ ਭੰਨਤੋੜ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਦੁਕਾਨ ਮਾਲਕ ਲਵਪ੍ਰੀਤ ਪੁੱਤਰ ਕਸ਼ਮੀਰੀ ਲਾਲ ਵਾਸੀ ਪਿੰਡ ਮੋਹਰ ਨੇ ਦੱਸਿਆ ਕਿ ਮੇਰੇ ਵੱਲੋਂ ਪਿਛਲੇ ਚਾਰ ਪੰਜ ਦਿਨ ਪਹਿਲਾਂ ਹੀ ਰਾਮ ਨਗਰ ਵਿਖੇ ਨਾਈ ਦੀ ਦੁਕਾਨ ਖੋਲ੍ਹੀ ਗਈ ਸੀ। ਪ੍ਰੰਤੂ 26 ਸਤੰਬਰ ਨੂੰ ਜਦੋਂ ਮੈਂ ਰੋਜ਼ਾਨਾ ਦੀ ਤਰ੍ਹਾਂ



ਸਵੇਰੇ 9 ਵਜੇ ਦੁਕਾਨ 'ਤੇ ਪੁੱਜਾ ਤਾਂ ਮੈਂ ਇਹ ਦੇਖ ਕੇ ਹੈਰਾਨ ਰਹਿ ਗਿਆ ਕਿ ਮੇਰੀ ਦੁਕਾਨ ਦੇ ਜਿੰਦਰੇ ਟੁੱਟੇ ਹੋਏ ਸਨ ਤੇ ਅੰਦਰ ਮੇਰੇ ਹਜ਼ਾਰਾਂ ਰੁਪਏ ਦੇ ਸਮਾਨ ਦੀ ਭੰਨਤੋੜ ਕੀਤੀ ਹੋਈ ਸੀ। ਇਸ ਸਬੰਧੀ ਥਾਣਾ ਸਿਟੀ ਬਲਾਚੌਰ ਦੀ ਪੁਲਸ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਲਵਪ੍ਰੀਤ ਨੇ ਦੱਸਿਆ ਕਿ ਮੇਰੇ ਵੱਲੋਂ ਹਜ਼ਾਰਾਂ ਰੁਪਏ ਦਾ ਕਰਜ਼ਾ ਲੈ ਕੇ ਇਹ ਦੁਕਾਨ ਪੰਜ ਛੇ ਦਿਨ ਪਹਿਲਾਂ ਹੀ ਖੋਲ੍ਹੀ ਗਈ ਸੀ। ਉਸ ਨੇ ਪੁਲਸ ਪ੍ਰਸ਼ਾਸਨ ਤੋਂ ਪੁਰਜ਼ੋਰ ਮੰਗ ਕੀਤੀ ਹੈ ਕਿ ਅਣਪਛਾਤੇ ਵਿਅਕਤੀਆਂ ਦੀ ਭਾਲ ਕਰਕੇ ਜਿੱਥੇ ਉਨ੍ਹਾਂ ਵਿਰੁੱਧ ਸਖਤ ਤੋਂ ਸਖਤ ਕਾਨੂੰਨੀ ਕਾਰਵਾਈ ਨੂੰ ਅਮਲ ਵਿੱਚ ਲਿਆਂਦਾ ਜਾਵੇ ਉੱਥੇ ਮੇਰੇ ਹੋਏ ਨੁਕਸਾਨ ਦੀ ਭਰਪਾਈ ਵੀ ਕਰਵਾਈ ਜਾਵੇ।

## ਨਿਸਾਨ ਪਿਕਸੋ ਸਮਾਲ ਇਲੈਕਟ੍ਰਿਕ ਸਿਟੀ ਕਾਰ ਦਾ ਉਦਘਾਟਨ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਨਿਸਾਨ ਨੇ ਬਿਲਕੁਲ ਨਵੀਂ ਨਿਸਾਨ ਪਿਕਸੋ ਦਾ ਅਨਾਵਰਣ ਕੀਤਾ, ਜੋ ਇੱਕ ਛੋਟੀ ਇਲੈਕਟ੍ਰਿਕ ਸਿਟੀ ਕਾਰ ਹੈ ਅਤੇ ਆਧੁਨਿਕ ਸ਼ਹਿਰੀ ਜੀਵਨ ਲਈ ਇੱਕ ਆਦਰਸ਼ ਸਾਥੀ ਹੈ। ਵਿਸ਼ੇਸ਼ ਤੌਰ 'ਤੇ ਯੂਰਪ ਦੇ ਸ਼ਹਿਰਾਂ ਅਤੇ ਕਸਬਿਆਂ ਲਈ ਡਿਜ਼ਾਈਨ ਕੀਤੀ ਗਈ, ਪਿਕਸੋ 259 ਕਿਲੋਮੀਟਰ ਦੀ ਰੇਂਜ, ਪੂਰੀ ਰੇਂਜ ਵਿੱਚ ਸਟੈਂਡਰਡ ਵਜੋਂ ਰੈਪਿਡ ਚਾਰਜਿੰਗ, ਆਰਾਮਦਾਇਕ ਸ਼ਹਿਰੀ ਡਰਾਈਵਿੰਗ ਲਈ ਵਨ ਪੈਡਲ ਟੈਕਨਾਲੋਜੀ, ਸੁਤੰਤਰ ਰੀਅਰ ਸਲਾਈਡਿੰਗ ਸੀਟਾਂ ਅਤੇ ਜੈਮਿਨੀ ਸਮੇਤ ਗੂਗਲ ਬਿਲਟ-ਇਨ ਕਨੈਕਟੀਵਿਟੀ ਪ੍ਰਦਾਨ ਕਰਦੀ ਹੈ। ਪਿਕਸੋ ਯੂਰਪ ਵਿੱਚ ਨਿਸਾਨ ਦੇ ਆਲ-ਇਲੈਕਟ੍ਰਿਕ ਲਾਈਨ-ਅੱਪ ਦਾ ਵਿਸਥਾਰ ਵੀ ਕਰਦੀ ਹੈ, ਜੋ ਸ਼ਹਿਰੀ ਡਰਾਈਵਰਾਂ ਲਈ ਇੱਕ ਸੁਖਾਲਾ ਨਵਾਂ ਵਿਕਲਪ ਪੇਸ਼ ਕਰਦੀ ਹੈ। ਆਕਾਰ ਵਿੱਚ ਛੋਟੀ ਪਰ ਕਨੈਕਟੀਵਿਟੀ ਨਾਲ ਭਰਪੂਰ, ਇਹ ਰੋਜ਼ਾਨਾ ਦੀਆਂ ਯਾਤਰਾਵਾਂ ਲਈ ਲੋੜੀਂਦੀ ਵਿਹਾਰਕ ਅਤੇ ਸਹਿਜ ਤਕਨਾਲੋਜੀ ਪ੍ਰਦਾਨ ਕਰਦੀ ਹੈ, ਜਦੋਂ ਕਿ ਨਿਸਾਨ ਦੀ ਵਧ ਰਹੀ ਇਲੈਕਟ੍ਰਿਕ ਵਾਹਨ ਰੇਂਜ ਵਿੱਚ ਇੱਕ ਨਵਾਂ ਅਤੇ ਵਿਲੱਖਣ ਚਰਿੱਤਰ ਜੋੜਦੀ ਹੈ।ਪਿਕਸੋ ਦੀ 259 ਕਿਲੋਮੀਟਰ ਦੀ ਰੇਂਜ ਬੱਚਿਆਂ ਨੂੰ ਸਕੂਲ ਛੱਡਣ, ਖਰੀਦਦਾਰੀ ਕਰਨ ਤੋਂ ਲੈ ਕੇ ਵੀਕਐਂਡ ਦੀਆਂ ਛੁੱਟੀਆਂ ਤੱਕ ਆਮ ਸ਼ਹਿਰੀ ਯਾਤਰਾਵਾਂ ਨੂੰ ਆਸਾਨੀ ਨਾਲ ਪੂਰਾ ਕਰਦੀ ਹੈ, ਜਿਸ ਨਾਲ ਗਾਹਕਾਂ ਨੂੰ ਆਪਣੀਆਂ ਰੋਜ਼ਾਨਾ ਦੀਆਂ ਯਾਤਰਾਵਾਂ ਬਿਨਾਂ ਕਿਸੇ ਝਿਜਕ ਦੇ ਪੂਰੀਆਂ ਕਰਨ ਦਾ ਭਰੋਸਾ ਮਿਲਦਾ ਹੈ। ਨਿਸਾਨ ਗਲੋਬਲ ਡਿਜ਼ਾਈਨ ਦੇ ਲੀਡ ਐਕਸਟੀਰੀਅਰ ਡਿਜ਼ਾਈਨਰ, ਮਸਾਤੋ ਕੋਯਾਮਾ ਨੇ ਕਿਹਾ, ਪਿਕਸੋ ਇਹ ਸਾਬਤ ਕਰਦੀ ਹੈ ਕਿ ਛੋਟੀ ਪੈਕੇਜਿੰਗ ਵਿੱਚ ਵੀ ਸ਼ਾਨਦਾਰ ਚੀਜ਼ਾਂ ਆ ਸਕਦੀਆਂ ਹਨ।

# ਦਿਹਾਤੀ ਮਜ਼ਦੂਰ ਸਭਾ ਦੀ ਸੂਬਾ ਵਰਕਿੰਗ ਕਮੇਟੀ ਮੀਟਿੰਗ 'ਚ ਕਿਰਤ ਕਾਨੂੰਨਾਂ ਨੂੰ ਬਹਾਲ ਕਰਨ ਦੀ ਮੰਗ

**ਜਲੰਧਰ (ਰਾਜੇਸ਼ ਥਾਪਾ)**- ਦਿਹਾਤੀ ਮਜ਼ਦੂਰ ਸਭਾ ਪੰਜਾਬ ਦੀ ਸੂਬਾ ਵਰਕਿੰਗ ਕਮੇਟੀ ਦੀ ਮੀਟਿੰਗ ਸਾਥੀ ਦਰਸ਼ਨ ਨਾਹਰ ਦੀ ਪ੍ਰਧਾਨਗੀ ਹੇਠ ਸ਼ਹੀਦ ਸਰਵਨ ਸਿੰਘ ਚੀਮਾ ਭਵਨ ਗੜ੍ਹਾ ਜਲੰਧਰ ਵਿਖੇ ਹੋਈ।ਮੀਟਿੰਗ ਦੇ ਆਰੰਭ ਵਿੱਚ ਸੜਕ ਐਕਸੀਡੈਂਟ ਵਿਚ ਸਦੀਵੀ ਵਿਛੋੜੇ ਦੇ ਗਏ ਸਭਾ ਦੇ ਸੂਬਾ ਜਨਰਲ ਸਕੱਤਰ ਗੁਰਨਾਮ ਸਿੰਘ ਦਾਊਦ, ਖੱਬੇ ਪੱਖੀ ਆਗੂ ਅਜਮੇਰ ਸਿੰਘ ਸਮਰਾ, ਨਵਾਂ ਜ਼ਮਾਨਾ ਅਖ਼ਬਾਰ ਦੇ ਸੰਪਾਦਕ ਚੰਦ ਫਤਿਹਪੁਰੀ ਦੀ ਬੇਵਕਤੀ ਮੌਤ 'ਤੇ ਦੋ ਮਿੰਟ ਮੌਨ ਰੱਖ ਕੇ ਸ਼ਰਧਾਂਜਲੀ ਭੇਟ ਕੀਤੀ ਗਈ।ਸੂਬਾ ਪ੍ਰੈਸ ਸਕੱਤਰ ਬਲਦੇਵ ਨੂਰਪੁਰੀ, ਸੂਬਾ ਵਿੱਤ ਸਕੱਤਰ ਸ਼ਮਸ਼ੇਰ ਸਿੰਘ ਬਟਾਲਾ ਨੇ ਦੇਸ਼ ਦੀ ਮੌਜੂਦਾ ਰਾਜਨੀਤਿਕ ਅਵਸਥਾ 'ਤੇ ਦੱਸਿਆ ਕਿ ਮੋਦੀ ਸਰਕਾਰ ਨੇ ਉਦਾਰੀਕਰਨ, ਸੰਸਾਰੀਕਰਨ ਅਤੇ ਨਿੱਜੀਕਰਨ ਦੀਆਂ ਨੀਤੀਆਂ ਨੂੰ ਤੇਜ਼ੀ ਨਾਲ ਲਾਗੂ ਕਰਕੇ ਪਬਲਿਕ ਸੈਕਟਰ ਤਬਾਹ ਕਰ ਦਿੱਤਾ ਹੈ । ਮਹਿੰਗਾਈ ਨੇ ਗਰੀਬਾਂ ਅਤੇ ਆਮ ਲੋਕਾਂ ਦਾ ਜਿਊਣਾ ਦੁੱਭਰ ਕਰ ਦਿੱਤਾ ਹੈ। ਰਹਿੰਦੀ ਕਸਰ ਖੰਡ ਤੇ ਖਾਣ ਪੀਣ ਦੀਆਂ ਵਸਤਾਂ ਦੀ ਕੀਮਤਾਂ ਵਿੱਚ ਬੇਤਹਾਸ਼ਾ ਵਾਧਾ ਕਰਕੇ ਪੂਰੀ ਕਰ ਦਿੱਤੀ ਹੈ। ਬੇਰੁਜ਼ਗਾਰੀ ਸਭ ਹੱਦਾਂ ਬੰਨੇ ਪਾਰ ਕਰ ਗਈ ਹੈ। ਮਨਰੇਗਾ ਕਾਨੂੰਨ ਨੂੰ ਖ਼ਤਮ ਕਰਕੇ ਵਿਕਸਤ ਭਾਰਤ ਜੀ ਰਾਮ ਜੀ ਕਾਨੂੰਨ ਬਣਾ ਕੇ ਮਜ਼ਦੂਰਾਂ ਦੇ ਬਲਦੇ ਚੁੱਲ੍ਹੇ ਠੰਢੇ ਪਾ ਦਿੱਤੇ ਹਨ। ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਵੇਲੇ ਤੋਂ ਲੈ ਕੇ ਮਜ਼ਦੂਰ ਜਥੇਬੰਦੀਆਂ ਲਗਾਤਾਰ ਸੰਘਰਸ਼ ਕਰਦੀਆਂ ਆ ਰਹੀਆਂ ਹਨ, ਪਰ ਲਾਰਿਆਂ ਅਤੇ ਫੋਕੇ ਵਾਅਦਿਆਂ ਤੋਂ ਬਿਨਾਂ ਕੁਝ ਵੀ ਪੱਲੇ ਨਹੀਂ ਪਿਆ। ਉਨ੍ਹਾਂ ਕਿਹਾ ਪੰਜ ਵਾਰ ਮੁੱਖ ਮੰਤਰੀ ਪੰਜਾਬ ਮੀਟਿੰਗ ਦਾ ਸੱਦਾ ਦੇ ਕੇ ਮੁੱਕਰ ਜਾਂਦੇ ਰਹੇ ਅਤੇ ਕੈਬਨਿਟ ਸਬ ਕਮੇਟੀ ਵਲੋਂ ਮੀਟਿੰਗਾਂ ਵਿੱਚ ਮੰਨੀਆਂ ਹੋਈਆਂ ਮੰਗਾਂ ਨੂੰ ਵੀ ਲਾਗੂ ਨਹੀਂ ਕੀਤਾ ਗਿਆ, ਜਿਸ ਦਾ ਮਜ਼ਦੂਰਾਂ ਦੇ ਮਨਾਂ ਅੰਦਰ ਭਾਰੀ ਰੋਸ ਹੈ। ਪੰਜਾਬ ਸਰਕਾਰ ਨੇ ਗਰੀਬਾਂ ਦੇ ਬਿਜਲੀ ਬਿੱਲ ਹਜ਼ਾਰਾਂ-ਲੱਖਾਂ ਭੇਜ ਕੇ ਕੁਨੈਕਸ਼ਨ ਕੱਟ ਕੇ ਉਨ੍ਹਾਂ ਦੇ ਘਰਾਂ ਵਿੱਚ ਹਨੇਰਾ ਪਾ ਦਿੱਤਾ ਹੈ। ਨਸ਼ਿਆਂ ਦੇ ਗੱਲ ਕਰਨ ਤੇ ਕਾਲੀਆਂ ਝੰਡੀਆਂ ਦਿਖਾਉਣ ਵਾਲੇ ਲੋਕਾਂ ਨੂੰ ਕੁੱਟਿਆ ਮਾਰਿਆਂ ਜਾ ਰਿਹਾ ਹੈ। ਜਥੇਬੰਦੀ ਵੱਲੋਂ ਮਜ਼ਦੂਰਾਂ ਲਈ ਸਾਲ ਭਰ ਦੇ ਪੱਕੇ ਰੁਜ਼ਗਾਰ ਦਾ ਪ੍ਰਬੰਧ ਕਰਨ, ਨਵੇਂ ਜੀ ਰਾਮ ਜੀ ਕਾਨੂੰਨ ਨੂੰ ਰੱਦ ਕਰਕੇ ਮਨਰੇਗਾ ਕਾਨੂੰਨ ਨੂੰ ਬਹਾਲ ਕਰਕੇ ਬਾਲਗ ਜੀਆਂ ਸਾਰਾ ਸਾਲ ਕੰਮ ਪ੍ਰਤੀ ਦਿਨ 700 ਰੁਪਏ ਦਿਹਾੜੀ ਦੇਣ, ਵਿਧਵਾ ਬੁਢਾਪਾ ਅੰਗਹੀਣ ਪੈਨਸ਼ਨ 5000 ਮਹੀਨਾ ਕਰਨ, ਔਰਤਾਂ ਦੇ ਖਾਤੇ ਵਿੱਚ ਪਿਛਲੇ ਸਾਢੇ ਚਾਰ ਸਾਲਾਂ ਦਾ ਬਕਾਇਆ ਪਾਉਣ, ਲੋੜਵੰਦ ਪਰਵਾਰਾਂ ਨੂੰ ਰਿਹਾਇਸ਼ੀ ਪਲਾਟ ਦੇਣ ਅਤੇ ਮਕਾਨ ਉਸਾਰੀ ਲਈ ਗਰਾਂਟ ਦੇਣ, ਜਨਤਕ ਵੰਡ ਪ੍ਰਣਾਲੀ ਰਾਹੀਂ ਸਰਕਾਰੀ ਡਿਪੂਆਂ ਤੋਂ ਰਸੋਈ ਵਿੱਚ ਵਰਤੀਆਂ ਜਾਣ ਵਾਲੀਆਂ ਵਸਤਾਂ ਸਸਤੇ ਭਾਅ ਤੇ ਮੁਹੱਈਆਂ ਕਰਵਾਉਣ ਅਤੇ ਲੋੜਵੰਦਾਂ ਦੇ ਕੱਟੇ ਰਾਸ਼ਨ ਕਾਰਡ ਬਹਾਲ ਅਤੇ ਰਹਿੰਦੇ ਰਾਸ਼ਨ ਕਾਰਡ ਬਣਾਉਣ, ਪੰਚਾਇਤੀ ਜ਼ਮੀਨਾਂ 'ਚੋਂ ਰਾਖਵੇਂ ਹਿੱਸੇ ਦੀ ਜ਼ਮੀਨ ਮਜ਼ਦੂਰਾਂ ਨੂੰ ਦੇਣ ਅਤੇ ਜ਼ਮੀਨ ਹੱਦ ਬੰਦੀ ਕਾਨੂੰਨ ਲਾਗੂ ਕਰਕੇ ਵਾਧੂ ਨਿਕਲਦੀਆਂ ਜ਼ਮੀਨਾਂ ਬੇਜ਼ਮੀਨੇ ਮਜ਼ਦੂਰਾਂ ਅਤੇ ਥੁੜ ਜ਼ਮੀਨੇ ਕਿਸਾਨਾਂ 'ਚ ਵੰਡਣ, ਮਜ਼ਦੂਰਾਂ ਸਿਰ ਚੜ੍ਹੇ ਸਮੁੱਚੇ ਕਰਜ਼ੇ ਮਾਫ਼ ਕਰਨ ਅਤੇ ਮਜ਼ਦੂਰਾਂ ਵਿਰੋਧੀ ਚਾਰ ਕੋਡਾਂ ਨੂੰ ਰੱਦ ਕਰਕੇ ਕਿਰਤ ਕਾਨੂੰਨਾਂ ਨੂੰ ਮੁੜ ਬਹਾਲ ਕਰਨ ਦੀ ਮੰਗ ਕੀਤੀ, ਸੰਘਰਸ਼ਾਂ ਦੌਰਾਨ ਮਜ਼ਦੂਰਾਂ ਕਿਸਾਨਾਂ ਤੇ ਬਣਾਏ ਸਾਰੇ ਕੇਸ ਖਤਮ ਕਰਵਾਉਣ ਲਈ ਸਮੁੱਚੇ ਸੂਬੇ ਅੰਦਰ ਆਉਣ ਵਾਲੇ ਦਿਨਾਂ ਵਿੱਚ ਹਜ਼ਾਰਾਂ ਪਿੰਡਾਂ ਵਿਚ ਮਜ਼ਦੂਰਾਂ ਦੀਆਂ ਆਰਥਿਕ ਮੰਗਾਂ ਦੇ ਨਾਲ-ਨਾਲ ਰਾਜਸੀ ਚੇਤਨਾ ਉਚਿਆਉਣ ਲਈ ਮੀਟਿੰਗਾਂ ਜਲਸੇ ਕਰਕੇ ਮਜ਼ਦੂਰਾਂ ਦੀ ਲਾਮਬੰਦੀ ਕੀਤੀ ਜਾਵੇਗੀ।



## ਬੀਬੀ ਸੁਖਜਿੰਦਰ ਕੌਰ ਦੀ ਯਾਦ 'ਚ ਗੁਰਮਤਿ ਸਮਾਗਮ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਨੇੜੇ ਸਥਿਤ ਪ੍ਰੀਤ ਪਗੜੀ ਹਾਊਸ ਨਾਲ ਸੰਬੰਧਤ ਬੀਬੀ ਸੁਖਜਿੰਦਰ ਕੌਰ ਦੀ ਯਾਦ ਵਿੱਚ ਉਨ੍ਹਾਂ ਦੇ ਗ੍ਰਹਿ ਵਿਖੇ ਗੁਰਮਤਿ ਸਮਾਗਮ ਸ਼ਰਧਾ ਨਾਲ ਕਰਵਾਇਆ ਗਿਆ। ਬੀਬੀ ਸੁਖਜਿੰਦਰ ਕੌਰ ਪਿਛਲੇ ਸਾਲ ਅਕਾਲ ਚਲਾਣਾ ਕਰ ਗਏ ਸਨ। ਉਨ੍ਹਾਂ ਦੀ ਯਾਦ ਵਿੱਚ ਕਰਵਾਏ ਗਏ ਸਮਾਗਮ ਦੌਰਾਨ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਧਾਰਮਿਕ ਦੀਵਾਨ ਸਜਾਏ ਗਏ। ਸਮਾਗਮ ਦੌਰਾਨ ਸੰਗਤਾਂ ਵੱਲੋਂ ਬੀਬੀ ਸੁਖਜਿੰਦਰ ਕੌਰ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜੋਗਿੰਦਰ ਸਿੰਘ ਨੇ ਬੀਬੀ ਸੁਖਜਿੰਦਰ ਕੌਰ ਦੇ ਜੀਵਨ ਅਤੇ ਧਾਰਮਿਕ ਸੇਵਾਵਾਂ ਸੰਬੰਧੀ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਸੰਗਤਾਂ ਨੂੰ ਗੁਰਬਾਣੀ ਨਾਲ ਜੁੜਨ, ਬਾਣੀ ਪੜ੍ਹਨ ਅਤੇ ਗੁਰੂ ਵਾਲੇ ਬਣਨ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਪੁਨੀਤ ਸਿੰਘ ਰੰਧਾਵਾ ਅਤੇ ਉਨ੍ਹਾਂ ਦੀ ਪਤਨੀ ਮਨਦੀਪ ਕੌਰ ਰੰਧਾਵਾ ਨੂੰ ਸਿਰੋਪਾਓ ਦੀ ਬਖ਼ਸ਼ਿਸ਼ ਕੀਤੀ ਗਈ।ਸਮਾਗਮ ਵਿੱਚ ਹੈੱਡ ਗ੍ਰੰਥੀ ਗਿਆਨੀ ਜੋਗਿੰਦਰ ਸਿੰਘ, ਗੁਰਪ੍ਰੀਤ ਸਿੰਘ, ਹਰਵੰਤ ਸਿੰਘ, ਅਮਰਜੀਤ ਸਿੰਘ, ਜਸਵੰਤ ਸਿੰਘ, ਚੜ੍ਹਤ ਸਿੰਘ, ਆਨੰਦ ਸਿੰਘ, ਭਾਈ ਦਿਲਬਾਗ ਸਿੰਘ, ਬਾਬਾ ਕਾਲਾ ਭੂਰੀ ਵਾਲਾ, ਪਰਵਿੰਦਰ ਸਿੰਘ, ਮਨਜੀਤ ਸਿੰਘ, ਭਾਜਪਾ ਮੰਡਲ ਦੇ ਸੀਨੀਅਰ ਮੀਤ ਪ੍ਰਧਾਨ ਅਮਰ ਸੋਢੀ ਅਤੇ ਫਿਟਨੈੱਸ ਕੋਚ ਕਿਰਨ ਸੋਢੀ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

## ਕਿਸਾਨ ਸੰਘਰਸ਼ ਕਮੇਟੀ ਨੇ ਏ ਡੀ ਸੀ ਰਾਹੁਲ ਸ਼ਰਮਾ ਨੂੰ ਸੌਂਪਿਆ ਮੰਗ ਪੱਤਰ



ਚੋਹਲਾ ਸਾਹਿਬ (ਰਮਨ ਚੱਢਾ)- ਖਰੀਦ ਮੰਡੀਆਂ ਵਿੱਚ ਝੋਨੇ ਦੀ ਚੁਕਾਈ ਅਤੇ ਖਰੀਦ ਵਿੱਚ ਢਿੱਲੇ ਪ੍ਰਬੰਧ ਨਾ ਹੋਣ ਕਾਰਨ ਕਿਸਾਨਾਂ ਵਿੱਚ ਪਾਏ ਜਾ ਰਹੇ ਭਾਰੀ ਰੋਸ ਦੇ ਚਲਦਿਆਂ ਕਿਸਾਨ ਸੰਘਰਸ਼ ਕਮੇਟੀ ਪੰਜਾਬ ਦਾ ਇੱਕ ਵਿਸ਼ੇਸ਼ ਵਫ਼ਦ ਏ.ਡੀ.ਸੀ. (143) ਰਾਹੁਲ ਸ਼ਰਮਾ ਨਾਲ ਮੁਲਾਕਾਤ ਕਰਨ ਪੁੱਜਿਆ।ਇਸ ਦੌਰਾਨ ਵਫ਼ਦ ਨੇ ਕਿਸਾਨੀ ਸਮੱਸਿਆਵਾਂ ਅਤੇ ਮੁੱਖ ਮੰਗਾਂ ਨੂੰ ਲੈ ਕੇ ਪੰਜਾਬ ਸਰਕਾਰ ਦੇ ਨਾਂ ਇੱਕ ਵਿਸਥਾਰਤ ਮੰਗ ਪੱਤਰ ਸੌਂਪਿਆ।ਮੰਗ ਪੱਤਰ ਸੌਂਪਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਸਾਨ ਸੰਘਰਸ਼ ਕਮੇਟੀ ਦੇ ਆਗੂ ਸਾਹਿਬ ਸਿੰਘ ਸਮਰਾ, ਪ੍ਰਗਟ ਸਿੰਘ ਚੰਬਾ, ਸੁਖਵਿੰਦਰ ਸਿੰਘ ਰਾਜੂ ਅਤੇ ਪ੍ਰਗਟ ਸਿੰਘ ਪਰਿਗੜੀ ਨੇ ਕਿਹਾ ਕਿ ਮੰਡੀਆਂ ਵਿੱਚ ਝੋਨੇ ਦੀ ਫ਼ਸਲ ਆਉਣੀ ਸ਼ੁਰੂ ਹੋ ਚੁੱਕੀ ਹੈ, ਪਰ ਪ੍ਰਸ਼ਾਸਨ ਅਤੇ ਸਰਕਾਰ ਵੱਲੋਂ ਖਰੀਦ ਦੇ ਪੁਖਤਾ ਇੰਤਜ਼ਾਮ ਨਾ ਹੋਣ ਕਾਰਨ ਕਿਸਾਨਾਂ ਨੂੰ ਖੁਆਰ ਹੋਣਾ ਪੈ ਰਿਹਾ ਹੈ।ਉਨ੍ਹਾਂ ਮੰਗ ਕੀਤੀ ਕਿ ਝੋਨੇ ਦੀ ਸਰਕਾਰੀ ਖਰੀਦ ਜਲਦ ਤੋਂ ਜਲਦ ਸ਼ੁਰੂ ਕੀਤੀ ਜਾਵੇ ਅਤੇ ਖਰੀਦ ਪ੍ਰਕਿਰਿਆ 'ਤੇ ਲਗਾਈਆਂ ਗਈਆਂ ਬੇਲੋੜੀਆਂ ਸ਼ਰਤਾਂ ਨੂੰ ਤੁਰੰਤ ਰੱਦ ਕੀਤਾ ਜਾਵੇ ਤਾਂ ਜੋ ਕਿਸਾਨ ਆਪਣੀ ਫ਼ਸਲ ਬਿਨਾਂ ਕਿਸੇ ਦਿੱਕਤ ਦੇ ਵੇਚ ਸਕਣ।ਕਿਸਾਨ ਆਗੂਆਂ ਨੇ ਸਾਲ 2005 ਦੌਰਾਨ ਬਿਆਸ ਦਰਿਆ ਵਿੱਚ ਆਏ ਭਿਆਨਕ ਹੜ੍ਹਾਂ ਦਾ ਮੁੱਦਾ ਚੁੱਕਿਆ। ਉਨ੍ਹਾਂ ਚੰਬਾ ਕਲਾਂ ਦੇ ਕਿਸਾਨਾਂ ਦੇ ਰਹਿੰਦੇ 27 ਲੱਖ ਰੁਪਏ ਤੁਰੰਤ ਜਾਰੀ ਕਰਨ ਦੀ ਮੰਗ ਕੀਤੀ।ਇਸ ਮੌਕੇ ਕਿਸਾਨੀ ਮੰਗਾਂ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਨ ਲਈ ਵੱਡੀ ਗਿਣਤੀ ਵਿੱਚ ਕਿਸਾਨ ਆਗੂ ਹਾਜ਼ਰ ਸਨ, ਜਿਨ੍ਹਾਂ ਵਿੱਚ ਬੁੱਧ ਸਿੰਘ ਰੂੜੀਵਾਲਾ, ਸੁਖਦੇਵ ਸਿੰਘ ਗੰਡੀਵਿੰਡ, ਲਖਵਿੰਦਰ ਸਿੰਘ ਗੰਡੀਵਿੰਡ, ਸੁਖਦੇਵ ਸਿੰਘ ਸਰਾਲੀ ਮੰਡ, ਜਸਵੰਤ ਸਿੰਘ ਪੱਖੋਪੁਰਾ, ਸੁਖਵਿੰਦਰ ਸਿੰਘ, ਕਾਬਲ ਸਿੰਘ, ਵਰਿਆਮ ਸਿੰਘ, ਅਮਰਿੰਦਰ ਸਿੰਘ ਹੈਪੀ ਸਭਰਾ, ਸਤਨਾਮ ਸਿੰਘ ਸਭਰਾ, ਲਖਵਿੰਦਰ ਸਿੰਘ ਭੰਗਾਲਾ, ਸੁਖਵਿੰਦਰ ਸਿੰਘ ਪਤੰਗੜੀ, ਬਲਦੇਵ ਸਿੰਘ ਵਲਟੋਹਾ, ਰਾਜਬੀਰ ਸਿੰਘ, ਬਲਦੇਵ ਸਿੰਘ ਤਲਵੰਡੀ ਅਤੇ ਸ਼ੋਭਾ ਸਿੰਘ ਸਮੇਤ ਹੋਰ ਵੀ ਕਈ ਪਾਰਟੀ ਆਗੂ ਤੇ ਸਮਰਥਕ ਸ਼ਾਮਲ ਸਨ।

## ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਦੇ ਖਿਡਾਰੀਆਂ ਦੀ ਸਟੇਟ ਲੈਵਲ ਲਈ ਚੋਣ



ਧਾਰੀਵਾਲ, (ਮਨਦੀਪ ਵਿੱਕੀ)-ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਵਿਖੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ, ਸਕੱਤਰ ਪਰਮਿੰਦਰ ਕੌਰ ਚਾਹਲ ਅਤੇ ਪ੍ਰਿੰ. ਹਰਤਾਜ ਸਿੰਘ ਸਿੱਧੂ ਦੀ ਯੋਗ ਅਗਵਾਈ ਹੇਠ ਸਕੂਲ ਦੇ ਵਿਦਿਆਰਥੀਆਂ ਨੇ ਜ਼ਿਲ੍ਹਾ ਪੱਧਰੀ ਖੇਡਾਂ ਵਤਨ ਪੰਜਾਬ ਦੀਆਂ ਦੌਰਾਨ ਵੁਸ਼ੂ ਖੇਡ ਵਿੱਚ ਭਾਗ ਲੈ ਕੇ ਸ਼ਾਨਦਾਰ ਪ੍ਰਦਰਸ਼ਨ ਕਰਕੇ ਆਪਣੇ ਸਕੂਲ ਅਤੇ ਮਾਤਾ ਪਿਤਾ ਦਾ ਨਾਮ ਰੋਸ਼ਨ ਕੀਤਾ ਹੈ।ਸਕੂਲ ਦੇ ਪ੍ਰਿੰਸੀਪਲ ਹਰਤਾਜ ਸਿੰਘ ਸਿੱਧੂ ਨੇ ਦੱਸਿਆ ਕਿ ਇਸ ਜ਼ਿਲਾ ਪੱਧਰੀ ਵੁਸ਼ੂ ਮੁਕਾਬਲੇ ਵਿੱਚ ਬਾਬਾ ਬੰਦਾ ਬਹਾਦਰ ਸਕੂਲ ਦੀਆਂ ਵਿਦਿਆਰਥਣਾਂ ਦਮਨਪ੍ਰੀਤ ਕੌਰ, ਰਣਵਿੰਦਰਜੀਤ ਕੌਰ, ਇਸ਼ਮੀਤ ਕੌਰ, ਲੜਕੇ-(ਅੰਡਰ-14) ਲਵਪ੍ਰੀਤ ਸਿੰਘ,ਵਿਮਲ,ਅੰਸ਼ੁਮਾਨ ਅਤੇ ਲੜਕੇ (ਅੰਡਰ-17):ਰਿਸ਼ਵ, ਜੇਨ ਮਸੀਹ, ਸਿਰਜਣਦੀਪ ਸਿੰਘ, ਵੰਸ਼ਦੀਪ ਸਿੰਘ ਨੇ ਪਹਿਲਾ ਸਥਾਨ ਹਾਸਲ ਕਰਕੇ ਸਟੇਟ ਲੈਵਲ ਮੁਕਾਬਲੇ ਲਈ ਆਪਣੀ ਜਗ੍ਹਾ ਬਣਾਈ ਹੈ ।ਇਸ ਮੌਕੇ ਡਾਇਰੈਕਟਰ ਸਰਦਾਰ ਅਮਰਜੀਤ ਸਿੰਘ ਚਾਹਲ ਨੇ ਕਿਹਾ ਵਿਦਿਆਰਥੀਆਂ ਦਾ ਵੁਸ਼ੂ ਵਿੱਚ ਸਟੇਟ ਲੈਵਲ ਲਈ ਕੁਆਲੀਫਾਈ ਕਰਨਾ ਸਾਡੇ ਸਕੂਲ ਲਈ ਮਾਣ ਅਤੇ ਖੁਸ਼ੀ ਦਾ ਪਲ ਹੈ।ਇਹ ਸਫਲਤਾ ਵਿਦਿਆਰਥੀਆਂ ਦੀ ਸਖ਼ਤ ਮਿਹਨਤ, ਕੋਚਾਂ ਦੀ ਮਿਹਨਤ ਅਤੇ ਮਾਪਿਆਂ ਦੇ ਸਹਿਯੋਗ ਦਾ ਨਤੀਜਾ ਹੈ।ਸਾਡਾ ਉਦੇਸ਼ ਹੈ ਕਿ ਹਰ ਵਿਦਿਆਰਥੀ ਨੂੰ ਆਪਣੀ ਪ੍ਰਤਿਭਾ ਅਨੁਸਾਰ ਅੱਗੇ ਵਧਣ ਲਈ ਉਚਿਤ ਮੌਕੇ ਮਿਲਣ।ਖੇਡਾਂ ਬੱਚਿਆਂ ਵਿੱਚ ਅਨੁਸ਼ਾਸਨ, ਆਤਮ-ਵਿਸ਼ਵਾਸ, ਟੀਮ-ਸਪਿਰਿਟ ਅਤੇ ਮਿਹਨਤ ਦੀ ਭਾਵਨਾ ਪੈਦਾ ਕਰਦੀਆਂ ਹਨ।ਸਕੂਲ ਵੱਲੋਂ ਖਿਡਾਰੀਆਂ ਨੂੰ ਹਰ ਸੰਭਵ ਸਹਿਯੋਗ ਅਤੇ ਉਤਸ਼ਾਹ ਦਿੱਤਾ ਜਾਂਦਾ ਰਹੇਗਾ।ਉਨ੍ਹਾਂ ਨੇ ਸੂਬਾ ਪੱਧਰੀ ਮੁਕਾਬਲੇ ਲਈ ਚੁਣੇ ਗਏ ਖਿਡਾਰੀਆਂ ਨੂੰ ਸਨਮਾਨਿਤ ਕੀਤਾ ਤੇ ਉਨ੍ਹਾਂ ਦੇ ਸੁਨਹਿਰੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।ਇਸ ਮੌਕੇ ਪ੍ਰਿੰ. ਹਰਤਾਜ ਸਿੰਘ ਸਿੱਧੂ ਨੇ ਕਿਹਾ ਵਿਦਿਆਰਥੀਆਂ ਦੀ ਵੁਸ਼ੂ ਖੇਡ ਵਿੱਚ ਇਸ ਸਫਲਤਾ ਪਿੱਛੇ ਸਾਡੇ ਖਿਡਾਰੀਆਂ ਦੀ ਮਿਹਨਤ ਦੇ ਨਾਲ-ਨਾਲ ਵੁਸ਼ੂ ਕੋਚ ਪੂਜਾ ਮੈਡਮ ਦੀ ਮਿਹਨਤ, ਸਮਰਪਣ ਅਤੇ ਲਗਾਤਾਰ ਮਾਰਗਦਰਸ਼ਨ ਦਾ ਵੀ ਵਿਸ਼ੇਸ਼ ਯੋਗਦਾਨ ਹੈ।ਪੂਜਾ ਮੈਡਮ ਨੇ ਵਿਦਿਆਰਥੀਆਂ ਨੂੰ ਨਿਯਮਿਤ ਅਭਿਆਸ ਕਰਵਾਉਣ ਦੇ ਨਾਲ-ਨਾਲ ਉਨ੍ਹਾਂ ਦੀ ਤਕਨੀਕ, ਅਨੁਸ਼ਾਸਨ ਅਤੇ ਆਤਮ-ਵਿਸ਼ਵਾਸ ਨੂੰ ਮਜ਼ਬੂਤ ਕਰਨ ਲਈ ਪੂਰੀ ਲਗਨ ਨਾਲ ਕੰਮ ਕੀਤਾ ਹੈ।ਉਨ੍ਹਾਂ ਦੀ ਮਿਹਨਤ ਅਤੇ ਸਹੀ ਦਿਸ਼ਾ-ਨਿਰਦੇਸ਼ ਨੇ ਬੱਚਿਆਂ ਨੂੰ ਇਸ ਮੁਕਾਮ ਤੱਕ ਪਹੁੰਚਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ।ਸਾਡਾ ਸਕੂਲ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਵੀ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਵਚਨਬੱਧ ਹੈ।ਅਸੀਂ ਬੱਚਿਆਂ ਨੂੰ ਆਪਣੀ ਪ੍ਰਤਿਭਾ ਨਿਖਾਰਨ ਲਈ ਉਚਿਤ ਮੌਕੇ ਅਤੇ ਸਹੂਲਤਾਂ ਪ੍ਰਦਾਨ ਕਰਦੇ ਹਾਂ।ਅੰਤ ਵਿਚ ਉਨ੍ਹਾਂ ਨੇ ਖਿਡਾਰੀਆਂ, ਕੋਚ ਪੂਜਾ ਮੈਡਮ ਅਤੇ ਮਾਪਿਆਂ ਨੂੰ ਇਸ ਸ਼ਾਨਦਾਰ ਪ੍ਰਾਪਤੀ ਲਈ ਵਧਾਈ ਦਿੱਤੀ ਅਤੇ ਆਸ ਪ੍ਰਗਟਾਈ ਕਿ ਇਹ ਹੋਣਹਾਰ ਖਿਡਾਰੀ ਸਟੇਟ ਲੈਵਲ 'ਤੇ ਵੀ ਸ਼ਾਨਦਾਰ ਪ੍ਰਦਰਸ਼ਨ ਕਰਕੇ ਸਕੂਲ ਦਾ ਨਾਮ ਰੌਸ਼ਨ ਕਰਨਗੇ।

## ਹੈਰੋਇਨ ਤੇ 20 ਹਜ਼ਾਰ ਨਗਦੀ ਸਮੇਤ 2 ਗ੍ਰਿਫ਼ਤਾਰ



ਕਾਦੀਆਂ, (ਯਾਦਵਿੰਦਰ ਸਿੰਘ ਮਲਹੋਤਰਾ) : ਕਾਦੀਆਂ ਪੁਲਸ ਵੱਲੋਂ ਹੈਰੋਇਨ ਅਤੇ ਨਕਦੀ ਸਮੇਤ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਇਹ ਕਾਰਵਾਈ ਐੱਸ. ਐੱਸ. ਪੀ. ਬਟਾਲਾ ਡਾ. ਮਹਿਤਾਬ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਤੇ ਡੀ. ਐੱਸ. ਪੀ. ਸ੍ਰੀ ਹਰਗੋਬਿੰਦਪੁਰ ਸਾਹਿਬ ਦੀ ਰਹਿਨੁਮਾਈ ਹੇਠ ਕੀਤੀ ਗਈ।ਪੁਲਸ ਟੀਮ ਵੱਲੋਂ ਇਲਾਕੇ ਵਿੱਚ ਗਸ਼ਤ ਕੀਤੀ ਜਾ ਰਹੀ ਸੀ।ਇਸ ਦੌਰਾਨ ਪੁਲਸ ਨੇ ਸ਼ੱਕ ਦੇ ਆਧਾਰ 'ਤੇ ਦੋ ਵਿਅਕਤੀਆਂ ਨੂੰ ਕਾਬੂ ਕਰਕੇ ਉਨ੍ਹਾਂ ਦੀ ਤਲਾਸ਼ੀ ਲਈ, ਜਿਸ ਦੌਰਾਨ ਕਥਿਤ ਤੌਰ 'ਤੇ ਹੈਰੋਇਨ ਅਤੇ ਨਕਦੀ ਬਰਾਮਦ ਹੋਈ।ਪੁਲਸ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਅਰਵਿੰਦਰਪਾਲ ਸਿੰਘ ਉਰਫ਼ ਸ਼ਿਊ ਪੁੱਤਰ ਗੁਰਦੀਪ ਸਿੰਘ ਅਤੇ ਡੈਨੀਅਲ ਮਸੀਹ ਉਰਫ਼ ਪ੍ਰਿੰਸ ਪੁੱਤਰ ਜਗਦੀਸ਼ ਮਸੀਹ, [illegible] ਵਜੋਂ ਹੋਈ ਹੈ।ਪੁਲਸ ਅਨੁਸਾਰ ਫੜੇ ਗਏ ਵਿਅਕਤੀਆਂ ਕੋਲੋਂ ਕੁੱਲ 12 ਗ੍ਰਾਮ ਹੈਰੋਇਨ ਅਤੇ 20 ਹਜ਼ਾਰ ਰੁਪਏ ਦੀ ਨਕਦੀ ਬਰਾਮਦ ਕੀਤੀ ਗਈ ਹੈ।ਇਸ ਤੋਂ ਇਲਾਵਾ ਪੁਲਸ ਨੇ ਇੱਕ ਕੰਪਿਊਟਰ ਕੰਡਾ ਵੀ ਬਰਾਮਦ ਕਰਨ ਦਾ ਦਾਅਵਾ ਕੀਤਾ ਹੈ।ਪੁਲਸ ਵੱਲੋਂ ਬਰਾਮਦ ਕੀਤੇ ਗਏ ਸਾਮਾਨ ਨੂੰ ਕਬਜ਼ੇ ਵਿੱਚ ਲੈ ਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।ਇਸ ਮਾਮਲੇ ਸਬੰਧੀ ਥਾਣਾ ਕਾਦੀਆਂ ਵਿੱਚ ਦੋਵਾਂ ਮੁਲਜ਼ਮਾਂ ਖ਼ਿਲਾਫ਼ ਮੁਕੱਦਮਾ ਨੰਬਰ 129 ਦਰਜ ਕੀਤਾ ਗਿਆ ਹੈ।ਐੱਸ. ਐੱਚ. ਓ. ਪ੍ਰਭਜੋਤ ਸਿੰਘ ਨੇ ਕਿਹਾ ਕਿ ਇਲਾਕੇ ਵਿੱਚ ਨਸ਼ਿਆਂ ਦੀ ਤਸਕਰੀ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਪੁਲਸ ਅਧਿਕਾਰੀਆਂ ਨੇ ਸਪੱਸ਼ਟ ਕੀਤਾ ਕਿ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਲਗਾਤਾਰ ਜਾਰੀ ਰਹੇਗੀ ਅਤੇ ਨਸ਼ਾ ਤਸਕਰਾਂ ਖ਼ਿਲਾਫ਼ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ।

## ਕੇਂਦਰੀ ਜੇਲ੍ਹ ਦੇ ਬਾਹਰ ਹਵਾਲਾਤੀ ਦੇ ਪਰਵਾਰ ਵੱਲੋਂ ਧਰਨਾ



ਗੁਰਦਾਸਪੁਰ, (ਪ ਪ)-ਇੱਥੋਂ ਦੀ ਕੇਂਦਰੀ ਜੇਲ੍ਹ ਵਿੱਚ ਬੰਦ ਇੱਕ ਕੈਦੀ ਦੀ ਕਥਿਤ ਕੁੱਟਮਾਰ ਨੂੰ ਲੈ ਕੇ ਉਸ ਦੇ ਪਰਿਵਾਰਕ ਮੈਂਬਰਾਂ ਵੱਲੋਂ ਜੇਲ੍ਹ ਦੇ ਮੁੱਖ ਗੇਟ ਦੇ ਸਾਹਮਣੇ ਧਰਨਾ ਦਿੱਤਾ ਗਿਆ। ਪਰਿਵਾਰਕ ਮੈਂਬਰਾਂ ਨੇ ਦੋਸ਼ ਲਗਾਇਆ ਕਿ ਜੇਲ੍ਹ ਅੰਦਰ ਕੁਝ ਕੈਦੀਆਂ ਵੱਲੋਂ ਉਨ੍ਹਾਂ ਦੇ ਪੁੱਤਰ ਅਰਸ਼ਦੀਪ ਸਿੰਘ ਦੀ ਕੁੱਟਮਾਰ ਕੀਤੀ ਗਈ ਅਤੇ ਉਸ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਦੱਸਣਯੋਗ ਹੈ ਕਿ ਬੀਤੇ ਦਿਨੀਂ ਕੇਂਦਰੀ ਜੇਲ੍ਹ ਗੁਰਦਾਸਪੁਰ ਵਿੱਚ ਦੋ ਗੁੱਟਾਂ ਦਰਮਿਆਨ ਝਗੜੇ ਦੌਰਾਨ ਦੋ ਕੈਦੀਆਂ ਦੇ ਜ਼ਖ਼ਮੀ ਹੋਣ ਦੀ ਵੀ ਖ਼ਬਰ ਸਾਹਮਣੇ ਆਈ ਸੀ ਪਰ ਜੇਲ੍ਹ ਪ੍ਰਸ਼ਾਸਨ ਨੇ ਇਸ ਦਾ ਖ਼ੁਲਾਸਾ ਨਹੀਂ ਕੀਤਾ ਸੀ। ਹੁਣ ਇਸ ਲੜਾਈ ਵਿੱਚ ਜ਼ਖ਼ਮੀ ਹੋਏ ਇੱਕ ਕੈਦੀ ਅਰਸ਼ਦੀਪ ਸਿੰਘ ਦੇ ਪਰਿਵਾਰਕ ਮੈਂਬਰ ਸਾਹਮਣੇ ਆਏ ਹਨ। ਪਰਿਵਾਰਕ ਮੈਂਬਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਲਿਖਤੀ ਰੂਪ ਵਿੱਚ ਵੀ ਜੇਲ੍ਹ ਪ੍ਰਸ਼ਾਸਨ ਨੂੰ ਅਰਜ਼ੀ ਦਿੱਤੀ ਗਈ ਹੈ, ਪਰ ਇਸ ਦੇ ਬਾਵਜੂਦ ਅਰਸ਼ਦੀਪ ਸਿੰਘ ਨੂੰ ਇੱਥੋਂ ਤਬਦੀਲ ਨਹੀਂ ਕੀਤਾ ਗਿਆ।

ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਉਨ੍ਹਾਂ ਦੇ ਪੁੱਤਰ ਨੂੰ ਸੁਰੱਖਿਆ ਦੇ ਮੱਦੇਨਜ਼ਰ ਕਿਸੇ ਹੋਰ ਜੇਲ੍ਹ ਵਿੱਚ ਸ਼ਿਫ਼ਟ ਨਾ ਕੀਤਾ ਗਿਆ ਤਾਂ ਆਉਣ ਵਾਲੇ ਦਿਨਾਂ ਵਿੱਚ ਜਥੇਬੰਦੀਆਂ ਦੀ ਮਦਦ ਨਾਲ ਜੇਲ੍ਹ ਦੇ ਗੇਟ ਦੇ ਸਾਹਮਣੇ ਅਣਮਿਥੇ ਸਮੇਂ ਲਈ ਵੱਡੇ ਪੱਧਰ 'ਤੇ ਧਰਨਾ ਲਗਾਇਆ ਜਾਵੇਗਾ ਇਸ ਸਬੰਧੀ ਜਦੋਂ ਜੇਲ੍ਹ ਦੇ ਡਿਪਟੀ ਸੁਪਰਡੈਂਟ ਨਾਲ ਫ਼ੋਨ ਤੇ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਵਾਰ ਵਾਰ ਫ਼ੋਨ ਕੀਤੇ ਜਾਣ 'ਤੇ ਫ਼ੋਨ ਚੁੱਕਿਆ ਨਹੀਂ ।

## ਜੱਗੂ ਭਗਵਾਨਪੁਰੀਆ ਦੇ ਪਰਵਾਰ ਵੱਲੋਂ ਲੋੜਵੰਦ ਧੀਆਂ ਦੇ ਆਨੰਦ ਕਾਰਜਾਂ ਲਈ ਸੁਹਿਰਦ ਉਪਰਾਲਾ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਹਲਕਾ ਡੇਰਾ ਬਾਬਾ ਨਾਨਕ ਤੋਂ ਬਲਾਕ ਸੰਮਤੀ ਚੇਅਰਪਰਸਨ ਅਤੇ ਜੱਗੂ ਭਗਵਾਨਪੁਰੀਆ ਦੀ ਮਾਸੀ ਰਾਜਵਿੰਦਰ ਕੌਰ ਨੇ ਅਹਿਮ ਪ੍ਰੈੱਸ ਕਾਨਫਰੰਸ ਕਰਕੇ ਇਕ ਪੋਸਟਰ ਰਿਲੀਜ਼ ਕੀਤਾ ਹੈ ਜਿਸ ਵਿੱਚ ਹਲਕਾ ਡੇਰਾ ਬਾਬਾ ਨਾਨਕ ਦੇ ਵੱਖ-ਵੱਖ ਧਰਮਾਂ ਦੇ ਗੁਰੂ ਘਰਾਂ ਵਿੱਚ ਸੇਵਾ ਨਿਭਾਉਣ ਵਾਲੇ ਪੰਡਿਤ, ਗ੍ਰੰਥੀ ਸਿੰਘ ਅਤੇ ਪਾਸਟਰ ਸਹਿਬਾਨ ਦੀਆਂ ਧੀਆਂ ਨੂੰ ਆਪਣੀਆਂ ਧੀਆਂ ਬਣਾ ਕੇ ਉਨ੍ਹਾਂ ਦੇ ਅੰਨਦ ਕਾਰਜ ਕੀਤੇ ਜਾਣਗੇ ਅਤੇ ਘਰੇਲੂ ਜ਼ਰੂਰਤ ਦਾ ਸਾਰਾ ਸਾਮਾਨ ਵੀ ਦਿੱਤਾ ਜਾਵੇਗਾ ।ਉਨ੍ਹਾਂ ਕਿਹਾ ਕਿ ਅਗਲੇ ਸਾਲ ਜਨਵਰੀ 2027 ਵਿੱਚ 200 ਹੋਰ ਲੋੜਵੰਦ ਧੀਆਂ ਦੇ ਅਨੰਦ ਕਾਰਜ ਕੀਤੇ ਜਾਣਗੇ ਤੇ ਪਹਿਲਾਂ ਦੀ ਤਰ੍ਹਾਂ ਘਰ ਦੀਆਂ ਜ਼ਰੂਰਤਾਂ ਦਾ ਸਾਮਾਨ ਵੀ ਦਿੱਤਾ ਜਾਵੇਗਾ।ਇਸ ਮੌਕੇ ਪੱਤਰਕਾਰਾਂ ਵੱਲੋਂ ਖ਼ਰਚੇ ਜਾਣ ਵਾਲੇ ਪੈਸਿਆਂ ਬਾਰੇ ਜਦ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਮੇਰੇ ਪੁੱਤਰ ਅਤੇ ਨੂੰਹਾਂ ਪਿਛਲੇ ਵੀਹ ਸਾਲਾਂ ਤੋਂ ਵਿਦੇਸ਼ਾਂ ਵਿੱਚ ਕਮਾਈ ਕਰ ਰਹੇ ਹਨ ਪਰ ਸਾਨੂੰ ਸਵਾਲ ਕਰਨ ਵਾਲੇ ਖੁਦ ਦੱਸਣ ਕਿ ਉਨ੍ਹਾਂ ਆਪਣੀਆਂ ਜਾਇਦਾਦਾਂ ਕਿਸ ਤਰ੍ਹਾਂ ਬਣਾਈਆਂ ਹਨ।ਇਸ ਮੌਕੇ ਚੇਅਰਪਰਸਨ ਬਲਾਕ ਸੰਮਤੀ ਡੇਰਾ ਬਾਬਾ ਨਾਨਕ ਰਾਜਵਿੰਦਰ ਕੌਰ, ਸਾਬਕਾ ਸਰਪੰਚ ਦਲਬੀਰ ਸਿੰਘ (ਭਿੰਲਾ), ਸਰਪੰਚ ਅਮਨਪ੍ਰੀਤ ਸਿੰਘ ਕਾਹਲੋਂ, ਸਾਬਕਾ ਸਰਪੰਚ ਜਸਬੀਰ ਸਿੰਘ ਕਾਹਲੋਂ, ਸਾਬਕਾ ਸਰਪੰਚ ਬਲਬੀਰ ਸਿੰਘ ਘੁੰਮਣ, ਸਰਪੰਚ ਜਗਦੀਪ ਸਿੰਘ ਜੱਗੀ ਲੁਕਮਾਨੀਆ, ਜਗਦੀਪ ਸਿੰਘ ਸਮਰਾ, ਮਨਜਿੰਦਰ ਸਿੰਘ ਖੱਦਰ, ਤਲਵਿੰਦਰ ਸਿੰਘ ਟੋਨੀ, ਸਟੀਫਨ ਬੱਬੂ ਵਡਾਲਾ ਬਾਂਗਰ, ਰਿਤਕ ਸ਼ਰਮਾ, ਯੁਧਵੀਰ ਸਿੰਘ ਮਸਤਕੋਟ, ਕਵਲ ਕਲਾਨੌਰ, ਮੇਜਰ ਸਿੰਘ ਢਿਲਵਾਂ, ਉੱਦਮ ਸਿੰਘ, ਸੋਨੂੰ ਬਾਬਾ ਧਰਮਕੋਟ, ਲਾਲੂ ਸਰਪੰਚ ਭਗਵਾਨਪੁਰ, ਸਰਪੰਚ ਗੁਰਮੱਖ ਸਿੰਘ ਢੇਸੀਆਂ, ਨੰਬਰਦਾਰ ਗੁਰਬਚਨ ਸਿੰਘ ਅਤੇ ਬਲਦੇਵ ਸਿੰਘ ਆਦਿ ਹਾਜ਼ਰ ਸਨ ।

## ਮੁਹੱਲਾ ਅਤਰ ਸਿੰਘ ਵਿਖੇ ਬਾਬਾ ਸ੍ਰੀ ਚੰਦ ਜੀ ਦਾ 532ਵਾਂ ਜਨਮ ਦਿਹਾੜਾ ਮਨਾਇਆ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਭਗਵਾਨ ਬਾਬਾ ਸ੍ਰੀ ਚੰਦ ਜੀ ਦਾ 532ਵਾਂ ਜਨਮ ਦਿਹਾੜਾ ਡੇਰਾ ਬਾਬਾ ਨਾਨਕ ਦੇ ਮੁਹੱਲਾ ਅਤਰ ਸਿੰਘ ਸਥਿਤ ਉਦਾਸੀਨ ਡੇਰਾ ਧੰਨ ਧੰਨ ਬਾਬਾ ਸ੍ਰੀ ਚੰਦ ਜੀ ਮਹਾਰਾਜ ਮੰਦਰ ਠਾਕੁਰ ਧਾਮ ਸੱਚਖੰਡ ਵਾਸੀ ਸ੍ਰੀ ਮਾਨ 108 ਬਾਬਾ ਕ੍ਰਿਪਾ ਦਾਸ ਜੀ ਡੇਰੇ ਦੇ ਮੁੱਖ ਸੇਵਾਦਾਰ ਮਹੰਤ ਬਾਬਾ ਮੇਜਰ ਦਾਸ ਦੀ ਅਗਵਾਈ ਹੇਠ ਸੰਗਤਾਂ ਵੱਲੋਂ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ ।ਇਸ ਮੌਕੇ ਪਹਿਲਾਂ ਤੋਂ ਰੱਖੇ ਸ੍ਰੀ ਅਖੰਡ ਪਾਠ ਸਾਹਿਬ (2) ਜਪੁਜੀ ਸਾਹਿਬ ਦੇ ਪਾਠ, ਸੁਖਮਨੀ ਸਾਹਿਬ ਦੇ ਪਾਠ, ਮਾਤਰਾ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ ,ਉਪਰੰਤ ਵੱਖ-ਵੱਖ ਕੀਰਤਨ ਜਥਿਆਂ ਵੱਲੋਂ ਗੁਰਬਾਣੀ ਦਾ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ । ਇਸ ਮੌਕੇ ਭਾਈ ਮਲੂਕ ਸਿੰਘ, ਭਾਈ ਸਵਿੰਦਰ ਸਿੰਘ ਤੇ ਬਾਬਾ ਰਣਧੀਰ ਸਿੰਘ ਦੇ ਕਵੀਸ਼ਰੀ ਜਥੇ ਵਲ਼ੋਂ ਭਗਵਾਨ ਬਾਬਾ ਸ੍ਰੀ ਚੰਦਰ ਜੀ ਦਾ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ ।ਇਸ ਮੌਕੇ ਮਹੰਤ ਬਾਬਾ ਮੇਜਰ ਦਾਸ,ਮਹੰਤ ਬਾਬਾ ਮੰਗਲ ਦਾਸ, ਪੰਡਿਤ ਸੱਤ ਪ੍ਰਕਾਸ਼ ਸਮੇਤ ਸਮੂਹ ਸੰਗਤਾਂ ਵੱਲੋਂ ਬਾਬਾ ਸ੍ਰੀ ਚੰਦ ਜੀ ਦਾ ਆਰਤਾ ਗਾਇਨ ਕੀਤਾ ਗਿਆ ,ਉਪਰੰਤ ਭਾਈ ਸੁਖਵਿੰਦਰ ਸਿੰਘ ਵੱਲੋਂ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ ।ਇਸ ਮੌਕੇ ਬਾਬਾ ਮੇਜਰ ਦਾਸ ਨੇ ਸੰਗਤਾਂ ਨੂੰ ਬਾਬਾ ਸ਼੍ਰੀ ਚੰਦ ਜੀ ਦੇ ਜਨਮ ਦਿਹਾੜੇ ਦੀ ਵਧਾਈ ਦਿੱਤੀ ਤੇ ਕਿਹਾ ਕਿ ਸਾਨੂੰ ਆਪਣੇ ਵੱਡ ਵਡੇਰਿਆਂ ਅਤੇ ਗੁਰੂਆਂ ਪੀਰਾਂ ਦੇ ਜਨਮ ਦਿਹਾੜੇ ਰਲ ਮਿਲ ਕੇ ਮਨਾਉਣੇ ਚਾਹੀਦੇ ਹਨ ।ਇਸ ਮੌਕੇ ਸੰਤ ਜਾਨਕੀ ਦਾਸ ਲੇਹਲ ਗੱਦੀ ਧਾਰੀਵਾਲ, ਫੁੱਲਾਂ ਵਾਲੇ ਦੇਵਾ, ਬਾਬਾ ਨੰਦਾ ਜੀ, ਬਿੱਟੂ ਦੇਵਾ, ਸੁੱਖ ਵੰਤੀ ਦੇਵਾ, ਸੋਮਾ ਦੇਵੀ, ਮਹੰਤ ਬਾਬਾ ਮੰਗਲ ਦਾਸ, ਮਹੰਤ ਚੇਤਨ ਦਾਸ, ਮਹੰਤ ਬਚਨ ਨਾਥ, ਬਾਬਾ ਰਣਜੀਤ ਸਿੰਘ, ਰਣਧੀਰ ਸਿੰਘ ਰੰਧਾਵਾ, ਵਜ਼ੀਰ ਸਿੰਘ ਰੰਧਾਵਾ, ਅਸ਼ਵਨੀ ਬੇਦੀ, ਬਾਬਾ ਕਰੁਨਦੀਪ ਬੇਦੀ, ਜਥੇਦਾਰ ਅਰੁਨਦੀਪ ਸਿੰਘ, ਗਵਰਧਨ ਦਾਸ, ਬਾਲਕ ਦਾਸ, ਲਵਕੁਸ਼ ਦਾਸ, ਰਾਘਵ ਦਾਸ, ਭਗਵੰਤ ਕਿਸ਼ੋਰ, ਮਹੰਤ ਮਹਿੰਦਰ ਸਿੰਘ, ਮਹੰਤ ਬਾਬਾ ਅਮਰਦਾਸ,.ਥਾਣੇਦਾਰ ਨਿਰਮਲ ਸਿੰਘ ਮੇਤਲਾ, ਰਾਜੇਸ਼ ਕੁਮਾਰ, ਕਾਨੂੰਗੋ ਦੇਸ ਰਾਜ, ਡਾ: ਗੁਰਦੇਵ ਸਿੰਘ, ਸੰਗਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ ।ਇਸ ਮੌਕੇ ਪ੍ਰਬੰਧਕਾਂ ਵੱਲ਼ੋਂ ਅਤੁੱਟ ਲੰਗਰ ਭੰਡਾਰਾ ਵਰਤਾਇਆ ਗਿਆ ਅਤੇ ਸੰਤਾਂ ਮਹਾਂਪੁਰਸ਼ਾਂ ਨੂੰ ਭੇਟਾ ਰਾਸ਼ੀ ਦਿੱਤੀ ਗਈ ।

## ਅੰਤਰ ਜ਼ਿਲ੍ਹਾ ਗਤਕਾ ਮੁਕਾਬਲੇ 'ਚ ਅਕਾਲ ਅਕੈਡਮੀ ਤਿੱਬੜ ਨੇ ਗੋਲਡ ਮੈਡਲ ਜਿੱਤਿਆ



**ਧਾਰੀਵਾਲ, (ਮਨਦੀਪ ਵਿੱਕੀ)**-ਕਲਗੀਧਰ ਟਰੱਸਟ ਬੜੂ ਸਾਹਿਬ ਦੇ ਪ੍ਰਬੰਧਾਂ ਅਧੀਨ ਚੱਲ ਰਹੀਆਂ ਅਕਾਲ ਅਕੈਡਮੀਆਂ ਦੇ ਅੰਤਰ ਜ਼ਿਲ੍ਹਾ ਗੱਤਕਾ ਟੂਰਨਾਮੈਂਟ ਵਿੱਚ ਜ਼ਿਲ੍ਹਾ ਗੁਰਦਾਸਪੁਰ ਦੀ ਅਕੈਡਮੀ ਅਕਾਲ ਅਕੈਡਮੀ ਤਿੱਬੜ ਨੇ ਲੜਕੀਆਂ ਦੀ ਗਤਕਾ ਟੀਮ ਨੇ ਅੰਡਰ 14 ਸਿੰਗਲ ਸੋਟੀ ਮੁਕਾਬਲੇ ਵਿੱਚ ਪਹਿਲਾ ਸਥਾਨ ਹਾਸਲ ਕਰਕੇ ਸੋਨ ਤਗਮਾ ਜਿੱਤਿਆ ਹੈ। ਇਸ ਸਬੰਧੀ ਖੁਸ਼ੀ ਪ੍ਰਗਟ ਕਰਦਿਆਂ ਅਕਾਲ ਅਕੈਡਮੀ ਤਿੱਬੜ ਦੀ ਪ੍ਰਿੰਸੀਪਲ ਗੁਰਵਿੰਦਰ ਕੌਰ ਨੇ ਦੱਸਿਆ ਕਿ ਅਕਾਲ ਅਕੈਡਮੀ ਧੰਨਾਲ ਕਲਾਂ (ਜਲੰਧਰ) ਵਿਖੇ ਹੋਏ ਅਕਾਲ ਅਕੈਡਮੀਆਂ ਦੇ ਅੰਤਰ ਜ਼ਿਲ੍ਹਾ ਮੁਕਾਬਲਿਆਂ ਵਿੱਚ 4 ਜ਼ਿਲ੍ਹਿਆਂ ਜਲੰਧਰ. ਅੰਮ੍ਰਿਤਸਰ, ਗੁਰਦਾਸਪੁਰ ਅਤੇ ਤਰਨ ਤਾਰਨ ਜ਼ਿਲ੍ਹਿਆਂ ਦੀਆਂ ਅਕੈਡਮੀਆਂ ਨੇ ਭਾਗ ਲਿਆ। ਇਸ ਦੌਰਾਨ ਅੰਡਰ 14 ਸਿੰਗਲ ਸੋਟੀ ਟੀਮ ਲੜਕੀਆਂ ਮੁਕਾਬਲੇ ਵਿੱਚ ਜ਼ਿਲ੍ਹਾ ਗੁਰਦਾਸਪੁਰ ਦੀ ਅਕਾਲ ਅਕੈਡਮੀ ਤਿੱਬੜ ਦੀ ਗੱਤਕਾ ਟੀਮ ਮਨਪ੍ਰੀਤ ਕੌਰ, ਤਰਨਪ੍ਰੀਤ ਕੌਰ. ਏਕਮ ਪ੍ਰੀਤ ਕੌਰ ਤੇ ਖੁਸ਼ਪ੍ਰੀਤ ਕੌਰ ਨੇ ਭਾਗ ਲੈ ਕੇ ਸ਼ਾਨਦਾਰ ਪ੍ਰਦਰਸ਼ਨ ਕਰਕੇ ਪਹਿਲਾ ਸਥਾਨ ਹਾਸਲ ਕੀਤਾ। ਜੇਤੂ ਖਿਡਾਰਨਾਂ ਦਾ ਤਿੱਬੜ ਅਕੈਡਮੀ ਪਹੁੰਚਣ 'ਤੇ ਪ੍ਰਿੰਸੀਪਲ ਗੁਰਵਿੰਦਰ ਕੌਰ ਵਲੋਂ ਸਨਮਾਨਿਤ ਕੀਤਾ ਗਿਆ ਅਤੇ ਖਿਡਾਰਨਾਂ, ਬੱਚਿਆਂ ਤੇ ਗੱਤਕਾ ਕੋਚ ਪਰਦੀਪ ਸਿੰਘ ਸੇਵਕ ਨੂੰ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਹੋਰ ਸਖਤ ਮਿਹਨਤ ਕਰਦੇ ਰਹਿਣ ਲਈ ਪ੍ਰੇਰਿਤ ਕੀਤਾ। ਪ੍ਰਿੰਸੀਪਲ ਗੁਰਵਿੰਦਰ ਕੌਰ ਨੇ ਕਿਹਾ ਅਕੈਡਮੀ ਵਿੱਚ ਬੱਚਿਆਂ ਨੂੰ ਸਕੂਲੀ ਸਿੱਖਿਆ ਦੇ ਨਾਲ ਨਾਲ ਗੁਰਬਾਣੀ ਅਤੇ ਗੱਤਕਾ ਤੇ ਹੋਰ ਖੇਡਾਂ ਨਾਲ ਜੋੜਿਆਂ ਜਾਂਦਾ ਹੈ।

## ਨਸ਼ੇ ਦੀ ਓਵਰਡੋਜ਼ ਨਾਲ ਨੌਜਵਾਨ ਦੀ ਮੌਤ



ਮਹਿਲ ਕਲਾਂ, (ਪ੍ਰਦੀਪ ਸਿੰਘ ਲੋਹਗੜ੍ਹ)- ਨਸ਼ਾ ਛੁਡਾਊ ਕੇਂਦਰ ਤੋਂ ਇਲਾਜ ਕਰਵਾ ਕੇ ਬੀਤੀ ਰਾਤ ਘਰ ਪਰਤੇ 27 ਸਾਲਾ ਨੌਜਵਾਨ ਬਲਜਿੰਦਰ ਸਿੰਘ ਪੁੱਤਰ ਬਲਵੀਰ ਸਿੰਘ ਦੀ ਸ਼ਨੀਵਾਰ ਸਵੇਰੇ ਡਰੇਨ ਕੰਢੇ ਇੱਕ ਸੁੰਨਸਾਨ ਥਾਂ ਤੋਂ ਮ੍ਰਿਤਕ ਦੇਹ ਮਿਲੀ।ਮੁੱਢਲੀ ਜਾਣਕਾਰੀ ਅਨੁਸਾਰ ਮੌਕੇ 'ਤੇ ਉਸ ਦੀ ਬਾਂਹ ਵਿੱਚ ਸਰਿੰਜ ਲੱਗੀ ਹੋਣ ਦੀ ਗੱਲ ਵੀ ਸਾਹਮਣੇ ਆਈ ਹੈ।ਹਾਲਾਂਕਿ ਮੌਤ ਦੇ ਅਸਲ ਕਾਰਨਾਂ ਦੀ ਪੁਸ਼ਟੀ ਪੋਸਟਮਾਰਟਮ ਰਿਪੋਰਟ ਤੇ ਪੁਲਸ ਜਾਂਚ ਤੋਂ ਬਾਅਦ ਹੀ ਹੋਵੇਗੀ। ਪ੍ਰਾਪਤ ਜਾਣਕਾਰੀ ਅਨੁਸਾਰ ਬਲਜਿੰਦਰ ਸਿੰਘ ਪਿਛਲੇ ਕਰੀਬ ਸੱਤ ਮਹੀਨਿਆਂ ਤੋਂ ਨਸ਼ੇ ਦੀ ਲਤ ਨਾਲ ਜੂਝ ਰਿਹਾ ਸੀ।ਪਰਵਾਰ ਵੱਲੋਂ ਉਸ ਨੂੰ ਨਸ਼ੇ ਤੋਂ ਮੁਕਤ ਕਰਵਾਉਣ ਲਈ ਕਰੀਬ ਤਿੰਨ ਮਹੀਨੇ ਨਸ਼ਾ ਛੁਡਾਊ ਕੇਂਦਰ ਵਿੱਚ ਦਾਖ਼ਲ ਕਰਵਾ ਕੇ ਇਲਾਜ ਕਰਵਾਇਆ ਗਿਆ ਸੀ।ਬੀਤੀ ਰਾਤ ਹੀ ਪਰਿਵਾਰ ਉਸ ਨੂੰ ਇਲਾਜ ਤੋਂ ਬਾਅਦ ਘਰ ਲੈ ਕੇ ਆਇਆ ਸੀ, ਪਰ ਕੁਝ ਘੰਟਿਆਂ ਬਾਅਦ ਹੀ ਪਰਿਵਾਰ ਨੂੰ ਉਸ ਦੀ ਮੌਤ ਦੀ ਖ਼ਬਰ ਨੇ ਝੰਜੋੜ ਕੇ ਰੱਖ ਦਿੱਤਾ।ਮ੍ਰਿਤਕ ਦੇ ਚਾਚਾ ਕਰਨੈਲ ਸਿੰਘ ਨੇ ਦੱਸਿਆ ਕਿ ਅੱਜ ਸਵੇਰੇ ਕਰੀਬ ਸਾਢੇ 6 ਵਜੇ ਬਲਜਿੰਦਰ ਸਿੰਘ ਬਿਨਾਂ ਕਿਸੇ ਨੂੰ ਕੁਝ ਦੱਸੇ ਘਰੋਂ ਚਲਾ ਗਿਆ ਸੀ।ਕਰੀਬ ਦੋ ਘੰਟਿਆਂ ਬਾਅਦ ਉਸ ਦੀ ਮ੍ਰਿਤਕ ਦੇਹ ਪਿੰਡ ਦੀ ਡਰੇਨ ਨੇੜੇ ਇੱਕ ਸੁੰਨਸਾਨ ਥਾਂ ਤੋਂ ਮਿਲੀ।ਨੌਜਵਾਨ ਦੀ ਮੌਤ ਦੀ ਖ਼ਬਰ ਫੈਲਦਿਆਂ ਹੀ ਪਰਿਵਾਰ ਤੇ ਪਿੰਡ ਵਿੱਚ ਸੋਗ ਦੀ ਲਹਿਰ ਦੌੜ ਗਈ। ਥਾਣਾ ਮਹਿਲ ਕਲਾਂ ਦੇ ਏਐੱਸਆਈ ਮਨਜਿੰਦਰ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੇ ਪਿਤਾ ਬਲਵੀਰ ਸਿੰਘ ਵਾਸੀ ਸਹਿਜੜਾ ਦੇ ਬਿਆਨਾਂ ਦੇ ਆਧਾਰ 'ਤੇ ਪੁਲਸ ਵੱਲੋਂ ਕਾਰਵਾਈ ਕੀਤੀ ਜਾ ਰਹੀ ਹੈ।ਮ੍ਰਿਤਕ ਦੀ ਲਾਸ਼ ਦਾ ਪੋਸਟਮਾਰਟਮ ਕਰਵਾਇਆ ਜਾ ਰਿਹਾ ਹੈ, ਜਿਸ ਤੋਂ ਬਾਅਦ ਲਾਸ਼ ਵਾਰਸਾਂ ਹਵਾਲੇ ਕਰ ਦਿੱਤੀ ਜਾਵੇਗੀ।

## ਜ਼ਿਗਲੀ ਪੈੱਟ ਕੇਅਰ ਵੱਲੋਂ ਅੰਮ੍ਰਿਤਸਰ 'ਚ ਸਾਲਾਨਾ ਪੈੱਟ ਕੇਅਰ ਪੈਕੇਜ ਪੇਸ਼

ਅੰਮ੍ਰਿਤਸਰ : ਜ਼ਿਗਲੀ ਪੈੱਟ ਕੇਅਰ ਨੇ ਪੈੱਟ ਪੇਰੈਂਟਸ ਦੀ ਸਹੂਲਤ ਲਈ ਐਨੂਅਲ ਹੈਲਥ ਪੈਕੇਜ ਪੇਸ਼ ਕੀਤੇ ਹਨ, ਜਿਨ੍ਹਾਂ ਵਿੱਚ ਵੈਟਰਨਰੀ ਸੇਵਾਵਾਂ, ਹੈਲਥਕੇਅਰ ਅਤੇ ਗਰੂਮਿੰਗ ਨੂੰ ਇੱਕ ਸਾਲਾਨਾ ਪਲਾਨ ਵਿੱਚ ਸ਼ਾਮਲ ਕੀਤਾ ਗਿਆ ਹੈ।ਕੰਪਨੀ ਮੁਤਾਬਕ ਇਹ ਪੈਕੇਜ ਪੱਪੀ, ਐਡਲਟ ਅਤੇ ਸੀਨੀਅਰ ਡੌਗਜ਼ ਲਈ ਤਿਆਰ ਕੀਤੇ ਗਏ ਹਨ ਅਤੇ ਤਿੰਨਾਂ ਵਿੱਚ ਅਨਲਿਮਿਟਡ ਵੈਟਰਨਰੀ ਕੰਸਲਟੇਸ਼ਨ ਦੀ ਸਹੂਲਤ ਹੈ।ਪੱਪੀ ਕੇਅਰ ਪੈਕੇਜ 19,679, ਐਡਲਟ ਕੇਅਰ 23,232 ਅਤੇ ਸੀਨੀਅਰ ਕੇਅਰ ਪੈਕੇਜ 34,764 ਵਿੱਚ ਉਪਲਬਧ ਹਨ।ਇਨ੍ਹਾਂ ਵਿੱਚ ਵੈਕਸੀਨੇਸ਼ਨ, ਡੀਵਰਮਿੰਗ, ਵੱਖ-ਵੱਖ ਟੈਸਟ, ਗਰੂਮਿੰਗ ਅਤੇ ਹੋਰ ਸਿਹਤ ਸੇਵਾਵਾਂ ਸ਼ਾਮਲ ਹਨ।ਜ਼ਿਗਲੀ ਪੈੱਟ ਕੇਅਰ ਦੇ ਸੀਈਓ ਸੌਰਭ ਜੈਨ ਨੇ ਕਿਹਾ ਕਿ ਇਸ ਪਹਿਲ ਦਾ ਉਦੇਸ਼ ਪੈੱਟਸ ਦੀ ਨਿਯਮਤ ਦੇਖਭਾਲ ਨੂੰ ਆਸਾਨ ਬਣਾਉਣਾ ਹੈ।

## ਕਾਊਂਟਰ ਇੰਟੈਲੀਜੈਂਸ ਪੁਲਸ ਵੱਲੋਂ ਵਿਦੇਸ਼ੀ ਪਿਸਟਲ ਸਮੇਤ ਇੱਕ ਗ੍ਰਿਫ਼ਤਾਰ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਕਾਊਂਟਰ ਇੰਟੈਲੀਜੈਂਸ ਯੂਨਿਟ ਫਿਰੋਜ਼ਪੁਰ ਦੀ ਪੁਲਸ ਨੇ ਗੈਰ-ਕਾਨੂੰਨੀ ਅਸਲਾ ਤਸਕਰੀ ਵਿਰੁੱਧ ਸਫ਼ਲਤਾ ਹਾਸਲ ਕਰਦਿਆਂ ਇਕ ਵਿਅਕਤੀ ਨੂੰ ਵਿਦੇਸ਼ੀ ਪਿਸਟਲ ਸਮੇਤ ਗ੍ਰਿਫ਼ਤਾਰ ਕੀਤਾ ਹੈ। ਫ਼ੜੇ ਗਏ ਮੁਲਜ਼ਮ ਦੀ ਪਛਾਣ ਰਵਿੰਦਰ ਸਿੰਘ ਉਰਫ਼ ਵਿੰਦੂ ਪੁੱਤਰ ਬਗੀਚਾ ਸਿੰਘ ਵਾਸੀ ਪਿੰਡ ਕਾਕੜ ਥਾਣਾ ਮਮਦੋਟ, ਜ਼ਿਲ੍ਹਾ ਫ਼ਿਰੋਜ਼ਪੁਰ ਵਜੋਂ ਹੋਈ ਹੈ। ਥਾਣਾ ਕੈਂਟ ਫਿਰੋਜ਼ਪੁਰ ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀ ਖਿਲਾਫ ਅਸਲਾ ਐਕਟ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ। ਜਾਣਕਾਰੀ ਦਿੰਦੇ ਹੋਏ ਕਾਊਂਟਰ ਇੰਟੈਲੀਜੈਂਸ ਦੇ ਐੱਸ ਆਈ ਸੁਖਜਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਮੁਖ਼ਬਰ ਖ਼ਾਸ ਨੇ ਇਤਲਾਹ ਦਿੱਤੀ ਕਿ ਰਵਿੰਦਰ ਸਿੰਘ ਉਰਫ਼ ਵਿੰਦੂ ਗੈਰ-ਕਾਨੂੰਨੀ ਅਸਲੇ ਤੇ ਐਮੋਨੇਸ਼ਨ ਦੀ ਤਸਕਰੀ ਦਾ ਧੰਦਾ ਕਰਦਾ ਹੈ। ਉਸ ਕੋਲ ਇਕ ਵਿਦੇਸ਼ੀ ਪਿਸਟਲ ਹੈ ਤੇ ਉਹ ਸ਼ਮਸ਼ਾਨ ਘਾਟ ਕੈਂਟ ਫ਼ਿਰੋਜ਼ਪੁਰ ਨੂੰ ਜਾਂਦੀ ਲਿੰਕ ਰੋਡ 'ਤੇ ਬਣੇ ਮਿਲਟਰੀ ਡੇਅਰੀ ਫਾਰਮ ਦੀ ਬੇਆਬਾਦ ਬਿਲਡਿੰਗ ਕੋਲ ਖੜ੍ਹਾ ਕੇ ਅਸਲੇ ਦੀ ਡਿਲੀਵਰੀ ਦੇਣ ਲਈ ਗਾਹਕ ਦੀ ਉਡੀਕ ਕਰ ਰਿਹਾ ਹੈ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀ 'ਤੇ ਛਾਪੇਮਾਰੀ ਕਰਕੇ ਮੁਲਜ਼ਮ ਨੂੰ ਮੌਕੇ 'ਤੇ ਹੀ ਦਬੋਚ ਲਿਆ ਗਿਆ ਤੇ ਤਲਾਸ਼ੀ ਦੌਰਾਨ ਉਸ ਦੇ ਕਬਜ਼ੇ 'ਚੋਂ 1 ਵਿਦੇਸ਼ੀ ਪਿਸਟਲ 30 ਬੋਰ ਸਮੇਤ ਮੈਗਜ਼ੀਨ ਬਿਨਾਂ ਰੋਂਦ ਬਰਾਮਦ ਕੀਤਾ ਗਿਆ। ਪੁਲਸ ਅਧਿਕਾਰੀ ਨੇ ਦੱਸਿਆ ਕਿ ਉਕਤ ਦੋਸ਼ੀ ਖਿਲਾਫ ਮਾਮਲਾ ਦਰਜ ਕਰਕੇ ਅੱਗੇ ਦੀ ਕਾਰਵਾਈ ਕੀਤੀ ਜਾ ਰਹੀ ਹੈ।

## ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ



ਰਾਮਪੁਰਾ ਫੂਲ (ਦਰਸ਼ਨ ਜਿੰਦਲ)- ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ ਸ਼ਹੀਦ ਟੀਚਰਜ਼ ਹੋਮ ਰਾਮਪੁਰਾ ਫੂਲ ਵਿਖੇ ਬਲਾਕ ਪ੍ਰਧਾਨ ਡਾਕਟਰ ਨਿਰਮਲ ਸਿੰਘ ਚਾਉਕੇ ਤੇ ਜ਼ਿਲ੍ਹਾ ਚੇਅਰਮੈਨ ਡਾਕਟਰ ਜਗਤਾਰ ਸਿੰਘ ਫੂਲ ਦੀ ਰਹਿਨੁਮਾਈ ਹੇਠ ਹੋਈ।ਪਿਛਲੇ ਦਿਨੀਂ ਵਿੱਛੜੇ ਸਾਥੀਆਂ ਦੇ ਪਰਿਵਾਰਕ ਮੈਂਬਰਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਸ਼ੁਰੂ ਹੋਈ, ਜਿਸ ਵਿੱਚ ਸਟੇਜ ਦੀ ਕਾਰਵਾਈ ਬਲਾਕ ਸ਼ਕੱਤਰ ਡਾਕਟਰ ਦੇਵਰਾਜ ਕੋਟੜਾ ਕੌੜਿਆਂ ਵਾਲੇ ਨੇ ਨਿਭਾਈ।ਪਹਿਲਾ ਬੁਲਾਰੇ ਡਾਕਟਰ ਸਾਥੀਆਂ ਨੂੰ ਸਟੇਜ ਤੇ ਸੱਦਾਂ ਪੱਤਰ ਦਿੰਦਿਆਂ ਆਪਣੇ ਵਿਚਾਰ ਸਾਂਝੇ ਕਰਨ ਲਈ ਕਿਹਾ, ਸ਼ਹੀਦੇ ਆਜ਼ਮ ਭਗਤ ਸਿੰਘ ਦੇ 28 ਸਤੰਬਰ ਨੂੰ ਆ ਰਹੇ ਜਨਮ ਦਿਨ ਦੀਆਂ ਮੁਬਾਰਕਾਂ ਦਿੰਦਿਆਂ ਡਾਕਟਰ ਹਰਜਿੰਦਰ ਸਿੰਘ ਪ੍ਰੈੱਸ ਸਕੱਤਰ ਸਹਿਬਾਨ ਨੇ ਭਗਤ ਸਿੰਘ ਦੇ ਜੀਵਨ ਨੇ ਆਪਣੇ ਵਡਮੁੱਲੇ ਵਿਚਾਰਾਂ ਦੀ ਸਾਂਝ ਪਾਈ, ਮੀਤ ਪ੍ਰਧਾਨ ਡਾਕਟਰ ਰਵੇਲ ਸਿੰਘ, ਡਾਕਟਰ ਭਰਥਰੀ ਸ਼ਰਮਾ, ਬਲਾਕ ਪ੍ਰਧਾਨ ਡਾਕਟਰ ਨਿਰਮਲ ਸਿੰਘ ਚਾਉਕੇ, ਜ਼ਿਲ੍ਹਾ ਚੇਅਰਮੈਨ ਡਾਕਟਰ ਜਗਤਾਰ ਸਿੰਘ ਫੂਲ ਨੇ ਆਪਣੇ ਵਡਮੁੱਲੇ ਵਿਚਾਰਾਂ ਦੀ ਸਾਂਝ ਪਾਈ। ਇਸ ਮੀਟਿੰਗ ਵਿੱਚ ਸਪੈਸ਼ਲ ਤੌਰ 'ਤੇ ਆਦੇਸ਼ ਹਸਪਤਾਲ ਤੋਂ ਡਾਕਟਰ ਤੇਜਸ ਭਾਸਕਰ ਨਿਊਰੋਲੋਜੀ ਸਿੰਘ, ਸਿਮਰਨ ਨਿਊਰੋ ਮਲਟੀਸਪੈਸਲਿਟ ਹਸਪਤਾਲ ਬਠਿੰਡਾ ਤੋਂ ਡਾਕਟਰ ਅੰਕੁਸ਼ ਗੌੜ ਹੱਡੀਆਂ ਦੇ ਮਾਹਰ ਤੇ ਐਨਥੀਸੀਆ ਮਾਹਰ ਲੇਡੀਜ਼ ਡਾਕਟਰ ਸਾਹਿਬਾਨ ਪਹੁੰਚੇ।

## ਦੁਕਾਨਦਾਰ ਨੇ 120 ਰੁਪਏ ਦੀ ਲਾਟਰੀ ਨਾਲ ਜਿੱਤਿਆ ਇੱਕ ਲੱਖ

ਜਲੰਧਰ (ਸੁਰਿੰਦਰ ਕੁਮਾਰ) ਸਥਾਨਕ ਜਲੰਧਰ ਦੇ ਭਗਵਾਨ ਵਾਲਮੀਕੀ ਚੌਂਕ ਕੋਲ ਸਬਜ਼ੀ ਮੰਡੀ 'ਚ ਲਾਟਰੀ ਵੇਚਣ ਵਾਲੇ ਦੁਕਾਨਦਾਰ ਦੀ ਕਿਸਮਤ ਹੀ ਪਲਟ ਗਈ। ਕੁਕਰੇਜਾ ਲਾਟਰੀ ਦੀ ਦੁਕਾਨ ਚਲਾਉਣ ਵਾਲੇ ਸਰਬਜੀਤ ਨੇ ਆਪਣੀ ਹੀ ਦੁਕਾਨ 'ਤੇ 120 ਰੁਪਏ ਦੀ ਲਾਟਰੀ ਟਿਕਟ ਨਾਲ 1 ਲੱਖ ਰੁਪਏ ਦਾ ਇਨਾਮ ਜਿੱਤ ਲਿਆ । 45 ਸਾਲਾਂ ਤੋਂ ਲਾਟਰੀ ਦਾ ਕੰਮ ਕਰ ਰਹੇ ਪਰਵਾਰ ਲਈ ਇਹ ਦਿਨ ਯਾਦਗਾਰ ਬਣ ਗਿਆ। ਦੁਕਾਨਦਾਰ ਦੇ ਲੱਖਪਤੀ ਬਣਦਿਆਂ ਹੀ ਬਾਜ਼ਾਰ 'ਚ ਮਿਠਾਈਆਂ ਵੰਡੀਆਂ ਗਈਆਂ ਅਤੇ ਵਧਾਈਆਂ ਮਿਲਣ ਲੱਗੀਆਂ। ਸਰਬਜੀਤ ਨੇ ਦੱਸਿਆ ਕਿ ਉਹ ਪਹਿਲਾਂ ਵੀ 5 ਤੋਂ 10 ਵਾਰ ਆਪਣੀ ਦੁਕਾਨ 'ਤੇ ਲਾਟਰੀ ਚੁੱਕ ਕੇ ਕਿਸਮਤ ਅਜ਼ਮਾ ਚੁੱਕੇ ਹਨ। ਦੋ ਦਿਨ ਪਹਿਲਾਂ ਦੁਕਾਨ 'ਤੇ ਰਾਜਸ਼੍ਰੀ ਲਾਟਰੀ ਦੀਆਂ 10 ਟਿਕਟਾਂ ਦੀ ਇੱਕ ਕਾਪੀ ਬਚ ਗਈ ਸੀ। ਉਨ੍ਹਾਂ ਸੋਚਿਆ ਕਿ ਚਲੋ ਇਸ ਵਾਰ ਫਿਰ ਕਿਸਮਤ ਅਜ਼ਮਾਉਂਦੇ ਹਾਂ। ਉਸੇ ਕਾਪੀ 'ਚੋਂ ਇੱਕ ਟਿਕਟ 'ਤੇ ਉਨ੍ਹਾਂ ਦਾ 1 ਲੱਖ ਰੁਪਏ ਦਾ ਇਨਾਮ ਨਿਕਲ ਆਇਆ।


### ਨਿਲਾਮੀ ਨੋਟਿਸ

ਦੀ ਧਨੋਏ ਕਲਾਂ ਬਹੁ-ਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮ: ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਵੱਲੋਂ ਖੇਤੀਬਾੜੀ ਸੰਦਾਂ ਦੀ ਨਿਲਾਮੀ ਮਿਤੀ 09-10-2026 ਨੂੰ ਸਵੇਰੇ 11 ਵਜੇ ਸਭਾ ਦੇ ਦਫਤਰ ਧਨੋਏ ਕਲਾਂ ਵਿਖੇ ਕੀਤੀ ਜਾਵੇਗੀ। ਖੇਤੀ ਸੰਦਾਂ ਦਾ ਵੇਰਵਾ : (ਹੈਪੀ ਸੀਡਰ-1, ਐੱਮ ਬੀ ਪਲਾਉ-1, ਮਲਚਰ-1)। ਮੌਕੇ 'ਤੇ ਬੋਲੀਕਾਰ ਨੂੰ 5000 ਰੁਪਏ ਸਕਿਉਰਟੀ ਜਮ੍ਹਾਂ ਕਰਵਾਉਣੀ ਹੋਵੇਗੀ। ਹੋਰ ਜਾਣਕਾਰੀ ਲਈ ਸਭਾ ਦੇ ਸੈਕਟਰੀ ਸ੍ਰੀ ਰਾਜਬੀਰ ਸਿੰਘ ਮੋਬਾਇਲ ਨੰ. 82645-21625 ਉਪਰ ਫੋਨ ਕਰਕੇ ਪ੍ਰਾਪਤ ਕੀਤੀ ਜਾ ਸਕਦੀ ਹੈ। ਸਹੀ/-ਪ੍ਰਧਾਨ,

ਦੀ ਧਨੋਏ ਕਲਾਂ ਬਹੁ-ਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮਟਿਡ

### PUBLIC NOTICE

I Simranjit Kaur w/o Jaspal Singh Rinku s/o late Jeet Singh R/o Amritsar, have approached Equitas Small Finance Bank Limited at Amritsar, for availing a loan against mortgage of below mentioned immovable property owned and possessed by us vide Title deed dated: 05-01-2018 as doc No. 8118 registered at SRO Amritsar.. Anybody having any claim or objection in creating mortgage over said property in favour of above Bank shall approach concerned authority or the bank within seven days from this publication, failing which it shall be presumed that there is no objection or claim of any one over this property and the bank may proceed further in advancing loan by way of mortgaging the said property. Further, any objection or claim made thereafter shall have no legal effect on me or on the Bank.

DESCRIPTION OF THE PROPERTY

Residential Property House bearing Khanashamari No. 1357/111-21 and 814/111-21, Present Khanashamari' No. T-2/468, Total measuring 95 Square Yards, situated at Amritsar Circle No. 107, Kucha Amir Ghumyar Chowk, Baba Bori Wala, Tehsil Amritsar-1 & District Amritsar, Having its directions and dimensions as, North: Mahinder Kaur, Niranjan Singh and Dharamshala 23.4 FEET, South: Raj Singh 21.3 FEET, East: Jagat Singh 38 FEET, West: Ravel Singh and Gali 38.6 FEET, **Measurement : 95 square yards (855 square feet)**

Name & address of property owner

Rupchand Bera S/o Radhanath Bera & Rimpa Bera W/o Rupchand Bera **Vikas Verma, Advocate 9815156302**

### Public Notice

It hereby informs to public at large that Tanveer Gangar has avail loan from AU SMALL FINANCE BANK LIMITED have its branch office a HOSHIARPUR. Property i.e. Property Measuring 6 Marla Comprising Under Khasra No. 21//4/2/2, 21//5/2/2/2, 21//5/2/2/4, 21//7/1/1/1, 21//7/1/1/3 Min, 21//8/2/1/1, 21//8/2/1/6, 21//7/1/1/3 Min, 21//6/2/2, 21//13/1, 21//13/2, 21//14/1, 21//15/1 Situated at Village Garhi, Tehsil Garhshankar, District Hoshiarpur is owned by Neelam W/o Parshotam Lal and Tanveer Gangar S/o Parshotam Lal vide Transfer Deed No.1333 dated 05.08.2026 and Transfer Deed No.1389 dated 11.08.2026. Earlier Sale Deed No.3232 Dated:-05.12.2014 has been lost and not tracable. There is no third party interest involve in owner and title is clear. If anybody have any Objection regarding the ownership of the property mention below then may contact to undersigned and anybody having claim or claiming any prior rights or interest in any manner in this property or has raised Loan by depositing the aforesaid document to any person/bank/corporation/financial institution may approach the Lalit Kakkar (Advocate) Off. : Chamber No. 24, New Courts, Jalandhar. M.No. 98761-07449 and submit objection within 7 days from the date of this notice. After the expiry of period of this no claim shall be entertained and such claim shall be deemed to be false, fake, frivolous, fraudulent and baseless claim and shall have no value in the eyes of law.

### ਉੱਤਰ ਰੇਲਵੇ

**ਈ-ਟੈਂਡਰ ਸੂਚਨਾ**

ਸੀਨੀ. ਮੰਡਲ ਬਿਜਲੀ ਇੰਜੀਨੀਅਰ/ਜੀ, ਉੱਤਰ ਰੇਲਵੇ ਫ਼ਿਰੋਜ਼ਪੁਰ ਦੁਵਾਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਈ ਟੈਂਡਰਾ (www.ireps.gov.in) ਮੰਗ ਕੀਤੀ ਜਾਂਦੀ ਹੈ । ਟੈਂਡਰਕਾਰ ਅਪਣੇ ਮੂਲ/ਸੰਸ਼ੋਧਿਤ ਟੈਂਡਰਾ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ ।

**ਟੈਂਡਰ ਨੰਬਰ :** 251-Elect-T-09-2026-27

**ਕੰਮਾਂ ਦਾ ਵੇਰਵਾ :** ਫ਼ਿਰੋਜ਼ਪੁਰ ਵਿਚ ਪਾਵਰ ਸਪਲਾਈ ਏਸੇਟਸ ਦੀ ਆਨਲਾਈਨ ਮਾਨਿਟਰਿੰਗ ਅਤੇ ਕੰਟਰੋਲ ਦੇ ਲਈ ਸੁਪਰਵਾਈਜਰੀ ਕੰਟਰੋਲ ਐਂਡ ਡੇਟਾ ਏਕਿਵਜਿਸ਼ਨ (SCADA) ਦੇ ਨਾਲ HT ਰਿੰਗ ਮੇਨ ਦੇ ਪ੍ਰੋਵੀਜਨ ਤੋਂ ਜੁੜਿਆ ਇਲੇਕਿਟ੍ਰਕਲ ਕੰਮ ਅਤੇ ਦੂਸਰੇ ਜੁੜੇ ਕੰਮ ।

**ਅਨੁਮਾਨਿਤ ਲਾਗਤ (ਰੁ:) :** ਰੁ: 5,41,70,238.65/-

**ਬਿਆਨਾ ਰਾਸ਼ੀ (ਰੁ) :** ਰੁ: 10,83,400.00

**ਕੰਮ ਦਾ ਸਮਾਂ :** 06 ਮਹੀਨੇ

**ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ :** 16.10.2026, 15:00 ਵਜੇ ਦੇ ਬਾਦ

**ਵੈੱਬਸਾਈਟ :** www.ireps.gov.in

ਨੰ: 251-ਬਿਜਲੀ-ਟੈਂਡਰ ਨੋਟਿਸ ਨੰ: 09-ਬਿਜਲੀ/2026-27 ਮਿਤੀ : 25.09.2026 3340/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

### ਉੱਤਰ ਰੇਲਵੇ

**ਈ-ਟੈਂਡਰ ਸੂਚਨਾ**

ਉਪ ਮੁੱਖ ਇੰਜੀਨੀਅਰ/ਜੀ.ਐਸ.ਯੂ. ਫ਼ਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਹੇਠਾ ਲਿਖੀ ਈ-ਟੈਂਡਰਾ ਆਖਰੀ ਮਿਤੀ 15.10.2026 ਵਕਤ 11:30 ਵਜੇ ਤਕ www.ireps.gov.in ਉਤੇ ਮੰਗ ਕੀਤੀ ਜਾਂਦੀ ਹੈ । ਟੈਂਡਰਕਰਤਾ ਅਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ । ਮੈਨੂੰਅਲ ਟੈਂਡਰ ਮਾਨਯ ਨਹੀਂ ਹੈ ਐਸੇ ਕਿਸੀ ਵੀ ਮੈਨੂੰਅਲ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ । ਟੈਂਡਰਕਰਤਾ ਟੈਂਡਰ-ਪੱਤਰ ਦੀ ਬਿਆਨਾ ਰਾਸ਼ੀ ਦੀ ਜਗ੍ਹਾਂ ਟੈਂਡਰ ਸੁਰੱਖਿਆ ਪੱਤਰ ਨਿਰਧਾਰਿਤ ਪ੍ਰਾਰੂਪ ਵਿਚ ਟੈਂਡਰ ਦੇ ਨਾਲ ਈ-ਪੋਰਟਲ ਉਤੇ ਨਥੀ ਕਰੇਗਾ ।

| ਟੈਂਡਰ ਪ੍ਰਕਾਰ | ਟੈਂਡਰ ਅਨੁਭਾਗ | ਟੈਂਡਰ ਪ੍ਰਣਾਲੀ | ਟੈਂਡਰ ਅਪਲੋਡ ਕਰਨ ਦੀ ਮਿਤੀ | ਟੈਂਡਰ ਸ਼ੁਰੂ ਦੀ ਮਿਤੀ | ਟੈਂਡਰ ਪੂਰੀ ਕਰਨ ਦੀ ਮਿਤੀ ਅਤੇ ਸਮਾਂ |
|---|---|---|---|---|---|
| ਖੁਲੀ ਟੈਂਡਰ | ਗਤੀ ਸ਼ਕਤੀ ਇਕਾਈ | ਇਕ ਪੈਕੇਟ ਪ੍ਰਣਾਲੀ | 23.09.2026 | 01.10.2026 | 15.10.2026 11:30 |

| ਲ.ਨੰ: | ਟੈਂਡਰ ਨੰ: ਮਿਤੀ | ਟੈਂਡਰ ਦਾ ਵੇਰਵਾ | | | |
|---|---|---|---|---|---|
| 1 | OP-09-GSU FZR-2026-27 Date: 23.09.2026 | ਜੰਮੂ ਡਵੀਜਨ ਦੇ ਤਹਿਤ, ਅੰਮ੍ਰਿਤ ਭਾਰਤ ਸਟੇਸ਼ਨਸ ਯੋਜਨਾ (ABSS) ਦੇ ਅੰਤਰਗਤ BDGM (02 ਨੰਬਰ), MCTM (03 ਨੰਬਰ), ਰੇਲਵੇ ਸਟੇਸ਼ਨਸ ਉਤੇ 05 ਲਿਫਟਾਂ ਦੇ ਕ੍ਰਿਯਾਨਵਯਨ ਦੇ ਨਾਲ ਸਿਵਿਲ ਕੰਮ ਅਤੇ MCTM (04 ਨੰਬਰ), ਰੇਲਵੇ ਸਟੇਸ਼ਨ ਉਤੇ 04 ਐਸਕੇਲੇਟਰਾਂ ਦੇ ਕ੍ਰਿਯਾਨਵਯਨ ਦੇ ਨਾਲ ਸਿਵਿਲ ਕੰਮ । | | | |
| | | ਵਿਗਿਆਪਨ ਮੂਲ (ਰੁ:) | ਬਿਆਨਾ ਰਾਸ਼ੀ | ਆਫਰ ਦੀ ਵੈਧਤਾ | ਪੂਰਾ ਕਰਨ ਦਾ ਸਮਾਂ |
| | | 42324795.89/- | 846500.00/- | 60 ਦਿਨ | 04 ਮਹੀਨੇ |

ਨੋਟ:- 1. ਟੈਂਡਰ ਪਾਉਣ ਤੋਂ ਪਹਿਲਾ, ਟੈਂਡਰਕਰਤਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੀ ਵੀ ਸ਼ੁੱਧੀਪੱਤਰ ਦੀ ਜਾਂਚ ਕਰਣਗੇ ।

2. ਹਿੰਦੀ ਵਿਚ ਕਿਸੀ ਗਲਤੀ ਲਈ ਅੰਗ੍ਰੇਜੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜੀ ਵਰਜਨ ਹੀ ਮਾਨਯ ਹੋਣਗੇ ।

ਖੁਲੀ ਟੈਂਡਰ ਸੂਚਨਾ ਪੱਤਰ ਨੰ: OP-09-GSU-FZR-2026-27 Date: 25.09.2026 3341/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



## ਕਲਾਸੀਫਾਈਡ ਇਸ਼ਤਿਹਾਰ

### Public Notice

I, Harjinder Singh S/o Baldev Singh, resident of V.P.O. Kotli Gazran, Tehsil Shahkot, District Jalandhar, hereby declare that my son Tanveer Singh was born on 17-01-2006 at Kamal Hospital, Jalandhar. His date of birth was inadvertently recorded as 07-01-2006 in the school records. The correct date of birth is 17-01-2006. I have sworn an affidavit for correction of the same.

### ਆਮ ਸੂਚਨਾ

ਮੈਂ, ਬੁੱਧ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਪਿੰਡ ਪੰਜਵੜ ਕਲਾਂ, ਤਹਿਸੀਲ ਤੇ ਜ਼ਿਲ੍ਹਾ ਤਰਨ ਤਾਰਨ ਸੂਚਿਤ ਕਰਦਾ ਹਾਂ ਕਿ ਮੈਂ ਆਪਣੇ ਲੜਕੇ ਬਲਜਿੰਦਰ ਸਿੰਘ ਨੂੰ 'ਨਵਾਂ ਜ਼ਮਾਨਾ' ਅਖਬਾਰ ਰਾਹੀਂ 23/10/2024 ਨੂੰ ਬੇਦਖਲ ਕੀਤਾ ਸੀ, ਹੁਣ ਮੇਰਾ ਲੜਕਾ ਬਲਜਿੰਦਰ ਸਿੰਘ ਮੇਰੇ ਕਹਿਣੇ ਵਿੱਚ ਹੈ। ਇਸ ਲਈ ਮੈਂ ਉਸ ਨੂੰ ਦਿੱਤਾ ਆਪਣਾ ਬੇਦਖਲੀ ਨੋਟਿਸ ਵਾਪਸ ਲੈਂਦਾ ਹਾਂ। ਸੰਬੰਧਤ ਨੋਟ ਕਰਨ।

### ਬੇਦਖਲੀ ਨੋਟਿਸ

ਮੈਂ, ਫਤਿਹ ਸਿੰਘ ਪੁੱਤਰ ਇੰਦਰ ਸਿੰਘ ਵਾਸੀ ਪਿੰਡ ਮੂਲੋਵਾਲ, ਤਹਿਸੀਲ ਧੂਰੀ (ਸੰਗਰੂਰ) ਆਪਣੇ ਲੜਕੇ ਸੁਖਵਿੰਦਰ ਸਿੰਘ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਅਤੇ ਸੰਬੰਧ ਰੱਖਣ ਵਾਲੇ ਖੁਦ ਜ਼ਿੰਮੇਵਾਰ ਹੋਣਗੇ। ਮੇਰੀ ਜਾਂ ਮੇਰੇ ਪਰਿਵਾਰਕ ਮੈਂਬਰਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ ਹਰਚਰਨਜੀਤ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਪਿੰਡ ਜੋਧਵਾਲ, ਤਹਿਸੀਲ ਸਮਰਾਲਾ ਲੁਧਿਆਣਾ ਆਪਣੀ ਪਤਨੀ ਮਨਪ੍ਰੀਤ ਕੌਰ ਅਤੇ ਮੇਰੀ ਲੜਕੀ ਰਵਨੀਤ ਕੌਰ ਤੇ ਮੇਰਾ ਲੜਕਾ ਜਸਕਿਰਤ ਸਿੰਘ ਜੋ ਕਿ ਮੇਰੇ ਕਹਿਣੇ ਤੇ ਬਾਹਰ ਹਨ ਅਤੇ ਮੇਰੇ ਨਾਲ ਲੜਾਈ ਝਗੜਾ ਅਤੇ ਗਾਲੀ ਗਲੋਚ ਕਰਦੇ ਹਨ। ਮੈਂ ਉਨ੍ਹਾਂ ਨੂੰ ਆਪਣੀ ਚੱਲ- ਅਚੱਲ ਜਾਇਦਾਦ ਵਿੱਚੋਂ ਬੇਦਖ਼ਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖ਼ੁਦ ਜ਼ਿੰਮੇਵਾਰ ਹੋਵੇਗਾ।

ਮੈਂ, ਜੋਰਜ ਮਸੀਹ ਪੁੱਤਰ ਅਨੇਤ ਮਸੀਹ ਵਾਸੀ ਪਿੰਡ ਹਰਦੋਬਥਵਾਲਾ ਤਹਿਸੀਲ ਜ਼ਿਲ੍ਹਾ ਗੁਰਦਾਸਪੁਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਕੇਵਲ ਮਸੀਹ ਅਤੇ ਉਸ ਦੀ ਪਤਨੀ ਪਰਮਜੀਤ ਕੌਰ ਸਾਡੇ ਕਹਿਣ ਤੋਂ ਬਾਹਰ ਹਨ ਅਤੇ ਮੇਰੇ ਨਾਲ ਲੜਾਈ ਝਗੜਾ ਕਰਦੇ ਹਨ, ਜਿੰਨਾਂ ਨੂੰ ਮੈਂ ਆਪਣੀ ਚੱਲ ਅੱਚਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ। ਜਿਹੜਾ ਵੀ ਇਨ੍ਹਾਂ ਦੋਵਾਂ ਦੇ ਨਾਲ ਲੈਣ ਦੇਣ ਕਰੇਗਾ। ਉਹ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਜੀਤੋ ਪਤਨੀ ਸ੍ਰੀ ਮੁਲਖ ਰਾਜ ਵਾਸੀ ਮਕਾਨ ਨੰ. 509 ਐੱਫ, ਕਿਰਪਾਲ ਕਾਲੋਨੀ, ਮਜੀਠਾ ਰੋਡ, ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਬੋਬੀ ਜੋਨ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੈਂ ਆਪਣੇ ਲੜਕੇ ਬੋਬੀ ਜੋਨ ਨਾਲ ਕਿਸੇ ਕਿਸਮ ਦਾ ਕੋਈ ਵੀ ਤਾਲੁਕ-ਵਾਸਤਾ ਨਹੀਂ ਰੱਖਣਾ ਚਾਹੁੰਦੀ। ਸੰਬੰਧਤ ਨੋਟ ਕਰਨ।

ਮੈਂ, ਪ੍ਰਵੀਨ ਕੌਰ ਵਿਧਵਾ ਮਾਘ ਸਿੰਘ ਵਾਸੀ ਬੱਘੇ ਕੇ ਹਿਠਾੜ, ਤਹਿਸੀਲ ਜਲਾਲਾਬਾਦ (ਪੱ.), ਜ਼ਿਲ੍ਹਾ ਫਾਜ਼ਿਲਕਾ ਸੂਚਿਤ ਕਰਦੀ ਹਾਂ ਕਿ ਮੇਰੀ ਲੜਕੀ ਪ੍ਰਿਅੰਕਾ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਅਸੀਂ, ਹਰਦੇਵ ਸਿੰਘ ਸੰਧੂ ਪੁੱਤਰ ਪਰਮਜੀਤ ਸਿੰਘ ਅਤੇ ਮਨਦੀਪ ਕੌਰ ਸੰਧੂ ਪਤਨੀ ਹਰਦੇਵ ਸਿੰਘ ਸੰਧੂ ਵਾਸੀ ਪਿੰਡ ਭਕਨਾ ਖੁਰਦ, ਅੰਮ੍ਰਿਤਸਰ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਕਰਨ ਸਿੰਘ ਸੰਧੂ ਅਤੇ ਉਸ ਦੀ ਪਤਨੀ ਜਸਕਿਰਨ ਕੌਰ ਪਾਬਲਾ ਸਾਡੇ ਕਹਿਣੇ ਤੋਂ ਬਾਹਰ ਹਨ। ਇਸ ਲਈ ਅਸੀਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

### ਬੇਦਖਲੀ ਨੋਟਿਸ

ਮੈਂ, ਹਰਜੀਤ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਬੱਲ ਕਲਾਂ, ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਬਲਜੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਸ਼ਰੀਫ ਮਸੀਹ ਪੁੱਤਰ ਪ੍ਰੇਮ ਮਸੀਹ ਵਾਸੀ ਪਿੰਡ ਭੰਗਵਾਂ, ਡਾਕਖਾਨਾ ਲਖਨਪਾਲ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਮੇਰਾ ਲੜਕਾ ਰਮਨ ਮਸੀਹ, ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਅਜੈ ਸਾਹਨੀ ਪੁੱਤਰ ਵੇਦ ਪ੍ਰਕਾਸ਼ ਸਾਹਨੀ ਵਾਸੀ ਮਕਾਨ ਨੰ. 33-ਏ, ਰਾਜਾ ਗਾਰਡਨ ਐਕਸਟੈਨਸ਼ਨ, ਨਜ਼ਦੀਕ ਬਸਤੀ ਪੀਰ ਦਾਦ, ਜ਼ਿਲ੍ਹਾ ਜਲੰਧਰ ਪੰਜਾਬ-144002, ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਪਿਯੂਸ਼ ਸਾਹਨੀ ਅਤੇ ਉਸ ਦੀ ਪਤਨੀ ਰਿਧਿਮਾ ਸਾਹਨੀ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਅਤਰ ਕੌਰ ਪਤਨੀ ਦਰਸ਼ਨ ਸਿੰਘ ਵਾਸੀ ਪਿੰਡ ਕਮਾਲਪੁਰ ਜੱਟਾਂ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ। ਮੇਰੀ ਲੜਕੀ ਗੁਰਪ੍ਰੀਤ ਕੌਰ ਉਰਫ ਗੋਪੀ ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

### ਨਾਂਅ ਦੀ ਬਦਲੀ

ਮੈਂ ਬਲਵੀਰ ਸਿੰਘ ਪੁੱਤਰ ਬਿੱਕਰ ਸਿੰਘ ਵਾਸੀ ਮਕਾਨ ਨੰਬਰ 31 ਪਿੰਡ ਅਤੇ ਡਾਕਖਾਨਾ ਬਜੂਹਾ ਖੁਰਦ ਤਹਿਸੀਲ ਨਕੋਦਰ ਜ਼ਿਲ੍ਹਾ ਜਲੰਧਰ ਪੰਜਾਬ ਭਾਰਤ ਐਲਾਨ ਕਰਦਾ ਹਾਂ ਕਿ ਮੈਂ ਆਪਣਾ ਨਾਂ ਬਲਬੀਰ ਸਿੰਘ ਤੋਂ ਬਦਲ ਕੇ ਬਲਵੀਰ ਸਿੰਘ ਰੱਖ ਲਿਆ ਹੈ।

ਮੈਂ, ਰੋਹਤ ਪੁੱਤਰ ਸਰਬਜੀਤ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਹਰਦੋਵਾਲ, ਜ਼ਿਲ੍ਹਾ ਗੁਰਦਾਸਪੁਰ, ਪੰਜਾਬ ਨੇ ਆਪਣਾ ਨਾਂਅ ਰੋਹਤ ਤੋਂ ਬਦਲ ਕੇ ਰੋਹਿਤ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

### Change of Name

I, Ashima W/o Rajinder Singh R/o H.No.27, Baba Deep Singh Enclave, Near Dana Mandi, Mule Chak, Amritsar have changed my name from Ashima to Ashima Mehra

I, Balraj Singh S/o. Pritam Singh R/o Village Boparai Baj Singh, PO Khasa, Tehsil Ajnala, Amritsar have changed my name from Balraj Singh to Balraj Singh Rai. All concerned noted.

I Rhia Dhritimon Merchant W/O Devang Mehra R/O H. No. 9 R.B Rattan Chand Road Near Ram Dham Mandir Amritsar Have Changed My Name After Marriage To Rhia Merchant Mehra. All Concerned Please Note

I, Harpreet Singh S/o Sandeep Singh R/o V.PO.Kala Sanghian, Alamgir, Distt. Kapurthala, Punjab have changed my name from Harpreet Singh to Given name as Harpreet and Singh as Surname. All please note.

I, Geeta W/o Shallinder R/o 1004, Gali No. 5, Batala Road, Guru Nanak Nagar, Amritsar- 143001 have changed my name from Geeta to Komal.

### Change of Name

I, Indu Dhiman W/o Desh Bandhu Dhiman R/o 73-A, Rani Ka Bagh, Amritsar, Punjab (Aadhar Card No. 2053-3612-9509) inform that Indu Dhiman, Indu Bala, Indu, Indu Bharij and Indu Bala Bharij all names are mine which is one and the same person. Concerned Note.

I, Ashu W/O Prem Lal R/O 38-D,Ward No.20,Golden Avenue, Amritsar, Punjab have changed my name from Ashu to Asha. Concerned note.

I, Rani W/o Raj Kumar R/o H.No. 118, Street No. 1, Kamalpur, Tehsil and Distt. Hoshiarpur, 146001, Punjab have changed my name from Rani to Rani Rai. Concerned note.

I Ravideep S/o Raman Kumar,R/o H.no 110-B, Near DAV College, Shital Nagar , Jalandhar have changed my name from Ravideep to Ravideep Kumar

I, Harshit Kumar Aggarwal S/o Naresh Aggarwal R/o 174 Jodhamal Colony Tehsil and Distt. Pathankot, Gurdaspur have changed my name Harshit Kumar Aggarwal to Harshit Aggarwal. All concerned please note.

I, Prabhjot Singh S/o Harbhajan Singh R/o Village Sarai, PO Bhattike, Tehsil Baba Bakala, Distt. Amritsar, Punjab have changed my name from Prabhjot Singh to Singh is my surname and Prabhjot is my given name.

I, Nimmi Rehal W/o Tarsem Lal, R/o Village Chuharwali, P.O. Adampur Distt. Jalandhar have changed my name from NIMMI REHAL to NIMI REEL. All concerned please note.

I, Ashish Rehal S/o Tarsem Lal , R/o Village Chuharwali, P.?. Adampur Distt. Jalandhar have changed my name from ASHISH REHAL to ASHISH REEHL. All concerned please note.

I, Sheetal Rehal W/o Ashish Rehal R/o Village Chuharwali P.O. Adampur Distt. Jalandhar have changed my name from SHEETAL REHAL to SHEETAL REEHL. All concerned please note.

I Lashmi W/O Harbinder Kumar R/O H.no 308/6-A Ward No 30 Central Town Jalandhar 144001 Punjab Have Changed my Name From Lashmi To Lakshmi. All Concerned Please Note.

I, hitherto Known as Pahul Mehrok D/O Gurinder Singh Mehrok, Residing at 35, Krishna Nagar, Lawrence Road, Amritsar, Punjab have changed my name and shall hereafter be known as Pahul Kaur Mehrok.

I Tej Kaur W/O Lehmbar Lal, R/O H.No 608/2, Rangnia Mohalla, Adampur, Jalandhar Have Changed My Name From Tejo To Tej Kaur

### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।


## ਕੰਵਲਪ੍ਰੀਤ ਸਿੰਘ ਕਾਕੀ ਨੇ ਹਲਕਾ ਇੰਚਾਰਜ ਬਣਨ ਉਪਰੰਤ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਿਆ



ਧਾਰੀਵਾਲ, (ਮਨਦੀਪ ਵਿੱਕੀ)- ਨੌਜਵਾਨ ਅਕਾਲੀ ਆਗੂ ਕੌਮੀ ਜਨਰਲ ਸਕੱਤਰ ਸ਼੍ਰੋਮਣੀ ਅਕਾਲੀ ਦਲ ਕੰਵਲਪ੍ਰੀਤ ਸਿੰਘ ਕਾਕੀ ਨੇ ਵਿਧਾਨ ਸਭਾ ਹਲਕਾ ਕਾਦੀਆਂ ਦਾ ਹਲਕਾ ਇੰਚਾਰਜ ਬਣਨ ਉਪਰੰਤ ਜਥੇਦਾਰ ਗੁਰਿੰਦਰਪਾਲ ਸਿੰਘ ਗੋਰਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਅਕਾਲੀ ਵਰਕਰਾਂ ਦੇ ਨਾਲ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਪਹੁੰਚ ਕੇ ਧੰਨ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਤਮਸਤਕ ਹੋ ਕੇ ਸ੍ਰੀ ਗੁਰੂ ਰਾਮਦਾਸ ਜੀ ਦੇ ਚਰਨਾਂ ਵਿੱਚ ਅਰਦਾਸ ਬੇਨਤੀ ਕਰਕੇ ਵਾਹਿਗੁਰੂ ਸੱਚੇ ਪਾਤਸ਼ਾਹ ਜੀ ਦਾ ਕੋਟਿਨ ਕੋਟਿਨ ਸ਼ੁਕਰਾਨਾ ਕੀਤਾ।ਇਸ ਮੌਕੇ ਕੰਵਲਪ੍ਰੀਤ ਸਿੰਘ ਕਾਕੀ ਨੇ ਕਿਹਾ ਕਿ ਸਭ ਤੋਂ ਪਹਿਲਾਂ ਮੈਂ ਵਾਹਿਗੁਰੂ ਸੱਚੇ ਪਾਤਸ਼ਾਹ ਜੀ ਦਾ ਸ਼ੁਕਰਾਨਾ ਕਰਦਾ ਹਾਂ ਜਿਨ੍ਹਾਂ ਨੇ ਅਪਾਰ ਕਿਰਪਾ ਕਰਕੇ ਮੈਨੂੰ ਕਾਦੀਆਂ ਹਲਕੇ ਦੀ ਸੇਵਾ ਬਖ਼ਸ਼ਿਸ਼ ਕੀਤੀ ਹੈ ਉਥੇ ਮੈਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸਮੁੱਚੀ ਲੀਡਰਸ਼ਿਪ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਮੇਰੇ ਤੇ ਭਰੋਸਾ ਕਰਕੇ ਮੈਨੂੰ ਕਾਦੀਆਂ ਹਲਕੇ ਦਾ ਇੰਚਾਰਜ ਬਣਾ ਕੇ ਸੇਵਾ ਕਰਨ ਦਾ ਮੌਕਾ ਬਖ਼ਸ਼ਿਆ।ਕਾਕੀ ਨੇ ਕਾਦੀਆਂ ਹਲਕੇ ਦੀ ਜਨਤਾ ਨੂੰ ਸਾਥ ਦੇਣ ਦੀ ਬੇਨਤੀ ਕੀਤੀ।

## ਹਿੰਦੂ ਕੰਨਿਆ ਮਹਾਵਿਦਿਆਲਿਆ 'ਚ ਲੱਗਾ ਸਿਹਤ ਜਾਗਰੂਕਤਾ ਕੈਂਪ



ਧਾਰੀਵਾਲ, (ਮਨਦੀਪ ਵਿੱਕੀ)-ਹਿੰਦੂ ਕੰਨਿਆ ਮਹਾਵਿਦਿਆਲਿਆ ਧਾਰੀਵਾਲ ਵਿਖੇ ਕਾਲਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐੱਨ. ਡੀ.ਅਨੰਦ, ਸਕੱਤਰ ਰਮੇਸ਼ ਕੋਹਲੀ ਤੇ ਪ੍ਰਿੰਸੀਪਲ ਡਾ. ਰਜਵਿੰਦਰ ਕੌਰ ਦੀ ਰਹਿਨੁਮਾਈ ਹੇਠ ਐੱਨ. ਐੱਸ. ਐੱਸ. ਵਿਭਾਗ ਅਤੇ ਰੈੱਡ ਰਿਬਨ ਕਲੱਬ ਵੱਲੋਂ 'ਨਸ਼ਾ ਮੁਕਤ ਯੁਵਾ ਫਾਰ ਵਿਕਸਿਤ ਭਾਰਤ-100 ਹਫ਼ਤੇ ਨਸ਼ਾ ਮੁਕਤ ਯੁਵਾ ਮੁਹਿੰਮ' ਤਹਿਤ 'ਮੇਰਾ ਸਵਾਸਥ, ਮੇਰਾ ਗੌਰਵ' ਵਿਸ਼ੇ 'ਤੇ ਵਿਸ਼ੇਸ਼ ਜਾਗਰੂਕਤਾ ਕੈਂਪ ਲਗਾਇਆ ਗਿਆ। ਇਹ ਮੁਹਿੰਮ ਭਾਰਤ ਸਰਕਾਰ ਦੇ ਯੁਵਾ ਮਾਮਲੇ ਅਤੇ ਖੇਡ ਮੰਤਰਾਲੇ ਵੱਲੋਂ ਚਲਾਈ ਜਾ ਰਹੀ ਹੈ।ਕੋਆਰਡੀਨੇਟਰ ਡਾ. ਰਜਵਿੰਦਰ ਕੌਰ ਨੇ ਦੱਸਿਆ ਇਸ 100 ਹਫ਼ਤਿਆਂ ਦੀ ਮੁਹਿੰਮ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ 2 ਅਗਸਤ 2026 ਨੂੰ ਦੇਸ਼ ਭਰ ਦੇ 28 ਹਜ਼ਾਰ ਤੋਂ ਵੱਧ ਸਥਾਨਾਂ ਤੋਂ ਸ਼ੁਰੂ ਕੀਤਾ ਗਿਆ ਸੀ, ਜਿਸ ਵਿਚ ਇਕ ਕਰੋੜ ਤੋਂ ਵੱਧ ਨੌਜਵਾਨਾਂ ਨੇ ਭਾਗ ਲਿਆ।ਇਸ ਮੁਹਿੰਮ ਦਾ ਉਦੇਸ਼ ਨੌਜਵਾਨਾਂ ਨੂੰ ਨਸ਼ਾ ਮੁਕਤ ਭਾਰਤ ਦੇ ਸੰਦੇਸ਼ ਦੇ ਵਾਹਕ ਬਣਾਉਣਾ ਅਤੇ ਵਿਕਸਿਤ ਭਾਰਤ-2047 ਦੇ ਸੁਪਨੇ ਨੂੰ ਸਾਕਾਰ ਕਰਨ ਵਿਚ ਉਨ੍ਹਾਂ ਦੀ ਭੂਮਿਕਾ ਯਕੀਨੀ ਬਣਾਉਣਾ ਹੈ।ਮੁਹਿੰਮ ਦੇ ਉਦੇਸ਼ਾਂ ਬਾਰੇ ਜਾਣਕਾਰੀ ਦਿੰਦਿਆਂ ਐੱਨ. ਐੱਸ. ਐੱਸ. ਕੋਆਰਡੀਨੇਟਰ ਡਾ.ਰਜਵਿੰਦਰ ਕੌਰ ਨੇ ਕਿਹਾ ਕਿ ਨਸ਼ਿਆਂ ਦੀ ਰੋਕਥਾਮ ਸਬੰਧੀ ਜਾਗਰੂਕਤਾ ਨੂੰ ਜ਼ਮੀਨੀ ਪੱਧਰ ਤੱਕ ਪਹੁੰਚਾਉਣ ਵਿਚ ਐੱਨ. ਐੱਸ. ਐੱਸ. ਦੀ ਅਹਿਮ ਭੂਮਿਕਾ ਹੈ।ਇਸ ਮੌਕੇ ਐੱਨ. ਐੱਸ. ਐੱਸ. ਵਲੰਟੀਅਰਾਂ ਲਈ ਰੁਟੀਨ ਸਿਹਤ ਜਾਂਚ ਵੀ ਕਰਵਾਈ ਗਈ ਤਾਂ ਜੋ ਉਨ੍ਹਾਂ ਨੂੰ ਬਿਮਾਰੀਆਂ ਤੋਂ ਬਚਾਅ ਅਤੇ ਸਿਹਤ ਸੰਭਾਲ ਪ੍ਰਤੀ ਜਾਗਰੂਕ ਕੀਤਾ ਜਾ ਸਕੇ।ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਪ੍ਰਤੀ ਜਾਗਰੂਕ ਕਰਨ ਲਈ ਡਾ.ਤਮੰਨਾ (ਬੀ.ਏ.ਐੱਮ.ਐੱਸ, ਪੀ.ਜੀ.ਡੀ.ਏ.ਐਨ) ,ਡਾ.ਆਸ਼ੂ ਹੰਸ ਅਤੇ ਰੂਸੀ ਸਿੰਘ ਨੇ ਨਸ਼ਿਆਂ ਦੇ ਮਨੁੱਖੀ ਸਿਹਤ, ਮਾਨਸਿਕ ਤੰਦਰੁਸਤੀ, ਪਰਿਵਾਰ ਅਤੇ ਸਮਾਜ 'ਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਅਤੇ ਚੰਗੀ ਸਿਹਤ ਲਈ ਸੰਤੁਲਿਤ ਅਤੇ ਪੌਸ਼ਟਿਕ ਖੁਰਾਕ ਦੀ ਮਹੱਤਤਾ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਸਿਹਤਮੰਦ ਜੀਵਨਸ਼ੈਲੀ ਨਸ਼ਿਆਂ ਤੋਂ ਬਚਾਅ ਅਤੇ ਨੌਜਵਾਨਾਂ ਦੀ ਸਰੀਰਕ ਤੇ ਮਾਨਸਿਕ ਸਮਰੱਥਾ ਮਜ਼ਬੂਤ ਕਰਨ ਵਿਚ ਅਹਿਮ ਭੂਮਿਕਾ ਨਿਭਾਉਂਦੀ ਹੈ।ਉਨ੍ਹਾਂ ਕਿਹਾ ਕਿ ਅਤੇ ਆਪਣੇ ਬੱਚਿਆਂ ਨੂੰ ਸਿਹਤ ਸਬੰਧੀ ਜਾਗਰੂਕ ਕਰਨ ਦੀ ਲੋੜ ਹੈ ਕਿਉਂਕਿ ਅੱਜ ਕੱਲ੍ਹ ਬੱਚੇ ਫਾਸਟ ਫੂਡ ਜਿਵੇਂ ਬਰਗਰ, ਪੀਜ਼ਾ, ਕੋਲਡ ਡਰਿੰਕ, ਕੁਰਕਰੇ, ਚਿਪਸ ਆਦਿ ਜਿਆਦਾ ਮਾਤਰਾ ਵਿੱਚ ਲੈਂਦੇ ਹਨ ਜਿਸ ਨਾਲ ਸਿਹਤ ਉਤੇ ਬੁਰੇ ਪ੍ਰਭਾਵ ਪੈਂਦੇ ਹਨ ਅੱਜ ਛੋਟੇ ਤੋਂ ਛੋਟਾ ਬੱਚਾ ਵੀ ਕਈ ਬਿਮਾਰੀਆਂ ਦਾ ਸ਼ਿਕਾਰ ਹੋ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਸਾਨੂੰ ਆਪਣੀ ਖੁਰਾਕ ਵਿੱਚ ਵੱਧ ਤੋਂ ਵੱਧ ਪੌਸ਼ਟਿਕ ਆਹਾਰ ਜਿਵੇਂ ਦੁੱਧ, ਦਹੀ, ਹਰੀਆਂ ਸਬਜ਼ੀਆਂ ਆਦਿ ਲੈਣੇ ਚਾਹੀਦੇ ਹਨ ।ਅੰਤ ਵਿੱਚ ਪ੍ਰਿੰਸੀਪਲ ਡਾ. ਰਜਵਿੰਦਰ ਕੌਰ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਨੂੰ ਸਨਮਾਨ ਚਿੰਨ੍ਹ ਅਤੇ ਪੌਦੇ ਦੇ ਕੇ ਸਨਮਾਨਿਤ ਕੀਤਾ।ਇਸ ਮੌਕੇ ਸਮੂਹ ਸਟਾਫ ਹਾਜ਼ਰ ਸੀ। ਕੈਂਪ ਦੌਰਾਨ ਐੱਨ. ਐੱਸ. ਐੱਸ. ਵਲੰਟੀਅਰਾਂ ਨੇ ਉਤਸ਼ਾਹ ਨਾਲ ਭਾਗ ਲੈਂਦਿਆਂ ਸਿਹਤ ,ਨਸ਼ਾ ਮੁਕਤ ਅਤੇ ਵਿਕਸਿਤ ਭਾਰਤ ਦੀ ਉਸਾਰੀ ਲਈ ਕੰਮ ਕਰਨ ਦੀ ਸਹੁੰ ਚੁੱਕੀ।


### ਬੇਦਖਲੀ ਨੋਟਿਸ

ਮੈਂ ਅਦੀਪ ਕੁਮਾਰ ਪੁੱਤਰ ਮਦਨ ਲਾਲ, ਵਾਸੀ ਮੁਹੱਲਾ ਸ਼ਹਿਰੀਆ, ਕਪੂਰਥੱਲਾ ਬਿਆਨ ਕਰਦਾ ਹਾਂ ਕਿਵੇਂ ਮੇਰਾ ਲੜਕਾ ਪੁਨੀਤ ਗੋਪਾਲ ਅਤੇ ਨੂੰਹ ਪੂਨਮ ਹੰਸ ਮੇਰੇ ਕਹਿਣੇਕਾਰ ਨਹੀਂ ਹਨ। ਇਸ ਲਈ ਮੈਂ ਇਹਨਾਂ ਨੂੰ ਆਪਣੀ ਤਮਾਮ ਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ ਇਹਨਾਂ ਨਾਲ ਲੈਣ ਦੇਣ ਕਰਨ ਵਾਲਾ ਆਪ ਜਿੰਮੇਵਾਰ ਹੋਵੇਗਾ। ਮੈਂ ਜਾਂ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵੇਗਾ। ਸੰਬੰਧਤ ਨੋਟ ਕਰਨ।

# ਸੀ ਪੀ ਆਈ ਹੁਸ਼ਿਆਰਪੁਰ ਵੱਲੋਂ ਚੰਦ ਫਤਿਹਪੁਰੀ ਦੇ ਦਿਹਾਂਤ 'ਤੇ ਦੁੱਖ ਦਾ ਪ੍ਰਗਟਾਵਾ

**ਜਲੰਧਰ**- ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਹੁਸ਼ਿਆਰਪੁਰ ਦੇ ਸਕੱਤਰ ਕਾਮਰੇਡ ਓਂਕਾਰ ਸਿੰਘ, ਜਸਬੀਰ ਭਾਮ, ਅਸ਼ੋਕ ਮਹਿਮਾਸ, ਗੁਰਦੀਪ ਸਿੰਘ ਕਿੱਕਰਾਵਾਲੀ ਬਸੀ, ਅਮਰਜੀਤ ਸਿੰਘ, ਵਿਜੇ, ਪ੍ਰੀਤਮ ਅਤੇ ਦੇਵ ਰਾਜ ਨੇ 'ਨਵਾਂ ਜ਼ਮਾਨਾ' ਦੇ ਸੰਪਾਦਕ ਚੰਦ ਫਤਿਹਪੁਰੀ ਦੇ ਦਿਹਾਂਤ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

## ਚੰਦ ਫਤਿਹਪੁਰੀ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ

**ਆਦਮਪੁਰ (ਪਰਮਜੀਤ ਸਿੰਘ)**- ਨਵਾਂ ਜ਼ਮਾਨਾ ਅਖ਼ਬਾਰ ਦੇ ਸੰਪਾਦਕ ਅਤੇ ਸੀ ਪੀ ਆਈ ਦੇ ਅਹਿਮ ਆਗੂ ਕਾਮਰੇਡ ਚੰਦ ਫਤਿਹਪੁਰੀ ਦੇ ਸਦੀਵੀ ਵਿਛੋੜੇ 'ਤੇ ਆਦਮਪੁਰ ਹਲਕੇ ਦੇ ਉਨ੍ਹਾਂ ਨਾਲ ਦੇ ਪੁਰਾਣੇ ਸਾਥੀ ਵੱਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।

## ਰਾਮ ਤਲਾਈ ਵਿਖੇ ਨਤਮਸਤਕ ਹੋਏ ਉਦੇਵੀਰ ਸਿੰਘ ਢਿੱਲੋਂ



**ਡੇਰਾ ਬੱਸੀ (ਵਿਨੈ ਕੁਮਾਰ ਜੈਨ)**- ਡੇਰਾ ਬੱਸੀ ਬੱਸ ਸਟੈਂਡ ਦੇ ਨਜ਼ਦੀਕ ਸਥਿਤ ਇਤਿਹਾਸਿਕ ਰਾਮ ਤਲਾਈ ਵਿਖੇ ...

## ਬਾਬਾ ਸ੍ਰੀ ਚੰਦ ਜੀ ਦੇ ਜਨਮ ਦਿਹਾੜੇ ਨੂੰ ਸਮਰਪਤ ਵਿਸ਼ੇਸ਼ ਗੁਰਮਤਿ ਸਮਾਗਮ



**ਐੱਸ. ਏ. ਐੱਸ. ਨਗਰ (ਗੁਰਜੀਤ ਬਿੱਲਾ)**- ...

## ਸੁਖਵਿੰਦਰ ਪਾਲ ਸਿੰਘ ਮੁਲਤਾਨੀ ਨੇ ਥਾਣੇ ਦੇ ਮੁਖੀ ਵਜੋਂ ਸੰਭਾਲਿਆ ਚਾਰਜ



**ਲੋਹੀਆਂ ਖਾਸ (ਰੀਨਾ ਸ਼ਰਮਾ, ਪੰਕੋਤਰਜ)**- ... ਕਾਨੂੰਨ ਦੀ ਉਲੰਘਣਾ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ਟਰੈਫਿਕ ਦੀ ਸਮੱਸਿਆ ਦੇ ਹੱਲ ਲਈ ਵਿਸ਼ੇਸ਼ ਮੁਹਿੰਮ ਚਲਾਈ ਜਾਵੇਗੀ। ਬਿਨਾਂ ਨੰਬਰ ਪਲੇਟਾਂ ਵਾਲੇ ਮੋਟਰਸਾਈਕਲਾਂ ਦੇ ਚਲਾਨ ਕੱਟੇ ਜਾਣਗੇ ਅਤੇ ਲੋੜ ਪੈਣ 'ਤੇ ਵਾਹਨ ਵੀ ਜ਼ਬਤ ਕੀਤੇ ਜਾਣਗੇ। ਇਸ ਦੇ ਨਾਲ ਹੀ ਮੰਡੀ ਅਤੇ ਹੋਰ ਜਨਤਕ ਥਾਵਾਂ 'ਤੇ ਸ਼ੱਕੀ ਅਨਸਰਾਂ ਉੱਤੇ ਵੀ ਸਖ਼ਤ ਨਿਗਰਾਨੀ ਰੱਖੀ ਜਾਵੇਗੀ। ਉਨ੍ਹਾਂ ਚੇਤਾਵਨੀ ਦਿੰਦਿਆਂ ਕਿਹਾ, ਜੋ ਲੋਕ ਨਸ਼ਾ ਤਸਕਰੀ ਜਾਂ ਹੋਰ ਗੈਰ-ਕਾਨੂੰਨੀ ਕੰਮਾਂ ਵਿੱਚ ਸ਼ਾਮਲ ਹਨ, ਉਹ ਆਪਣੇ ਗੈਰ-ਕਾਨੂੰਨੀ ਧੰਦੇ ਤੁਰੰਤ ਬੰਦ ਕਰ ਦੇਣ ਜਾਂ ਸ਼ਹਿਰ ਛੱਡ ਕੇ ਚਲੇ ਜਾਣ। ਨਹੀਂ ਤਾਂ ਪੁਲਿਸ ਵੱਲੋਂ ਉਨ੍ਹਾਂ ਖ਼ਿਲਾਫ਼ ਸਭ ਤੋਂ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

## ਸੈਂਚਾਂ ਕੀਰਤਨ ਦਰਬਾਰ ਸੰਬੰਧੀ ਮਹੱਲਾ ਪ੍ਰੇਮਗੜ੍ਹ 'ਚ ਮੀਟਿੰਗ

**ਹੁਸ਼ਿਆਰਪੁਰ (ਓ ਪੀ ਰਾਣਾ)**- ਸ਼੍ਰੋਮਣੀ ਸ੍ਰੀ ਗੁਰੂ ਰਵਿਦਾਸ ਚੈਰੀਟੇਬਲ ਸਭਾ ਪੰਜਾਬ ਵੱਲੋਂ ਸ੍ਰੀ ਗੁਰੂ ਰਵਿਦਾਸ ਵੈਲਫੇਅਰ ਸੋਸਾਇਟੀ ਸੈਂਚਾਂ ਅਤੇ ਵੱਖ-ਵੱਖ ਸੰਸਥਾਵਾਂ ਦੇ ਸਹਿਯੋਗ ਨਾਲ ਪਿੰਡ ਸੈਂਚਾਂ ਵਿਖੇ 25ਵਾਂ ਸਾਲਾਨਾ ਮਹਾਨ ਕੀਰਤਨ ਦਰਬਾਰ 4 ਅਕਤੂਬਰ ਨੂੰ ਸਵੇਰੇ 9 ਤੋਂ ਸ਼ਾਮ 7 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਕੀਰਤਨ ਦਰਬਾਰ ਦੀਆਂ ਤਿਆਰੀਆਂ ਸੰਬੰਧੀ ਮੀਟਿੰਗਾਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ ਅਤੇ ਸੰਗਤਾਂ ਵਿੱਚ ਭਾਰੀ ਉਤਸ਼ਾਹ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਮਹੱਲਾ ਪ੍ਰੇਮਗੜ੍ਹ ਵਿਖੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਸਭਾ ਦੇ ਪ੍ਰਧਾਨ ਇੰਜੀਨੀਅਰ ਜਗਦੀਸ਼ ਲਾਲ ਬੱਧਣ, ਕੈਪਟਨ ਗਿਆਨ ਚੰਦ, ਕਸ਼ਮੀਰਾ ਸਿੰਘ, ਚੰਦਨ ਪਾਲ, ਗੁਰਦੀਪ ਜੱਸਲ, ਕੈਪਟਨ ਨਿਰਵੈਰ ਸਿੰਘ, ਬਲਵਿੰਦਰ ਸਿੰਘ ਅਤੇ ਹੋਰਨਾਂ ਸ਼ਖ਼ਸੀਅਤਾਂ ਨੇ ਦੱਸਿਆ ਕਿ ਕੀਰਤਨ ਦਰਬਾਰ ਦੀਆਂ ਤਿਆਰੀਆਂ ਸਮੂਹ ਸੰਗਤ ਦੇ ਸਹਿਯੋਗ ਨਾਲ ਚੱਲ ਰਹੀਆਂ ਹਨ। ਸਭਾ ਦੇ ਅਹੁਦੇਦਾਰਾਂ ਨੇ ਦੱਸਿਆ ਕਿ ਸਤਿਗੁਰੂ ਰਵਿਦਾਸ ਮਹਾਰਾਜ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ ਕਰਵਾਏ ਜਾਣ ਵਾਲੇ ਇਸ ਕੀਰਤਨ ਦਰਬਾਰ ਵਿੱਚ ਵਿਸ਼ੇਸ਼ ਤੌਰ 'ਤੇ ਬਾਬਾ ਰਵਿੰਦਰ ਸਿੰਘ ਜੌਨੀ, ਬਾਬਾ ਜੀਵਨ ਸਿੰਘ ਬਗੀਚੀ ਵਾਲੇ, ਬਾਬਾ ਹਰਭਜਨ ਸਿੰਘ ਖਾਲਸਾ ਚੱਕ ਸੋਤਲਾ ਵਾਲੇ, ਬਾਬਾ ਜਸਵਿੰਦਰ ਸਿੰਘ ਟਾਂਡੀ ਔਲਖ ਵਾਲੇ, ਸੰਤ ਬਿਹਾਰੀ ਲਾਲ ਅਨੰਦਗੜ੍ਹ ਵਾਲੇ, ਸੰਤ ਸਤਨਾਮ ਦਾਸ ਗੱਜਰ ਮਹਿਦੂਦ ਵਾਲੇ, ਸੰਤ ਬਾਬਾ ਰਣਜੀਤ ਸਿੰਘ ਗੁਰਦੁਆਰਾ ਸ਼ਹੀਦ ਸਿੰਘਾਂ ਹੁਸ਼ਿਆਰਪੁਰ, ਬਾਬਾ ਸੁਖਪ੍ਰੀਤ ਸਿੰਘ ਨੂਰੜ ਵਾਲੇ, ਭਾਈ ਗੁਰਪ੍ਰੀਤ ਸਿੰਘ ਰਾੜਾ ਸਾਹਿਬ ਸ਼ਾਮ ਚੁਰਾਸੀ ਵਾਲੇ, ਭਾਈ ਸਤਿੰਦਰ ਸਿੰਘ ਆਲਮ ਹੁਸ਼ਿਆਰਪੁਰ ਵਾਲੇ ਵਿਸ਼ੇਸ਼ ਤੌਰ 'ਤੇ ਸਤਿਗੁਰੂ ਰਵਿਦਾਸ ਮਹਾਰਾਜ ਦੀ ਬਾਣੀ ਅਤੇ ਜੀਵਨ ਸੰਬੰਧੀ ਵਿਚਾਰਾਂ ਸਾਂਝੀਆਂ ਕਰਨਗੇ।



## ਬੀ ਟੈਕ ਵਿਦਿਆਰਥੀਆਂ ਦੀ ਐਸ ਟੀ ਮਾਈਕ੍ਰੋਇਲੈਕਟ੍ਰੋਨਿਕਸ ਵਿਖੇ ਇੰਟਰਨਸ਼ਿਪ ਲਈ ਚੋਣ

**ਜਲੰਧਰ (ਸੁਰਿੰਦਰ ਕੁਮਾਰ)** ਡੇਵੀਅਟ ਦੇ 16 ਬੀ.ਟੈਕ ਵਿਦਿਆਰਥੀਆਂ ਦੀ ਐਸ.ਟੀ. ਮਾਈਕ੍ਰੋਇਲੈਕਟ੍ਰੋਨਿਕਸ ਵਿਸ਼ਵ-ਪ੍ਰਮੁੱਖ ਸੈਮੀਕੰਡਕਟਰ ਕੰਪਨੀ ਵਿੱਚ ਇੰਟਰਨਸ਼ਿਪ ਲਈ ਚੋਣ ਕੀਤੀ ਗਈ ਹੈ।ਇਹ ਚੋਣ ਸੰਸਥਾ ਅਤੇ ਵਿਦਿਆਰਥੀਆਂ ਲਈ ਇੱਕ ਮਹੱਤਵਪੂਰਨ ਪ੍ਰਾਪਤੀ ਹੈ। ਜੁਲਾਈ 2027 ਵਿੱਚ ਗ੍ਰੈਜੂਏਟ ਹੋਣ ਵਾਲੇ ਚੁਣੇ ਗਏ ਵਿਦਿਆਰਥੀ ਕੰਪਨੀ ਵਿੱਚ ਸਾਫਟਵੇਅਰ ਇੰਜੀਨੀਅਰ ਇੰਟਰਨ ਵਜੋਂ ਕੰਮ ਕਰਨਗੇ ਅਤੇ ਉਹਨਾਂ ਨੂੰ ਖੋਜ ਅਤੇ ਵਿਕਾਸ ਵਿਭਾਗ ਵਿੱਚ ਉਤਪਾਦ ਵਿਕਾਸ ਅਤੇ ਚਿੱਪ ਨਿਰਮਾਣ ਵਿੱਚ ਵਿਹਾਰਕ ਤਜਰਬਾ ਹਾਸਲ ਕਰਨ ਦਾ ਮੌਕਾ ਮਿਲੇਗਾ। ਐਸ.ਟੀ. ਮਾਈਕ੍ਰੋਇਲੈਕਟ੍ਰੋਨਿਕਸ ਸੈਮੀਕੰਡਕਟਰ ਹੱਲਾਂ ਦੇ ਖੇਤਰ ਵਿੱਚ ਦੁਨੀਆ ਦੀਆਂ ਮੋਹਰੀ ਕੰਪਨੀਆਂ ਵਿੱਚੋਂ ਇੱਕ ਹੈ ਅਤੇ ਸਮਾਰਟ ਵਾਹਨ ਤਕਨਾਲੋਜੀ ਅਤੇ ਇੰਟਰਨੈਟ-ਸਮਰਥਿਤ ਡਿਵਾਈਸਾਂ ਸਮੇਤ ਇਲੈਕਟ੍ਰਾਨਿਕਸ ਦੇ ਵੱਖ-ਵੱਖ ਖੇਤਰਾਂ ਲਈ ਉੱਨਤ ਤਕਨੀਕੀ ਹੱਲ ਵਿਕਸਤ ਕਰਦੀ ਹੈ। ਇੰਟਰਨਸ਼ਿਪ ਲਈ ਚੁਣੇ ਗਏ ਵਿਦਿਆਰਥੀਆਂ ਵਿੱਚ ਦੇਵਾਂਸ਼ ਗੁਪਤਾ, ਹਿਨਾ, ਹੇਮਾਂਸ਼ੀ, ਹਿਮਾਂਸ਼ੂ ਮਿੱਢਾ, ਅੰਨੂ ਕੁਮਾਰੀ, ਆਂਚਲ, ਸ਼ਿਵਾਂਸ਼, ਰੋਮਿਕਾ, ਵੰਸ਼ਿਕਾ, ਮਾਨਵ, ਨਿਸ਼ਚੇ, ਲੋਵਿਸ, ਯੋਗੇਸ਼, ਰਚਿਤ, ਪਾਰਤਿਕ ਅਤੇ ਵਰੁਣ ਕੁਮਾਰ ਸ਼ਾਮਲ ਹਨ। ਵਿਦਿਆਰਥੀਆਂ ਨੇ ਆਪਣੀ ਸਫਲਤਾ ਦਾ ਸਿਹਰਾ ਉਨ੍ਹਾਂ ਦੀ ਨਿਰੰਤਰ ਤਿਆਰੀ, ਨਿਯਮਤ ਅਭਿਆਸ ਅਤੇ ਚੋਣ ਪ੍ਰਕਿਰਿਆ ਦੌਰਾਨ ਪ੍ਰਾਪਤ ਮਾਰਗਦਰਸ਼ਨ ਨੂੰ ਦਿੱਤਾ।



## ਹਿਮਾਲਿਆ ਸਕੂਲ ਵੱਲੋਂ 25ਵੀਂ ਹੇਮਕੁੰਟ ਸਾਹਿਬ ਦੀ ਯਾਤਰਾ

**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੌਬੀ)** ਹਿਮਾਲਿਆ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਮੁਜਾਫਤ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 25ਵੀਂ ਯਾਤਰਾ 26 ਸਤੰਬਰ ਤੋਂ 3 ਅਕਤੂਬਰ ਤੱਕ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਦਾ ਆਯੋਜਨ ਕੀਤਾ ਗਿਆ ਹੈ। ਸੰਸਥਾ ਦੇ 50 ਵਿਦਿਆਰਥੀ 15 ਸਟਾਫ ਮੈਂਬਰ ਅਤੇ ਮਾਪਿਆਂ ਦਾ ਇੱਕ ਜਥਾ ਸਕੂਲ ਤੋਂ ਰਵਾਨਾ ਹੋਇਆ।ਇਹ ਜਥਾ ਸ੍ਰੀ ਰਿਸ਼ੀਕੇਸ਼, ਗੋਬਿੰਦਘਾਟ, ਗੋਬਿੰਦਧਾਮ ਹੁੰਦੇ ਹੋਏ ਸ੍ਰੀ ਹੇਮਕੁੰਟ ਸਾਹਿਬ ਵਿਖੇ ਦਰਸ਼ਨ ਕਰੇਗਾ। ਸ੍ਰੀ ਬਦਰੀਨਾਥ, ਜੋਸ਼ੀਮੱਠ, ਹਰਿਦੁਆਰ ਸਾਹਿਬ ਦਰਸ਼ਨ ਕਰਦੇ ਹੋਏ ਵਾਪਸ ਪਰਤੇਗਾ। ਜ਼ਿਕਰਯੋਗ ਹੈ ਕਿ ਸੰਸਥਾ ਵੱਲੋਂ ਇਹ ਯਾਤਰਾ ਹਰ ਸਾਲ ਕਰਵਾਈ ਜਾਂਦੀ ਹੈ, ਜਿਸ ਦਾ ਸਾਰਾ ਖਰਚਾ ਸੰਸਥਾ ਵੱਲੋਂ ਕੀਤਾ ਜਾਂਦਾ ਹੈ। ਸਕੂਲ ਦੇ ਪ੍ਰਿੰਸੀਪਲ ਮਨਜਿੰਦਰ ਸਿੰਘ ਨੇ ਦੱਸਿਆ ਕਿ ਸੰਸਥਾ ਵੱਲੋਂ ਹਰ ਸਾਲ ਬਹੁਤ ਸਾਰੇ ਟੂਰ ਆਯੋਜਿਤ ਕੀਤੇ ਜਾਂਦੇ ਹਨ। ਇਸ ਯਾਤਰਾ ਦੀ ਧਾਰਮਿਕ ਮਹੱਤਤਾ ਤਾਂ ਹੈ ਹੀ, ਇਸਦੇ ਨਾਲ ਹੀ ਵਿਦਿਆਰਥੀ ਪਰਬਤਾਰੋਹਨ ਵੀ ਸਿੱਖਦੇ ਹਨ, ਨਾਲ ਹੀ ਕੁਦਰਤ ਨੂੰ ਨੇੜੇ ਤੋਂ ਦੇਖਦੇ ਹਨ।



## ਰੋਟਰੀ ਕਲੱਬ ਨੇ 43 ਵਾਂ ਖ਼ੂਨਦਾਨ ਕੈਂਪ ਲਗਾਇਆ

**ਮੋਰਿੰਡਾ (ਨਿਹਾਲ ਸਿੰਘ ਕਲਸੀ)**- ਰੋਟਰੀ ਕਲੱਬ ਮੋਰਿੰਡਾ ਵਲੋਂ 43ਵਾਂ ਖ਼ੂਨਦਾਨ ਕੈਂਪ ਸਥਾਨਕ ਖਾਲਸਾ ਗਰਲਜ਼ ਕਾਲਜ ਵਿਖੇ ਲਗਾਇਆ ਗਿਆ। ਇਸ ਸੰਬੰਧੀ ਮਨਜੀਤ ਸਿੰਘ ਭਾਟੀਆ ਨੇ ਦੱਸਿਆ ਕਿ ਇਹ ਕੈਂਪ ਕਲੱਬ ਦੇ ਪ੍ਰਧਾਨ ਰਜਨੀਸ਼ ਭਾਟੀਆ ਅਤੇ ਉਘੇ ਸਮਾਜ ਸੇਵਕ ਡਾਕਟਰ ਨਿਰਮਲ ਧੀਮਾਨ ਦੀ ਸੁਪਰਸਤੀ ਹੇਠ ਲਗਾਇਆ ਗਿਆ। ਇਸ ਕੈਂਪ ਦੌਰਾਨ ਸਰਕਾਰੀ ਹਸਪਤਾਲ ਸੈਕਟਰ 32 ਚੰਡੀਗੜ੍ਹ ਦੀ ਟੀਮ ਨੇ ਡਾ. ਰਾਘਵ ਦੀ ਅਗਵਾਈ ਵਿੱਚ 52 ਯੂਨਿਟ ਖ਼ੂਨ ਇਕੱਤਰ ਕੀਤਾ ਗਿਆ। ਮਨਜੀਤ ਸਿੰਘ ਭਾਟੀਆ ਨੇ ਦੱਸਿਆ ਕਿ ਡਿਸਟ੍ਰਿਕਟ 3080 ਦੇ ਅਧੀਨ ਆਉਂਦੀਆਂ 136 ਸ਼ਹਿਰਾਂ ਦੇ ਕਲੱਬਾਂ ਵਲੋਂ ਖ਼ੂਨਦਾਨ ਕੈਂਪ ਲਗਾਏ ਗਏ ਹਨ। ਇਸ ਮੌਕੇ ਪ੍ਰਬੰਧਕਾਂ ਵੱਲੋਂ ਖ਼ੂਨ ਦਾਨੀਆਂ ਨੂੰ ਯਾਦਗਾਰੀ ਚਿੰਨ੍ਹ ਅਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਉਘੇ ਸਮਾਜ ਸੇਵੀ ਡਾਕਟਰ ਨਿਰਮਲ ਧਿਮਾਨ, ਰਜਨੀਸ਼ ਭਾਟੀਆ, ਇੰਸਪੈਕਟਰ ਦਵਿੰਦਰ ਸਿੰਘ ਧਾਲੀਵਾਲ, ਕਰਨਲ ਮਲਕੀਤ ਸਿੰਘ, ਜਗਤਾਰ ਸਿੰਘ ਜੇ ਈ, ਸੁਖਵਿੰਦਰ ਬੰਸਲ ਅਤੇ ਸੁਰਜੀਤ ਸਿੰਘ ਆਦਿ ਕਲੱਬ ਦੇ ਅਹੁਦੇਦਾਰ ਅਤੇ ਪਤਵੰਤੇ ਸੱਜਣ ਹਾਜ਼ਰ ਸਨ।



# ਧਿਆਨ ਸਿੰਘ ਕਾਹਲੋਂ ਦੇ ਗੀਤ ਸੰਗ੍ਰਹਿ 'ਤੇਤਰੇ ਮੇਤਰੇ ਬੋਲ' 'ਤੇ ਵਿਚਾਰ-ਚਰਚਾ



**ਚੰਡੀਗੜ੍ਹ (ਸੁਰਜੀਤ ਸੁਮਨ)**- ਕਵੀ ਮੰਚ (ਰਜਿ.) ਮੋਹਾਲੀ ਵੱਲੋਂ ਪੰਜਾਬ ਸਕੱਤਰੇਤ ਸਾਹਿਤ ਸਭਾ (ਰਜਿ.), ਚੰਡੀਗੜ੍ਹ ਦੇ ਸਹਿਯੋਗ ਨਾਲ ਧਿਆਨ ਸਿੰਘ ਕਾਹਲੋਂ ਦੇ ਗੀਤ ਸੰਗ੍ਰਹਿ 'ਤੇਤਰੇ ਮੇਤਰੇ ਬੋਲ' 'ਤੇ ਵਿਚਾਰ ਚਰਚਾ ਕਰਵਾਈ ਗਈ ...

# 'ਵਰਸਿਟੀ ਕਾਲਜ 'ਚ ਐੱਨ ਐੱਸ ਐੱਸ ਦਿਵਸ ਮਨਾਇਆ



**ਜਲੰਧਰ (ਨ ਜ਼ ਸ)** ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਲਾਡੋਵਾਲੀ ਰੋਡ ਵਿਖੇ ਐੱਨ ਐੱਸ ਐੱਸ ਦਿਵਸ ਮਨਾਇਆ ਗਿਆ। ...

# ਰੰਧਾਵਾ ਵੱਲੋਂ 3.20 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਨਵਾਂ ਬੱਸ ਸਟੈਂਡ ਲੋਕਾਂ ਨੂੰ ਸਮਰਪਤ



**ਲਾਲੜੂ (ਵਿਨੈ ਕੁਮਾਰ ਜੈਨ)**- ਲਾਲੜੂ ਵਾਸੀਆਂ ਨੂੰ ਬਿਹਤਰ ਜਨਤਕ ਆਵਾਜਾਈ ਸਹੂਲਤਾਂ ਮੁਹੱਈਆ ਕਰਵਾਉਣ ਦੀ ਦਿਸ਼ਾ ਵਿੱਚ ਇੱਕ ਹੋਰ ਅਹਿਮ ਕਦਮ ਚੁੱਕਦਿਆਂ ਹਲਕਾ ਵਿਧਾਇਕ ਸ. ਕੁਲਜੀਤ ਸਿੰਘ ਰੰਧਾਵਾ ਨੇ 3.20 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਕੀਤੇ ਗਏ ... ਨਵੇਂ ਬੱਸ ਸਟੈਂਡ ਦਾ ਉਦਘਾਟਨ ਕਰਕੇ ਇਸ ਨੂੰ ਲੋਕਾਂ ਨੂੰ ਸਮਰਪਤ ਕੀਤਾ। ਇਸ ਮੌਕੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਕਿਹਾ ਕਿ ਨਵੇਂ ਬੱਸ ਸਟੈਂਡ ਦੇ ਚਾਲੂ ਹੋਣ ਨਾਲ ਲਾਲੜੂ ਵਾਸੀਆਂ ਨੂੰ ਬਿਹਤਰ ਆਵਾਜਾਈ, ਸੁਵਿਧਾਜਨਕ ਸਫ਼ਰ ਅਤੇ ਆਧੁਨਿਕ ਸਹੂਲਤਾਂ ਉਪਲਬਧ ਹੋਣਗੀਆਂ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਲੋਕਾਂ ਦੀਆਂ ਰੋਜ਼ਾਨਾ ਲੋੜਾਂ ਨੂੰ ਧਿਆਨ ਵਿੱਚ ਰੱਖਦਿਆਂ ਬੁਨਿਆਦੀ ਢਾਂਚੇ ਅਤੇ ਜਨਤਕ ... ਪਟਿਆਲਾ, ਲਾਲੜੂ ਤੋਂ ਪੀ.ਜੀ.ਆਈ. ਚੰਡੀਗੜ੍ਹ ਅਤੇ ਲਾਲੜੂ ਤੋਂ ਹਾਂਡੇਸਰਾ ਤੱਕ ਬੱਸ ਸੇਵਾ ਸ਼ੁਰੂ ਕਰਨ ਦੇ ਪ੍ਰਸਤਾਵ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਰੂਟਾਂ ਦੇ ਸ਼ੁਰੂ ਹੋਣ ਨਾਲ ਲਾਲੜੂ ਅਤੇ ਆਸ-ਪਾਸ ਦੇ ਲੋਕਾਂ ਨੂੰ ਆਉਣ-ਜਾਣ ਵਿੱਚ ਵੱਡੀ ਸਹੂਲਤ ਮਿਲੇਗੀ। ਇਸ ਮੌਕੇ ਨਗਰ ਕੌਂਸਲ ਦੇ ਪ੍ਰਧਾਨ ਜ਼ੋਰਾਵਰ ਸਿੰਘ, ਸੀਨੀਅਰ ਮੀਤ ਪ੍ਰਧਾਨ ਹਰੀਸ਼ ਮਦਾਨ, ਮੀਤ ਪ੍ਰਧਾਨ ਅਮਨ ਰਾਣਾ, ਕੌਂਸਲਰ ਅਤੇ ਵਾਰਡ ਇੰਚਾਰਜ, ਪਿੰਡਾਂ ਦੇ ਪੰਚ-ਸਰਪੰਚ, ਪਾਰਟੀ ਦੇ ਅਹੁਦੇਦਾਰ ਅਤੇ ਵੱਡੀ ਗਿਣਤੀ ਵਿੱਚ ਸ਼ਹਿਰ ਵਾਸੀ ਹਾਜ਼ਰ ਸਨ।

# ਪੰਜਾਬ 'ਚ 1.27 ਕਰੋੜ ਤੋਂ ਵੱਧ ਸਿਹਤ ਕਾਰਡ ਰਜਿਸਟਰਡ : ਡਾ. ਇਸ਼ਾਂਕ ਕੁਮਾਰ



**ਹੁਸ਼ਿਆਰਪੁਰ (ਓ ਪੀ ਰਾਣਾ)** ਡਾ. ਇਸ਼ਾਂਕ ਕੁਮਾਰ ਨੇ ... ਕਿ ਪੰਜਾਬ ਸਰਕਾਰ ਦੀ ਇਸ ਸਿਹਤ ਬੀਮਾ ਯੋਜਨਾ ਦੀ ਸ਼ੁਰੂਆਤ ਤੋਂ ਹੁਣ ਤੱਕ ਸੂਬੇ ਵਿਚ 1.27 ਕਰੋੜ ਤੋਂ ਵੱਧ ਸਿਹਤ ਕਾਰਡ ਰਜਿਸਟਰਡ ਕੀਤੇ ਜਾ ਚੁੱਕੇ ਹਨ, ਜਿਨ੍ਹਾਂ ਰਾਹੀਂ ਲਗਭਗ 54.06 ਲੱਖ ਪਰਿਵਾਰ ਕਵਰ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਯੋਜਨਾ ਤਹਿਤ ਯੋਗ ਪਰਿਵਾਰਾਂ ਨੂੰ ਪੰਜਾਬ ਭਰ ਦੇ ਸਰਕਾਰੀ ਅਤੇ ਸੂਚੀਬੱਧ ਪ੍ਰਾਈਵੇਟ ਹਸਪਤਾਲਾਂ ਵਿੱਚ ਪ੍ਰਤੀ ਸਾਲ 10 ਲੱਖ ਰੁਪਏ ਤੱਕ ਦਾ ਯੂਨੀਵਰਸਲ ਕੈਸ਼ਲੈਸ ਸਿਹਤ ਕਵਰ ਮੁਹੱਈਆ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ 17 ਸਤੰਬਰ 2026 ਤੱਕ ਕੁੱਲ ... ਤੱਕ ਮੁਹੱਈਆ ਕਰਵਾਏ ਗਏ ਇਲਾਜ ਦੀ ਕੁੱਲ ਰਕਮ 1,300.14 ਕਰੋੜ ਰੁਪਏ ਤੱਕ ਪਹੁੰਚ ਗਈ ਹੈ, ਜੋ ਸੂਬੇ ਭਰ ਦੇ ਪਰਿਵਾਰਾਂ ਨੂੰ ਦਿੱਤੀ ਜਾ ਰਹੀ ਸਿਹਤ ਸਹਾਇਤਾ ਦੇ ਵਿਆਪਕ ਪੱਧਰ ਨੂੰ ਦਰਸਾਉਂਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਸਿਹਤ ਯੋਜਨਾ ਬੀਮਾ ਤਹਿਤ ਰਜਿਸਟ੍ਰੇਸ਼ਨ ਦੀ ਪ੍ਰਕਿਰਿਆ ਵਿੱਚ ਤੇਜ਼ੀ ਲਿਆਂਦੀ ਗਈ ਹੈ, ਤਾਂ ਜੋ ਵੱਧ ਤੋਂ ਵੱਧ ਲੋਕਾਂ ਨੂੰ ਸਿਹਤ ਸੇਵਾਵਾਂ ਤੱਕ ਪਹੁੰਚ ਮਿਲ ਸਕੇ ਅਤੇ ਮੈਡੀਕਲ ਐਮਰਜੈਂਸੀ ਜਾਂ ਵੱਡੇ ਇਲਾਜ ਦੌਰਾਨ ਪਰਿਵਾਰਾਂ 'ਤੇ ਪੈਣ ਵਾਲੇ ਵਿੱਤੀ ਬੋਝ ... ਦੱਸਿਆ ਕਿ ਰਜਿਸਟ੍ਰੇਸ਼ਨ ਲਈ ਕਿਸੇ ਵੀ ਅਪਾਇੰਟਮੈਂਟ ਦੀ ਲੋੜ ਨਹੀਂ ਹੈ ਅਤੇ ਯੋਗ ਵਿਅਕਤੀ ਕਾਮਨ ਸਰਵਿਸ ਸੈਂਟਰਾਂ, ਸੇਵਾ ਕੇਂਦਰਾਂ ਅਤੇ ਸੰਬੰਧਤ ਜ਼ਿਲ੍ਹਿਆਂ ਵਿੱਚ ਲਗਾਏ ਜਾ ਰਹੇ ਸਰਕਾਰੀ ਰਜਿਸਟ੍ਰੇਸ਼ਨ ਕੈਂਪਾਂ ਰਾਹੀਂ ਆਪਣਾ ਨਾਮ ਦਰਜ ਕਰਵਾ ਸਕਦੇ ਹਨ। ਰਜਿਸਟ੍ਰੇਸ਼ਨ ਲਈ ਬਿਨੈਕਾਰਾਂ ਨੂੰ ਆਪਣਾ ਆਧਾਰ ਕਾਰਡ ਅਤੇ ਵੋਟਰ ਆਈ.ਡੀ. ਕਾਰਡ ਨਾਲ ਲੈ ਕੇ ਜਾਣਾ ਹੋਵੇਗਾ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਯੋਜਨਾ ਦਾ ਵੱਧ ਤੋਂ ਵੱਧ ਲਾਭ ਉਠਾਉਣ।

## ਨਕੋਦਰ ਹਲਕੇ 'ਚ ਸਿਹਤ ਕਾਰਡਾਂ ਦੀ ਵੰਡ ਜਲਦ : ਇੰਦਰਜੀਤ ਕੌਰ ਮਾਨ

**ਨਕੋਦਰ (ਬਲਵਿੰਦਰ ਸਿੰਘ ਧਾਲੀਵਾਲ)**- ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਨਕੋਦਰ ਹਲਕੇ ਦੇ ਲੋਕਾਂ ਨੂੰ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਲਈ ਸਿਹਤ ਕਾਰਡਾਂ ਦੀ ਵੰਡ ਜਲਦ ਸ਼ੁਰੂ ਕੀਤੀ ਜਾਵੇਗੀ। ਇਹ ਜਾਣਕਾਰੀ ਨਕੋਦਰ ਤੋਂ ਵਿਧਾਇਕਾ ਇੰਦਰਜੀਤ ਕੌਰ ਮਾਨ ਨੇ ਦਿੱਤੀ।ਉਨ੍ਹਾਂ ਦੱਸਿਆ ਕਿ ਯੋਗ ਲਾਭਪਾਤਰੀਆਂ ਨੂੰ ਇਸ ਯੋਜਨਾ ਤਹਿਤ 10 ਲੱਖ ਰੁਪਏ ਤੱਕ ਦੇ ਮੁਫ਼ਤ ਕੈਸ਼ਲੈੱਸ ਇਲਾਜ ਦੀ ਸਹੂਲਤ ਮਿਲੇਗੀ। ਇਸ ਸਬੰਧੀ ਨਕੋਦਰ ਹਲਕੇ ਦੇ ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਵਿੱਚ ਵਿਸ਼ੇਸ਼ ਮੁਹਿੰਮ ਚਲਾਈ ਜਾਵੇਗੀ, ਤਾਂ ਜੋ ਕੋਈ ਵੀ ਯੋਗ ਪਰਵਾਰ ਇਸ ਸਹੂਲਤ ਤੋਂ ਵਾਂਝਾ ਨਾ ਰਹੇ।ਵਿਧਾਇਕਾ ਨੇ ਦੱਸਿਆ ਕਿ ਨਕੋਦਰ, ਨੂਰਮਹਿਲ ਅਤੇ ਬਿਲਗਾ ਤੋਂ ਇਲਾਵਾ ਉੱਗੀ, ਕੰਗ ਸਾਹਬੂ, ਮੁੱਧਾਂ, ਸ਼ੰਕਰ, ਚੱਕ ਕਲਾਂ, ਥਾਬਲਕੇ, ਤਲਵਣ ਅਤੇ ਚੂਹੇਕੀ ਸਮੇਤ ਵੱਖ-ਵੱਖ ਪਿੰਡਾਂ ਵਿੱਚ ਸਿਹਤ ਕਾਰਡਾਂ ਦੀ ਵੰਡ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਸਿਹਤ ਸਹੂਲਤਾਂ ਨੂੰ ਆਮ ਲੋਕਾਂ ਦੀ ਪਹੁੰਚ ਵਿੱਚ ਲਿਆਉਣਾ ਸਰਕਾਰ ਦੀ ਮੁੱਖ ਤਰਜੀਹ ਹੈ। ਇਸ ਯੋਜਨਾ ਨਾਲ ਆਰਥਿਕ ਤੌਰ 'ਤੇ ਕਮਜ਼ੋਰ ਪਰਵਾਰਾਂ ਨੂੰ ਮਹਿੰਗੇ ਇਲਾਜ ਦੇ ਖਰਚੇ ਤੋਂ ਵੱਡੀ ਰਾਹਤ ਮਿਲੇਗੀ।

# ਵਿਕਾਸ ਕਾਰਜਾਂ ਨੂੰ ਲੈ ਕੇ ਲੋਕਾਂ 'ਚ ਭਾਰੀ ਉਤਸ਼ਾਹ : ਇੰਦਰਜੀਤ ਕੌਰ ਮਾਨ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਪਿੰਡਾਂ ਵਿੱਚ ਸਰਕਾਰ ਆਪ ਕੇ ਦੁਆਰ ਤਹਿਤ ਕੀਤੇ ਜਾ ਰਹੇ ਵਿਕਾਸ ਕਾਰਜਾਂ ਨੂੰ ਲੈ ਕੇ ਲੋਕਾਂ ਵਿੱਚ ਭਾਰੀ ਉਤਸ਼ਾਹ ਦੇਖਣ ਲਈ ਮਿਲ ਰਿਹਾ ਜਿਸ ਦੀ ਮਿਸਾਲ ਦੂਸਰੀਆਂ ਪਾਰਟੀਆਂ ਨੂੰ ਅਲਵਿਦਾ ਆਖ ਕੇ ਪਿੰਡ ਸਾਗਰਪੁਰ ਵਿੱਚ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਲੋਕਾਂ ਨੇ ਪੇਸ਼ ਕੀਤੀ। ਵਿਧਾਇਕ ਇੰਦਰਜੀਤ ਕੌਰ ਮਾਨ ਨੇ ਕਿਹਾ ਕਿ ਦੂਸਰੀਆਂ ਪਾਰਟੀਆਂ ਦੇ ਸਤਾਏ ਹੋਏ ਲੋਕਾਂ ਨੂੰ ਪਹਿਲੀ ਵਾਰ ਇਹ ਅੰਤਰ ਮਿਲਿਆ ਕਿ ਇਕ ਉਹ ਲੋਕ ਜਿਹੜੇ ਸਿਰਫ ਵੋਟਾਂ ਸਮੇਂ ਆਉਂਦੇ ਸੀ। ਜਦੋਂਕਿ ਹੁਣ ਅਸੀਂ ਰਹਿੰਦੇ ਹੀ ਪਿੰਡਾਂ ਵਿੱਚ ਹਾਂ। ਲੋਕਾਂ ਦੀਆਂ ਮੁਸ਼ਕਲਾਂ ਹੱਲ ਕਰਵਾਉਣ ਲਈ ਘਰ ਘਰ ਤੱਕ ਪਹੁੰਚ ਰੱਖੀ ਹੋਈ ਹੈ। ਜਿਸ ਨੂੰ ਲੈ ਕੇ ਲੋਕਾਂ ਵਿੱਚ ਉਤਸ਼ਾਹ ਹੈ। ਤਾਹੀਓਂ ਲੋਕ ਆਮ ਆਦਮੀ ਪਾਰਟੀ ਦਾ ਹਿੱਸਾ ਬਣਨ ਲਈ ਅੱਗੇ ਆ ਰਹੇ ਹਨ। ਇਹ ਵਿਚਾਰ ਜਸਵੰਤ ਸਿੰਘ ਢਿੱਲੋਂ ਦੇ ਗ੍ਰਹਿ ਵਿਖੇ ਵੱਡੀ ਗਿਣਤੀ ਵਿੱਚ ਹਾਜ਼ਰ ਲੋਕਾਂ ਨੂੰ ਪਾਰਟੀ ਵਿੱਚ ਸ਼ਾਮਲ ਕਰਨ ਸਮੇਂ ਕਹੇ। ਬੀਬੀ ਮਾਨ ਨੇ ਜੀ ਆਇਆ ਨੂੰ ਆਖਦਿਆਂ ਜਸਵੰਤ ਸਿੰਘ ਢਿੱਲੋਂ, ਮੱਖਣ ਸਿੰਘ, ਮਨਜੀਤ ਸਿੰਘ, ਨਵਜੋਤ ਸਿੰਘ, ਸਾਗਰ, ਅਮਨਿੰਦਰ, ਅੰਮ੍ਰਿਤ ਯੋਗੇਸ਼,



ਗੁਰਪ੍ਰੀਤ, ਅਮਰਜੀਤ, ਪੰਮਾ, ਮੁਹੰਮਦ, ਸ਼ਰੀਫ, ਬਲਜਿੰਦਰ ਕੁਮਾਰ, ਬਲਵੀਰ, ਸੁਨੀਲ ਕੁਮਾਰ, ਸਰਬਜੀਤ, ਸੋਖਾ, ਮਦਨ ਲਾਲ, ਬਲਪ੍ਰੀਤ, ਪਰਮਜੀਤ ਲਾਲ, ਰਾਜ ਕਮਲ,ਰਾਜੂ, ਰਾਹੁਲ, ਬਿਕਰ ਸਿੰਘ, ਸੋਮਾ, ਰਾਹੁਲ, , ਕਮਲ, ਸੁਰਿੰਦਰ ਮਹਿਲਾਵਾਂ ਵਿੱਚ ਮਨਦੀਪ,ਮੰਜੂ, ਭੋਲੀ, ਅਵਿਨਾਸ਼ ਕੌਰ, ਮੋਨਕਾ, ਦਰਸ਼ਨ ਕੌਰ, ਪਰਮਜੀਤ ਕੌਰ, ਨੀਲਮ, ਨੇਹਾ, ਬੰਸੋ, ਰਣਜੀਤ ਕੌਰ, ਸੱਤਿਆ, ਬਿਮਲਾ, ਮਨਵਿੰਦਰ ਕੌਰ, ਊਸ਼ਾ ਰਾਣੀ, ਨਛੱਤਰ ਕੌਰ, ਕੁਲਵਿੰਦਰ ਕੌਰ, ਰਾਜ ਰਾਣੀ, ਹਰਪ੍ਰੀਤ ਕੌਰ, ਕਮਲਾ, ਮੀਨਾ, ਮਨਜੀਤ, ਨਿਰਮਲ ਕੌਰ, ਰਾਣੀ, ਅਮਨ ਦੀਪ, ਬਲਵਿੰਦਰ ਕੌਰ, ਮਲਕੀਤ ਕੌਰ, ਬਲਜੀਤ ਕੌਰ, ਪ੍ਰਵੀਨ ਕੌਰ, ਜਸਵੀਰ ਕੌਰ, ਮਨਜੀਤ ਕੌਰ, ਦੀਵਾਨ, ਕਮਲੇਸ਼ ਕੌਰ, ਮਮਤਾ, ਦਰਸ਼ਨ ਕੌਰ ਨੂੰ ਪਾਰਟੀ ਵਿੱਚ ਸ਼ਾਮਲ ਕਰਦਿਆਂ ਪੂਰਾ ਮਾਣ ਸਤਿਕਾਰ ਮਿਲਣ ਦਾ ਭਰੋਸਾ ਦਿੱਤਾ। ਚੇਅਰਮੈਨ ਲਖਵੀਰ ਸਿੰਘ ਸ਼ੀਰ ਦੇ ਯਤਨਾ ਸਦਕਾ ਇਹ ਸ਼ਮੂਲੀਅਤ ਹੋਈ। ਇਸ ਮੌਕੇ ਚੇਅਰਮੈਨ ਲਖਵੀਰ ਸਿੰਘ ਸ਼ੀਰ, ਓਂਕਾਰ ਸਿੰਘ ਬਲਾਕ ਪ੍ਰਧਾਨ, ਚੇਅਰਮੈਨ ਰਾਜੂ ਉੱਪਲ, ਨਿਰਮਲ ਸਿੰਘ ਮੁਆਈ, ਜੋਤੀ ਮੁਆਈ, ਦਿਲਬਾਹਰ ਚੇਅਰਮੈਨ, ਜਸਬੀਰ ਸਿੰਘ ਰਾਮਪੁਰ, ਜੋਗਿੰਦਰ ਸਾਗਰ ਪਿੰਡ ਪ੍ਰਧਾਨ, ਰਣਜੀਤ ਸਿੰਘ ਕੰਦੋਲਾ, ਧਰਮਪਾਲ ਸਰਪੰਚ ਗੋਹੀਰ, ਹੈਪੀ ਫਰਵਾਲਾ ਆਦਿ ਹਾਜ਼ਰ ਸਨ।

## ਬਲਾਕ ਪੱਧਰੀ ਤਿੰਨ ਦਿਨਾ ਪ੍ਰਾਇਮਰੀ ਖੇਡਾਂ ਸਫਲਤਾਪੂਰਵਕ ਸਮਾਪਤ



**ਮਾਹਿਲਪੁਰ (ਸ਼ਫ਼ਰੀ)**- ਬਲਾਕ ਪੱਧਰੀ ਤਿੰਨ ਦਿਨਾ ਪ੍ਰਾਇਮਰੀ ਸਕੂਲ ਖੇਡਾਂ ਮਾਹਿਲਪੁਰ 02 ਬੀ ਪੀ ਓ ਚਰਨਜੀਤ ਸਿੱਧੂ ਅਤੇ ਬੀ ਐਨ ਓ ਸੰਜੀਵ ਵਿਸ਼ਿਸ਼ਟ ਦੀ ਅਗਵਾਈ ਵਿੱਚ ਸਰਕਾਰੀ ਐਲੀਮੈਂਟਰੀ ਸਕੂਲ ਭੂਨੋ ਦੇ ਖੇਡ ਮੈਦਾਨ ਕਰਵਾਈਆਂ ਗਈਆਂ ਜਿਸ ਵਿੱਚ 54 ਸਕੂਲਾਂ ਦੇ ਛੇ ਕਲਾਸਟਰ ਬਣਾਏ ਗਏ। ਖੇਡਾਂ ਵਿੱਚ 300 ਦੇ ਕਰੀਬ ਵਿਦਿਆਰਥੀਆਂ ਨੇ ਭਾਗ ਲਿਆ ।ਇਸ ਮੌਕੇ ਕਲਸਟਰ ਇੰਚਾਰਜ ਕੁਲਦੀਪ ਕੌਰ, ਸੁਰੇਖਾ ਰਾਣੀ, ਸੰਦੀਪ ਰਾਣੀ, ਜਸਪ੍ਰੀਤ ਅਤੇ ਮਨਜੀਤ ਸਿੰਘ ਦੀ ਅਗਵਾਈ ਵਿੱਚ ਟੀਮਾਂ ਸ਼ਾਮਲ ਹੋਈਆਂ। ਟੂਰਨਾਮੈਂਟ ਦਾ ਪ੍ਰਬੰਧ ਕਰਮਜੀਤ ਕੌਰ ਸਹੋਤਾ ਸਕੂਲ ਇੰਚਾਰਜ ਭੂੰਨੋ ਗੁਰਜੰਟ ਸਿੰਘ, ਹਰਪ੍ਰੀਤ ਸਿੰਘ, ਸ਼ਿਵਾਨੀ, ਅਮਨਦੀਪ ਅਤੇ ਕੰਚਨ ਵੱਲੋਂ ਕੀਤਾ ਗਿਆ।ਇਸ ਮੌਕੇ ਲੜਕੀਆਂ ਦੇ ਮੁਕਾਬਲਿਆਂ ਵਿੱਚ ਫੁਟਬਾਲ ਵਿੱਚ ਕਲਾਸਟਰ ਭਾਮ, ਕਬੱਡੀ ਵਿੱਚ ਸਰਹਾਲਾ ਕਲਾਂ, ਖੋ ਖੋ ਵਿੱਚ ਦਾਦੂਵਾਲ, ਬੈਡਮਿੰਟਨ ਵਿੱਚ ਬਾੜੀਆਂ ਕਲਾਂ ਦੀਆਂ ਲੜਕੀਆਂ ਜੇਤੂ ਰਹੀਆਂ। ਲੜਕਿਆਂ ਦੇ ਮੁਕਾਬਲੇ ਫੁੱਟਬਾਲ ਵਿੱਚ ਦਾਦੂਵਾਲ, ਕਬੱਡੀ ਵਿੱਚ ਸਰਹਾਲਾ ਕਲਾਂ, ਖੋ ਖੋ ਵਿੱਚ ਜਲੋਵਾਲ, ਰਸਾਕਸ਼ੀ ਵਿੱਚ ਜਲੋਵਾਲ, ਲੰਬੀ ਛਾਲ ਵਿੱਚ ਦਾਦੂਵਾਲ ਤੇ ਸਰਹਾਲਾ, ਗੋਲਾ ਵਿੱਚ ਭਾਮ, 25, 28, 30, 32 ਕਿਲੋ ਵਿੱਚ ਸਰਹਾਲਾ ਕਲਾਂ ਜੇਤੂ ਰਹੇ।ਇਸ ਮੌਕੇ ਬਲਾਕ ਕੋਚ ਸਰਬਜੀਤ ਸਿੰਘ, ਪ੍ਰਵੇਸ਼ ਕੁਮਾਰ, ਮਨਜੀਤ ਸਿੰਘ, ਕੁਲਵਿੰਦਰ ਕੌਰ, ਰਕੇਸ਼ ਕੋਠੇਰੀਆ, ਉਪਕਾਰ ਸਿੰਘ, ਜਸਵਿੰਦਰ ਸਿੰਘ, ਕੁਲਵਿੰਦਰ ਕੌਰ, ਜਸਪ੍ਰੀਤ ਸ਼ਾਮਲ ਹੋਏ। ਇਸ ਮੌਕੇ ਕਰਮਜੀਤ ਕੌਰ ਸਹੋਤਾ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਕਲਾਸ ਇੰਚਾਰਜ ਪ੍ਰਬੰਧਕ ਕਮੇਟੀ ਅਤੇ ਇਸ ਟੂਰਨਾਮੈਂਟ ਲਈ ਸਹਿਯੋਗ ਦੇਣ ਵਾਲੇ ਸਹਿਯੋਗੀਆਂ ਦਾ ਧੰਨਵਾਦ ਕੀਤਾ ਅਤੇ ਵਿਦਿਆਰਥੀਆਂ ਨੂੰ ਹੋਰ ਮਿਹਨਤ ਕਰਕੇ ਅੱਗੇ ਵਧਣ ਲਈ ਪ੍ਰੇਰਿਆ।

# ਬੀ ਜੇ ਕੇ ਪੀ ਦੀ ਗਰੰਟੀ ਨੰਬਰ-2 : ਪਾਰਦਰਸ਼ੀ ਸ਼ਾਸਨ ਤੇ ਜਵਾਬਦੇਹ ਪ੍ਰਸ਼ਾਸਨ ਦਾ ਵਾਅਦਾ

**ਸਰਕਾਰੀ ਫਾਈਲਾਂ ਦੀ ਬੇਵਜ੍ਹਾ ਦੇਰੀ ਲਈ ਤੈਅ ਹੋਵੇਗੀ ਜਵਾਬਦੇਹੀ : ਇੰਜੀ. ਦਲਜੀਤ ਸਿੰਘ ਸੈਣੀ**

**ਪੋਜੇਵਾਲ (ਰਾਮ ਲਾਲ)**- ਭਾਰਤੀ ਜਵਾਨ ਕਿਸਾਨ ਪਾਰਟੀ ਪੰਜਾਬ ਵੱਲੋਂ ਆਪਣੀ ਗਰੰਟੀ ਨੰਬਰ-2 ਪੇਸ਼ ਕਰਦਿਆਂ ਪਾਰਦਰਸ਼ੀ ਸ਼ਾਸਨ, ਜਵਾਬਦੇਹ ਪ੍ਰਸ਼ਾਸਨ ਅਤੇ ਨਾਗਰਿਕਾਂ ਨੂੰ ਸਮੇਂ ਸਿਰ ਸਰਕਾਰੀ ਸੇਵਾਵਾਂ ਮੁਹੱਈਆ ਕਰਵਾਉਣ ਦਾ ਸੰਕਲਪ ਪ੍ਰਗਟ ਕੀਤਾ ਗਿਆ ।ਬੀ ਜੇ ਕੇ ਪੀ ਦੇ ਸੂਬਾ ਪ੍ਰਧਾਨ ਇੰਜੀਨੀਅਰ ਦਲਜੀਤ ਸਿੰਘ ਸੈਣੀ ਅਤੇ ਸੂਬਾ ਜਨਰਲ ਸਕੱਤਰ ਅਮਨਦੀਪ ਸਿੰਘ ਪਾਬਲਾ ਨੇ ਜਾਰੀ ਬਿਆਨ ਵਿੱਚ ਕਿਹਾ ਕਿ ਪਾਰਟੀ ਦਾ ਉਦੇਸ਼ ਅਜਿਹੀ ਪ੍ਰਸ਼ਾਸਨਿਕ ਪ੍ਰਣਾਲੀ ਕਾਇਮ ਕਰਨਾ ਹੈ, ਜਿਸ ਵਿੱਚ ਸਰਕਾਰੀ ਫੈਸਲਿਆਂ ਅਤੇ ਸੇਵਾਵਾਂ ਵਿੱਚ ਪਾਰਦਰਸ਼ਤਾ ਹੋਵੇ, ਅਧਿਕਾਰੀਆਂ ਦੀ ਜਵਾਬਦੇਹੀ ਤੈਅ ਹੋਵੇ ਅਤੇ ਨਾਗਰਿਕਾਂ ਨੂੰ ਆਪਣੇ ਕੰਮਾਂ ਲਈ ਵਾਰ-ਵਾਰ ਸਰਕਾਰੀ ਦਫ਼ਤਰਾਂ ਦੇ ਚੱਕਰ ਨਾ ਕੱਟਣੇ ਪੈਣ।ਉਨ੍ਹਾਂ ਕਿਹਾ ਕਿ ਪਾਰਟੀ ਦੀ ਗਰੰਟੀ ਤਹਿਤ ਆਰ ਟੀ ਆਈ ਦੇ ਪ੍ਰਭਾਵਸ਼ਾਲੀ ਲਾਗੂ ਕਰਨ ਅਤੇ ਸਰਕਾਰੀ ਜਾਣਕਾਰੀ ਦੇ ਵੱਧ ਤੋਂ ਵੱਧ ਸਵੈ-ਪ੍ਰਕਾਸ਼ਨ ਨੂੰ ਉਤਸ਼ਾਹਤ ਕਰਨ ਦੀ ਗੱਲ ਕੀਤੀ ਗਈ ਹੈ। ਇਸ ਦੇ ਨਾਲ ਸਰਕਾਰੀ ਅਰਜ਼ੀਆਂ ਅਤੇ ਫਾਈਲਾਂ ਲਈ ਅਜਿਹੀ ਪ੍ਰਣਾਲੀ ਵਿਕਸਤ ਕਰਨ ਦਾ ਵਾਅਦਾ ਕੀਤਾ ਗਿਆ ਹੈ, ਜਿਸ ਰਾਹੀਂ ਨਾਗਰਿਕ ਨੂੰ ਪਤਾ ਲੱਗ ਸਕੇ ਕਿ ਉਸ ਦੀ ਅਰਜ਼ੀ ਕਿਸ ਅਧਿਕਾਰੀ ਕੋਲ ਹੈ ਅਤੇ ਉਸ 'ਤੇ ਕਾਰਵਾਈ ਲਈ ਕਿੰਨਾ ਸਮਾਂ ਨਿਰਧਾਰਤ ਹੈ। ਆਗੂਆਂ ਨੇ ਕਿਹਾ ਕਿ ਸਰਕਾਰੀ ਸੇਵਾਵਾਂ ਨੂੰ ਵੱਧ ਤੋਂ ਵੱਧ ਡਿਜੀਟਲ, ਟ੍ਰੈਕ ਕਰਨ ਯੋਗ ਅਤੇ ਸਮਾਂਬੱਧ ਬਣਾਉਣ ਵੱਲ ਕੰਮ ਕੀਤਾ ਜਾਵੇਗਾ। ਉਨ੍ਹਾਂ ਅਨੁਸਾਰ ਜੇ ਜਾਂਚ ਦੌਰਾਨ ਇਹ ਸਾਹਮਣੇ ਆਉਂਦਾ ਹੈ ਕਿ ਕਿਸੇ ਅਧਿਕਾਰੀ ਜਾਂ ਕਰਮਚਾਰੀ ਨੇ ਜਾਣਬੁੱਝ ਕੇ ਫਾਈਲ ਰੋਕੀ ਜਾਂ ਨਿਰਧਾਰਤ ਪ੍ਰਕਿਰਿਆ ਤੋਂ ਬਿਨਾਂ ਬੇਵਜ੍ਹਾ ਦੇਰੀ ਕੀਤੀ ਹੈ ਤਾਂ ਮੌਜੂਦਾ ਕਾਨੂੰਨਾਂ ਅਤੇ ਸੇਵਾ ਨਿਯਮਾਂ ਅਨੁਸਾਰ ਜਵਾਬਦੇਹੀ ਤੈਅ ਕਰਨ ਲਈ ਪ੍ਰਣਾਲੀ ਨੂੰ ਮਜ਼ਬੂਤ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਹਰ ਵਿਭਾਗ ਵਿੱਚ ਸਿਟੀਜ਼ਨ ਚਾਰਟਰ, ਸੇਵਾਵਾਂ ਦੀ ਸਮਾਂ-ਸੀਮਾ, ਜ਼ਿੰਮੇਵਾਰ ਅਧਿਕਾਰੀ ਅਤੇ ਸ਼ਿਕਾਇਤ ਨਿਵਾਰਣ ਪ੍ਰਣਾਲੀ ਨੂੰ ਪ੍ਰਭਾਵਸ਼ਾਲੀ ਬਣਾਉਣਾ ਵੀ ਪਾਰਟੀ ਦੇ ਪ੍ਰਸ਼ਾਸਨਿਕ ਏਜੰਡੇ ਦਾ ਹਿੱਸਾ ਹੋਵੇਗਾ ।ਇੰਜੀਨੀਅਰ ਦਲਜੀਤ ਸਿੰਘ ਸੈਣੀ ਨੇ ਕਿਹਾ, ਸਰਕਾਰ ਲੋਕਾਂ ਦੀ ਸੇਵਾ ਲਈ ਹੈ, ਲੋਕ ਸਰਕਾਰੀ ਦਫ਼ਤਰਾਂ ਦੇ ਚੱਕਰ ਕੱਟਣ ਲਈ ਨਹੀਂ। ਉਨ੍ਹਾਂ ਕਿਹਾ ਕਿ ਪਾਰਟੀ ਦਾ ਸਿਧਾਂਤ ਨਾ ਸਿਫ਼ਾਰਸ਼, ਨਾ ਪੱਖਪਾਤ ਅਤੇ ਨਾ ਬੇਵਜ੍ਹਾ ਦੇਰੀ ਹੋਵੇਗਾ ਅਤੇ ਹਰ ਨਾਗਰਿਕ ਨੂੰ ਸਰਕਾਰੀ ਸੇਵਾਵਾਂ ਵਿੱਚ ਬਰਾਬਰ ਅਧਿਕਾਰ ਅਤੇ ਸਮੇਂ ਸਿਰ ਜਵਾਬ ਮਿਲਣਾ ਚਾਹੀਦਾ ਹੈ।ਅਮਨਦੀਪ ਸਿੰਘ ਪਾਬਲਾ ਨੇ ਕਿਹਾ ਕਿ ਬੀ ਜੇ ਕੇ ਪੀ ਅਜਿਹਾ ਪ੍ਰਸ਼ਾਸਨ ਚਾਹੁੰਦੀ ਹੈ ਜੋ ਜਾਣਕਾਰੀ ਲੁਕਾਉਣ ਦੀ ਬਜਾਏ ਲੋਕਾਂ ਨਾਲ ਸਾਂਝੀ ਕਰੇ ਅਤੇ ਫਾਈਲਾਂ ਰੋਕਣ ਦੀ ਬਜਾਏ ਉਨ੍ਹਾਂ ਦਾ ਸਮੇਂ ਸਿਰ ਨਿਪਟਾਰਾ ਯਕੀਨੀ ਬਣਾਏ।



# ਬੱਜੋਂ ਵਿਖੇ ਕਬੱਡੀ ਟੂਰਨਾਮੈਂਟ ਸ਼ਾਨੋ-ਸ਼ੌਕਤ ਨਾਲ ਸਮਾਪਤ

**ਬੰਗਾ (ਅਵਤਾਰ ਕਲੇਰ)** ਸ੍ਰੀ ਗੁਰੂ ਅਰਜਨ ਦੇਵ ਜੀ ਸਪੋਰਟਸ ਕਲੱਬ ਬੱਜੋਂ ਵੱਲੋਂ ਹਰਦੀਪ ਸਿੰਘ ਦੀਪਾ ਪੁੱਤਰ ਰਣਵੀਰ ਸਿੰਘ ਵਾਸੀ ਬੱਜੋਂ ਦੇ ਸਹਿਯੋਗ ਨਾਲ ਪਿੰਡ ਬੱਜੋਂ ਵਿਖੇ ਆਲ ਓਪਨ ਕਬੱਡੀ ਮੁਕਾਬਲੇ ਕਰਵਾਏ ਗਏ।ਡਾ ਸੁਖਵਿੰਦਰ ਕੁਮਾਰ ਸੁੱਖੀ ਵਿਧਾਇਕ ਬੰਗਾ ਅਤੇ ਸੋਹਣ ਲਾਲ ਢੰਡਾ ਮੈਂਬਰ ਜ਼ਿਲ੍ਹਾ ਪ੍ਰੀਸ਼ਦ ਵਿਸ਼ੇਸ਼ ਤੌਰ 'ਤੇ ਪਹੁੰਚੇ। ਡਾ ਸੁੱਖੀ ਨੇ ਕਬੱਡੀ ਟੂਰਨਾਮੈਂਟ ਦੀਆਂ ਵਧਾਈਆਂ ਦਿੱਤੀਆਂ। ਇਸ ਕਬੱਡੀ ਟੂਰਨਾਮੈਂਟ ਵਿਚ 6 ਇੰਟਰਨੈਸ਼ਨਲ ਕਬੱਡੀ ਟੀਮਾਂ ਨੇ ਭਾਗ ਲਿਆ। ਜੇਤੂ ਟੀਮ ਨੂੰ 3 ਲੱਖ ਰੁਪਏ, ਜਦਕਿ ਉਪ ਜੇਤੂ ਟੀਮ ਨੂੰ 2 ਲੱਖ 50 ਹਜ਼ਾਰ ਰੁਪਏ ਦਾ ਨਕਦ ਇਨਾਮ ਦਿੱਤਾ ਗਿਆ।ਇਸ ਤੋਂ ਇਲਾਵਾ ਟੂਰਨਾਮੈਂਟ ਵਿਚ ਭਾਗ ਲੈਣ ਵਾਲੀਆਂ ਬਾਕੀ ਟੀਮਾਂ ਅਤੇ ਕਬੱਡੀ ਖੇਡ ਵਿਚ ਇੰਟਰਨੈਸ਼ਨਲ ਪੱਧਰ 'ਤੇ ਯੋਗਦਾਨ ਪਾਉਣ ਵਾਲੇ ਖਿਡਾਰੀਆਂ ਦਾ ਵੀ ਵਿਸ਼ੇਸ਼ ਸਨਮਾਨ ਕੀਤਾ ਗਿਆ।ਸ਼ਾਨਦਾਰ ਖੇਡ ਦਿਖਾਉਣ ਵਾਲੇ ਖਿਡਾਰੀਆਂ ਨੂੰ ਬੁਲਟ ਅਤੇ ਸਪਲੈਂਡਰ ਮੋਟਰਸਾਈਕਲਾਂ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਦੇ ਨਾਲ ਹੀ ਖੇਡ ਮੇਲੇ ਵਿਚ ਸ਼ਾਮਲ ਦਰਸ਼ਕਾਂ ਲਈ ਵਿਸ਼ੇਸ਼ ਲੱਕੀ ਡਰਾਅ ਕੱਢਿਆ ਗਿਆ, ਜਿਸ ਵਿਚੋਂ ਚੁਣੇ ਗਏ ਜੇਤੂਆਂ ਨੂੰ 6 ਐੱਲ.ਈ.ਡੀ. ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਪ੍ਰਸਿੱਧ ਕਲਾਕਾਰ ਰਣਜੀਤ ਮਣੀ ਨੇ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ।ਖੇਡ ਪ੍ਰਮੋਟਰ ਅਤੇ ਮੁੱਖ ਪ੍ਰਬੰਧਕ ਹਰਦੀਪ ਸਿੰਘ ਦੀਪਾ ਬੱਜੋਂ ਵੱਲੋਂ ਸਹਿਯੋਗੀਆਂ, ਖਿਡਾਰੀਆਂ, ਸੇਵਾਦਾਰਾਂ ਅਤੇ ਦਰਸ਼ਕਾਂ ਦਾ ਧੰਨਵਾਦ ਕੀਤਾ।ਇਸ ਮੌਕੇ ਹਰਦੀਪ ਸਿੰਘ ਦੀਪਾ,ਹਨੀ,ਬੂਟਾ ਮਹਿਮੂਦਪੁਰ, ਸਤਨਾਮ ਸਿੰਘ ਨੰਬਰਦਾਰ ,ਰਣਵੀਰ ਸਿੰਘ ਪੱਪੂ, ਜੋਗਿੰਦਰ ਕੌਰ ਸਰਪੰਚ, ਟੇਕ ਚੰਦ, ਜਰਨੈਲ ਸਿੰਘ ਬਿੱਟੂ ਅਤੇ ਹਰਪਾਲ ਸਿੰਘ, ਫੂਲਾ ਰਾਮ,ਇੰਦਰਜੀਤ ਸਿੰਘ, ਕਸ਼ਮੀਰ ਸਿੰਘ ਪੱਪੂ ਲਾਲੋਮਜਾਰਾ, ਪਰਮਜੀਤ ਸਿੰਘ ਪੰਮਾ, ਅਮਨਦੀਪ ਦੀਪਾ, ਜਗਦੀਪ ਸਿੰਘ, ਸੁਖਜਿੰਦਰ ਕੌਰ ਪਤਨੀ ਹਰਦੀਪ ਦੀਪਾ, ਹਰਕੀਰਤ ਸਿੰਘ, ਭਾਈ ਸੁਖਪਾਲ ਸਿੰਘ, ਸਤਵਿੰਦਰ ਸਿੰਘ, ਮੱਖਣ ਸਿੰਘ, ਰਾਮ ਲੁਭਾਇਆ ਪੰਚ, ਮੁਲਖ ਰਾਜ ਪੰਚ ਅਤੇ ਰਸ਼ਪਾਲ ਸਿੰਘ ਪੰਚ, ਮਾ. ਦੇਸ ਰਾਜ, ਸਤਨਾਮ ਸਿੰਘ ਹੇੜੀਆਂ, ਪਾਲ, ਪੰਮਾ ਬੱਜੋਂ, ਇੰਦਰਜੀਤ ਬੱਜੋਂ,ਕਸ਼ਮੀਰ ਸਿੰਘ ਪੱਪੂ ਲਾਲੋਮਜਾਰਾ, ਜਗਦੀਸ਼ ਕਮਾਮ ਅਤੇ ਕੀਤਾ ਬੱਜੋਂ ਆਦਿ ਹਾਜ਼ਰ ਸਨ।



## ਪ੍ਰਾਪਰਟੀ ਟੈਕਸ ਜਮ੍ਹਾਂ ਕਰਵਾਉਣ ਦੀ ਆਖ਼ਰੀ ਮਿਤੀ 30 ਸਤੰਬਰ : ਈ ਓ

**ਨਕੋਦਰ (ਬਲਵਿੰਦਰ ਸਿੰਘ ਧਾਲੀਵਾਲ)**- ਨਗਰ ਕੌਂਸਲ ਨਕੋਦਰ ਵੱਲੋਂ ਸਮੂਹ ਸ਼ਹਿਰ ਵਾਸੀਆਂ ਅਤੇ ਪ੍ਰਾਪਰਟੀ ਟੈਕਸ ਧਾਰਕਾਂ ਨੂੰ ਸੂਚਿਤ ਕੀਤਾ ਗਿਆ ਹੈ ਕਿ ਸਾਲ 2026-27 ਲਈ ਪ੍ਰਾਪਰਟੀ ਟੈਕਸ ਜਮ੍ਹਾਂ ਕਰਵਾਉਣ ਦੀ ਆਖ਼ਰੀ ਮਿਤੀ 30 ਸਤੰਬਰ 2026 ਨਿਰਧਾਰਤ ਕੀਤੀ ਗਈ ਹੈ।ਇਸ ਸਬੰਧੀ ਪ੍ਰੈੱਸ ਨੋਟ ਜਾਰੀ ਕਰਦਿਆਂ ਕਾਰਜਸਾਧਕ ਅਫ਼ਸਰ (ਈ.ਓ.) ਰਣਧੀਰ ਸਿੰਘ ਨੇ ਜਾਣਕਾਰੀ ਦਿੱਤੀ ਕਿ ਸਮੂਹ ਪ੍ਰਾਪਰਟੀ ਟੈਕਸ ਧਾਰਕ 30 ਸਤੰਬਰ ਤੱਕ ਆਪਣਾ ਸਾਲ 2026-27 ਦਾ ਪ੍ਰਾਪਰਟੀ ਟੈਕਸ 10 ਪ੍ਰਤੀਸ਼ਤ ਰਿਬੇਟ (ਛੋਟ) ਸਮੇਤ ਜਮ੍ਹਾਂ ਕਰਵਾ ਸਕਦੇ ਹਨ। ਇਸ ਤੋਂ ਇਲਾਵਾ ਜਿਨ੍ਹਾਂ ਕਰਦਾਤਾਵਾਂ ਵੱਲ ਪਿਛਲੇ ਸਾਲਾਂ ਦਾ ਬਕਾਇਆ ਪ੍ਰਾਪਰਟੀ ਟੈਕਸ ਰਹਿੰਦਾ ਹੈ, ਉਹ ਵੀ ਆਪਣਾ ਪੁਰਾਣਾ ਬਕਾਇਆ ਟੈਕਸ ਮੌਜੂਦਾ ਸਾਲ ਦੇ ਟੈਕਸ ਦੇ ਨਾਲ ਤੁਰੰਤ ਜਮ੍ਹਾਂ ਕਰਵਾਉਣ।ਈ.ਓ. ਨੇ ਦੱਸਿਆ ਕਿ ਸ਼ਹਿਰ ਵਾਸੀਆਂ ਤੇ ਟੈਕਸ ਧਾਰਕਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਛੁੱਟੀ ਵਾਲੇ ਦਿਨ 26 ਸਤੰਬਰ (ਸ਼ਨੀਵਾਰ) ਅਤੇ 27 ਸਤੰਬਰ (ਐਤਵਾਰ) ਨੂੰ ਵੀ ਨਗਰ ਕੌਂਸਲ ਦਫ਼ਤਰ ਵਿਖੇ ਕੰਮਕਾਜ ਜਾਰੀ ਰਹੇਗਾ ਅਤੇ ਪ੍ਰਾਪਰਟੀ ਟੈਕਸ ਜਮ੍ਹਾਂ ਕਰਵਾਉਣ ਲਈ ਦਫ਼ਤਰ ਖੁੱਲ੍ਹਾ ਰਹੇਗਾ।ਉਨ੍ਹਾਂ ਸਪੱਸ਼ਟ ਕੀਤਾ ਕਿ 30 ਸਤੰਬਰ ਤੋਂ ਬਾਅਦ ਪ੍ਰਾਪਰਟੀ ਟੈਕਸ ਅਦਾ ਕਰਨ 'ਤੇ ਕਿਸੇ ਵੀ ਤਰ੍ਹਾਂ ਦੀ ਰਿਬੇਟ ਜਾਂ ਛੋਟ ਨਹੀਂ ਦਿੱਤੀ ਜਾਵੇਗੀ।

## ਸ਼ਹੀਦ-ਏ-ਆਜ਼ਮ ਦੇ ਜਨਮ ਦਿਨ ਨੂੰ ਸਮਰਪਤ ਤਰਕਸ਼ੀਲ ਨਾਟਕ ਮੇਲਾ ਅੱਜ

**ਅਲਾਵਲਪੁਰ (ਮਦਨ ਬੰਗੜ)**- ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੇ ਜਨਮ ਦਿਨ ਨੂੰ ਸਮਰਪਤ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਇਕਾਈ ਹਰਿਆਣਾ ਭੂੰਗਾ ਵੱਲੋਂ 27 ਸਤੰਬਰ ਨੂੰ ਤਰਕਸ਼ੀਲ ਨਾਟਕ ਮੇਲਾ ਕਰਵਾਇਆ ਜਾ ਰਿਹਾ ਹੈ। ਇਹ ਮੇਲਾ ਸ਼ਾਮ 6 ਵਜੇ ਤੋਂ ਰਾਤ 10 ਵਜੇ ਤੱਕ ਸੈਨੀਬਾਰ ਸ.ਸ. ਸਕੂਲ, ਹੁਸ਼ਿਆਰਪੁਰ ਤੋਂ ਟਾਂਡਾ ਰੋਡ, ਬੁੱਲ੍ਹੋਵਾਲ (ਹੁਸ਼ਿਆਰਪੁਰ) ਵਿਖੇ ਹੋਵੇਗਾ।ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਹਰਦੀਪ ਖੁੱਡਾ (ਪ੍ਰਧਾਨ, ਲੋਕ ਇਨਕਲਾਬ ਮੰਚ, ਟਾਂਡਾ) ਅਤੇ ਮੁੱਖ ਬੁਲਾਰੇ ਵਜੋਂ ਮਾ: ਸੁਖਦੇਵ ਫਗਵਾੜਾ (ਜ਼ੋਨ ਆਗੂ) ਸ਼ਾਮਲ ਹੋਣਗੇ।

ਨਾਟਕ ਅਤੇ ਕੋਰੀਓਗ੍ਰਾਫੀ ਭਾਈ ਮੰਨਾ ਸਿੰਘ ਦੇ ਸ਼ਾਗਿਰਦ ਇੰਕਤਰ ਸਿੰਘ ਦੀ ਟੀਮ ਵੱਲੋਂ, ਗੀਤ ਜਰਨੈਲ ਸੋਨੀ ਵੱਲੋਂ ਅਤੇ ਜਾਦੂ ਦੇ ਟਰਿੱਕ ਤਰਕਸ਼ੀਲ ਸੁਸਾਇਟੀ ਦੇ ਮੈਂਬਰਾਂ ਵੱਲੋਂ ਪੇਸ਼ ਕੀਤੇ ਜਾਣਗੇ। ਸਮਾਗਮ ਦੌਰਾਨ ਵਿਲੱਖਣ ਵਿਦਿਆਰਥੀਆਂ ਨੂੰ ਇਨਾਮ ਵੀ ਦਿੱਤੇ ਜਾਣਗੇ।ਇਕਾਈ ਪ੍ਰਧਾਨ ਦਿਲਰਾਜ ਸੀਕਰੀ ਅਤੇ ਸਕੱਤਰ ਸੁਖਜੀਤ ਅੱਭੋਵਾਲ ਨੇ ਇਲਾਕਾ ਨਿਵਾਸੀਆਂ ਨੂੰ ਪਰਵਾਰਾਂ ਸਮੇਤ ਪਹੁੰਚਣ ਦੀ ਅਪੀਲ ਕੀਤੀ ਹੈ।

# ਸੰਤ ਨਿਰਮਲ ਦਾਸ ਬਾਬੇ ਜੌੜੇ, ਸੰਤ ਰਮੇਸ਼ ਦਾਸ ਕਲਰਾਂ ਤੇ ਡਾ. ਕਰੀਮਪੁਰੀ ਪਿੰਡ ਬਾੜੀਆਂ ਪਹੁੰਚੇ

**ਹੁਸ਼ਿਆਰਪੁਰ (ਓ ਪੀ ਰਾਣਾ, ਬਲਵੀਰ ਸਿੰਘ ਸੈਣੀ)**- ਸੰਤ ਬਾਬਾ ਨਿਰਮਲ ਦਾਸ ਬਾਬੇ ਜੌੜੇ ਪ੍ਰਧਾਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਰਜਿ.ਪੰਜਾਬ, ਸੰਤ ਰਮੇਸ਼ ਦਾਸ ਕਲਰਾਂ ਸ਼ੇਰਪੁਰ ਢਕੌਂ ਜੁਆਇੰਟ ਸਕੱਤਰ ਅਤੇ ਡਾ. ਅਵਤਾਰ ਸਿੰਘ ਕਰੀਮਪੁਰੀ ਪ੍ਰਧਾਨ ਬਹੁਜਨ ਸਮਾਜ ਪਾਰਟੀ ਪੰਜਾਬ ਵਿਸ਼ੇਸ਼ ਤੌਰ 'ਤੇ ਪਿੰਡ ਬਾੜੀਆਂ ਪਹੁੰਚੇ ਜਿਥੇ ਉਨ੍ਹਾਂ ਬਾਬਾ ਸਾਹਿਬ ਡਾ. ਅੰਬੇਡਕਰ ਦੇ ਬੁੱਤ ਦੀ ਬੇਅਦਬੀ ਦੀ ਸਖਤ ਨਿੰਦਿਆ ਕੀਤੀ ਅਤੇ ਬੇਅਦਬੀ ਲਈ ਜ਼ਿੰਮੇਵਾਰ ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਸਖਤ ਸਜ਼ਾ ਦੀ ਮੰਗ ਕੀਤੀ । ਇਸ ਮੌਕੇ ਡਾ. ਕਰੀਮਪੁਰੀ ਨੇ ਸ਼ਾਸਨ ਅਤੇ ਪ੍ਰਸ਼ਾਸਨ ਨੂੰ ਕਰੜੇ ਹੱਥੀਂ ਲੈਂਦਿਆਂ ਮੰਗ ਕੀਤੀ ਕਿ ਦੋਸ਼ੀਆਂ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਵੇ, ਬਾੜੀਆਂ ਕਲਾਂ ਵਿਖੇ ਜ਼ਿਲ੍ਹਾ ਪ੍ਰਸ਼ਾਸਨ ਆਪਣੇ ਖਰਚੇ 'ਤੇ ਤੁਰੰਤ ਨਵਾਂ ਬੁੱਤ ਸਥਾਪਿਤ ਕਰੇ ਅਤੇ ਪੰਜਾਬ ਤੇ ਕੇਂਦਰ ਸਰਕਾਰ ਮਿਲ ਕੇ ਬਹੁਜਨ ਮਹਾਂਪੁਰਸ਼ਾਂ ਦੇ ਬੁੱਤਾਂ ਦੀ ਸੁਰੱਖਿਆ ਲਈ ਸੀ.ਸੀ.ਟੀ.ਵੀ. ਕੈਮਰੇ ਤੇ ਲਾਈਟਾਂ ਦਾ ਪ੍ਰਬੰਧ ਕਰਨ। ਉਹਨਾਂ ਐਲਾਨ ਕੀਤਾ ਕਿ 2027 ਵਿੱਚ ਡਾ. ਅੰਬੇਡਕਰ ਦੀ ਸੋਚ ਦੀ ਬਸਪਾ ਸਰਕਾਰ ਬਣਾ ਕੇ ਇਸ ਅਪਮਾਨ ਦਾ ਬਦਲਾ ਲਿਆ ਜਾਵੇਗਾ। ਇਸ ਮੌਕੇ ਪਿੰਡ ਦਾ ਬੀ ਐਸ ਪੀ ਅਤੇ ਮਹਿਲਾ ਬੀ ਐਸ ਪੀ ਯੂਨਿਟ ਵੀ ਬਣਾਇਆ ਅਤੇ ਸੰਗਤਾਂ ਨੂੰ ਅੰਦੋਲਨ ਦੀ ਕਾਮਯਾਬੀ ਲਈ ਡਟੇ ਰਹਿਣ ਦਾ ਸੱਦਾ ਦਿੱਤਾ ਅਤੇ 9 ਅਕਤੂਬਰ ਨੂੰ ਸਾਹਿਬ ਕਾਂਸ਼ੀ ਰਾਮ ਦੇ ਪ੍ਰੀ ਨਿਰਵਾਨ ਦਿਵਸ 'ਤੇ ਬਸਪਾ ਦੀ ਸਰਕਾਰ ਬਣਾਓ ਰੈਲੀ ਵਿੱਚ ਵੱਡੇ ਪੱਧਰ 'ਤੇ ਆਦਮਪੁਰ ਰੈਲੀ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ। ਇਸ ਮੌਕੇ ਠੇਕੇਦਾਰ ਭਗਵਾਨ ਦਾਸ ਸਿੱਧੂ ਇੰਚਾਰਜ ਲੋਕ ਸਭਾ, ਐਡਵੋਕੇਟ ਪਲਵਿੰਦਰ ਮਾਨਾ, ਬੀਬੀ ਸਰਪੰਚ ਸਾਹਿਬਾ ਬਾੜੀਆਂ, ਅਮਨਦੀਪ ਸਿੱਧੂ ਬਾੜੀਆਂ, ਵਿੱਕੀ, ਰੋਹਿਤ, ਰਕੇਸ਼ ਕਿਟੀ, ਪਰਦੀਪ ਮੱਲ, ਪਰਮਿੰਦਰ ਬੋਧ, ਸੁਰਿੰਦਰ ਢੰਡਾ, ਗੜ੍ਹਸ਼ੰਕਰ ਵਿਧਾਨ ਸਭਾ ਦੇ ਇੰਚਾਰਜ ਬਖਸ਼ੀਸ਼ ਭੀਮ, ਹਰਵਿੰਦਰ ਸਿੰਘ ਬਾਹੋਵਾਲ, ਅਮਨਦੀਪ ਸਿੱਧੂ, ਕੁਲਦੀਪ ਸਿੰਘ ਬੀ ਬੀ ਐਫ ਤੋਂ ਇਲਾਵਾ ਹੋਰ ਬਸਪਾ ਸਮਰਥਕ ਅਤੇ ਲੀਡਰਸ਼ਿਪ ਹਾਜ਼ਰ ਸੀ।



# ਜ਼ਿਲ੍ਹੇ 'ਚ ਸ਼ਾਮ 6 ਤੋਂ ਸਵੇਰੇ 10 ਵਜੇ ਤੱਕ ਕੰਬਾਈਨਾਂ ਨਾਲ ਝੋਨਾ ਕੱਟਣ 'ਤੇ ਪਾਬੰਦੀ

**ਕਪੂਰਥਲਾ (ਮਨਜੀਤ ਮਾਨ)**- ਝੋਨੇ ਦੀ ਕਟਾਈ ਦੇ ਸੀਜ਼ਨ ਨੂੰ ਮੁੱਖ ਰੱਖਦਿਆਂ ਵਧੀਕ ਜ਼ਿਲ੍ਹਾ ਮੈਜਿਸਟਰੇਟ ਰਣਦੀਪ ਸਿੰਘ ਹੀਰ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ-2023 ਦੀ ਧਾਰਾ 163 ਤਹਿਤ ਹੁਕਮ ਜਾਰੀ ਕੀਤੇ ਹਨ ਕਿ ਜ਼ਿਲ੍ਹੇ ਵਿੱਚ ਸ਼ਾਮ 6 ਵਜੇ ਤੋਂ ਸਵੇਰੇ 10 ਵਜੇ ਤੱਕ ਕੰਬਾਈਨਾਂ ਨਾਲ ਝੋਨਾ ਕੱਟਣ 'ਤੇ ਪੂਰੀ ਪਾਬੰਦੀ ਹੋਵੇਗੀ। ਨਾਲ ਹੀ, ਸੁਪਰ ਸਟਰਾਅ ਮੈਨੇਜਮੈਂਟ ਸਿਸਟਮ ਤੋਂ ਬਿਨਾਂ ਕਿਸੇ ਵੀ ਕੰਬਾਈਨ ਨਾਲ ਝੋਨਾ ਕੱਟਣ ਅਤੇ ਪਰਾਲੀ ਨੂੰ ਅੱਗ ਲਾਉਣ 'ਤੇ ਵੀ ਸਖ਼ਤ ਮਨਾਹੀ ਰਹੇਗੀ। ਹੁਕਮਾਂ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਰਾਤ ਵੇਲੇ ਤਰੇਲ ਪੈਣ ਕਾਰਨ ਝੋਨੇ ਵਿੱਚ ਨਮੀ ਵਧ ਜਾਂਦੀ ਹੈ, ਜਿਸ ਕਰਕੇ ਖਰੀਦ ਏਜੰਸੀਆਂ ਝੋਨਾ ਨਹੀਂ ਖਰੀਦ ਪਾਉਂਦੀਆਂ ਅਤੇ ਕਿਸਾਨਾਂ ਨੂੰ ਮੰਡੀਆਂ ਵਿੱਚ ਪਰੇਸ਼ਾਨੀ ਝੱਲਣੀ ਪੈਂਦੀ ਹੈ। ਇਸ ਤੋਂ ਇਲਾਵਾ, ਪਰਾਲੀ ਸਾੜਨ ਨਾਲ ਪ੍ਰਦੂਸ਼ਣ ਫੈਲਦਾ ਹੈ ਅਤੇ ਸਾਹ ਦੀਆਂ ਬਿਮਾਰੀਆਂ ਹੋ ਸਕਦੀਆਂ ਹਨ। ਜ਼ਮੀਨ ਦੇ ਉਪਜਾਊ ਜੀਵਾਣੂ ਵੀ ਨਸ਼ਟ ਹੋ ਜਾਂਦੇ ਹਨ। ਧੂੰਏਂ ਕਾਰਨ ਸੜਕਾਂ 'ਤੇ ਆਵਾਜਾਈ ਵਿੱਚ ਵਿਘਨ ਪੈਂਦਾ ਹੈ, ਜਿਸ ਨਾਲ ਹਾਦਸਿਆਂ ਦਾ ਖਤਰਾ ਵਧਦਾ ਹੈ ਅਤੇ ਖੜ੍ਹੀ ਫਸਲ ਜਾਂ ਪਿੰਡ ਨੂੰ ਵੀ ਅੱਗ ਲੱਗਣ ਦਾ ਡਰ ਬਣਿਆ ਰਹਿੰਦਾ ਹੈ। ਇਹ ਹੁਕਮ 21 ਨਵੰਬਰ ਤੱਕ ਲਾਗੂ ਰਹਿਣਗੇ।

ਜਨਮ ਦਿਨ ਮੁਬਾਰਕ



ਰਵਤੇਜ ਸਿੰਘ ਸੰਧੂ
ਮੋਗਾ



ਲੋਕ ਪੱਖੀ ਅਤੇ ਬੁਲੰਦ ਆਵਾਜ਼ : ਚੰਦ ਫਤਿਹਪੁਰੀ

(ਆਖਰੀ ਸਫੇ 'ਤੇ)


# ਨਵਾਂ ਜ਼ਮਾਨਾ ਐਤਵਾਰਤਾ


ਸਿਖਰ ਦੁਪਹਿਰਾ, ਬਿਰਛ ਕੋਈ ਨਾ,
ਕਾਲੇ ਪਰਬਤ, ਕਿੱਧਰ ਜਾਵਾਂ।
ਤੁਰਾਂ ਤਾਂ ਪੱਥਰ ਕਹਿੰਦੇ ਜਾਪਣ,
ਛੱਡ ਜਾ ਤੂੰ ਆਪਣਾ ਪਰਛਾਵਾਂ।

-ਡਾ. ਜਗਤਾਰ


Regd. No : L-4/Pb-JL-0023/2024-26, (R.N.I.)-00068/57

ਜਲੰਧਰ : ਐਤਵਾਰ, 27 ਸਤੰਬਰ 2026

www.nawanzamana.in

ਕੀਮਤ 5.00 ਰੁਪਏ


# ਕਾਮਰੇਡ ਚੰਦ ਫਤਿਹਪੁਰੀ ਦੇ ਸ਼ਰਧਾਂਜਲੀ ਸਮਾਗਮ 'ਤੇ ਵਿਸ਼ੇਸ਼



ਕਾਮਰੇਡ ਚੰਦ ਫਤਿਹਪੁਰੀ

## ਕਿਹੜੀ-ਕਿਹੜੀ ਗੱਲ ਯਾਦ ਕਰਾਂ ਮੈਂ ਚੰਦ ਸਿਹਾਂ ਤੇਰੀ !

ਜਤਿੰਦਰ ਪਨੂੰ

ਸਾਲ ਮੈਨੂੰ ਇਸ ਵੇਲੇ ਯਾਦ ਨਹੀਂ, ਦਿਨ ਐਮਰਜੈਂਸੀ ਲਾਗੂ ਹੋਣ ਦੇ ਮੁੱਢਲੇ ਸਨ, ਜਦੋਂ ਨੌਜਵਾਨ ਸਭਾ ਦੇ ਨਾਲ ਕੰਮ ਕਰਦਿਆਂ ਇੱਕ ਦਿਨ ਚੰਡੀਗੜ੍ਹ ਜਾਣਾ ਪਿਆ। ਦੋ ਦਿਨ ਓਥੇ ਗੁਜ਼ਾਰ ਕੇ ਜਦੋਂ ਅੰਮ੍ਰਿਤਸਰ ਮੁੜਨਾ ਸੀ ਤਾਂ ਇੱਕ ਵੱਡੇ ਆਗੂ ਨੇ ਚਿੱਠੀ ਫੜਾ ਕੇ ਕਹਿ ਦਿੱਤਾ ਕਿ ਜਲੰਧਰ ਜਾਂਦਾ ਹੋਇਆ ਚੰਦ ਫਤਿਹਪੁਰੀ ਨੂੰ ਦੇਂਦਾ ਜਾਵੀਂ। ਮੈਂ ਕਦੇ ਚੰਦ ਫਤਹਿਪੁਰੀ ਨੂੰ ਵੇਖਿਆ ਤੱਕ ਨਹੀਂ ਸੀ, ਉਹਦਾ ਸਿਰਫ ਨਾਂਅ ਸੁਣਿਆ ਸੀ। ਚਿੱਠੀ ਫੜਾਉਣ ਵਾਲਿਆਂ ਨੇ ਕਹਿ ਦਿੱਤਾ ਕਿ ਜਲੰਧਰ ਜ਼ਿਲ੍ਹੇ ਵਿੱਚ ਇੱਕ ਕਸਬਾ ਹੈ ਅਲਾਵਲਪੁਰ, ਓਥੇ ਨੌਜਵਾਨਾਂ-ਵਿਦਿਆਰਥੀਆਂ ਦਾ ਇੱਕ ਕੈਂਪ ਚੱਲ ਰਿਹਾ ਹੈ, ਓਥੇ ਚਲਾ ਜਾਵੀਂ, ਉਹ ਡਿਊਟੀ ਕਰਦਾ ਮਿਲ ਜਾਵੇਗਾ। ਓਥੇ ਅਸੀਂ ਪਹਿਲੀ ਵਾਰ ਮਿਲੇ ਸਾਂ। ਜ਼ਿਆਦਾ ਗੱਲਬਾਤ ਹੋ ਨਹੀਂ ਸੀ ਸਕੀ। ਫਿਰ ਕੁਝ ਮਹੀਨੇ ਬਾਅਦ ਜਲੰਧਰ ਵਿੱਚ ਇਸਤਰੀ ਸਭਾ ਦੀ ਕੁੱਲ ਹਿੰਦ ਕਾਨਫਰੰਸ ਵੇਲੇ ਸਾਡੀ ਡਿਊਟੀ ਵਲੰਟੀਅਰ ਵਜੋਂ ਲੱਗ ਜਾਣ ਕਾਰਨ ਦੋਵਾਂ ਨੂੰ ਕੁਝ ਦਿਨ ਇਕੱਠੇ ਰਹਿਣ ਦਾ ਮੌਕਾ ਮਿਲ ਗਿਆ। ਚੰਦ ਫਤਹਿਪੁਰੀ ਉਮਰ ਵਿੱਚ ਵੀ ਮੈਥੋਂ ਵੱਡਾ ਸੀ, ਲਹਿਰ ਵਿੱਚ ਵੀ ਸਾਥੋਂ ਪਹਿਲਾਂ ਦਾ ਸੀ। ਅਸੀਂ ਕਈ ਵਾਰੀ ਨੌਜਵਾਨ ਸਭਾ ਦੇ ਕੰਮਾਂ ਲਈ ਕੇਰਲਾ ਤੇ ਬੰਗਾਲ ਤੱਕ ਜਾਂਦੇ ਰਹੇ ਅਤੇ ਇਸ ਪਿੱਛੋਂ ਕਿਸਾਨ ਸਭਾ ਵਿੱਚ ਵੀ ਕਈ ਸਾਲ ਇਕੱਠੇ ਕੰਮ ਕੀਤਾ। ਓਦੋਂ ਆਦਮਪੁਰ ਹਲਕੇ ਦੇ ਵਿਧਾਇਕ ਕੁਲਵੰਤ ਸਿੰਘ ਹੁਰਾਂ ਨਾਲ ਹਰ ਜਨਤਕ ਸੰਘਰਸ਼ ਵਿੱਚ ਚੰਦ ਅਗਲੀ ਕਤਾਰ ਵਿੱਚ ਹੁੰਦਾ ਸੀ। ਬਾਅਦ ਵਿੱਚ ਜਦੋਂ ਡਾਕਟਰ ਜੁਗਿੰਦਰ ਦਿਆਲ ਨੇ ਕਿਸਾਨ ਸਭਾ ਦਾ ਕੰਮ ਕਰਨਾ ਸ਼ੁਰੂ ਕੀਤਾ ਤਾਂ ਕੁਲਵੰਤ ਸਿੰਘ, ਡਾਕਟਰ ਦਿਆਲ ਤੇ ਚੰਦ ਫਤਿਹਪੁਰੀ ਦੀ ਤਿੱਕੜੀ ਦੀ ਹਰ ਪਾਸੇ ਚਰਚਾ ਹੋਣ ਲੱਗ ਪਈ। ਬਹੁਤਾ ਮੋਰਚਾ ਭੋਗਪੁਰ ਦੀ ਖੰਡ ਮਿੱਲ ਨੂੰ ਬਚਾਉਣ ਲਈ ਲੱਗਦਾ ਹੁੰਦਾ ਸੀ, ਜਿਸ ਵਿੱਚ ਇਹ ਤਿੰਨੇ ਜਣੇ, ਅਜੀਤ ਸਿੰਘ ਗਦਰਾ, ਪ੍ਰਗਟ ਸਿੰਘ ਟਾਂਡੀ, ਤਰਲੋਚਨ ਸਿੰਘ ਘੋੜਾਬਾਹੀ ਤੇ ਬਹੁਤ ਸਾਰੇ ਹੋਰ ਕਿਸਾਨ ਆਗੂ ਸਾਨੂੰ ਓਦੋਂ ਤੱਕ ਮਿਲਦੇ ਰਹੇ, ਜਦੋਂ ਤੱਕ ਪੰਜਾਬ ਦੇ ਹਾਲਾਤ ਖ਼ੂਨ-ਖਰਾਬੇ ਕਾਰਨ ਉਸ ਪੜਾਅ ਤੱਕ ਨਾ ਪਹੁੰਚ ਗਏ, ਜਿੱਥੇ ਜਾ ਕੇ ਜਨਤਕ ਮਸਲਿਆਂ ਲਈ ਚਲਦੇ ਸੰਘਰਸ਼ਾਂ ਨੂੰ ਇੱਕ ਤਰ੍ਹਾਂ ਬਰੇਕ ਲੱਗਣ ਲੱਗ ਪਈ। ਫਿਰ ਜਦੋਂ ਮਾਨਸਾ ਵਿੱਚ ਪੰਜਾਬ ਪੱਧਰ ਦੀ ਕਿਸਾਨਾਂ ਦੀ ਇੱਕ ਕਾਨਫਰੰਸ ਸੀ ਤਾਂ ਪਤਾ ਲੱਗਾ ਕਿ ਕਿਸਾਨ ਲਹਿਰ ਕਮਜ਼ੋਰ ਜ਼ਰੂਰ ਪਈ ਹੈ, ਖਤਮ ਨਹੀਂ ਹੋਈ, ਇਹ ਇੱਕ ਵਾਰ ਫਿਰ ਉੱਠਣ ਦੀ ਸਮਰੱਥਾ ਰੱਖਦੀ ਹੈ। ਉਸ ਕਾਨਫਰੰਸ ਵੇਲੇ ਕਈ ਦਿਨ ਕੁਲਵੰਤ ਸਿੰਘ, ਜੁਗਿੰਦਰ ਦਿਆਲ ਤੇ ਚੰਦ ਫਤਿਹਪੁਰੀ ਦੀ ਤਿੱਕੜੀ ਦੇ ਨਾਲ ਮੈਂ ਰਿਹਾ। ਕਾਨਫਰੰਸ ਮੁੱਕਣ ਪਿੱਛੋਂ ਡਾਕਟਰ ਦਿਆਲ ਦੀ ਤਜਵੀਜ਼ ਉੱਤੇ ਅਸੀਂ ਚਾਰੇ ਜਣੇ ਉਨ੍ਹਾਂ ਪਿੰਡਾਂ ਵੱਲ ਗੇੜਾ ਮਾਰਨ ਚਲੇ ਗਏ, ਜਿੱਥੇ ਕਦੀ ਜਗੀਰਦਾਰਾਂ ਦਾ ਦਬਦਬਾ ਹੁੰਦਾ ਸੀ, ਕਿਸਾਨਾਂ ਦੀ ਕੋਈ ਆਵਾਜ਼ ਨਹੀਂ ਸੀ, ਪਰ ਇੱਕ ਦਿਨ ਇਸ ਤਰ੍ਹਾਂ ਦਾ ਆਇਆ ਕਿ ਜਗੀਰਦਾਰੀ ਦਾ ਗਲਬਾ ਲਾਹ ਕੇ ਮੁਜ਼ਾਰੇ ਜ਼ਮੀਨਾਂ ਦੇ ਮਾਲਕ ਬਣ ਗਏ। ਅਸੀਂ ਕਿਸਾਨਾਂ ਕੋਲ ਕਈ ਪਿੰਡਾਂ ਵਿੱਚ ਗਏ, ਉਨ੍ਹਾਂ ਤੋਂ ਪੁਰਾਣੇ ਸੰਘਰਸ਼ਾਂ ਦੇ ਕਈ ਬਿਰਤਾਂਤ ਸੁਣੇ ਅਤੇ ਰਾਜਿਆਂ ਅਤੇ ਜਗੀਰੂ ਜ਼ੁਲਮ ਦੀਆਂ ਉਹ ਕਹਾਣੀਆਂ ਸੁਣੀਆਂ, ਜਿਨ੍ਹਾਂ ਉੱਤੇ ਯਕੀਨ ਕਰਨਾ ਔਖਾ ਸੀ। ਕਿਸੇ ਵਿਰਲੇ ਕੇਸ ਨੂੰ ਛੱਡ ਕੇ ਅੰਗਰੇਜ਼ੀ ਜ਼ੁਲਮ ਦੀ ਕਹਾਣੀ ਉਸ ਪਾਸੇ ਕੋਈ ਖਾਸ ਨਹੀਂ ਮਿਲੀ, ਪਰ ਜਗੀਰੂ ਜ਼ੁਲਮ ਦੇ ਕਿੱਸੇ ਸਭ ਲੋਕ ਦੱਸਦੇ ਸਨ। ਪਿੰਡਾਂ ਵਿੱਚ ਕੁਝ ਸੱਥਾਂ ਵਿੱਚ ਅਸੀਂ ਬਜ਼ੁਰਗਾਂ ਕੋਲ ਬੈਠ ਕੇ ਉਹ ਕਿੱਸੇ ਸੁਣੇ ਤਾਂ ਚੰਦ ਫਤਿਹਪੁਰੀ ਓਥੇ ਬੈਠਾ ਇੱਕ ਕਾਪੀ ਉੱਤੇ ਹਰ ਪਿੰਡ ਵਿੱਚ ਲਿਖਦਾ ਰਹਿੰਦਾ। ਵਾਪਸੀ ਉੱਤੇ ਉਹ ਤਿੰਨੇ ਜਲੰਧਰ ਅਤੇ ਮੈਂ ਅੰਮ੍ਰਿਤਸਰ ਚਲਾ ਗਿਆ। ਅਗਲੇ ਦਿਨ 'ਨਵਾਂ ਜ਼ਮਾਨਾ' ਵਿੱਚ ਚੰਦ ਫਤਿਹਪੁਰੀ ਦਾ ਲੇਖ ਸੰਪਾਦਕੀ ਸਫੇ ਉੱਤੇ ਲੱਗਾ ਸੀ, ਜਿਸ ਵਿੱਚ ਸਾਡੀ ਉਨ੍ਹਾਂ ਪਿੰਡਾਂ ਦੀ ਯਾਤਰਾ ਦੇ ਹਵਾਲੇ ਨਾਲ ਕਿਸਾਨਾਂ ਉੱਤੇ ਹੋਏ ਜ਼ੁਲਮਾਂ ਅਤੇ ਜਵਾਬ ਵਿੱਚ ਕਿਸਾਨੀ ਸੰਘਰਸ਼ ਦੀ ਕਾਮਯਾਬੀ ਦੀ ਕਹਾਣੀ ਸੀ। ਇਸ ਪਿੱਛੋਂ ਉਸ ਨੇ ਇਹੋ ਜਿਹੇ ਹੋਰ ਕੁਝ ਲੇਖ ਲਿਖੇ ਤੇ ਫਿਰ ਉਹ ਸਿਆਸੀ ਮੁੱਦਿਆਂ ਬਾਰੇ ਹਰ ਦੋ-ਚਾਰ ਮਹੀਨਿਆਂ ਦੇ ਬਾਅਦ ਲਿਖਣ ਲੱਗ ਪਿਆ। ਉਹਦੀ ਲਿਖਤ ਲਗਾਤਾਰ ਸੁਧਰਦੀ ਗਈ, ਪਰ ਜ਼ੋਰ ਦੇਣ ਦੇ ਬਾਵਜੂਦ ਉਹ ਲਿਖਤਾਂ ਲਗਾਤਾਰ ਨਹੀਂ ਸੀ ਲਿਖਦਾ ਹੁੰਦਾ। ਇਸ ਦੌਰਾਨ ਮੈਂ ਵੀ ਵੱਖ-ਵੱਖ ਮੁੱਦਿਆਂ ਉੱਤੇ ਲਿਖਣ ਲੱਗ ਪਿਆ ਅਤੇ ਮੇਰੀਆਂ ਲਿਖਤਾਂ 'ਨਵਾਂ ਜ਼ਮਾਨਾ' ਤੋਂ ਇਲਾਵਾ ਕੁਝ ਹੋਰ ਪੰਜਾਬੀ ਦੇ ਰੋਜ਼ਾਨਾ ਅਖਬਾਰਾਂ ਤੇ ਦਿੱਲੀ ਦੇ ਇੱਕ-ਦੋ ਹਿੰਦੀ ਅਖਬਾਰਾਂ ਵਿੱਚ ਕਦੇ-ਕਦਾਈਂ ਛਪਣ ਲੱਗ ਪਈਆਂ, ਜਿਨ੍ਹਾਂ ਵਿੱਚੋਂ ਕੁਝ ਦੀਆਂ ਕਤਰਨਾਂ ਅੱਜ ਵੀ ਮੇਰੇ ਕੋਲ ਹਨ। ਇਨ੍ਹਾਂ ਲਿਖਤਾਂ ਦੇ ਅਸਰ ਹੇਠ ਜਦੋਂ ਮੈਨੂੰ 'ਨਵਾਂ ਜ਼ਮਾਨਾ' ਵਾਸਤੇ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

## ਚੰਦ ਫਤਿਹਪੁਰੀ ਇੱਕ ਉੱਚ ਪਾਏ ਦਾ ਵਿਦਵਾਨ

ਪਿਰਥੀਪਾਲ ਸਿੰਘ ਮਾੜੀਮੇਘਾ

ਕਾਮਰੇਡ ਚੰਦ ਸਿੰਘ ਫਤਿਹਪੁਰੀ ਦੀ ਨਾ-ਮੁਰਾਦ ਬਿਮਾਰੀ ਕੈਂਸਰ ਬਾਰੇ ਜਾਣਕਾਰੀ ਮੈਨੂੰ ਖੇਤ ਮਜ਼ਦੂਰ ਸਭਾ ਦੇ ਸੂਬਾਈ ਆਗੂ ਸਵਰਨ ਸਿੰਘ ਨਾਗੋਕੇ ਦੇ ਸ਼ੋਕ ਸਮਾਗਮ 'ਤੇ ਸੀ ਪੀ ਆਈ ਦੇ ਸੂਬਾ ਸਕੱਤਰ ਬੰਤ ਸਿੰਘ ਬਰਾੜ ਤੋਂ ਮਿਲੀ ਸੀ। ਉਸ ਵਕਤ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ ਦੇ ਟਰੱਸਟੀ ਤੇ ਸੀਨੀਅਰ ਪੱਤਰਕਾਰ ਗਿਆਨ ਸੈਦਪੁਰੀ ਵੀ ਕੋਲ ਹੀ ਬੈਠੇ ਸਨ। ਬਿਮਾਰੀ ਦਾ ਨਾਂਅ ਸੁਣਦਿਆਂ ਸਾਰ ਮੈਂ ਝੰਜੋੜਿਆ ਗਿਆ, ਕਿਉਂਕਿ ਇਸ ਬਿਮਾਰੀ ਦਾ ਕੋਈ ਪੂਰਨ ਇਲਾਜ ਨਹੀਂ ਹੈ। ਹਕੀਕਤ ਵਿੱਚ ਇਹ ਬਿਮਾਰੀ ਆਖਰ ਮਨੁੱਖ ਨੂੰ ਨਿਗਲ ਜਾਂਦੀ ਹੈ।

ਚੰਦ ਸਿੰਘ ਫਤਿਹਪੁਰੀ ਦਾ ਪਿੰਡ ਜਲੰਧਰ ਜ਼ਿਲ੍ਹੇ ਵਿੱਚ ਸ਼ਾਹਕੋਟ ਦੇ ਨਜ਼ਦੀਕ ਫਤਿਹਪੁਰ ਭੰਗਵਾਂ ਹੈ। ਜਾਣਕਾਰੀ ਲਈ ਪਿਛਲਾ ਪਿੰਡ ਉਨ੍ਹਾ ਦਾ ਬਠਿੰਡਾ ਜ਼ਿਲ੍ਹੇ ਵਿੱਚ ਸੇਵੇਵਾਲਾ ਸੀ। ਥੋੜ੍ਹੀ ਜ਼ਮੀਨ ਹੋਣ ਕਰਕੇ ਉਨ੍ਹਾ ਦੇ ਪਰਵਾਰ ਨੇ ਸੇਵੇਵਾਲਾ ਵਾਲੀ ਜ਼ਮੀਨ ਵੇਚ ਕੇ ਪਿੰਡ ਫਤਿਹਪੁਰ ਵਿਖੇ ਕੁਝ ਵਧੇਰੇ ਜ਼ਮੀਨ ਲੈ ਲਈ। ਕੁਝ ਅਰਸੇ ਬਾਅਦ ਚੰਦ ਸਿੰਘ ਦੇ ਪਰਵਾਰ ਨੇ ਯੂ ਪੀ ਵਿੱਚ ਵੀ ਜ਼ਮੀਨ ਲੈ ਲਈ।

ਚੰਦ ਸਿੰਘ ਦੀ ਮਾਤਾ ਦਾ ਨਾਂਅ ਤੇਜ ਕੌਰ ਅਤੇ ਪਿਤਾ ਦਾ ਨਾਂਅ ਸ੍ਰੀ ਭਗਵਾਨ ਸਿੰਘ ਬਰਾੜ ਸੀ। ਚੰਦ ਸਿੰਘ ਦੀ ਪਤਨੀ ਦਾ ਨਾਂਅ ਸ੍ਰੀਮਤੀ ਸੰਤੋਸ਼ ਬਰਾੜ ਹੈ। ਉਨ੍ਹਾ ਦੇ ਪੁੱਤਰ ਸਮੇਲ ਬਰਾੜ, ਧੀ ਰਚਨਾ ਬਰਾੜ ਅਤੇ ਛੋਟਾ ਪੁੱਤਰ ਪ੍ਰਿੰਸ ਬਰਾੜ ਹੈ। ਚੰਦ ਸਿੰਘ ਦਾ ਸਾਰਾ ਪਰਵਾਰ ਲੰਮੇ ਸਮੇਂ ਤੋਂ ਕਮਿਊਨਿਸਟ ਪਾਰਟੀ ਨਾਲ ਜੁੜਿਆ ਹੋਇਆ ਹੈ। ਇਨ੍ਹਾ ਦੇ ਦੋ ਵੱਡੇ ਭਰਾ ਕਾਮਰੇਡ ਗੁਰਪਾਲ ਸਿੰਘ ਅਤੇ ਹਰਭਾਲ ਸਿੰਘ ਹਨ।

ਚੰਦ ਸਿੰਘ ਫਤਿਹਪੁਰੀ ਨਾਲ ਮੇਰੀ ਜਾਣ-ਪਛਾਣ ਕਰੀਬ 1984 ਵਿੱਚ ਹੋ ਗਈ ਸੀ। ਉਸ ਵਕਤ ਮੈਂ ਬਿਜਲੀ ਬੋਰਡ ਵਿੱਚ ਸੈਂਟਰਲ ਟਾਊਨ ਸਬ-ਡਵੀਜ਼ਨ ਵਿੱਚ ਲਾਈਨਮੈਨ ਦੀ ਅਪਰੈਂਟਿਸਸ਼ਿਪ ਕਰ ਰਿਹਾ ਸਾਂ। ਮੈਨੂੰ ਜਦੋਂ ਵਕਤ ਮਿਲ ਜਾਣਾ ਤਾਂ ਮੈਂ ਪਾਰਟੀ ਦਫਤਰ ਆ ਜਾਣਾ ਤੇ ਉੱਥੇ ਚੰਦ ਸਿੰਘ ਆਮ ਹੀ ਹੁੰਦੇ ਤੇ ਗੱਲਬਾਤ ਹੋ ਜਾਂਦੀ। ਨਾਲ ਦੀ ਨਾਲ 'ਨਵਾਂ ਜ਼ਮਾਨਾ' ਅਖ਼ਬਾਰ ਵੀ ਪੜ੍ਹ ਲੈਣੀ। ਚੰਦ ਸਿੰਘ ਆਪਣੇ ਪਰਵਾਰ ਸਮੇਤ ਪਾਰਟੀ ਦਫਤਰ ਹੀ ਰਹਿੰਦੇ ਸਨ। ਉਸ ਵੇਲੇ ਪਾਰਟੀ ਦਫਤਰ ਜਲੰਧਰ ਦੇ ਮੇਨ ਡਾਕਖਾਨੇ ਦੇ ਕੋਲ ਸੀ ਅਤੇ ਹਵਾਲਦਾਰ ਦਰਸ਼ਨ ਸਿੰਘ ਦਫਤਰ ਸਕੱਤਰ ਸਨ।

ਚੰਦ ਸਿੰਘ ਨੂੰ ਪਹਿਲੀ ਮਿਲਣੀ ਵਿੱਚ ਮੈਂ ਆਪਣੀ ਜਾਣ-ਪਛਾਣ ਕਰਾਈ ਤੇ ਨਾਲ ਹੀ ਪੁੱਛਿਆ ਕਿ ਤੁਸੀਂ ਆਪਣੇ ਨਾਂਅ ਨਾਲ ਫਤਿਹਪੁਰੀ ਕਿਉਂ ਲਾਉਂਦੇ ਜੇ। ਉਨ੍ਹਾ ਕਿਹਾ— ਮੇਰਾ ਪਿੰਡ ਫਤਿਹਪੁਰ ਭੰਗਵਾਂ ਹੋਣ ਕਰਕੇ ਮੈਂ ਆਪਣੇ ਨਾਂਅ ਨਾਲ ਫਤਿਹਪੁਰੀ ਲਾਉਂਦਾ ਹਾਂ। ਉਂਝ ਚੰਦ ਸਿੰਘ ਫਤਿਹਪੁਰੀ ਦਾ ਪਰਵਾਰ ਬਰਾੜ ਗੋਤ ਦਾ ਹੈ।

ਜਲੰਧਰ ਜ਼ਿਲ੍ਹੇ ਦੀ ਪਾਰਟੀ ਨੇ ਦਫਤਰ ਜਲੰਧਰ ਬੱਸ ਸਟੈਂਡ ਦੇ ਨਜ਼ਦੀਕ ਬਣਾ ਲਿਆ। ਉਸ ਦਫਤਰ ਦਾ ਟਰੱਸਟ ਮਾਸਟਰ ਹਰੀ ਸਿੰਘ ਧੂਤ ਦੇ ਨਾਂਅ 'ਤੇ ਬਣਾਇਆ ਹੋਇਆ ਹੈ। ਕਈ ਸਾਥੀ ਦਫ਼ਤਰ ਨੂੰ 'ਮਾਸਟਰ ਹਰੀ ਸਿੰਘ ਧੂਤ ਭਵਨ' ਵੀ ਆਖ ਦਿੰਦੇ ਹਨ। ਚੰਦ ਫਤਿਹਪੁਰੀ 'ਨਵਾਂ ਜ਼ਮਾਨਾ' ਦਾ ਕੰਮ ਕਰਨ ਦੇ ਨਾਲ-ਨਾਲ ਸੀ ਪੀ ਆਈ ਦੇ ਜ਼ਿਲ੍ਹੇ ਦੇ ਸਕੱਤਰ ਹੋਣ ਦੇ ਨਾਤੇ ਇਸ ਦਫ਼ਤਰ ਵਿੱਚ ਵੀ ਬੈਠਦੇ ਸਨ। ਜਦੋਂ ਵੀ ਮੈਂ ਏ ਆਈ ਐੱਸ ਐੱਫ ਅਤੇ ਸਰਬ ਭਾਰਤ ਨੌਜਵਾਨ ਸਭਾ ਦੇ ਕੰਮਾਂ ਬਾਰੇ ਅਗਲੇ ਜ਼ਿਲ੍ਹਿਆਂ ਵਿੱਚ ਜਾਣਾ ਤਾਂ ਆਮ ਹੀ ਦਫ਼ਤਰੋਂ ਹੋ ਕੇ ਜਾਂਦਾ ਸਾਂ। ਦਫ਼ਤਰ ਵਿੱਚ ਚੰਦ ਸਿੰਘ ਫਤਿਹਪੁਰੀ ਮਿਲ ਪੈਂਦੇ ਤੇ ਵਿਚਾਰ-ਵਟਾਂਦਰਾ ਹੋ ਜਾਂਦਾ।

ਚੰਦ ਫਤਿਹਪੁਰੀ ਨੇ ਉੱਚ ਪੱਧਰ ਦੀ ਵਿਦਿਆ ਗ੍ਰਹਿਣ ਕੀਤੀ ਹੋਈ ਸੀ। ਉਹ ਲਿਖਣ ਦੇ ਧਨੀ ਹੋਣ ਕਰਕੇ ਕਰੀਬ 1970 ਵਿੱਚ 'ਨਵਾਂ ਜ਼ਮਾਨਾ' ਅਖ਼ਬਾਰ ਨਾਲ ਜੁੜ ਗਏ। ਉਨ੍ਹਾ ਅਖਬਾਰ ਵਿੱਚ ਕਈ ਕਾਲਮ ਲਿਖੇ ਸਨ। ਉਨ੍ਹਾ ਦਾ ਇੱਕ ਕਾਲਮ 'ਸ਼ੀਸ਼ਾ ਝੂਠ ਨਹੀਂ ਬੋਲਦਾ' ਬਹੁਤ ਮਕਬੂਲ ਹੋਇਆ। ਚੰਦ ਫਤਿਹਪੁਰੀ ਐਡੀਟੋਰੀਅਲ ਸਮੇਤ ਆਪਣੀਆਂ ਲਿਖਤਾਂ ਬਹੁਤ ਘੋਖ ਕੇ ਲਿਖਦੇ ਸਨ। ਕਿਸਾਨਾਂ ਨੇ ਜੋ ਦਿੱਲੀ ਦੇ ਬਾਰਡਰ 'ਤੇ ਮੋਰਚਾ ਲਾਇਆ ਸੀ, ਉਸ ਬਾਬਤ ਵੀ ਉਹਨਾ ਪੁਸਤਕ ਲਿਖੀ ਹੋਈ ਹੈ।

ਦਰਅਸਲ ਚੰਦ ਫਤਿਹਪੁਰੀ ਇੱਕ ਨਿਡਰ ਪੱਤਰਕਾਰ, ਉੱਚ ਪਾਏ ਦੇ ਲਿਖਾਰੀ, ਚਿੰਤਕ ਅਤੇ ਪੰਜਾਬ ਦੇ ਸਿਰਕੱਢ ਕਮਿਊਨਿਸਟ ਆਗੂ ਸਨ। ਉਨ੍ਹਾ 'ਨਵਾਂ ਜ਼ਮਾਨਾ' ਦੇ ਸੰਪਾਦਕ ਦੀ ਜ਼ਿੰਮੇਵਾਰੀ ਬੜੀ ਨਿਰਪੱਖਤਾ ਨਾਲ ਨਿਭਾਈ। ਅਸਲ ਵਿੱਚ ਉਹਨਾ ਦੀਆਂ ਲਿਖਤਾਂ ਲੋਕ ਪੱਖੀ, ਮਜ਼ਦੂਰ, ਕਿਸਾਨ ਅਤੇ ਸਮਾਜ ਦੇ ਪੱਛੜੇ ਵਰਗ ਦੀ ਜ਼ਿੰਦਗੀ ਨੂੰ ਖੁਸ਼ਹਾਲ ਬਣਾਉਣ ਦੀ ਤਰਜਮਾਨੀ ਕਰਦੀਆਂ ਸਨ।

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

## ਸਾਡਾ ਚੰਦ ਪ੍ਰਦੇਸੀ ਹੋਇਆ

ਹਰਦੇਵ ਅਰਸ਼ੀ

ਮੈਂ ਜਦੋਂ ਵੀ ਫੋਨ ਕਰਦਾ ਤਾਂ ਉਸ ਨੇ ਕਹਿਣਾ ਹਾਂ... ਅਰਸ਼ੀ ਦੱਸ, ਮੈਂ ਕਹਿਣਾ ਕਿ ਮਾਨਸਾ ਜਾਂ ਬਠਿੰਡਾ ਤੋਂ ਸਾਥੀਆਂ ਨੇ ਖ਼ਬਰ ਭੇਜੀ ਹੈ... ਓ ਕੇ, ਇਹ ਚੰਦ ਜੀ ਦਾ ਪ੍ਰਮਾਨੈਂਟ ਸ਼ਬਦ ਹੁੰਦਾ। ਪਿਛਲੇ ਐਤਵਾਰ ਤੋਂ ਇਹ ਵਾਰਤਾਲਾਪ ਸਦੀਵੀ ਤੌਰ 'ਤੇ ਖ਼ਤਰ ਹੋ ਗਈ ਹੈ। ਮਨ ਬਹੁਤ ਉਦਾਸ ਹੈ, ਅੱਧੀ ਸਦੀ ਦੀਆਂ ਖੱਟੀਆਂ-ਮਿੱਠੀਆਂ ਤੇ ਇਨਕਲਾਬੀ ਯਾਦਾਂ ਇੱਕ-ਇੱਕ ਕਰਕੇ ਯਾਦ ਆ ਰਹੀਆਂ ਹਨ, ਜਿਨ੍ਹਾਂ ਨੂੰ ਚੰਦ ਪੈਰ੍ਹਿਆਂ 'ਚ ਸਮੇਟਣਾ ਅਸੰਭਵ ਹੈ।

ਸਾਡੇ ਚੰਦ ਵਿੱਚ ਲੋਹੜੇ ਦਾ ਸਵੈ ਭਰੋਸਾ ਸੀ। ਹਰ ਔਖੇ ਤੇ ਖ਼ਤਰਨਾਕ ਕੰਮ ਹੱਥ ਵਿੱਚ ਲੈਣ ਦਾ ਉਸ ਵਿੱਚ ਜਨੂੰਨ ਸੀ।

ਆਮ ਦੇਖਣੀ-ਪਾਖਣੀ 'ਚ ਉਹ ਬਹੁਤ ਹੀ ਸਧਾਰਨ ਜਿਹੀ ਦਿਲ ਵਾਲਾ ਵਿਅਕਤੀ ਜਾਪਦਾ ਸੀ, ਪਰ ਉਹ ਲੋਹੜੇ ਦੀ ਤੀਖਣ ਬੁੱਧੀ ਦਾ ਮਾਲਕ ਸੀ। ਉਸ ਨੇ ਭਾਵੇਂ ਕਿਸੇ ਯੂਨੀਵਰਸਿਟੀ ਵਿੱਚੋਂ ਜਰਨਲਿਜ਼ਮ ਦੀ ਡਿਗਰੀ ਪ੍ਰਾਪਤ ਨਹੀਂ ਸੀ ਕੀਤੀ, ਫਿਰ ਵੀ ਉਹ ਪੱਤਰਕਾਰਤਾ ਦੇ ਖੇਤਰ ਵਿੱਚ ਨਵੀਂਆਂ ਪੈੜਾਂ ਪਾਉਂਦਾ ਰਿਹਾ। ਢੁਕਵੇਂ ਸ਼ਬਦਾਂ ਦੀ ਚੋਣ, ਔਖੇ ਵਿਸ਼ੇ ਨੂੰ ਸਰਲ ਭਾਸ਼ਾ, ਪੈਰ੍ਹਿਆਂ ਦੀ ਗੁੰਦਵੀ ਲਗਾਤਾਰਤਾ ਨੂੰ ਤਰਕ ਨਾਲ ਪਰੋਣ ਵਿੱਚ ਉਸ ਦਾ ਕੋਈ ਸਾਨੀ ਨਹੀਂ ਸੀ। ਜਦੋਂ ਸਿਹਤ ਕੁਝ ਮਿਤਰਤਾ ਨਿਭਾਉਂਦੀ ਰਹੀ ਤਾਂ ਲਗਭਗ ਰੋਜ਼ਾਨਾ ਸੰਪਾਦਕੀ ਵੀ ਲਿਖਦਾ ਰਿਹਾ ਤੇ 'ਨਵਾਂ ਜ਼ਮਾਨਾ ਵੈੱਬ ਟੀ ਵੀ' 'ਚ ਵੱਡੇ ਕੌਮੀ-ਕੌਮਾਂਤਰੀ ਮਾਮਲਿਆਂ ਨੂੰ ਲੋਕਾਂ ਦੀ ਭਾਸ਼ਾ ਵਿੱਚ ਸਮਝਾਉਣ ਦਾ ਉਸ ਵਿੱਚ ਅੰਤਾ ਦਾ ਹੁਨਰ ਸੀ। ਕੌਮਾਂਤਰੀ ਤੇ ਦੇਸ਼ਾਂ ਦੇ ਦੁਪਾਸੜ ਵਪਾਰ ਵਿੱਚ ਲਗਾਤਾਰ ਡਾਲਰ ਦੀ ਟੁੱਟ ਰਹੀ ਸਰਦਾਰੀ ਬਾਰੇ ਉਨ੍ਹਾ ਦਾ ਪੰਜ-ਸੱਤ ਮਿੰਟ ਦਾ ਤਬਸਰਾ ਕਮਾਲ ਦਾ ਸੀ, ਜਿਸ ਨੂੰ ਮੈਂ ਲੋੜ ਪੈਣ 'ਤੇ ਹੁਣ ਵੀ ਸੁਣ ਲੈਂਦਾ ਹਾਂ।

ਉਸ ਵਿੱਚ ਪਹਿਲਕਦਮੀਂ ਲੈਣ ਤੇ ਤੁਰੰਤ ਫੈਸਲੇ ਕਰਨ ਦਾ ਵਿਸ਼ੇਸ਼ ਗੁਣ ਸੀ। 'ਨਵਾਂ ਜ਼ਮਾਨਾ' ਲਈ ਨਵੀਂ ਪ੍ਰਿੰਟਿੰਗ ਮਸ਼ੀਨ ਖਰੀਦਣ ਦੇ ਵਿਚਾਰ ਦੀ ਪਹਿਲ ਵੀ ਚੰਦ ਜੀ ਵੱਲੋਂ ਕੀਤੀ ਗਈ ਸੀ, ਜਿਸ ਨੂੰ ਤਤਕਾਲੀਨ ਸੰਪਾਦਕ ਜਤਿੰਦਰ ਪਨੂੰ, ਟਰੱਸਟ ਦੇ ਸਕੱਤਰ ਮਰਹੂਮ ਗੁਰਮੀਤ ਸਿੰਘ ਸ਼ੁਗਲੀ ਸਮੇਤ ਸਮੁੱਚੇ 'ਨਵਾਂ ਜ਼ਮਾਨਾ' ਟਰੱਸਟ ਦੀ ਸਹਿਮਤੀ ਤੋਂ ਇਲਾਵਾ ਖੱਬੇ-ਪੱਖੀ ਸੋਚ ਦੇ ਧਾਰਨੀਆਂ , ਜਮਹੂਰੀ ਪਸੰਦਾਂ, 'ਨਵਾਂ ਜ਼ਮਾਨਾ' ਦੇ ਸ਼ੁਭਚਿੰਤਕਾਂ ਤੋਂ ਇਲਾਵਾ ਰੋਜ਼ਾਨਾ ਅਜੀਤ ਤੇ ਹਿੰਦ ਸਮਾਚਾਰ ਸਮੂਹ ਵੱਲੋਂ ਵੀ ਭਰਪੂਰ ਸਹਿਯੋਗ ਦਿੱਤਾ ਗਿਆ। ਵੱਧ ਤੋਂ ਵੱਧ ਫੰਡ ਜਮ੍ਹਾਂ ਕਰਨ ਦੀ ਲਹਿਰ ਹੀ ਬਣ ਗਈ ਸੀ। 'ਨਵਾਂ ਜ਼ਮਾਨਾ' ਚੰਦ ਦੇ ਹੱਥੀਂ ਖਰੀਦੀ ਨਵੀਂ ਮਸ਼ੀਨ ਰਾਹੀਂ ਹੀ ਛਪ ਕੇ ਉਸ ਨੂੰ ਸ਼ਰਧਾਂਜਲੀ ਦੇ ਰਿਹਾ ਹੈ।

ਚੰਦ ਜੀ ਦਾ ਬਹੁਤਾ ਰਾਜਸੀ ਜੀਵਨ ਵੈਟਰਨ ਕਮਿਊਨਿਸਟ ਆਗੂ ਕਾਮਰੇਡ ਕੁਲਵੰਤ ਸਿੰਘ ਤੇ ਡਾਕਟਰ ਜੁਗਿੰਦਰ ਦਿਆਲ ਨਾਲ ਹੀ ਬੀਤਿਆ ਹੈ, ਪ੍ਰੰਤੂ ਮੇਰੀ, ਡਾਕਟਰ ਦਿਆਲ ਤੇ ਚੰਦ ਦੀ ਤਿਕੜੀ ਵੀ ਪਾਰਟੀ ਵਿੱਚ ਮਸ਼ਹੂਰ ਸੀ। ਅਨੇਕਾਂ ਉਤਸ਼ਾਹਜਨਕ ਯਾਦਾਂ, ਘਟਨਾਵਾਂ ਬਿਆਨ ਕਰਕੇ ਆਪਣੇ ਪਿਆਰੇ ਦੋਸਤ, ਸਾਥੀ ਨੂੰ ਸ਼ਰਧਾਂਜਲੀ ਦੇਣ ਨੂੰ ਦਿਲ ਤਾਂ ਬਹੁਤ ਕਰਦਾ ਹੈ, ਪਰ 'ਨਵਾਂ ਜ਼ਮਾਨਾ' ਦੇ ਪ੍ਰਬੰਧਕਾਂ ਦੀ ਸਖ਼ਤ ਹਦਾਇਤ ਕਿ ਅੱਜ 'ਐਤਵਾਰਤਾ' ਅੰਕ ਦੇ ਮੱਦੇਨਜ਼ਰ ਸੰਖੇਪ ਤੋਂ ਸੰਖੇਪ ਹੀ ਲਿਖਣਾ ਹੈ, ਉਨ੍ਹਾਂ ਦੀ ਹਦਾਇਤ 'ਤੇ ਫੁੱਲ ਚੜ੍ਹਾਉਂਦੇ ਹੋਏ ਉਪਰੋਕਤ ਚੰਦ ਕੁ ਸ਼ਬਦਾਂ ਨਾਲ ਹੀ ਆਪਣੇ ਜੁੰਡੀ ਦੇ ਯਾਰ ਨੂੰ ਸ਼ਰਧਾਂਜਲੀ ਭੇਟ ਕਰਦਾ ਹਾਂ।

## ਕਾਮਰੇਡ ਚੰਦ ਫਤਿਹਪੁਰੀ ਨੂੰ ਇਨਕਲਾਬੀ ਸਲਾਮ !

ਮੈਂ ਤੇ ਚੰਦ ਫਤਿਹਪੁਰੀ ਵਿਦਿਆਰਥੀ ਅਤੇ ਨੌਜਵਾਨ ਸਭਾ ਵੱਲੋਂ ਕੀਤੇ ਸੰਘਰਸ਼ਾਂ ਵਿੱਚ ਹਮਜੋਲੀ ਰਹੇ ਹਾਂ। ਇਨ੍ਹਾਂ ਸਮਿਆਂ ਵਿੱਚ ਫਤਿਹਪੁਰੀ ਦੀ ਸੁਹਿਰਦਤਾ ਅਤੇ ਸਮਰਪਣ ਭਾਵਨਾ ਤੋਂ ਸਭ ਸਾਥੀ ਕਾਇਲ ਸਨ। ਉਨ੍ਹਾਂ ਦੀ ਤਕਰੀਰ ਵਿੱਚ ਜੋਸ਼ ਅਤੇ ਰਵਾਨੀ ਵੇਖਣ ਸੁਣਨ ਵਾਲੀ ਹੁੰਦੀ ਸੀ। ਦੋਹਾਂ ਦਾ ਸੁਮੇਲ ਕਮਾਲ ਦਾ ਹੋਇਆ ਕਰਦਾ ਸੀ।


ਅੱਗੇ ਚੱਲ ਕੇ ਉਨ੍ਹਾਂ ਨੇ ਪੱਤਰਕਾਰਤਾ ਵਿੱਚ ਨਵੇਂ ਕੀਰਤੀਮਾਨ ਸਿਰਜੇ। ਇਸ ਖੇਤਰ ਵਿੱਚ ਵੱਖਰਾ ਨਿਆਰਾ ਮੁਕਾਮ ਹਾਸਲ ਕੀਤਾ। ਕਾਮਰੇਡ ਜਗਜੀਤ ਸਿੰਘ ਆਨੰਦ ਅਤੇ ਜਤਿੰਦਰ ਪੰਨੂ ਤੋਂ ਪਿੱਛੋਂ ਚੰਦ ਫਤਿਹਪੁਰੀ ਨੇ ਖੱਬੀਆਂ ਤੇ ਜਮਹੂਰੀ ਤਕਤਾਂ ਨੂੰ ਵੱਡਾ ਮੰਚ ਮੁਹੱਈਆ ਕਰਵਾਇਆ। ਨਵਾਂ ਜ਼ਮਾਨਾ ਨੂੰ ਆਰਥਿਕ ਘਾਟੇ ਤੋਂ ਮੁਨਾਫੇ ਵੱਲ ਲੈ ਜਾਣ ਵਿੱਚ ਫਤਿਹਪੁਰੀ ਦੀ ਮਿਕਨਾਤੀਸੀ ਸ਼ਖ਼ਸੀਅਤ ਦਾ ਵੱਡਾ ਯੋਗਦਾਨ ਹੈ। ਮੈਂ ਉਨ੍ਹਾਂ ਨੂੰ ਇਨਕਲਾਬੀ ਸਲਾਮ ਕਰਦਾ ਹਾਂ।

**- ਬੰਤ ਬਰਾੜ**
ਕੌਮੀ ਸਕੱਤਰ, ਸੀ. ਪੀ. ਆਈ.

## ਮੇਰਾ ਦੋਸਤ, ਮੇਰਾ ਰਾਹ-ਦਸੇਰਾ

ਗਿਆਨ ਸੈਦਪੁਰੀ

ਇਹ ਤਾਂ ਮੈਨੂੰ ਯਾਦ ਨਹੀਂ ਕਿ ਚੰਦ ਫਤਿਹਪੁਰੀ ਜੀ ਨੂੰ ਮੈਂ ਪਹਿਲੀ ਵਾਰ ਕਦੋਂ ਮਿਲਿਆ ਸੀ, ਪਰ 41 ਸਾਲ ਪਹਿਲਾਂ ਹੋਈ ਵਾਕਫੀ, 34 ਸਾਲ ਪਹਿਲਾਂ 1992 ਦੀਆਂ ਪੰਜਾਬ ਅਸੈਂਬਲੀ ਚੋਣਾਂ ਦੇ ਸਬੱਬ ਨਾਲ ਬਣੀ ਨੇੜਤਾ ਸਤੰਬਰ 2026 ਤੱਕ ਆਪਸੀ ਸਮਝ ਤੇ ਦੋਸਤੀ ਦੋ ਦਿਲਾਂ ਦੀ ਸਾਂਝੀ ਧੜਕਣ ਬਣ ਗਈ।



ਚੰਦ ਫਤਿਹਪੁਰੀ : ਵਿਦਿਆਰਥੀ ਜੀਵਨ ਸਮੇਂ ਦੀ ਤਸਵੀਰ

1985 ਵਿੱਚ ਮੇਰੇ ਪਿੰਡ ਮਜ਼ਦੂਰਾਂ ਦੇ ਵਿਹੜੇ ਹੋਈ ਇੱਕ ਮੀਟਿੰਗ ਵਿੱਚ ਕਾਮਰੇਡ ਅਰੂੜਾ ਰਾਮ ਪਰਜੀਆਂ ਨੇ ਨਵਾਂ ਜ਼ਮਾਨਾ ਪੜ੍ਹਨ ਤੇ ਘਰ ਵਿੱਚ ਪੱਕੇ ਤੌਰ 'ਤੇ ਲਵਾਉਣ ਦਾ ਮਸ਼ਵਰਾ ਦਿੱਤਾ। 3-4 ਦਿਨ ਬਾਅਦ ਨਵਾਂ ਜ਼ਮਾਨਾ ਘਰ ਵਿੱਚ ਆਉਣ ਲੱਗ ਪਿਆ ਤੇ ਫਤਿਹਪੁਰੀ ਹੁਰਾਂ ਨਾਲ ਜਾਣ-ਪਛਾਣ ਵੀ ਹੋ ਗਈ। ਗਾਹੇ-ਵਗਾਹੇ ਮਿਲਣ ਗਲਣ ਦਾ ਸਿਲਸਲਾ ਸ਼ੁਰੂ ਹੋ ਗਿਆ ਤੇ ਉਨ੍ਹਾਂ ਦੇ ਇਸਰਾਰ 'ਤੇ ਮੈਂ 'ਨਵਾਂ ਜ਼ਮਾਨਾ' ਦਾ 'ਪੱਤਰ ਪ੍ਰੇਰਕ' ਬਣ ਗਿਆ।

1992 ਵਿੱਚ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਆ ਗਈਆਂ। ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਵਿਧਾਨ ਸਭਾ ਹਲਕਾ ਸ਼ਾਹਕੋਟ (ਉਦੋਂ ਲੋਹੀਆਂ) ਤੋਂ ਚੰਦ ਫਤਿਹਪੁਰੀ ਹੁਰਾਂ ਨੂੰ ਉਮੀਦਵਾਰ ਬਣਾਇਆ ਗਿਆ। ਉਨ੍ਹਾਂ ਦਾ ਮੁੱਖ ਚੋਣ ਦਫ਼ਤਰ ਸ਼ਾਹਕੋਟ ਵਿੱਚ ਸਥਾਪਤ ਕੀਤਾ ਗਿਆ। ਉਹ ਛਵ੍ਹੀਆਂ ਦੀ ਰੁੱਤ ਸੀ। ਅੱਤਵਾਦੀਆਂ ਨੇ ਬੜੇ ਤੱਤੇ ਐਲਾਨ ਕੀਤੇ ਹੋਏ ਸਨ। ਇੱਕ ਇਹ ਐਲਾਨ ਵੀ ਸੀ ਕਿ ਵੋਟ ਪਾਉਣ ਵਾਲੇ ਦੀ ਉਂਗਲ ਕੱਟ ਦਿੱਤੀ ਜਾਵੇਗੀ। ਉਸ ਵੇਲੇ ਅਸੀਂ 2-3 ਸਾਥੀ ਚੰਦ ਫਤਿਹਪੁਰੀ ਹੁਰਾਂ ਨਾਲ ਪ੍ਰਛਾਵੇਂ ਵਾਂਗ ਵਿਚਰਦੇ ਸੀ। ਉਸ ਵਿਚਰਨ ਵਰਤਾਰੇ ਦੌਰਾਨ ਉਨ੍ਹਾਂ ਨਾਲ ਆਤਮਿਕ ਸਾਂਝ ਪੈਦਾ ਹੋ ਗਈ। ਇਹ ਸਾਂਝ ਹਰ ਦਿਨ ਪਕੇਰੀ ਹੁੰਦੀ ਗਈ ਤੇ ਜਿਸ ਤਰ੍ਹਾਂ ਉਪਰ ਜ਼ਿਕਰ ਕਰ ਆਇਆ ਹਾਂ, ਉਨ੍ਹਾਂ ਦੇ ਆਖਰੀ ਸਾਹ ਤੱਕ ਮਿੱਤਰਤਾ ਨਿਭੀ ਹੀ ਨਹੀਂ, ਸਗੋਂ 'ਦੋ ਦਿਲਾਂ ਦੀ ਇੱਥ ਧੜਕਣ' ਦੀ ਕਹਾਵਤ ਦਾ ਸੱਚ ਬਣ ਗਈ।

ਉਪਰੋਂ ਗੰਭੀਰ ਤੇ ਕਈ ਵਾਰ ਕਠੋਰ ਤੇ ਨਿਰਮੋਹਿਆ ਜਿਹਾ ਦਿਸਣ ਵਾਲੇ ਚੰਦ ਫਤਿਹਪੁਰੀ ਅੰਦਰੋਂ ਏਨੇ ਮੁਹੱਬਤੀ ਤੇ ਮੋਹ ਵਾਲੇ ਖ਼ੂਬਸੂਰਤ ਇਨਸਾਨ ਸਨ, ਇਸ ਦੇ ਦੀਦਾਰ ਮੈਨੂੰ ਬਹੁਤ ਮੌਕਿਆਂ 'ਤੇ ਹੁੰਦੇ ਰਹੇ ਹਨ। ਕਹਿੰਦੇ ਹਨ ਕਿ ਦੋਸਤੀ ਆਪਸੀ ਪਿਆਰ, ਭਰੋਸੇ ਅਤੇ ਸਮਝ 'ਤੇ ਟਿਕਿਆ ਰਿਸ਼ਤਾ ਹੁੰਦਾ ਹੈ। ਉਨ੍ਹਾਂ ਦੀ ਡੂੰਘੀ ਸਮਝ ਨੂੰ ਮੈਂ ਨੇੜਿਓਂ ਜਾਣਿਆ, ਤੱਕਿਆ ਹੈ। ਉਨ੍ਹਾਂ ਦੀ ਦੋਸਤੀ ਦਾ ਬੜਾ ਵਸੀਹ ਦਾਇਰਾ ਸੀ। ਉਨ੍ਹਾਂ ਦੀ ਤੁਹਾਡੇ ਨਾਲ ਕਿੰਨੀ ਮੁਹੱਬਤ ਹੈ, ਇਸ ਦਾ ਉਹ ਇਜ਼ਹਾਰ ਕਦੇ ਵੀ ਨਹੀਂ ਕਰਦੇ ਸਨ।

ਮੈਨੂੰ ਆਪਣੇ ਸੱਭਿਆਚਾਰ, ਆਪਣੀ ਭਾਸ਼ਾ, ਬੋਲੀ 'ਤੇ ਆਪਣੇ ਖਿੱਤੇ ਨਾਲ ਮੁਹੱਬਤ ਦਾ ਕੁਝ ਵੱਲ ਹੈ ਤਾਂ ਇਹ ਸੰਸਾਰ ਪ੍ਰਸਿੱਧ ਰਸੂਲ ਹਮਜ਼ਾਤੋਵ ਦੀ ਪੁਸਤਕ 'ਮੇਰਾ ਦਾਗਿਸਤਾਨ' ਪੜ੍ਹਨ ਕਰਕੇ ਹੈ। ਮੈਨੂੰ ਇਹ ਪੁਸਤਕ ਪੜ੍ਹਨ ਲਈ ਚੰਦ ਫਤਿਹਪੁਰੀ ਹੁਰਾਂ ਨੇ ਦਿੱਤਾ ਸੀ ਤੇ ਨਾਲ ਤਾਗੀਦ ਕੀਤੀ ਸੀ, ਇਸ ਪੁਸਤਕ ਨੂੰ ਨਿੱਠ ਕੇ ਪੜ੍ਹਨ ਦੀ ਕਿਸੇ ਨੂੰ ਇਹ ਗੱਲ ਮਾਮੂਲੀ ਲੱਗ ਸਕਦੀ ਹੈ, ਪਰ ਉਨ੍ਹਾਂ ਦਾ ਸੁਝਾਈ ਵਾਰਤਕ ਪੜ੍ਹ ਕੇ ਮੈਨੂੰ ਹੋਰ ਪੜ੍ਹਨ ਦਾ ਰਾਹ ਮਿਲ ਗਿਆ ਸੀ। ਕਹਿ ਸਕਦਾ ਹਾਂ ਕਿ ਚੰਦ ਫਤਿਹਪੁਰੀ ਮੇਰੇ ਰਾਹ-ਦਸੇਰਾ ਵੀ ਸਨ।

ਉਨ੍ਹਾਂ ਦੀਆਂ ਸੰਪਾਦਕੀਆਂ ਦਾ ਗਹਿਰ-ਗੰਭੀਰ ਲੋਕਾਂ ਨੇ ਸ਼ਿੱਦਤ ਨਾਲ ਨੋਟਿਸ ਲਿਆ। ਕਿਸਾਨੀ ਮਸਲਿਆਂ 'ਤੇ ਉਨ੍ਹਾਂ ਦੀ ਕਿੰਨੀ ਪਕੜ ਸੀ, ਇਸ ਗੱਲ ਦੀ ਸਮਝ ਉਨ੍ਹਾਂ ਦੀਆਂ ਲਿਖਤਾਂ ਤੇ ਵਿਹਾਰ ਤੋਂ ਭਲੀ-ਭਾਂਤ ਪਤਾ ਲੱਗ ਜਾਂਦੀ ਸੀ। ਉਨ੍ਹਾਂ ਨੇ ਆਪਣੀਆਂ ਸੰਪਾਦਕੀਆਂ ਇਕੱਤਰ ਕਰਕੇ 'ਤਾਨਾਸ਼ਾਹੀ ਵਿਰੁੱਧ ਜੂਝਦਾ ਇਤਿਹਾਸਕ ਕਿਸਾਨ ਅੰਦੋਲਨ' ਕਿਤਾਬ ਛਾਪ ਕੇ ਸੱਚ-ਮੁੱਚ ਦਿੱਲੀ ਦੀਆਂ ਬਰੂਹਾਂ 'ਤੇ ਲੜੇ ਤੇ ਜਿੱਤੇ ਅੰਦੋਲਨ ਦੇ ਇਤਿਹਾਸ ਨੂੰ ਸਾਂਭਣ ਦਾ ਵੱਡਾ ਉਪਰਾਲਾ ਕੀਤਾ। ਇਸ ਕਿਤਾਬ ਦੇ ਪਿਛਲੇ ਪਾਸੇ ਉਨ੍ਹਾਂ ਰਕੇਸ਼ ਟਿਕੈਤ ਦੀ ਹੰਝੂਆਂ ਵਾਲੀ ਫੋਟੋ ਛਾਪੀ। ਉਹ ਸਮਝਦੇ ਸਨ ਕਿ ਰਕੇਸ਼ ਟਿਕੈਤ ਦੇ ਹੰਝੂਆਂ ਨੇ ਕਿਸਾਨ ਅੰਦੋਲਨ ਵਿੱਚ ਇੱਕ ਨਵੀਂ ਰੂਹ ਫੂਕ ਦਿੱਤੀ ਸੀ। ਮੈਂ ਇਹ ਕਿਤਾਬ ਅੰਦੋਲਨ ਵੇਲੇ ਦਿੱਲੀ ਜਾ ਕੇ ਕਿਸਾਨ ਆਗੂਆਂ ਪਾਸੋਂ ਦੁਬਾਰਾ ਰਿਲੀਜ਼ ਕਰਵਾਈ ਤੇ ਫਿਰ ਨਾਗਾਪਟੀਨਮ (ਤਾਮਿਲਨਾਡੂ) ਵਿੱਚ ਕੁਲ ਹਿੰਦ ਕਿਸਾਨ ਸਭਾ ਦੀ ਕੌਮੀ ਕਾਨਫ਼ਰੰਸ ਵਿੱਚ ਰਾਕੇਸ਼ ਟਿਕੈਤ ਨੂੰ ਸੌਂਪੀ ਸੀ, ਜਿਸ ਕਾਰਨ ਮੈਨੂੰ ਵੱਖਰੀ ਤਰ੍ਹਾਂ ਦਾ ਮਾਨਸਿਕ ਹੁਲਾਰਾ ਤੇ ਸਕੂਨ ਪ੍ਰਾਪਤ ਹੋਇਆ ਸੀ।



ਕਾਮਰੇਡ ਚੰਦ ਫਤਿਹਪੁਰੀ ਆਪਣੀ ਧਰਮ ਪਤਨੀ ਨਾਲ

ਚੰਦ ਫਤਿਹਪੁਰੀ ਹੁਰਾਂ ਦੀ ਵਾਰਤਿਕ ਤਾਂ ਕਮਾਲ ਦੀ ਸੀ ਹੀ, ਬਹੁਤੇ ਲੋਕਾਂ ਨੂੰ ਸ਼ਾਇਦ ਨਾ ਪਤਾ ਹੋਵੇ ਕਿ ਉਹ ਚੰਗੇ ਗਜ਼ਲਗੋ ਵੀ ਸਨ। ਉਨ੍ਹਾਂ ਦੀ ਗ਼ਜ਼ਲ ਦੀ ਇੱਕ ਵੰਨਗੀ... ਉਹ ਆਪਣੇ ਪਿੰਡ ਫਤਿਹਪੁਰ ਭੰਗਵਾਂ ਤੇ ਜਲੰਧਰ ਦੇ ਰਿਸ਼ਤੇ ਸੰਬੰਧੀ ਇੱਕ ਗ਼ਜ਼ਲ ਦੀ ਸ਼ੁਰੂਆਤ ਇੰਝ ਕਰਦੇ ਹਨ :

ਬਹੁਤ ਨਾਜ਼ੁਕ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

## ਕੇਵਲ ਮਾਰਕਸ ਨੂੰ ਯਾਦ ਕਰਨਾ ਕਾਫੀ ਨਹੀਂ

# ਮਾਰਕਸਵਾਦ : ਪਦਾਰਥਵਾਦੀ ਦਰਸ਼ਨ

ਕਿਸ਼ਤ-14

**ਜਗਰੂਪ**

ਕੇਵਲ ਪਦਾਰਥਵਾਦ ਵਿਰੋਧ ਵਿਕਾਸੀ-ਦਰਸ਼ਨ (ਸ੍ਰਿਸ਼ਟੀ ਦੀ ਸਿਖਰ) ਮਨੁੱਖੀ ਸਮਾਜ ਨੂੰ ਇਨਕਲਾਬੀ ਢੰਗ ਨਾਲ ਨਵੇਂ, ਉਚੇਰੇ ਸਮਾਜਕ ਪ੍ਰਬੰਧ ਵੱਲ ਲੈ ਜਾਣ ਦਾ ਝੰਡਾਬਰਦਾਰ ਹੈ। ਇਹ ਦਰਸ਼ਨ, ਇਸ ਸੇਧ ਵਿਚ ਮਨੁੱਖ ਦੀ ਅਗਵਾਈ ਕਰਦਾ ਹੈ।

ਇਸ (ਮਾਰਕਸਵਾਦ) ਦਾ ਦਰਸ਼ਨ ਪਦਾਰਥਵਾਦ ਹੈ, ਇਸ ਦਾ ਦ੍ਰਿਸ਼ਟੀਕੋਣ, ਵਿਰੋਧ ਵਿਕਾਸੀ-ਪਦਾਰਥਵਾਦ ਅਤੇ ਇਤਿਹਾਸਕ ਪਦਾਰਥਵਾਦ ਹੈ। ਇਸ ਦੀ ਆਰਥਕ-ਦਾਰਸ਼ਨਿਕ ਸੇਧ ਦਾ ਆਧਾਰ, 'ਮੁੱਲ ਦਾ ਵਿਕਰ ਸਿਧਾਂਤ' ਹੈ ਅਤੇ ਵਿਕਾਸ ਦਾਵਦੰਦਵਾਦੀ- ਸੁਤਰ, 'ਵਾਧੂ-ਮੁੱਲ-ਸਿਧਾਂਤ' ਦੀ ਵਿਗਿਆਨਕਤਾ ਵਿਚੋਂ ਉਸਰਦੀ ਵਿਚਾਰਧਾਰਾ ; ਵਿਗਿਆਨਕ ਸਾਂਝੀਵਾਲ ਸਮਾਜ ਹੈ।ਵਿਚਾਰਧਾਰਾ ਦਾ ਅਮਲ ਨਵੇਂ ਦਾ ਸਿਰਜਕ ਹੁੰਦਾ ਹੈ।ਇਸ ਦੇ ਸਹੀ ਅਮਲ ਬਗੈਰ ਦਰਸ਼ਨ ਦਾ ਮਹੱਤਵ ਵੀ ਘਟ ਜਾਂਦਾ ਹੈ। ਵਿਚਾਰਧਾਰਾ ਦੀ ਸੋਚ, ਸ਼ੁੱਧਤਾ ਦੀ ਪਰਖ-ਪੜਤਾਲ ਦਾ ਸਰੋਤ ਉਸ ਦਾ ਦਰਸ਼ਨ ਹੁੰਦਾ ਹੈ।

* ਐਨਾ ਸਪੱਸ਼ਟ, ਸਮਰੱਥ- ਦਰਸ਼ਨ, ਉਸ ਦਾ ਵਿਗਿਆਨਕ-ਦ੍ਰਿਸ਼ਟੀਕੋਣ ਅਤੇ ਵਿਚਾਰਧਾਰਾ ਹੋਣ ਦੇ ਬਾ-ਵਜੂਦ, ਅਸੀਂ ਕਿਥੇ 'ਭੁੱਲ' ਕੀਤੀ ਹੈ ?

* ਕਿ ਅਸੀਂ (ਮਾਰਕਸਵਾਦੀ) ਹਾਸ਼ੀਏ ਉਤੇ ਆ ਗਏ! ਸਾਡੀ ਹਾਲਤ ਭੁੱਲ ਤੋਂ ਗਲਤੀ, ਗੁਨਾਹ ਤੇ ਪਾਪ (ਪਾਪ ਉਹ ਮਹਾਂ-ਗੁਨਾਹ, ਜਿਸ ਦੀ ਸਜ਼ਾ ਅਗਲੀਆਂ ਪੀੜ੍ਹੀਆਂ ਨੂੰ ਭੁਗਤਣੀ ਪੈਂਦੀ ਹੈ) ਹੋਣ ਦੀ ਨੌਬਤ ਆ ਗਈ ਹੈ। ਗੁਨਾਹ ਤੇ ਪਾਪ ਦੀ ਤਾਂ ਸਜ਼ਾ ਹੈ, ਜੋ ਅਸੀਂ ਅਤੇ ਸਾਡੀਆਂ ਪੀੜ੍ਹੀਆਂ ਭੁਗਤ ਰਹੇ ਹਾਂ।

* ਇਸ ਨੂੰ ਠੀਕ ਕਰਨ ਲਈ 'ਭੁੱਲ ਦੀ ਸੋਧ' ਅਤੇ 'ਗਲਤੀ ਤੋਂ ਤੌਬਾ' ਕਰਨ ਨਾਲ ਮਸਲਾ ਹੱਲ ਹੋਣਾ ਹੈ। ਜੇ ਅਗਲੇ ਗੁਨਾਹ ਤੇ ਪਾਪ ਤੋਂ ਬਚਾ ਪਾਏਗਾ।

* ਸੰਸਾਰ ਵਿਆਪੀ ਖੜੋਤ ਤੇ ਨਿਘਾਰ ਦੱਸਦਾ ਹੈ ਕਿ ਭੁੱਲ ਸਿਧਾਂਤਕ (ਦਰਸ਼ਨ) ਖੇਤਰ ਦੀ ਹੈ। ਜਿਸ ਦੀ ਇਹਦਾ ਤੋਂ ਸੋਧ ਨਹੀਂ ਕੀਤੀ ਗਈ, ਸਗੋਂ ਉਹ ਜਾਰੀ ਹੈ। ਉਹ ਗਲਤੀ ਬਣੀ ਗਈ ਹੈ। ਜਦੋਂ ਭੁੱਲ, ਪਾਪ ਤੱਕ ਦਾ ਸਫਰ ਤੈਅ ਕਰ ਲਵੇ ਤਾਂ ਸਿਧਾਂਤ ਹੀ ਸ਼ੱਕ ਦੇ ਘੇਰੇ ਵਿਚ ਆ ਜਾਂਦਾ ਹੈ। ਫਿਰ ਬਚੀ ਸਿਧਾਂਤਕ-ਮੱਤ (ਗੁਰਮਤਿ) ਵੀ, ਗੈਰ-ਸਿਧਾਂਤਕ ਮੱਤ (ਦੁਰਮਤਿ) ਦੇ ਰਾਹ ਪੈ ਜਾਣ ਦੀ ਸੰਭਾਵਨਾ ਵਧ ਜਾਂਦੀ ਹੈ। ਇਸ ਨੂੰ ਮੁੜ ਲੀਹ 'ਤੇ ਲਿਆਉਣ ਲਈ ਸਿਦਕੀ ਤੇ ਹਠੀ ਘਾਲਣਾ ਦੀ ਲੋੜ ਪੈਂਦੀ ਹੈ।

* ਸਮਾਜਕ ਦਵੰਦਵਾਦ, ਕੁਦਰਤ ਵਾਂਗ ਸੁਭਾਵਕ ਹਾਂ-ਪੱਖੀ ਹੁੰਦਾ ਹੈ। ਬੁਰਜੂਆ ਵਿਕਾਸ ਇਕ ਪੜਾਅ 'ਤੇ ਪੁੱਜ ਕੇ ਸਮਾਜਕ ਖੜੋਤ ਦਾ ਹਮਾਇਤੀ ਹੋ ਜਾਂਦਾ ਹੈ। ਉਹ ਉਤਪਾਦਕ ਸ਼ਕਤੀਆਂ ਦੇ ਪੈਰਾਂ ਦੀ ਜ਼ੰਜੀਰ ਬਣ ਜਾਂਦਾ ਹੈ ਅਤੇ ਉਸ ਦਾ ਉਸਾਰ, ਲੋਕ ਵਿਰੋਧੀ, ਡਰਾਉਣੇ ਹਕੂਮਤੀ ਕਹਿਰ ਵਾਲਾ ਹੋਣ ਦੇ ਬਾਵਜੂਦ ਇਨਕਲਾਬੀ ਬਦਲਾਓ ਦੀਆਂ ਸੰਭਾਵਨਾਵਾਂ (ਪਦਾਰਥਕ ਹਾਲਤਾਂ ਨਾਲ) ਭਰਪੂਰ ਹੁੰਦਾ ਹੈ। 'ਬੁਰਜੂਆਜ਼ੀ ਦਾ ਪਿੱਛੇ-ਖਿੱਚੂ ਦੌਰ, ਇਨਕਲਾਬੀ ਦੌਰ ਵੀ ਹੁੰਦਾ ਹੈ।'

* ਅੱਜ ਦਾ ਪ੍ਰੋਲਤਾਰੀ, ਆਧੁਨਿਕ-ਕਾਮਾ, ਜਿਸ ਦੀ ਕਿਰਤ ਸ਼ਕਤੀ ਨੂੰ, 'ਸ਼੍ਰੀਮਾਨ -ਸਰਮਾਇਆ' ਵਰਤੋਂ ਕਰਨ ਤੋਂ ਅਸਮਰੱਥ ਹੈ, ਉਹ ਨਵੇਂ ਸਾਂਝੀਵਾਲ ਸਮਾਜ ਦਾ ਉਸਰਈਆ, ਇਸੇ ਬੁਰਜੂਆ ਵਿਕਾਸ ਦੀ ਉਪਜ ਹੈ। ਇਸ ਦਾ 'ਕਬਰ-ਪੁੱਟ' ਵੀ ਹੈ।

* ਪਦਾਰਥਵਾਦੀ ਦਰਸ਼ਨ ਦੀ ਸੂਝ ਹੈ : 'ਰਾਜਸੀ-ਉਦੇਸ਼ ਨੀਵੇਂ ਹੋਣ ਨਾਲ ਨੈਤਿਕ ਪੱਤਨ ਵਾਪਰਦਾ ਹੈ'। ਉਦੇਸ਼ ਬੁਲੰਦ ਹੋਣ ਨਾਲ ਨੈਤਿਕਤਾ ਵੀ ਬੁਲੰਦ ਹੁੰਦੀ ਹੈ। ਸਾਂਝੇ ਭਲੇ ਲਈ ਕੀਤੀ ਸਰਗਰਮੀ (ਅੰਕੜਾਂ ਸਹਿਤ) ਝੋਲ ਨਹੀਂ ਸਮਾਜਕ ਮਾਣ ਬਣਦੀ ਹੈ, ਨਵੇਂ ਕੀਰਤੀਮਾਨ ਸਥਾਪਤ ਹੁੰਦੇ ਹਨ।

* ਲੋੜਾਂ ਦੀ ਲੋੜ; ਉਦੇਸ਼ ਦੀ ਸਪੱਸ਼ਟਤਾ ਅਤੇ ਉਸ ਦੀ ਪ੍ਰਾਪਤੀ ਵੱਲ ਸੇਧਤ ਇਨਕਲਾਬੀ ਅਮਲ,
ਭੁੱਲ ਦੀ ਸੋਧ ਦਾ ਅਰੰਭ ਹੋਵੇਗਾ।
ਮਾਰਕਸ ਦਾ ਬੁਲੰਦ-ਉਦੇਸ਼ ਸੀ ;
'ਉਜਰਤੀ- ਗੁਲਾਮੀ ਦਾ ਖਾਤਮਾ'
End of the Wage-slavery

ਇਸ ਜਲੇਬੀ-ਚੱਕਰ ਨੂੰ ਸਮਝੀਏ; 'ਉਜਰਤੀ ਗੁਲਾਮੀ' ; ਇਥੇ ਸਾਰੀਆਂ ਆਰਥਕ ਧਾਰਨਾਵਾਂ ਘੁੰਮ ਜਾਂਦੀਆਂ ਹਨ। ਤਰਕ ਪ੍ਰਧਾਨ ਹੋ ਜਾਂਦਾ ਹੈ। 'ਉਜਰਤੀ ਗੁਲਾਮੀ' ਅਤੇ 'ਉਜਰਤੀ-ਗੁਲਾਮੀ ਦਾ ਖਾਤਮਾ' ਚੱਕਰ!

* 'ਉਜਰਤੀ ਗੁਲਾਮੀ', ਉਜਰਤੀ-ਕਿਰਤ ਦਾ ਬੰਧਨ ਹੈ। 'ਉਜਰਤੀ-ਕਿਰਤ', ਕਿਰਤ ਸ਼ਕਤੀ ਦਾ ਉਜਰਤ ਨਾਲ ਵਟਾਂਦਰਾ ਰੂਪ ਹੈ। ਕਿਰਤ ਸ਼ਕਤੀ ਦਾ ਉਜਰਤ ਨਾਲ ਵਟਾਂਦਰੇ ਕਾਰਨ ਹੀ ਉਹ (ਕਿਰਤ ਸ਼ਕਤੀ) 'ਜਿਣਸ' ਹੈ। ਉਜਰਤੀ ਗੁਲਾਮੀ, ਮਾਲਕ ਦੀ ਗੁਲਾਮ-ਜਿਣਸ ਹੈ, ਜੋ ਔਜ਼ਾਰ ਜਿਣਸ-ਉਤਪਾਦਕ ਹੈ।

* 'ਉਜਰਤੀ ਗੁਲਾਮੀ ਦਾ ਖਾਤਮਾ' ਉਜਰਤੀ-ਕਿਰਤ ਦਾ ਖਾਤਮਾ ਹੈ। ਉਜਰਤੀ ਕਿਰਤ ਦਾ ਖਾਤਮਾ ਜਿਣਸ ਉਤਪਾਦਨ ਦਾ ਖਾਤਮਾ ਹੈ। ਜਿਣਸ ਉਤਪਾਦਨ ਦਾ ਖਾਤਮਾ, ਜਿਣਸ ਦਾ ਖਾਤਮਾ ਹੈ। ਜਿਣਸ ਦਾ ਖਾਤਮਾ, ਕਿਰਤ ਸ਼ਕਤੀ ਦਾ ਉਜਰਤ ਨਾਲ ਵਟਾਂਦਰਾ ਰੂਪ ਦਾ ਖਾਤਮਾ ਹੈ।

# ਜਿਣਸ (commodity) ਉਤਪਾਦਨ ਦੇ ਖਾਤਮੇ ਨੂੰ, ਵਸਤੂ (Goods) ਉਤਪਾਦਨ ਖਾਤਮਾ ਸਮਝਣ ਦੀ ਭੁੱਲ ਨਹੀਂ ਹੋਣੀ ਚਾਹੀਦੀ, ਸਗੋਂ ਇਹ ਤਾਂ ਸਮਾਜਕ ਲੋੜਾਂ ਤੋਂ ਅੱਗੇ, ਬਹੁਤਾਤ ਉਤਪਾਦਨ ਦੀ ਸਥਿਤੀ ਵਿਚ ਪੁੱਜਣਾ ਹੈ।

ਮੰਤਕੀ ਨਤੀਜਾ : ਜਿਣਸ ਉਤਪਾਦਨ ਦਾ ਖਾਤਮਾ, ਵਸਤੂ ਉਤਪਾਦਨ ਦੀ ਸਮਾਜਕ ਲੋੜ ਦੀ ਚੇਤਨ ਵਿਉਂਤਬੰਦੀ ਹੈ, ਜੋ ਉਤਪਾਦਕ ਸ਼ਕਤੀਆਂ ਦੇ ਧੜਵੇਲ ਯੁੱਗ ਵਿਚ ਸਬਰ ਸੰਤੋਖ ਵਾਲਾ, ਸਹਿਜ ਸਮਾਜ ਬਣ ਜਾਣ ਦੀ ਅਟੱਲਤਾ ਹੈ। ਇਹ ਉਸ ਉਚੇਰੀ ਦਾ ਸਮਾਜ ਹੈ, ਜਿੱਥੇ 'ਸਭੈ ਸਾਂਝੀਵਾਲ ਸਦਾਇਨ' ਦਾ ਵਾਰਾ-ਪਹਿਰਾ ਹੋਣਾ ਹੈ।

# ਆਓ, ਭੁੱਲ ਦੀ ਸੋਧ ਪੜਤਾਲ ਵੱਲ ਚਲੀਏ!
ਮਾਰਕਸ ਨੇ ਰੂਗੇ ਨੂੰ ਇਕ ਖਤ ਵਿਚ ਲਿਖਿਆ :

* 'ਅਸੀਂ ਸੰਸਾਰ ਨੂੰ ਇਹ ਨਹੀਂ ਕਹਿੰਦੇ : ਘੋਲ ਕਰਨਾ ਛੱਡ ਦੇ —ਤੇਰਾ ਸਾਰਾ ਘੋਲ ਅਰਥਹੀਣ ਹੈ। ਅਸੀਂ ਬਸ ਏਨਾ ਕਹਿੰਦੇ ਹਾਂ ਕਿ ਇਹਨੂੰ (ਸੰਸਾਰ ਨੂੰ) ਘੋਲ ਦਾ ਇੱਕ ਸੱਚਾ ਨਾਹਰਾ ਦੇਂਦੇ ਹਾਂ।'

# ਇਸ 'ਇਕ ਸੱਚਾ ਨਾਹਰਾ' ਦੀ ਤਲਾਸ਼ ਦੀ ਥਾਂ; ਭੁੱਲਣ, ਨੱਕ ਚੜ੍ਹੇ, ਸਵੈ ਘੋਸ਼ਿਤ 'ਮਾਰਕਸਵਾਦੀ' ਹਾਸ਼ੀਏ ਵੱਲ ਜਾਂਦੇ ਪਏ ਵੀ ਖੁੱਸੇ ਸਿਧਾਂਤਕ ਰਾਹ ਦੀ ਤਲਾਸ਼ ਕਰਨ ਦੀ ਥਾਂ ਥੋਥੀ ਦੀਆਂ ਸਮਾਜ-ਸੁਧਾਰਕ ਪ੍ਰਾਪਤੀਆਂ ਵੱਲ ਮੁੜਦੇ, ਮੜ੍ਹੀਆਂ ਰੂਪੀ ਅਸਮਰੱਥ-ਝੀਥਾਂ 'ਚੋਂ ਰੌਸ਼ਨੀ ਭਾਲਦੇ ਹਨ ਅਤੇ ਮਹਾਨ ਦਰਸ਼ਨ ਮਾਰਕਸਵਾਦ ਨੂੰ ਬੱਦੂ ਕਰਦੇ ਹਨ। ਉਹ ਆਪਣੀ ਵਿਚਾਰਧਾਰਕ ਕੰਗਾਲੀ ਬਾਰੇ ਖੁਦ ਦੀ ਲੱਜਤਾ ਅਤੇ ਨਮੋਸ਼ੀ ਪ੍ਰਗਟਾਅ ਰਹੇ ਹਨ।

* ਪਰ 'ਪ੍ਰੋਲਤਾਰੀਆ' ਵੱਡੀ ਧਿਰ ਹੈ, ਜੋ ਚੇਤਨ ਹੋ ਰਿਹੈ, ਹਾਲਾਤ ਬਦਲ ਰਹੇ ਹਨ। 'ਮਾਰਕਸਵਾਦ ਸਰਬ ਸਮਰੱਥ ਹੈ, ਕਿਉਂਕਿ ਇਹ ਸੱਚ ਹੈ', ਇਸ ਵਿਚ ਡੋਲੇ ਵਿਸ਼ਵਾਸ ਵਾਲਿਆਂ ਨੂੰ ਹਾਲਾਤ ਨੇ ਮੁੜ ਝੰਜੋੜ ਦਿੱਤਾ ਹੈ। 'ਮਾਰਕਸ ਦੀ ਵਾਪਸੀ' ਦੇ ਚਰਚੇ ਮੁੜ ਬੁਰਜੂਆਜ਼ੀ ਨੂੰ ਡਰਾ ਰਹੇ ਹਨ। ਡਰ ਵਿਚ ਸੰਭਾਵਤ ਖਤਰਾ (ਹਮਲਾ) ਵੀ ਮੌਜੂਦ ਹੁੰਦੈ। ਹਾਲਾਤ ਫਿਰ ਇਨਕਲਾਬੀ ਰੰਗ-ਢੰਗ ਵੱਲ ਪਲਟ ਰਹੇ ਹਨ। ਬੱਸ ਮਾਰਕਸਵਾਦੀ ਦ੍ਰਿਸ਼ਟੀਕੋਣ ਪ੍ਰਪੱਕ ਕਰਨ ਅਤੇ ਠਿੱਲ੍ਹ ਪੈਣ ਦੀ ਲੋੜ ਹੈ।

ਦ੍ਰਿਸ਼ਟੀਕੋਣ ਸਮਾਜਕ ਵਰਤਾਰੇ ਦੀ ਸਮਝ ਬਣਾਉਂਦਾ ਹੈ। ਵਰਤਾਰਾ ਕਹਿੰਦੈ, ਵਿਗਿਆਨੀ ਧਾਰਨਾਵਾਂ ਨੂੰ ਛੱਡੋ! ਸਮਾਜਕ ਵਰਤਾਰਿਆਂ ਦੀਆਂ ਧਾਰਨਾਵਾਂ ਦਾ ਗਹਿਣ ਅਧਿਐਨ ਕਰੋ!

* ਮਾਰਕਸ ਵੱਲੋਂ ਦਿੱਤੀ ਪ੍ਰੋਲਤਾਰੀ ਦੀ ਪਰਿਭਾਸ਼ਾ ਵਿਚੋਂ ਵਰਤਮਾਨ ਨੂੰ ਵੇਖੋਗੇ ਤਾਂ ਨਵੀਨ ਕਾਮਾ, ਵਾਧੂ ਕਾਮਾ (ਕਾਰਕੱਚ) ਸਮਾਜਕ ਕਰਵਟ ਦੇ ਮੁਹਾਣੇ ਉਤੇ ਹੈ। ਸਮਾਜਕ ਇਨਕਲਾਬ ਦੇ ਸਹੀ ਨਾਹਰੇ ਦੀ ਪਰਖ ਤੇ ਪੁਸ਼ਟੀ ਉਪਰੰਤ ਇਹ ਅਮਲ ਕਿਆਸੋਂ ਬਾਹਰਾ ਤੇਜ਼ ਤੇ ਸ਼ਕਤੀਸ਼ਾਲੀ ਹੋਵੇਗਾ, ਇਸ ਦੀ ਝਲਕ ਮਿਲ ਰਹੀ ਹੈ। ਸਾਵਧਾਨੀ ਅਤਿ ਜ਼ਰੂਰੀ ਹੈ, ਬੁਰਜੂਆਜ਼ੀ ਇਸ ਨੂੰ ਅਰਾਜਕਤਾ ਦੀ ਪੁੱਠ ਦੇਣਾ ਲੋਚਦੀ ਹੈ। 'ਸਭ ਇਨਕਲਾਬੀ ਹਾਲਤਾਂ ਇਨਕਲਾਬ ਵਿਚ ਨਹੀਂ ਬਦਲਦੀਆਂ' ਇਹ ਦੋਹਰੀ ਗੱਲ ਹੈ, ਬਦਲਦੀਆਂ ਵੀ ਹਨ! ਇਹ ਜਮਾਤੀ ਸਮਾਜ ਦਾ ਸਿਧਾਂਤਕ ਇਤਿਹਾਸਕ ਸੱਚ ਹੈ।

* ਕੀ ਨਾਹਰਾ ਅਤੇ ਅਮਲ ਉਦੇਸ਼ ਦੀ ਪੂਰਤੀ ਦੀ ਸੇਧ ਤੋਂ ਹਟਵਾਂ ਹੋਣਾ ਚਾਹੀਦਾ ਹੈ?

ਸਪੱਸ਼ਟ ਮਾਰਕਸਵਾਦੀ ਉਤਰ ਹੈ ਕਿ ਬਿਲਕੁਲ ਨਹੀਂ, ਪਰ ਕੇਵਲ 'ਨਹੀਂ' ਕਹਿਣਾ ਹੀ ਕਾਫੀ ਨਹੀਂ, ਕਿਉਂਕਿ ਗੈਰ-ਮਾਰਕਸਵਾਦੀ-ਰਾਹ ਦੇ ਬਹੁਤ ਨਾਹਰੇ ਅਮਲ ਵਿਚ ਹਨ।

ਫਿਰ ਸਪੱਸ਼ਟ ਸੇਧ ਦੇ ਨੁਕਤੇ ਵਿਚਾਰੀਏ!

* ਮਾਰਕਸ ਆਪਣੇ ਖਤ ਵਿਚ 'ਰੂਗੇ' ਨੂੰ ਕਿਸ 'ਇਕ ਸੱਚਾ ਨਾਹਰਾ' ਦੇਣ ਦੀ ਗੱਲ ਕਰਦਾ ਹੈ ? ਅਤੇ ਲੈਨਿਨ

* 'ਪੂੰਜੀ' ਦੇ ਅਧਿਐਨ ਕਰਨ ਉਪਰੰਤ, ਇਹ ਕਿਉਂ ਲਿਖਦਾ ਹੈ ? ਕਿ ਮਾਰਕਸ ਮਨੁੱਖੀ ਅਧਿਕਾਰ ਪੱਤਰਾਂ, (ਆਜ਼ਾਦੀ, ਬਰਾਬਰੀ ਤੇ ਭਰੱਪ ਸਮਤ ਸਭ ਦੀ) ਖਿੱਲ੍ਹੀ ਉਡਾਉਂਦਾ ਹੈ ਅਤੇ ਇਸ ਦੀ ਤੁਲਨਾ ਕੇਵਲ ਇਕੋ ਨਾਹਰੇ,

[ 'ਜਿਵੇਂ ਪ੍ਰੋਲਤਾਰੀਆਂ ਨੇ ਇਸ ਨੂੰ ਪੇਸ਼ ਕੀਤਾ ਹੈ-ਛੁਟੇਰੀ ਕੰਮ ਦਿਹਾੜੀ ਨੂੰ ਵਿਧਾਨਕ ਰੂਪ ਵਿਚ ਕਾਨੂੰਨ ਬਣਾਉਣਾ ਅਜਿਹੇ ਵਿਹਾਰ ਦੀ ਇਕ ਵਿਸ਼ੇਸ਼ ਮਿਸਾਲ ਹੈ'] ਅਤੇ ਮਾਰਕਸ ਲਿਖਦੈ,

* ['ਮਨੁੱਖ ਦੇ ਪੱਕੇ ਅਧਿਕਾਰਾਂ ਦੀ ਸੂਚੀ ਦੀ ਥਾਂ ਕਾਨੂੰਨੀ ਤੌਰ 'ਤੇ ਕੰਮ-ਦਿਹਾੜੀ ਦਾ ਅਗਲਾ ਚਾਰਟ (ਮਹਾਨ ਅਧਿਕਾਰ ਪੱਤਰ) ਸਾਹਮਣੇ ਆਉਂਦਾ ਹੈ, ਜਿਹੜਾ ਸਪੱਸ਼ਟ ਕਰ ਦੇਵੇਗਾ, ਜਿਹੜਾ ਸਮਾਂ ਮਜ਼ਦੂਰ ਵੇਚਦਾ ਹੈ, ਉਹ ਕਦੋਂ ਮੁਕਦਾ ਹੈ ਅਤੇ ਉਸ ਦਾ ਆਪਣਾ ਸਮਾਂ ਕਦੋਂ ਆਰੰਭ ਹੁੰਦਾ ਹੈ' ਤਸਵੀਰ ਕਿੰਨੀ ਬਦਲ ਗਈ ਹੈ। ] (ਸਰਮਾਇਆ-1, ਸਫ਼ਾ-314)

* ਇਹ ਹੈ ਉਹ 'ਇਕ ਨਾਹਰਾ' ਜਿਸ ਦਾ ਜ਼ਿਕਰ ਰੂਗੇ ਵਾਲੇ ਮਾਰਕਸ ਦੇ ਖਤ ਵਿਚ ਹੈ!

* ਇਹੀ ਹੈ ਸਰਮਾਇਆ ਵਿਚਲਾ ਹਵਾਲਾ, ਜਿਸ ਦਾ ਜ਼ਿਕਰ ਲੈਨਿਨ ਨੇ 'ਪੂੰਜੀ' (ਦਾਸ ਕੈਪੀਟਲ) ਦੇ ਅਧਿਐਨ ਉਪਰੰਤ ਮੁਲੰਕਣ ਕੀਤਾ ਪੜ੍ਹਦੇ ਹਾਂ।

# ਇਸ ਨਾਹਰੇ ਦੇ ਅਮਲ ਦਾ ਚਮਤਕਾਰ ਅੱਖਾਂ ਚੁੰਧਿਆਉਣ ਵਾਲਾ ਹੈ।ਇਹ ਸਾਂਝੀਵਾਲ ਸਮਾਜ ਦਾ ਬੀਜ ਰੂਪ ਹੈ।

* ਬੀਜ ਵਿਚ ਬੋਹੜ (ਦਰੱਖਤ) ਮੌਜੂਦ ਹੁੰਦਾ ਹੈ, ਪਰ ਬੀਜ ਬੋਹੜ ਨਹੀਂ ਹੁੰਦਾ। ਬੋਹੜ ਦਾ ਜੋ ਸੁੱਖ ਮਾਣ ਸਕਦੇ ਹੋ, ਉਹ ਸੁੱਖ ਬੀਜ ਰੂਪ ਤੋਂ ਨਹੀਂ ਮਿਲਦਾ। ਬੋਹੜ ਦੀ ਛਾਵੇਂ ਬੈਠ ਸਕਦੇ ਹੋ, ਬੀਜ ਦੀ ਛਾਵੇਂ ਨਹੀਂ ਬੈਠ ਸਕਦੇ। ਬੀਜ ਨੂੰ ਕੁਦਰਤ ਸਾਂਭਦੀ, ਪਾਲਣ- ਪੋਸਣ ਕਰਦੀ ਹੈ, ਫਿਰ ਉਹ ਦਰੱਖਤ ਬਣਦਾ ਹੈ।

* 'ਛੁਟੇਰੀ ਕੰਮ ਦਿਹਾੜੀ' (ਬੀਜ) ਵਿਚ ਸਾਂਝੀਵਾਲ-ਸਮਾਜ (Communism) ਦਾ (ਫਲਦਾਰ ਦਰੱਖਤ) ਮੌਜੂਦ ਹੈ। ਜਿਹੜਾ ਹੋਰ ਕਿਸੇ ਵਿਚ ਨਹੀਂ ਹੈ।

* ਜਿਵੇਂ ਬੀਜ ਕੁਦਰਤੀ ਮਾਫਕ-ਹਾਲਤਾਂ ਵਿਚ ਪੁੰਗਰਦਾ, ਵਧਦਾ-ਫੁਲਦਾ ਅਤੇ ਫਲ ਦਿੰਦਾ ਹੈ, ਉਵੇਂ ਇਹ ਸਮਾਜਕ-ਮਾਫਕ- ਹਾਲਤਾਂ ਵਿਚ ਵਧਦਾ-ਫੁਲਦਾ, ਫਲ ਦਿੰਦਾ ਹੈ। ਇਹ ਬੀਜ ਵੀ ਹੈ, ਜਮਾਤੀ ਘੋਲ ਦਾ ਹਥਿਆਰ ਵੀ ਹੈ।ਇਸ ਦੀ ਚੇਤਨ ਵਰਤੋਂ, ਸਾਂਭ-ਸੰਭਾਲ, ਫਲਦਾਰ ਬਣਾਉਣ ਦਾ ਕਾਰਜ ਪ੍ਰੋਲਤਾਰੀਏ ਦਾ ਹਰਾਵਲ ਦਸਤਾ ਕਰਦਾ ਹੈ।

ਆਓ, ਜਮਾਤੀ ਘੋਲ ਦੇ ਅਖਾੜੇ ਵੱਲ ਚੱਲੀਏ!

ਇਹ ਲਗਾਤਾਰ ਚਲਦਾ ਹੈ, ਕਦੇ ਮੱਠਾ, ਕਦੇ ਤੇਜ਼, ਮਘਿਆ ਹੋਇਆ।ਇਹੀ ਸਰਮਾਏਦਾਰਾ ਸਮਾਜ ਨੂੰ ਦੋ ਕੈਂਪਾਂ ਬੁਰਜੂਆ ਅਤੇ ਪ੍ਰੋਲਤਾਰੀ ਵਿਚ ਵੰਡ ਦਿੰਦਾ ਹੈ। ਇਹ ਹਿੱਤਾਂ ਦਾ ਟਕਰਾਅ ਰੂਪ ਹੈ।ਪ੍ਰੋਲਤਾਰੀਆਂ ਦੇ ਹਿੱਤ, ਮਿਕਦਾਰੀ-ਵਾਧਾ ਤੋਂ ਸਿਫਤੀ ਵਾਧਾ, ਸੱਤਾ ਜਿੱਤਣਾ ਕਿਵੇਂ ਸੰਭਵ ਹੈ?

# ਕਹਾਂ ਤੁਮ ਚਲੇ ਗਏ

ਸ਼ੀਸ਼ੇ ਦੇ ਫੁੱਲ ਦੇਖ ਨਾ ਹੋਵੇ-83

**ਸੁਰਜੀਤ ਸੁਮਨ**

ਜਦੋਂ ਕਿਸੇ ਦੀ ਮੌਤ ਬਾਰੇ ਸੁਣਦਾ ਹਾਂ, ਤਾਂ ਮੈਨੂੰ ਸਭ ਤੋਂ ਪਹਿਲਾਂ ਵਿਛੜ ਗਏ ਆਪਣੇ ਚੇਤੇ ਆ ਜਾਂਦੇ ਹਨ। ਫਿਰ ਪਤਾ ਨਹੀਂ ਮੈਂ ਘਰਾਂ ਦੇ ਕਿਸ ਪਹਾੜੀ ਕੋਨਾਂ ਵਿੱਚ ਆਪ-ਮੁਹਾਰੇ ਵਗ ਤੁਰਦੇ ਹਨ। ਮਰਹੂਮ ਫਨਕਾਰ ਜਗਜੀਤ ਸਿੰਘ ਦਾ ਗੀਤ, 'ਕਹਾਂ ਤੁਮ ਚਲੇ ਗਏ' ਸੁਣ ਕੇ ਤਾਂ ਮੈਨੂੰ ਸਿਖਰ ਦੁਪਹਿਰੇ ਸਦਾ ਲਈ ਵਿਛੜ ਗਿਆ ਆਪਣਾ ਛੋਟਾ ਭਰਾ ਚੇਤੇ ਆਉਣ ਲਗਦਾ ਹੈ। ਚੰਦ ਫਤਿਹਪੁਰੀ ਜੀ ਦੇ ਵਿਛੜੇ ਬਾਰੇ ਪੜ੍ਹ / ਸੁਣ ਕੇ ਮੈਨੂੰ ਬਾਲ ਬਰੇਸੇ ਵਿਛੜੇ ਪਿਤਾ ਜੀ ਚੇਤੇ ਆਏ। ਮੈਂ ਪਿਤਾ ਜੀ ਦੇਖੇ ਨਹੀਂ ਸਨ। ਉਦੋਂ ਮੈਂ ਪਤਾ ਨਹੀਂ ਕੁ ਸਾਲਾਂ ਦਾ ਹੋਵਾਂਗਾ। ਚੰਦ ਫਤਿਹਪੁਰੀ ਜੀ ਵਾਂਗ ਮੇਰੇ ਪਿਤਾ ਜੀ ਵੀ ਦ੍ਰਿੜ੍ਹ ਸੰਕਲਪ ਸਨ। ਜੋ ਫੈਸਲਾ ਕਰ ਲਿਆ ਤਾਂ ਕਰ ਲਿਆ, ਫਿਰ ਪਿਛਾਂਹ ਨਹੀਂ ਹਟਣਾ। ਕਹਿੰਦੇ ਉਨ੍ਹਾਂ ਨੇ ਵੀ ਉਨੀ ਸੌ ਬਾਨਵੇਂ ਵਿੱਚ ਸ਼ਾਹਕੋਟ ਤੋਂ ਪਾਰਟੀ ਟਿਕਟ ਉੱਤੇ ਵਿਧਾਨ ਸਭਾ ਦੀ ਲੜਾਈ ਲੜਦਿਆਂ, ਲਾਲਤੇ ਕਾਲੀਆਂ-ਬੋਲੀਆਂ ਹਨੇਰੀਆਂ ਦੀ ਰਤਾ ਪ੍ਰਵਾਹ ਨਹੀਂ ਸੀ ਕੀਤੀ। ਅਜਿਹੀਆਂ ਰੂਹਾਂ ਲਈ ਹੀ ਸਾਰੀ ਲੋਕਾਈ ਸਜਦੇ ਵਿੱਚ ਖੜ੍ਹਦੀ ਹੈ। ਉਨ੍ਹਾਂ ਨੂੰ ਬੰਦਾ ਸੁਮਨ ਅਰਪਿਤ ਕਰਦੀ ਹੈ। ਮੈਂ ਮੌਤ ਦੇ ਇਸ ਬੇਰਹਿਮ ਕਿਰਦਾਰ ਬਾਰੇ ਸੋਚਣ ਲਗਦਾ ਹਾਂ। ਇਹ ਸੱਚ ਹੈ ਕਿ ਮੌਤ, ਜ਼ਿੰਦਗੀ ਦੀ ਅਟੱਲ ਸਚਾਈ ਹੈ। ਮੌਤ ਤੋਂ ਬਾਅਦ ਮਨੁੱਖ ਕਿੱਥੇ ਚਲਾ ਜਾਂਦਾ ਹੈ? ਕਿਸੇ ਨੂੰ ਕੁਝ ਪਤਾ ਨਹੀਂ। ਇਸ ਪਹੇਲੀ ਨੂੰ ਸੁਲਝਾਉਣ ਲੱਗਿਆਂ, ਸਿਆਣੇ ਖਪ-ਖਪ ਕੇ ਮਰ ਜਾਂਦੇ ਹਨ। ਮੌਤ ਦੀ ਇਹ ਪਹੇਲੀ ਧੁਰੋਂ ਤੱਕ ਬੁਝਾਰਤ ਬਣੀ ਹੋਈ ਹੈ। ਮੌਤ ਦੇ ਰਹੱਸ ਨੂੰ ਹਾਲੇ ਤੱਕ ਕੋਈ ਵੀ ਜਾਣ ਨਹੀਂ ਸਕਿਆ। ਬੰਦਾ ਜਿਉਂ ਜਿਉਂ ਇਸ ਗੁੰਥੀ ਨੂੰ ਸੁਲਝਾਉਣ ਦੀ ਕੋਸ਼ਿਸ਼ ਕਰਦਾ ਹੈ, ਤਿਉਂ ਤਿਉਂ ਇਸ ਦੀ ਤੰਦ ਤੇ ਤਾਣੀ ਹੋਰ ਉਲਝਦੀ ਚਲੀ ਜਾਂਦੀ ਹੈ। ਜੇ ਨਾਲ ਤੱਕ ਜ਼ਿੰਦਗੀ ਵੀ ਇੱਕ ਪਹੇਲੀ ਹੀ ਹੈ ਤੇ ਮੌਤ ਵੀ। ਇਹ ਜ਼ਿੰਦਗੀ ਮੁੱਕ ਜਾਂਦੀ ਹੈ, ਪਰ ਇਹ ਪਹੇਲੀ ਅਣਸੁਲਝੀ ਹੀ ਰਹਿ ਜਾਂਦੀ ਹੈ। ਸ੍ਰੀ ਚਮਕੌਰ ਸਾਹਿਬ ਦੀ ਪਵਿੱਤਰ ਧਰਤੀ 'ਤੇ ਵਸ ਰਹਾ ਸਾਡਾ ਇੱਕ ਸੁਰੀਲਾ ਫਨਕਾਰ ਗੁਰਬਖ਼ਸ਼ ਸ਼ੌਂਕੀ, ਕਿਆ ਗਾ ਰਿਹੈ ਯਾਰ। ਕੋਈ ਵੀ ਗੀਤ ਗਾਉਣ ਲੱਗਿਆਂ ਉਹ ਪੂਰੇ ਦਾ ਪੂਰਾ ਵੈਰਾਗਮਈ ਹੋ ਜਾਂਦੈ। ਇਹਦਾ ਸਮੁੱਚਾ ਆਪਾ ਵੈਰਾਗ ਵਿੱਚ ਡੁੱਬ ਜਾਂਦੈ। ਦੀਪ ਅਲਾਚੌਰੀਆਂ ਦੇ ਲਿਖੇ ਇਸ ਗੀਤ ਦੇ ਬੋਲ ਵੀ ਬਾਕਮਾਲ ਹਨ, 'ਇਹ ਜ਼ਿੰਦਗੀ ਮੁੱਕ ਜਾਣੀ/ ਪਰ ਸ਼ੱਕ ਨਾ ਮੁੱਕਣੇ ਤੇਰੇ ਵੇ।' ਤਾਂ ਕੀ ਬੰਦਾ ਸਾਰੀ ਜ਼ਿੰਦਗੀ ਸ਼ੱਕ ਵਿੱਚ ਹੀ ਜਿਉਂਦਾ ਹੈ। ਸ਼ੱਕੋ-ਸ਼ੱਕੀ ਹੀ ਮਰ ਜਾਂਦਾ ਹੈ? ਸਿਆਣੇ ਕਹਿੰਦੇ ਹਨ, 'ਮਰਨਾ ਸੱਚ, ਜਿਊਣਾ ਝੂਠ।' ਇਸੇ ਤਰ੍ਹਾਂ ਕਬੀਰ ਸਾਅਬ ਤਾਂ ਮੌਤ ਤੋਂ ਡਰਦੇ ਈ ਨਈਂ, ਸਗੋਂ ਮੌਤ ਨੂੰ ਵੰਗਾਰਦੇ ਹਨ। ਉਹ ਸਮੁੱਚੇ ਸੰਸਾਰ ਦੀ ਸੋਚ ਤੋਂ ਬਿਲਕੁਲ ਨਿਵੇਕਲੇ ਤੇ ਉਲਟ ਦਿਸ਼ਾ ਵਿੱਚ ਖੜ੍ਹਦੇ ਤੇ ਸੋਚਦੇ ਦਿਖਾਈ ਦਿੰਦੇ ਕਹਿੰਦੇ ਹਨ, 'ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ। ਮਰਨੇ ਹੀ ਤੇ ਪਾਈਐ ਪੂਰਨ ਪਰਮਾਨੰਦੁ।' ਗੋਰਖਨਾਥ ਹੋਰ ਵੀ ਇਸੇ ਤਰ੍ਹਾਂ ਸੋਚਦੇ ਹਨ, 'ਮਰੋ ਹੇ ਜੋਗੀ ਮਰੋ ਮਰਨ ਹੈ ਕਾਰੀ ਮੀਠਾ।'

ਅਜਿਹੇ ਸਮਿਆਂ ਵਿੱਚ ਜਦੋਂ ਮੈਂ ਬਹੁਤ ਹੀ ਗੁੜ੍ਹ-ਗਿਆਨ ਦੇ ਵਿਚਾਰਾਂ ਵਿੱਚ ਡੁਬਕੀਆਂ ਲਾਉਂਦਿਆਂ ਡੁੱਬਣ ਲਗਦਾ ਹਾਂ, ਤਾਂ ਮੇਰੇ ਪਿਤਾ ਜੀ ਬਾਰੇ ਕਵਿਤਾ ਵਿਚ ਲਿਖਿਆ ਇਹ ਕਿਵੇਂ ਚਲਦੀ ਹੈ। ਉਹ ਮੇਰੇ ਅੰਦਰੋਂ ਬੋਲਦੇ ਹਨ, 'ਭਤੀਜ ! ਮਹਾਂਪੁਰਸ਼ਾਂ ਦੀਆਂ ਰਹੱਸਮਈ ਬਾਤਾਂ, ਰੰਗਾਂ ਤੇ ਰਮਜ਼ਾਂ ਨੂੰ ਸਮਝਣਾ ਆਸਾਨ ਨਹੀਂ ਹੁੰਦਾ।' ਦਰਅਸਲ ਇਹ ਮਨੁੱਖ ਨੂੰ ਆਪਣੇ ਅੰਦਰਲੇ ਵਿਕਾਰਾਂ ਨੂੰ ਮਾਰਨ ਲਈ ਪ੍ਰੇਰਦੇ ਹਨ। ਮਨ ਦੀਆਂ ਬੇਮੁਹਾਰ ਇੱਛਾਵਾਂ ਦਾ ਮਰਨਾ ਹੀ ਅਸਲ ਜਿਊਣਾ ਹੈ। ਮਨੁੱਖ ਜਿਊਂਦਾ ਹੀ ਉਦੋਂ ਹੈ, ਜਦੋਂ ਉਹ ਆਪਣੀਆਂ ਅਜਿਹੀਆਂ ਇੱਛਾਵਾਂ ਉੱਤੇ ਫਤਿਹ ਪਾ ਲੈਂਦਾ ਹੈ। ਅਸਲ ਵਿੱਚ ਮੌਤ ਦਾ ਦੂਜਾ ਨਾਮ ਗੁਲਾਮੀ ਹੈ। ਗੁਲਾਮ ਬੰਦਾ ਜਿਊਂਦਾ ਕਦ ਹੁੰਦੇ ਭਲਾ?' ਸਰਬਉੱਚ ਅਦਾਲਤ ਦੀ ਇੱਕ ਟਿੱਪਣੀ ਚੇਤੇ ਵਿੱਚ ਆ ਵਸੀ ਹੈ,

'ਕੈਂਸਰ ਦੀਆਂ ਦਵਾਈਆਂ ਦੀ ਉੱਚੀ ਕੀਮਤ ਦਿਨ-ਦਿਹਾੜੇ ਡਕੈਤੀ।' ਮੈਂ ਇਹ ਟਿੱਪਣੀ ਵਾਚਦਿਆਂ ਹੈਰਾਨ ਨਹੀਂ ਹੁੰਦਾ। ਮੇਰੇ ਚੇਤੇ ਵਿੱਚ ਫਿਲਮ ਸਿਕੰਦਰ-ਏ-ਆਜ਼ਮ ਦਾ ਗੀਤ, 'ਜਹਾਂ ਡਾਲ ਡਾਲ ਪਰ ਸੋਨੇ ਕੀ ਚਿੜੀਆ ਕਰਤੀ ਹੈ ਬਸੇਰਾ/ ਵੋਹ ਭਾਰਤ ਦੇਸ਼ ਹੈ ਮੇਰਾ' ਘੁੱਗੂ ਪਾਉਣ ਲੱਗਿਆ ਹੈ। ਜਿਸ ਰੁੱਖ ਦੀ ਟਾਹਣੀ ਟਾਹਣੀ, ਸੋਨੇ ਦੀਆਂ ਚਿੜੀਆਂ ਦਾ ਵਾਸ ਹੋਵੇ, ਫਿਰ ਉਹ ਰੁੱਖ ਸੁੰਦਰਤਾ ਦਾ ਮੁਜੱਸਮਾ ਹੋਣ ਦੀ ਬਜਾਏ, ਉਜਾੜੇ ਦੀ ਭਾਅ ਕਿਉਂ ਮਾਰ ਰਿਹੈ ਭਈ? ਹਿਰਦਾ ਹਾਂ, ਇਨ੍ਹਾਂ ਸੋਨੇ ਦੀਆਂ ਚਿੜੀਆਂ ਨੂੰ ਕੌਣ ਉਡਾ ਕੇ ਜਾਂ ਫਾਹ ਕੇ ਲੈ ਗਿਆ? ਕਿਉਂ ਇਸ ਰੁੱਖ ਦੀ ਪੱਤੀ ਪੱਤੀ ਇਸੇ ਗਮ ਵਿੱਚ ਵਿਆਕੁਲ ਹੈ ਕਿ ਕਿੱਥੇ ਚਲੇ ਗਈਆਂ ਮੋਰੀਆਂ ਸੋਨੇ ਦੀਆਂ ਚਿੜੀਆਂ। ਇਹ ਦਿਨ ਦਿਹਾੜੇ ਡਕੈਤੀ ਕਿਸ ਨੇ ਮਾਰੀ ਹੈ? ਇਸ ਦਾ ਇੱਕੋ ਇੱਕ ਜਵਾਬ ਮਿਲੇਗਾ, ਆਪਣਿਆਂ ਨੇ। ਹਾਂ ਇਹ ਡਕੈਤ ਕੋਈ ਬਾਹਰੋਂ ਨਹੀਂ ਆਏ, ਇਸੇ ਧਰਤੀ ਵਿੱਚੋਂ ਪੈਦਾ ਹੋਏ ਹਨ। ਇਹ ਵਪਾਰੀ, ਇਹ ਡਕੈਤ ਉਹੀ ਹਨ, ਜਿਨ੍ਹਾਂ ਨੇ ਸਦੀਆਂ ਤੱਕ ਬਾਹਰੀ ਲੋਕਾਂ ਨੂੰ ਇੱਥੇ ਹਮਲੇ ਕਰਨ ਲਈ ਉਕਸਾਇਆ ਤੇ ਬੁਲਾਇਆ। ਇਹ ਉਨ੍ਹਾਂ ਹੀ ਲੋਕਾਂ ਦੀਆਂ ਔਲਾਦਾਂ ਹਨ, ਜਿਹੜੀਆਂ ਸਿਵਿਆਂ ਵਿੱਚਲੇ ਕੱਫਨ ਵੇਚਣ ਦੀ ਵੀ ਤਾਂਘ ਪਾਲ੍ਹ ਬੈਠੀਆਂ ਹਨ।

ਬਾਈ ਦਲੇਰ ਸਿੰਘ ਦੇ ਫੋਨ ਦੀ ਟਰਨ ਟਰਨ ਮੇਰੀ ਸੋਚ ਲੜੀ ਨੂੰ ਤੋੜਦੀ ਹੈ। ਦੁਆ-ਸਲਾਮ ਤੋਂ ਬਾਅਦ ਉਹ ਛੁਹ ਹੋ ਜਾਂਦਾ ਹੈ, 'ਛੋਟੇ ਭਾਈ ਇਹ ਕੈਂਸਰ ਦਾ ਕੀੜਾ ਸਾਡੀ ਸੋਚ ਨੂੰ ਤੇ ਸਾਡੇ ਸਰੀਰਾਂ ਨੂੰ ਨਿੱਤ ਦਿਨ ਬੜੀ ਬੇਰਹਿਮੀ ਨਾਲ ਖਾਈ ਜਾ ਰਿਹਾ ਹੈ। ਅਨੰਦਪੁਰ ਸਾਹਿਬ ਵਾਲੇ ਮਾਮਲੇ ਨੂੰ ਹੀ ਲੈ ਲਾ। ਕਿਸੇ ਵੇਲੇ ਦਸਮ ਪਾਤਸ਼ਾਹ ਨੇ ਸਾਡੇ ਅੰਦਰ ਕਿਹੋ ਜਿਹੇ ਸੰਕਲਪ ਸਿਰਜੇ ਸਨ? ਕਿਹੋ ਜਿਹਾ ਜੋਸ਼ ਭਰਿਆ ਸੀ, ਮਰਜੀਵੜਿਆਂ ਵਿੱਚ, ਜਿਨ੍ਹਾਂ ਦਿੱਲੀ ਦਾ ਤਖਤ ਤੱਕ ਹਿਲਾ ਦਿੱਤਾ ਸੀ ਤੇ ਅੱਜ? ਅੱਜ ਵਿਰ ਪਿਰਥੀ ਚੰਦੀਏ ਤੇ ਕਾਣੇ-ਮੀਣੇ ਸਾਡੇ ਅਨੰਦਪੁਰ ਸਾਹਿਬ ਦੀ ਪਵਿੱਤਰ ਨਗਰੀ ਵਿੱਚ 'ਕਾਮ' ਦੇ ਘੋੜੇ ਭਜਾਈ ਫਿਰਦੇ ਦਿਖਾਈ ਦਿੰਦੇ ਹਨ, ਪਹਿਲਾਂ ਪਹਿਲ ਇਹ ਖੌਫਨ ਡੇਰਿਆਂ ਵਿੱਚ ਹਿਣਕਦੇ ਸੁਣੀਂਦੇ ਸਨ, ਪਰ ਇਨ੍ਹਾਂ ਨੇ ਤਾਂ ਸਾਡੀਆਂ ਸਾਫ-ਸ਼ਫਾਫ ਮਰਿਆਦਾਵਾਂ ਨੂੰ ਵੀ ਕਲੰਕਤ ਕਰਨ ਦਾ ਬੀੜਾ ਚੁੱਕ ਲਿਆ ਲਗਦਾ ਹੈ। ਸਭ ਤੋਂ ਭਿਆਨਕ ਦ੍ਰਿਸ਼ ਇਹ ਵਰਤੀ ਹੋਈ ਹੈ ਕਿ 'ਭੀਸ਼ਮ ਪਿਤਾਮਾ' ਵਰਗੇ ਮਹਾਂਬਲੀ ਵੀ 'ਦਰੋਪਦੀ' ਦੀ ਉਤਰਦੀ ਜਾ ਰਹੀ ਸਾੜ੍ਹੀ ਵੱਲ ਤੱਕਦਿਆਂ ਮੌਨ ਧਾਰ ਗਏ ਹਨ। ਬੇਸ਼ੱਕ 'ਦਰੋਪਦੀ' ਨੂੰ 'ਪਾਂਡੋ' ਜੂਏ ਵਿੱਚ ਹਾਰ ਗਏ ਹੋਣ। ਦਰਅਸਲ ਇਹ ਜੂਏਬਾਜ਼ ਈ ਹਨ, ਜੋ ਐਦਾਂ ਦੇ ਘਿਨਾਉਣੇ ਦਾਅ ਖੇਡਦੇ ਹਨ। ਹਮੇਸ਼ਾ ਵਾਂਗ ਇਨ੍ਹਾਂ ਜੂਏਬਾਜ਼ਾਂ ਕੁਣ ਵੀ ਦਾਅ ਖੇਡਿਆ ਹੈ। ਪਰੰਤੂ ਲੱਖ ਦੀ ਲਾਹਨਤ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਜੂਏਬਾਜ਼ਾਂ, ਜਿਨ੍ਹਾਂ ਦੀਆਂ ਮਾਣ-ਮਰਿਆਦਾਵਾਂ ਤੇ ਰਹੁ-ਰੀਤਾਂ ਨੂੰ ਢਾਅ ਲਾ ਕੇ ਘਾਣ ਕਰਨ ਦੀ ਕੋਸ਼ਿਸ਼ ਕੀਤੀ ਹੈ।

ਹੋਰ ਛੋਟੇ ਭਾਈ ਕਹਿੰਦੇ ਗਮਾਡਾ ਦੀ ਬਿਲਡਿੰਗ ਵਿੱਚ ਤਾਂ ਦਿਨੇ ਚੰਨ ਚਾੜ੍ਹਿਆ ਪਿਐ। ਜਗੀਰੋ ਦਾ ਢੋਲ ਵੱਜ ਰਿਹੈ। ਇਹ ਮਿਲਖ-ਜਗੀਰਾਂ ਇੱਥੇ ਈ ਰਹਿ ਜਾਣੀਆਂ ਭਰਾਵਾ। ਯਾਰ, ਇਨ੍ਹਾਂ ਵਪਾਰੀਆਂ, ਬਿਲਡਰਾਂ, ਡਿਵੈਲਪਰਾਂ ਤੇ ਉੱਚ ਅਧਿਕਾਰੀਆਂ ਦੇ ਨਾਲ ਨਾਲ ਸਿਆਸੀ ਹਾਕਮਾਂ ਨੂੰ ਸ਼ਰਮ ਨਹੀਂ ਆਉਂਦੀ। ਟਰੱਕਾਂ ਦੇ ਟਰੱਕ ਨੋਟ ਭਰ ਕੇ ਭਲਾ ਇਹ ਕੀ ਸੁਆਰ ਲੈਣਗੇ? ਮਾਇਆ ਏਥੇ ਈ ਰਹਿ ਜਾਣੀ ਐ। ਮਹਿਮੂਦ ਗਜ਼ਨਵੀ ਨੇ ਭਾਰਤ ਦੇ ਮੰਦਰਾਂ ਵਿੱਚੋਂ ਸ਼ੁੱਧ ਸੋਨੇ ਦੀਆਂ ਮੂਰਤੀਆਂ ਲੁੱਟੀਆਂ ਤੇ ਰਸਤੇ ਵਿੱਚ ਲੁਟਾ ਵੀ ਦਿੱਤੀਆਂ। ਉਦੋਂ ਦੇ ਮੰਦਿਰਾਂ ਦੇ ਪੁਰੋਹਿਤਾਂ ਨੇ ਆਮ ਲੋਕਾਂ ਦਾ ਖੂਨ ਚੂਸ ਚੂਸ ਕੇ ਇਹ ਸੋਨਾ ਇਕੱਠਾ ਕੀਤਾ, ਕੁਦਰਤ ਨੇ ਹਿਸਾਬ ਬਰਾਬਰ ਕਰ ਦਿੱਤਾ। ਅੱਜ ਵੀ ਦੇਖ ਲੈ ਰਾਮ ਮੰਦਿਰ ਦੇ ਚੜ੍ਹਾਵੇ ਦਾ ਹਾਲ। ਕੁਦਰਤ ਹਿਸਾਬ ਬਰਾਬਰ ਕਰਦੀ ਰਹਿੰਦੀ ਆ ਛੋਟੇ ਭਾਈ। ਤਧੋਂ ਰਾਜ ਰਾਜੇ ਨਰਕ। ਤੂੰ ਸਿਆਣੈਂ। ਦੱਸ ਭਲਾ ਅੱਜ ਤੱਕ ਕੋਈ ਸਿਆਸੀ ਜਾਂ ਵਪਾਰੀ ਬੰਦਾ ਫਸਿਆ? ਆਜ਼ਾਦੀ ਤੋਂ ਬਾਅਦ ਪਿਛਲੇ ਲੰਮੇ ਅਰਸੇ ਵਿੱਚ ਇੱਕਾ-ਦੁੱਕਾ ਨੂੰ ਛੱਡ ਕੇ ਕਿਸੇ ਨੂੰ ਅਜਿਹੇ ਮਾਮਲਿਆਂ ਵਿੱਚ ਖਰੋਚ ਤੱਕ ਵੀ ਆਈ? ਵੀਕ ਨੈਂਟਵਰਕ ਦੇ ਸ਼ਕੰਜੇ ਵਿੱਚ ਹੈ ਤਾਂ ਕਰਕੇ ਕਿਹੜਾ ਕਰਦਾ? ਭਾਈ ਇਹ ਗੋਲਬਾਤ ਦੀ ਲੜੀ ਤੋੜ ਸੁੱਟੀ। ਮੈਨੂੰ ਰਾਤ ਵਾਲੀ ਘਟਨਾ ਰਹਿ ਰਹਿ ਕੇ ਚੇਤੇ ਆਉਣ ਲੱਗੀ। ਅੰਧੀ ਰਾਤ ਕਰੀ ਬਾਰਾਂ ਕੁ ਵਜੇ ਵੱਡੇ ਭਰਾਵਾਂ ਵਰਗੇ ਦੋਸਤ ਇੰਦਰਜੀਤ ਪ੍ਰੇਮੀ ਜੀ ਦੀ ਕਾਲ ਆਈ। ਕਹਿਣ ਲੱਗੇ, ਪੱਗ ਰੱਖ ਲੈ ਆਪਾਂ ਕਿਤੇ ਜਾਣਾ। ਕਿਨਾਂ ਕੁ ਚਿਰ ਫਟਾਫਟ ਤਿਆਰ ਹੋ ਮੈਂ ਐਮਰਜੈਨ ਟਾਵਰ ਕੋਲ ਜਾ ਖੜ੍ਹਾ ਹੋਇਆ। ਮੈਂ ਉਨ੍ਹਾਂ ਦੀ ਗੱਡੀ ਵਿੱਚ ਬੈਠ ਗਿਆ। ਗੱਡੀ ਉਨ੍ਹਾਂ ਫਲਾਈਓਵਰ ਤੇ ਪਾਉਂਦਿਆਂ ਕਿਹਾ, 'ਯਾਰ ਆਪਣੇ ਇੱਕ ਪੱਤਰਕਾਰ ਦਾ ਹਾਦਸਾ ਕੁ ਪਹਿਲਾਂ ਇੱਕ ਕੁੜੀ ਆਈ ਸੀ। ਕਹਿੰਦੇ ਹੁਣ ਸਰਸਵਤੀ ਹਸਪਤਾਲ ਘਬੂੰਏ ਦਾਖਲ ਆ।' ਕੁਝ ਚਿਰ ਰੁਕ ਕੇ ਫਿਰ ਬੋਲੇ, 'ਪਤਾ ਨੀਂ ਕਹਿੰਦੇ ਓਹਦੀ ਭੈਣ ਈ ਹੋਗੀ। ਇੱਕੋ ਇੱਕ ਧੀਅ ਸੀ, ਪਿਓ ਦੀ। ਪਿਓ ਵੀ ਮਾਂ ਬਾਹਰੀ। ਮਾਂ ਮਰੀ ਤਾਂ ਪਿਓ ਨੇ ਵਿਆਹ ਨਈਂ ਕਰਵਾਇਆ, ਬਈ ਧੀਅ ਨਾ ਰੁਲ ਜਾਵੇ।' ਅਸੀਂ ਹਸਪਤਾਲ ਪਹੁੰਚੇ। ਸਟਰੈਚਰ ਦੁਆਲੇ ਪੁਲਿਸ ਮੁਲਾਜ਼ਮ ਖੜ੍ਹੇ ਸਨ। ਸਥਿਤੀ ਸਾਫ ਸੀ। ਪ੍ਰੇਮੀ ਜੀ ਨੇ ਕੁਝ ਰਸਮੀ ਗੱਲਾਂ ਕੀਤੀਆਂ/ ਸੁਣੀਆਂ। ਅਠਾਰਵੇਂ ਸਾਲ ਵਿੱਚ ਦਾਖਲ ਹੋਈ ਕੁੜੀ ਦੇ ਮੂੰਹੋਂ ਕੱਪੜਾ ਪਰ੍ਹਾਂ ਕੀਤਾ, ਮੂੰਹ ਫਿੱਸਿਆ ਪਿਆ ਸੀ। ਹਫਤਾ ਕੁ ਪਹਿਲਾਂ ਪ੍ਰੇਮੀ ਜੀ ਕੋਲ ਆਈ ਸੀ। ਉਸ ਨੇ ਕਦੋਂ ਤੋਂ ਕਿਵੇਂ ਐਨੀ ਗੰਦੀ ਦੋਸਤ ਦੀ ਕਾਰ ਵਿੱਚ ਜਾ ਬੈਠੀ। ਕੀ ਪਰਿਸਥਿਤੀਆਂ ਹੋਣਗੀਆਂ? ਕਹਿੰਦੇ ਵਾਪਸੀ ਵੇਲੇ ਮੋਰਿੰਡਾ ਰੋਡ 'ਤੇ ਗੱਡੀ ਪਲਟ ਗਈ। ਪ੍ਰਾਣ ਪੰਖੇਰੂ ਹੋ ਗਏ। ਮੈਂ ਭਾਵੀ ਤੇ ਮੌਤ ਦੇ ਰਹੱਸ ਬਾਰੇ ਸੋਚਣ ਲਗਦਾ ਹਾਂ। ਮੈਨੂੰ ਮੇਰੇ ਆਪਣੇ ਵਿਛੜੇ ਹੋਏ ਚੇਤੇ ਆਉਣ ਲਗਦੇ ਹਨ। ਹੰਝੂ ਜੰਮ ਗਏ ਹਨ ਸ਼ਾਇਦ। ਹਨ੍ਹੇਰੀ ਰਾਤ। ਦੁਰੇਰੇ ਗਾੜ੍ਹਾ ਹਨ੍ਹੇਰਾ, ਜਗਜੀਤ ਜੀ ਦੇ ਬੋਲ ਉੱਭਰਦੇ ਹਨ, 'ਕਹਾਂ ਤੁਮ ਚਲੇ ਗਏ ?'

ਸੰਪਰਕ : 98144 30874

# ਪਿੰਡਾਂ ਦੀ ਮੌਖਿਕ ਤਾਰੀਖ ਵੀ ਸਾਂਭ ਲੈਣੀ ਚਾਹੀਦੀ

ਪਿੰਡ ਵਸਿਆ-94

**ਵਿਜੈ ਬੰਬੇਲੀ**

ਸਥਾਨਕ ਇਤਿਹਾਸ, ਇਤਿਹਾਸਕਾਰੀ ਦੀ ਹੇਠਲੀ, ਪਰ ਮਹੱਤਵਪੂਰਨ ਪਰਤ ਹੈ। ਵਿਚਕਤੀ ਵਿਸ਼ੇਸ਼, ਪਿੰਡ ਤੇ ਨਗਰ ਦਾ ਇਤਿਹਾਸ ਇਸ ਦਾ ਖੇਤਰ ਹਨ, ਪ੍ਰੰਤੂ ਮੁਲਕ ਦੀ ਸਭ ਤੋਂ ਛੋਟੀ ਇਕਾਈ ਪਿੰਡ ਜਾਂ ਨਗਰ ਦਾ ਇਤਿਹਾਸ ਲਿਖਣ ਦੀ ਵੱਡੀ ਕਠਿਨਾਈ ਇਹ ਹੈ, 'ਇਹ ਲਿਖਤੀ ਨਹੀਂ ਮਿਲਦਾ, ਅਕਸਰ ਬਜ਼ੁਰਗਾਂ ਅਤੇ ਪੀੜ੍ਹੀ-ਦਰ-ਪੀੜ੍ਹੀ ਦੰਦ-ਕਥਾਵਾਂ ਅਤੇ ਨਿੱਕੀਆਂ-ਪੋਤਲੀਆਂ ਲਾਈਨਾਂ-ਲਿਖਤਾਂ, ਇਕਹਿਰੇ-ਖਿੰਡਰੇ ਪੁੰਡਰੇ ਇੱਕਾ-ਦੁੱਕਾ ਪੈਰਿਆਂ ਜਾਂ ਲਾਈਨਾਂ/ਹਰਫਾਂ ਉੱਤੇ ਨਿਰਭਰ ਕਰਨਾ ਪੈਂਦਾ ਹੈ।' ਵੇਲਾ ਹੈ, ਜਿੰਨਾ ਕੁ ਵੀ ਅਤੇ ਜਿਸ ਵੀ ਰੂਪ ਵਿੱਚ ਮਿਲ ਸਕਦਾ ਹੈ, ਸਾਂਭ ਲਈਏ। ਨਹੀਂ ਤਾਂ ਪਿੰਡਾਂ-ਨਗਰਾਂ ਦਾ, ਸਾਡੇ ਚੇਤਿਆਂ ਜਾਂ ਵਰਕਿਆਂ 'ਚ ਲੁਕਿਆ-ਛੁਪਿਆ ਪਿਆ, ਸੀਮਿਤ, ਇਤਿਹਾਸ ਵੀ ਲੁਪਤ ਹੋ ਜਾਵੇਗਾ।

ਚਿੰਤਕ ਗੁਰਬਚਨ ਸਿੰਘ ਭੁੱਲਰ ਅਨੁਸਾਰ, 'ਕਿਸੇ ਵੀ ਭੂਗੋਲਿਕ ਇਕਾਈ ਦਾ ਇਤਿਹਾਸ ਉਸ ਵਿਚਲੇ ਪਿੰਡਾਂ, ਨਗਰਾਂ ਦੇ ਇਤਿਹਾਸ ਦਾ ਕੁੱਲ ਜੋੜ ਹੁੰਦਾ ਹੈ। ਇਉਂ ਕਿਸੇ ਪਿੰਡ ਦਾ ਇਤਿਹਾਸ ਲਿਖਣ ਲੱਗਿਆਂ ਲੇਖਕ ਅਸਲ ਵਿੱਚ ਭਾਈਚਾਰਕ ਇਤਿਹਾਸ ਦਾ ਇੱਕ ਕਾਂਡ ਹੀ ਲਿਖ ਰਿਹਾ ਹੁੰਦਾ ਹੈ। ਟਿਕਾਵੇਂ ਪਿੰਡਾਂ ਦਾ ਇਤਿਹਾਸ ਇੰਨਾ ਕੁ ਹੀ ਪੁਰਾਣਾ ਹੈ ਕਿ ਪਿੰਡ ਦੇ ਬਜ਼ੁਰਗਵਾਰਾਂ ਤੋਂ ਉਹਨਾਂ ਦੇ ਦਾਦਿਆਂ-ਪੜਦਾਦਿਆਂ ਦੀਆਂ ਗੱਲਾਂ ਅਤੇ ਪਿੰਡ ਦੇ ਮੀਰ-ਮਿਰਾਸੀਆਂ ਤੇ ਹਰਿਦੁਆਰ ਦੇ ਪੰਡਿਤਾਂ ਦੀਆਂ ਵਹੀਆਂ ਤੋਂ ਪਿੰਡ ਦੇ ਵਸਣ ਅਤੇ ਵਿਗਸਣ ਦੀ ਕਨਸੋਅ ਮਿਲ ਜਾਂਦੀ ਹੈ। ਪਿੰਡਾਂ ਦਾ ਇਤਿਹਾਸ ਲਿਖਣਾ ਇਸ ਲਈ ਵੀ ਜ਼ਰੂਰੀ ਹੈ, ਕਿਉਂਕਿ ਨਵੀਆਂ ਪੀੜ੍ਹੀਆਂ ਰਹਿਤਲ ਨਾਲੋਂ ਟੁੱਟ ਰਹੀਆਂ ਹਨ ਅਤੇ ਨੇੜ-ਭਵਿੱਖ 'ਚ ਪਿੰਡਾਂ ਦੀ ਮੌਖਿਕ ਤਵਾਰੀਖ ਤੇ ਗੱਲਾਂ ਪੂਰੀ ਤਰ੍ਹਾਂ ਵਿਸਰ ਅਤੇ ਓਪਰੀਆਂ ਹੋ ਜਾਣਗੀਆਂ।'

ਕਿਸੇ ਵੀ ਪਿੰਡ ਦੀ ਪਹਿਲ-ਪਲੇਠੀ ਤਾਰੀਖ ਲਿਖਣ ਲਈ, ਪਿੰਡਾਂ ਦੇ ਅਤੀਤ ਨੂੰ ਹੁੰਗਾਲਣਾ ਅਤੇ ਬਜ਼ੁਰਗਵਾਰਾਂ ਨੂੰ ਵਾਰ-ਵਾਰ ਟੋਹਣਾ ਪੈਂਦਾ ਹੈ। ਫਿਰ ਉਹਨਾਂ ਦੇ ਦੱਸੇ-ਪੁੱਛੇ ਨੂੰ ਅਤੇ ਪਿੰਡ ਦੀਆਂ ਹੋਰ ਧਿਰਾਂ ਤੋਂ ਮਿਲੀ ਕਨਸੋਅ ਨੂੰ ਸੰਬੰਧਤ ਪੁਸਤਕਾਂ, ਮਾਲ ਮਹਿਕਮੇ ਦੇ ਰਿਕਾਰਡ/ਦਸਤਾਵੇਜ਼ਾਂ ਤੇ ਪਾੜਿਆਂ, ਛੱਟਾਂ ਅਤੇ ਮੀਰਾਂ ਦਾ ਆਸਰਾ ਵੀ ਲੈਣਾ ਪੈ ਜਾਂਦਾ ਹੈ। ਅਸਲ ਵਿੱਚ ਗਲੀਆਂ, ਸੱਥਾਂ, ਥੜ੍ਹਿਆਂ 'ਤੇ ਘੁੰਮ, ਅਨੇਕਾਂ ਦਾਨਿਸ਼ਵਰਾਂ, ਇਤਿਹਾਸਵੇਤਿਆਂ, ਬੁੱਢ-ਵਰੇਸੀਆਂ ਨਾਲ ਗੁਫਤਗੂ ਕਰਦਿਆਂ ਖਲਾਅ 'ਚ ਉੱਡਦੀਆਂ ਕਨਸੋਆਂ ਦੀ ਹਾਥ ਪਾ ਕੇ ਇੱਕ ਨਿਰਧਾਰਤ ਇਤਿਹਾਸ ਚੌਖਟੇ ਵਿੱਚ ਲਿਖਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਹੁਣ ਕਈਆਂ ਵੱਲੋਂ ਨਿਰੋਲ ਆਪਣੇ ਪਿੰਡ ਬਾਰੇ ਜਾਂ ਕਿਸੇ ਹੋਰ ਪਿੰਡ ਵਿਸ਼ੇਸ਼ ਦਾ ਇਤਿਹਾਸ ਕਲਮਬੱਧ ਕਰਨ ਦੀ ਸਫਲ ਕੋਸ਼ਿਸ਼ ਕੀਤੀ ਹੈ ਅਤੇ ਕੀਤੀ ਜਾ ਰਹੀ ਹੈ, ਪਰ ਸਰਕਾਰ ਜਾਂ ਕਿਸੇ ਸਮਰੱਥ ਜਾਂ ਸੰਬੰਧਤ ਅਦਾਰਿਆਂ ਨੇ ਬਣਦੀ ਤੇ ਨਿਗਰ ਕੋਸ਼ਿਸ਼ ਨਹੀਂ ਕੀਤੀ ਅਤੇ ਨਾ ਹੀ ਅਜ਼ਾਦਾਨਾ ਤੌਰ 'ਤੇ ਕੋਸ਼ਿਸ਼ ਕਰਨ ਵਾਲਿਆਂ ਦੀ ਬਾਂਹ ਫੜੀ ਹੈ।

ਦਰ-ਹਕੀਕਤ; ਇਤਿਹਾਸ ਨਿਰਾ ਹੋਈਆਂ-ਵਾਪਰੀਆਂ ਘਟਨਾਵਾਂ ਨੂੰ ਸਿਰਫ ਸਿਲਸਿਲੇਵਾਰ ਲੜੀਬੱਧ ਕਰ ਦੇਣ ਦਾ ਹੀ ਨਾਂਅ ਨਹੀਂ। ਇਤਿਹਾਸ ਉਹਨਾਂ ਸਮਾਜਿਕ ਤੇ ਆਰਥਿਕ ਪ੍ਰਸਥਿਤੀਆਂ ਦੀ ਖੋਜ-ਪੜਤਾਲ ਅਤੇ ਪੁਨਰ ਸਿਰਜਣਾ ਹੈ, ਜਿਹਨਾਂ ਸਥਿਤੀਆਂ-ਪ੍ਰਸਥਿਤੀਆਂ ਨੇ ਕਿਸੇ ਵੀ ਵਿਸ਼ਬ ਨੂੰ ਪੱਕੇ ਪੈਰੀਂ ਕਰਨ ਅਤੇ ਸਮਾਜਿਕ ਸੰਘਰਸ਼ਾਂ ਨੂੰ ਜਨਮ ਦਿੱਤਾ ਹੁੰਦਾ ਹੈ। ਕਿਸੇ ਵਸ਼ੋਬ ਬਾਰੇ ਇਹ ਸਭ ਦੱਸਣ ਵਾਲੀ ਮੁੱਖ ਸ੍ਰੋਤ ਪੁਰਾਣੀ ਪੀੜ੍ਹੀ ਜਿਹੜੀ ਇਸ ਬਾਰੇ ਮੌਖਿਕ ਹਰ ਪੁਖਤਾ ਗੱਲ ਕਰ ਸਕਦੀ ਸੀ, ਬਿਲਕੁਲ ਮੁੱਕਣ ਨੇੜੇ ਹੈ। ਕਿਤੇ-ਕਿਤੇ ਕੋਈ ਵਿਰਲ ਪੁਰਾਣਾ ਹੀ ਡੰਗੋਰੀ ਲਈ ਖੜ੍ਹਾ ਹੈ। ਅੱਖਰਾਂ ਨੂੰ ਤੰਗੀਆਂ-ਭੋਰਿਆਂ ਨੇ ਅਗਲ-ਵੱਢ ਜੱਫਾ ਮਾਰਿਆ ਹੋਇਆ ਹੈ। ਨਵੀਂ ਪੀੜ੍ਹੀ ਨੂੰ ਟੈਲੀ ਅਤੇ ਮੋਬਾਇਲ ਕਲਚਰ ਨੇ ਅੰਦਰੀਂ ਵਾੜ ਦਿੱਤਾ ਹੋਇਆ ਹੈ। ਸਿੱਟਾ; ਸੱਥਾਂ ਵੀ ਮੂਲੋਂ ਖਤਮ ਹੋ ਚੱਲੀਆਂ ਹਨ, ਜਿੱਥੇ ਢੁੱਝ ਚਰਚਾ ਜਾਂ ਸੀਨਾ-ਬ-ਸੀਨਾ ਗੱਲਾਂ ਹੁੰਦੀਆਂ ਸਨ/ਹਨ।

ਫਿਰ ਹਰ ਪਿੰਡ ਦੇ ਨਾਮਕਰਨ ਪਿੱਛੇ ਮੋੜ੍ਹੀ ਗੱਡਣ ਵਾਲੇ ਆਗੂ ਜਾਂ ਪਿੰਡ ਦੇ ਨਾਇਕ ਦਾ ਕੋਈ ਵਿਸ਼ੇਸ਼ ਗੁਣ, ਉੱਘੀ ਸਰਗਰਮੀ ਜਾਂ ਸੰਘਰਸ਼, ਪਿੰਡ ਦਾ ਕੋਈ ਖਾਸ ਗੁਣ, ਕਿਸਬ, ਘਟਨਾ, ਪ੍ਰਥਾਵਾਂ ਜਾਂ ਸਿਰਤ, ਕੁਦਰਤੀ ਪਛਾਣ ਜਾਂ ਨਿਆਮਤ, ਮੁੱਕਦੀ ਗੱਲ ਕੋਈ ਨਾ ਕੋਈ ਹਕੀਕੀ ਤੇ ਚਿਰ ਸਥਾਈ ਇਤਿਹਾਸਕ ਕ੍ਰਮ ਹੁੰਦਾ ਸੀ/ਹੈ। ਕਿਸੇ ਵੀ ਪਿੰਡ ਵਿਸ਼ੇਸ਼ ਨੂੰ, ਉਸ ਨੂੰ ਬਹੁਪਰਤੀ ਸੁਰੱਖਿਆ ਅਤੇ ਪ੍ਰਫੁੱਲਤਾ ਪ੍ਰਦਾਨ ਕਰਾ ਸਕਣ ਵਾਲਾ ਕੋਈ ਸੂਝਮਾ, ਕੁਲਬੇ-ਕਬੀਲੇ ਦਾ ਉੱਘਾ ਆਗੂ, ਕੁਟਨੀਤਿਕ ਜਾਂ ਮਾਰਗਦਰਸ਼ਕ ਵੱਲਾਂ ਜਾਂ ਬੰਦੀ, ਵਿਸ਼ੇਸ਼ ਕੁਲਬ ਜਾਂ ਕਿਸਬੀ ਹੀ ਵਸਾ ਸਕਦਾ ਸੀ। ਸਿਫ਼ਤੀ ਸਥਾਪਤੀ ਉਪਰੰਤ ਜਿਸ ਦੇ ਨਾਓਂ ਹੀ ਅਕਸਰ ਪਿੰਡ ਦਾ ਨਾਅ ਪੱਕ-ਪਕਾਅ ਜਾਂਦਾ ਸੀ। ਹਾਂ, ਮਗਰੋਂ ਢੇਰ ਸਮਾਂ ਪਹਿਲਾਂ ਕਈ ਉੱਘੀਆਂ ਵਸੋਂਆਂ ਜਾਂ ਪਿੰਡਾਂ ਦਾ ਨਾਂਅ ਧਾੜਵੀਆਂ ਜਾਂ ਹੁਕਮਰਾਨਾਂ ਨੇ ਬਦਲਿਆ ਜਾਂ ਆਪਣੇ ਨਾਂਅ ਕਰ ਲਿਆ। ਹੁਣ ਇਹ ਨਾਂਅ ਇੰਨੇ ਪੀਡੇ, ਗੂੜ੍ਹੇ ਅਤੇ ਲੋਕ ਮਨਾਂ 'ਤੇ ਉੱਕਰ ਚੁੱਕੇ ਹਨ ਕਿ ਜੇ ਹਾਕਮ ਜਮਾਤਾਂ ਵੀ ਚਾਹੁਣ, ਤਦ ਵੀ ਇਹਨਾਂ ਨੂੰ ਕਦਾਚਿੱਤ ਮੇਸਿਆ ਨਹੀਂ ਜਾ ਸਕਦਾ।

ਇਹ ਸਭ ਕੁੱਝ ਕਲ-ਮਿਲ ਕਿਸੇ ਪਿੰਡ ਦੀ ਮੁੱਢਲੀ ਤਾਰੀਖ ਜਾਂ ਪਿੰਡ ਬੰਨ੍ਹਣ ਵਾਲੇ ਨਾਇਕਾਂ ਦਾ ਜੀਵੰਤ ਇਤਿਹਾਸ ਬਣਦਾ ਹੈ, ਪ੍ਰੰਤੂ ਇਤਿਹਾਸ ਸਿਰਫ "ਰਾਜੇ-ਰਾਣੀਆਂ" ਜਾਂ "ਵੱਡੇ ਲੋਕ" ਹੀ ਨਹੀਂ ਸਿਰਜਦੇ, ਸਗੋਂ ਇਤਿਹਾਸ ਦੀ ਸਿਰਜਣਾ ਵਿੱਚ ਆਮ, ਖਾਸ ਕਰਕੇ ਕਿਰਤੀਆਂ-ਸ਼ਿਲਪੀਆਂ, ਕਿਰਸਾਨਾਂ ਅਤੇ ਸਥਾਨਕ ਲੋਕ ਨਾਇਕਾਂ ਦਾ ਹੱਥ ਵਧੇਰੇ ਹੁੰਦਾ ਹੈ। ਬਹੁਤੇ ਪਿੰਡਾਂ ਦੀ, ਪਹਿਲ-ਪਲੇਠੀ ਤਵਾਰੀਖ ਇਸ ਗੱਲ ਦੀ ਸ਼ਾਹਦੀ ਭਰਦੀ ਹੈ। ਹਾਂ; ਕਿਤੇ-ਕਿਤੇ ਇਤਿਹਾਸਕ ਪੁਸਤਕਾਂ ਜਾਂ ਗਜ਼ਟੀਅਰਾਂ ਵਿੱਚ ਸਥਾਨਕ ਇਤਿਹਾਸ ਦੇ ਇਸ਼ਾਰੇ ਤਾਂ ਮਿਲਦੇ ਹਨ, ਜਿਹੜੇ ਪੀਡੇ ਸੂਤ ਹਨ, ਪ੍ਰੰਤੂ ਉਹ ਵੀ ਬੱਝਵੇਂ ਰੂਪ ਵਿੱਚ ਨਾ ਮਿਲ ਸਕਣ ਜਾਂ ਪ੍ਰਾਪਤ ਕਰ ਸਕਣ ਦੇ ਕਈ ਕਾਰਨ ਹਨ।

ਪਿੰਡਾਂ ਦੇ ਨਾਮਕਰਨ ਸੰਦਰਭ ਗੂੜ੍ਹੇ ਇਤਿਹਾਸਕਾਰ ਸੁਭਾਸ਼ ਪਰਿਹਾਰ ਜੀ ਦੇ ਕਹੇ ਮੁਤਾਬਿਕ, 'ਇਹ ਨਾਂਅ ਅਕਸਰ ਕਿਨਾਂ ਕਿਸੇ ਦਾਅਵੇ ਦੇ ਸਦੀਆਂ ਦਾ ਇਤਿਹਾਸ ਆਪਣੇ ਵਿੱਚ ਸਮੋਏ ਬੈਠੇ ਹੁੰਦੇ ਹਨ। ਕਦੇ ਕਿਸੇ ਭੂਗੋਲਿਕ ਲੱਛਣ ਕਦੇ ਕਿਸੇ ਵਿਅਕਤੀ, ਜਾਤੀ ਜਾਂ ਪੇਸ਼ੇ ਦੀ ਯਾਦ ਵਜੋਂ ਅਤੇ ਕਦੇ ਕਿਸੇ ਇਤਿਹਾਸਕ ਘਟਨਾ ਦੇ ਪਰਛਾਵੇਂ ਵਜੋਂ।' ਜੇ ਸੰਭਵ ਹੋਵੇ ਤਾਂ ਲੇਖਕ ਗਜ਼ਟੀਅਰਾਂ, ਇਤਿਹਾਸਕ ਦਸਤਾਵੇਜ਼ਾਂ ਅਤੇ ਲਿਖਤੀ ਸਰੋਤਾਂ ਸਮੇਤ ਸਥਾਨਕ ਲੋਕਾਂ ਦੀ ਸੀਨਾ-ਬ-ਸੀਨਾ ਯਾਦ ਨੂੰ ਵੀ ਅਹਿਮ ਸ੍ਰੋਤ ਵਜੋਂ ਲੈਂਦੇ ਹਨ। ਦਰਅਸਲ ਲੋਕਾਂ ਦੀ ਵੇਖੀ, ਸੁਣੀ ਜਾਂ ਪਰ੍ਹਿਆਂ-ਸੱਥਾਂ ਵਿੱਚ ਤੁਰਦੀਆਂ ਆਉਂਦੀਆਂ ਚਿਰ-ਸਥਾਈ ਗੱਲਾਂ, ਭਾਵ ਮੌਖਿਕ ਇਤਿਹਾਸ ਵੀ, ਪਿੰਡ ਵਸਿਆ ਲੇਖ ਦਾ ਸਿੱਕੇਬੰਦ ਬਾਨ੍ਹਣੂੰ ਹੁੰਦਾ ਹੈ।

ਜਿੱਥੇ ਇਸ ਤਰ੍ਹਾਂ ਪਿੰਡਾਂ ਜਾਂ ਵਸ਼ੋਬ ਵਿਸ਼ੇਸ਼ ਬਾਰੇ ਲਿਖਤਾਂ/ਲੇਖਾਂ ਨੂੰ ਸੰਬੰਧਤ ਪਿੰਡ ਅਤੇ ਸਥਾਨਕ ਇਤਿਹਾਸ ਨਾਲ ਵਾਹ-ਵਾਸਤਾ ਰੱਖਣ ਵਾਲੇ ਜਾਂ ਖੋਜੀਆਂ ਨੂੰ ਦਸਤਾਵੇਜ਼ ਵਜੋਂ, ਅਗਲੀਆਂ-ਅਗਲੇਰੀਆਂ ਪੀੜ੍ਹੀਆਂ ਲਈ ਵੀ ਸੰਭਾਲ ਲੈਣੀ ਚਾਹੀਦੀ ਹੈ, ਉਥੇ ਖੋਜੀਆਂ-ਜਗਿਆਸੂਆਂ, ਵਿਸ਼ੇਸ਼ ਕਰਕੇ ਸਥਾਨਕ ਇਤਿਹਾਸਕਾਰੀ ਜਾਂ ਪਿੰਡਾਂ ਦੀ ਤਵਾਰੀਖ ਨਾਲ ਵਾਹ-ਵਾਸਤਾ ਰੱਖਣ ਵਾਲਿਆਂ ਨੂੰ ਇਹ ਲਿਖਤਾਂ ਜਾਂ ਦਸਤਾਵੇਜ਼ ਸਾਂਭ-ਸਲੂਟ ਲੈਣੇ ਚਾਹੀਦੇ ਹਨ।

ਮੋਬਾ. 94634-39075

## ਫਤਿਹਪੁਰ ਭੰਗਵਾਂ



ਜੋ ਸਥਿਰ ਮਾਪਤੀ ਸਿੰਧੂ ਦੂਰੀ।
ਜਹਾਂ ਰਿਸ਼ੀ ਸ਼ਰੁਤਿਓਂ ਕੋ ਗਾਤੇ,
ਕਲਸ਼ੋਂ ਕਾ ਔਤਸ ਉਜਲਾਤੇ।
ਯਸ਼ਾਂ ਦਾਰਸ਼ਨਿਕ ਰਚਤੇ ਦਰਸ਼ਨ,
ਲਘੂ -ਸਾ ਜਿਸ ਕਾ ਕਰਕੇ ਸਪਸ਼ਨ,
ਮੁੜ ਜੀਵ ਜੈਮਿਨ ਹੋ ਜਾਤੇ,
ਤੱਤਵੋਂ ਕੇ ਤੱਤਵੋਂ ਕੋ ਪਾਤੇ।
ਜਿਸ ਕਾ ਅਮ੍ਰਿਤ ਪਯ ਕਰ ਸੇਵਨ,
ਅਮਰ ਹੂਏ ਸਨਾਂਸੇ ਮ੍ਰਿਕਣ ਜਨ।
'ਚੰਦ' ਕਾ ਫਾਰਮ ਉਸ ਕੇ ਤੱਟ ਪਰ,
ਉਸੀ ਮੇਂ ਹੈ ਉਸ ਕਾ ਸਗਰ ਘਰ-
ਗੇਹੂੰ ਕੀ ਹਰਿਆਲੀ ਛਾਯਾ,
ਔਤਿਸ਼ ਪੇ ਕਰਤਾ ਸਾ-ਮਾਯਾ।
ਈਖ, ਯਵੀ ਨਿਹਿ ਇਤਰਾਤਾ
ਦਾਡਿਮ ਪਾਟਲ ਪਾ-ਮੁਸਕਾਤਾ।
ਖਗ-ਕੁੱਲ-ਕਲ ਕਲਕਿ ਕੇ ਕੂਜਿਤ,
ਨੇਹ ਅਰਿਚਤ ਸ਼ਰਧਾ ਸੇ ਪੂਜਿਤ।
ਅੰਤ ਰੰਗ ਮਿੱਤਰੋਂ ਕਾ ਮਰਕਜ਼,
ਕਲ ਦ੍ਰਿਸ਼ੋਂ ਚਿੱਤਰੋਂ ਕਾ ਮਰਕਜ਼।
ਉਸ ਕੀ ਸੁਧਿ ਆਤੇ ਫੁਲੋਂਗੇ,
ਉਸੇ ਭਲਾ ਕਿਆ! ਹਮ ਭੂਲੇਂਗੇ।

ਵਹ ਫਤਿਹਪੁਰ ਗਾਓਂ ਚੰਦ ਕਾ।
ਜੋ ਨਿਕੱਟ ਹੈ ਨਿਰਾ ਨੰਦ ਕਾ।
ਬਸਾ ਹੁਆ ਸਤਲੁਜ ਕੇ ਤੀਰ,
ਜੋ ਸਤਲੁਜ ਹੈ ਮੇਰਾ ਜੀ ਰੇ।
ਜਿਸੇ ਲਵੀ ਪੈ ਲਖਾ ਰਾਮਪੁਰ*,
ਜਿਸਕੀ ਉਮੀਆਂ ਹਰਾ ਮੇਰਾ ਉਰ।
ਜਿਸ ਕੀ ਕਲ, ਕਲਕਲ, ਕਲ, ਦੇਤੀ,
ਜਿਸ ਕੀ ਰਭਸ ਵੇਗ ਹਰ ਲੇਤੀ।
ਜਿਸ ਕੇ ਪ੍ਰਸਤਰ ਤੱਟ ਪੈ ਲੂਗੀ,

*ਹਿਮਾਚਲ ਪ੍ਰਦੇਸ਼ ਕਾ ਪ੍ਰਸਿੱਧ ਨਗਰ ਰਾਮਪੁਰ ਬੁਸ਼ਹਰ

- ਅਮਰਨਾਥ ਕੌਸ਼ਤਭ

# ਸੀ ਪੀ ਆਈ ਦੇ 25ਵੇਂ ਮਹਾਂ-ਸੰਮੇਲਨ ਦੀ ਯਾਦ

ਸੀ ਪੀ ਆਈ ਦਾ 25ਵਾਂ ਮਹਾਂ ਸੰਮੇਲਨ ਕਿਸਾਨ ਭਵਨ ਚੰਡੀਗੜ੍ਹ ਵਿਖੇ ਮਰਹੂਮ ਕਿਸਾਨ ਆਗੂ ਅਤੁਲ ਕੁਮਾਰ ਅਨਜਾਨ ਹਾਲ ਵਿਚ 21 ਸਤੰਬਰ ਤੋਂ 25 ਸਤੰਬਰ 2025 ਤੱਕ ਹੋਇਆ। ਸੰਮੇਲਨ ਨੂੰ ਫਲਸਤੀਨ ਦੇਸ਼ ਦੇ ਲੋਕਾਂ ਵੱਲੋਂ ਅਬੂ ਸਾਵਏਸ ਐਂਬੈਸਡਰ ਫਲਸਤੀਨ ਇਨਕਲਾਬੀ ਸ਼ੁਭ ਕਾਮਨਾਵਾਂ ਭੇਟ ਕਰਨ ਲਈ ਪਹੁੰਚੇ। ਉਨ੍ਹਾਂ ਸੀ ਪੀ ਆਈ ਸਮੇਤ ਸਾਰੇ ਖੱਬੇ ਪੱਖੀ ਅਵਾਮ ਦਾ ਫਲਸਤੀਨੀ ਲੋਕਾਂ ਦੇ ਸਮਰਥਨ ਲਈ ਆਭਾਰ ਵਿਅਕਤ ਕੀਤਾ ਤੇ ਇਸਰਾਇਲ -ਅਮਰੀਕਾ ਵੱਲੋਂ ਗਾਜ਼ਾ ਵਿਚ ਨਸਲਘਾਤ ਲਈ ਲਗਾਤਾਰ ਤਬਾਹੀ ਦੀ ਬਰਬਰਤਾ ਦਾ ਦੁਖਦਾਈ ਮੰਜ਼ਰ ਸਾਂਝਾ ਕੀਤਾ।

ਇਸ ਮੌਕੇ ਯਾਦਗਾਰੀ ਤਸਵੀਰ ਵਿਚ (ਖੱਬਿਓਂ) ਸੁਰਿੰਦਰ ਸਿੰਘ ਢੰਡੀਆਂ, ਹਰਚੰਦ ਸਿੰਘ ਬਾਠ ਐਡਵੋਕੇਟ ਵਰਲਡ ਪੀਸ ਫੈਡਰੇਸ਼ਨ, ਬਲਵਿੰਦਰ ਸਿੰਘ ਜੰਮੂ ਪ੍ਰਸਿੱਧ ਪੱਤਰਕਾਰ, ਡਾਕਟਰ ਸਵਰਾਜਬੀਰ ਚੇਅਰਮੈਨ ਸੁਆਗਤੀ ਕਮੇਟੀ, ਅਬਦੁਲ ਅਬੂ ਸਾਵਏਸ ਐਂਬੈਸਡਰ, ਚੰਦ ਫਤਿਹਪੁਰੀ ਸੰਪਾਦਕ 'ਨਵਾਂ ਜ਼ਮਾਨਾ', ਰਜਿੰਦਰ ਸਿੰਘ ਰਾਣਾ ਐਡਵੋਕੇਟ, ਉੱਘੇ ਕਿਸਾਨ ਆਗੂ ਭੁਪਿੰਦਰ ਸਾਂਬਰ, Abdullah Abu Shawesh ਉਨ੍ਹਾਂ ਭਾਰਤ ਸਰਕਾਰ ਵੱਲੋਂ ਸਮਰਥਨ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਵਿਸ਼ੇਸ਼ ਜ਼ਿਕਰ ਦੇ ਕੇ ਕਿਹਾ ਕਿ ਜਦੋਂ ਸੰਸਾਰ ਤੇ ਯੂ ਐੱਨ ਓ ਦੇ ਬਹੁਤ ਵੱਡੀ ਗਿਣਤੀ ਵਿਚ ਦੇਸ਼ਾਂ ਨੇ ਫਲਸਤੀਨ ਨੂੰ ਮਾਨਤਾ ਦੇ ਦਿੱਤੀ ਹੈ ਤੇ ਜੰਗਬੰਦੀ ਦੀ ਅਪੀਲ ਕੀਤੀ ਹੈ, ਇਸਰਾਇਲ ਤੇ ਅਮਰੀਕਾ ਬਜ਼ਿਦ ਹਨ ਤੇ ਉਹ ਯੂ ਐੱਨ ਓ ਦੀ ਪ੍ਰਵਾਹ ਨਹੀਂ ਕਰ ਰਹੇ। ਅਸੀਂ ਬਹੁਤ ਹੀ ਮੁਸ਼ਕਲ ਹਾਲਾਤ ਦਾ ਸਾਹਮਣਾ ਕਰ ਰਹੇ। ਹਾਂ, ਇਕ ਵਾਰ ਫਿਰ ਤੁਹਾਡੇ ਵੱਲੋਂ ਸਾਲੀਡਰਟੀ ਤੇ ਸਪੋਟ ਲਈ ਮੈਂ ਆਪਣੇ ਦੇਸ਼ ਵਾਸੀਆਂ ਵੱਲੋਂ ਇਕ ਵਿਰ ਤੁਹਾਡੇ ਸ਼ਾਨਾਮੱਤੇ ਸੰਘਰਸ਼ ਤੇ ਭਾਰਤ ਨੂੰ ਸਮਾਜਵਾਦੀ ਇਨਕਲਾਬ ਲਈ ਇਨਕਲਾਬੀ ਸ਼ੁਭ ਕਾਮਨਾਵਾਂ ਭੇਟ ਕਰਦਾ ਹਾਂ।



ਨਵਾਂ ਜ਼ਮਾਨਾ ਪੋਸਟ ਬਕਸ ਨੰ. 134

Printed and Published by Printer, Publisher and Executive Editor : Resham Singh for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਕਾਰਜਕਾਰੀ ਸੰਪਾਦਕ : ਰੇਸ਼ਮ ਸਿੰਘ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਦਰਸ਼ਨ, ਇਤਿਹਾਸ, ਸਾਹਿਤ ਤੇ ਕਲਾ ਦਾ ਪ੍ਰਵਚਨ

ਫੋਕਸ

ਚਰਚਾ ਇੱਕ ਪੁਸਤਕ ਦੀ

**ਡਾ. ਹਰਪ੍ਰੀਤ ਸਿੰਘ**





## ਜਿੱਥੇ ਲਿਖਤ ਸਾਹ ਲੈਂਦੀ ਹੈ

**ਡਾ. ਪਰਮਜੀਤ ਢੀਂਗਰਾ**
**ਸਫ਼ੇ 290, ਮੁੱਲ 499,**
**ਰਿਥਿੰਕ ਬੁੱਕਸ, ਸੰਗਰੂਰ**

ਡਾ. ਪਰਮਜੀਤ ਸਿੰਘ ਢੀਂਗਰਾ ਕਹਾਣੀ, ਵਾਰਤਕ, ਅਨੁਵਾਦ, ਆਲੋਚਨਾ ਆਦਿ ਵਿਧਾਵਾਂ ਵਿੱਚ ਸਥਾਪਤ ਨਾਂਅ ਹੈ। ਵੈਸੇ ਤਾਂ ਉਹ ਹਰ ਵਿਧਾ ਵਿੱਚ ਕਬੂਲਿਆ ਨਾਂਅ ਹੈ, ਪਰ ਉਸ ਨੇ ਵਾਰਤਕ ਰਾਹੀਂ ਆਪਣੀ ਵਿਸ਼ੇਸ਼ ਪਛਾਣ ਬਣਾਈ ਹੈ। ਸਾਹਿਤ ਵਿੱਚ ਇੱਕ ਆਮ ਧਾਰਨਾ ਪ੍ਰਚਲਿਤ ਹੈ ਕਿ ਵਾਰਤਕ ਲਿਖਣੀ ਕਵਿਤਾ ਦੇ ਮੁਕਾਬਲੇ ਮੁਸ਼ਕਿਲ ਹੈ। ਇਹ ਕਥਨ ਬਿਲਕੁਲ ਸੱਚ ਹੈ ਅਤੇ ਪ੍ਰਭਾਵਸ਼ਾਲੀ ਵਾਰਤਕ ਲਿਖਣੀ ਇਸ ਤੋਂ ਵੀ ਵਧੇਰੇ ਮੁਸ਼ਕਲ ਹੈ। ਹਥਲੀ ਕਿਤਾਬ ‘ਜਿੱਥੇ ਲਿਖਤ ਸਾਹ ਲੈਂਦੀ ਹੈ’ ਇਸ ਸੱਚ ਉੱਤੇ ਪੁਖਤਾ ਮੋਹਰ ਲਾਉਂਦੀ ਹੈ। ਇਸ ਪੁਸਤਕ ਵਿੱਚ ਸ਼ਾਮਲ 108 ਲੇਖ 108 ਮਣਕਿਆਂ ਵਾਲੀ ਮਾਲਾ ਦੇ ਮਣਕਿਆਂ ਵਾਂਗ ਪਿਰੋਏ ਹੋਏ ਹਨ। ਲੇਖਕ ਕੋਲ ਦਰਸ਼ਨ, ਇਤਿਹਾਸ, ਸਾਹਿਤ, ਕਲਾ, ਵਾਤਾਵਰਣ, ਵਿਗਿਆਨ ਆਦਿ ਵਿਸ਼ਿਆਂ ਦਾ ਚੋਖਾ ਅਨੁਭਵ ਹੈ। ਉਹ ਸਾਰਾ ਅਨੁਭਵ ਇਨ੍ਹਾਂ ਲੇਖਾਂ ਵਿੱਚ ਦੇਖਣ ਨੂੰ ਮਿਲਦਾ ਹੈ।

ਡਾ. ਪਰਮਜੀਤ ਢੀਂਗਰਾ ਦੀ ਵਾਰਤਕ ਇਸ ਲਈ ਵੱਖਰੀ ਹੈ ਕਿ ਉਹ ਆਪਣੀ ਲਿਖਤ ਰਾਹੀਂ ਗਿਆਨ ਪਾਠਕਾਂ ਉੱਤੇ ਥੋਪਦਾ ਨਹੀਂ, ਸਗੋਂ ਉਸ ਨੇ ਲਿਖਿਆ ਹੀ ਉਨ੍ਹਾਂ ਵਿਸ਼ਿਆਂ ਬਾਰੇ ਹੈ, ਜਿਨ੍ਹਾਂ ਵਿਚਦੀ ਉਹ ਆਪਣੇ ਅਨੁਭਵ ਰਾਹੀਂ ਗੁਜ਼ਰਿਆ ਹੈ ਅਤੇ ਉਹ ਹਰ ਵਿਸ਼ੇ ਬਾਰੇ ਉਸ ਵਿਸ਼ੇ ਦੇ ਮਾਹਿਰਾਂ ਦੇ ਹਵਾਲਿਆਂ ਦੀ ਰੌਸ਼ਨੀ ਵਿੱਚ ਆਪਣੀ ਗੱਲ ਰੱਖਦਾ ਹੈ। ਇਨ੍ਹਾਂ ਲੇਖਾਂ ਨੂੰ ਪੜ੍ਹਦਿਆਂ ਕਈ ਵਿਧਾਵਾਂ ਦੇ ਝੌਲੇ ਪੈਂਦੇ ਹਨ। ਕਦੇ ਲੱਗੇਗਾ ਕਿ ਤੁਸੀਂ ਸਫਰਨਾਮਾ ਪੜ੍ਹ ਰਹੇ ਹੋ, ਕਦੇ ਵਿਗਿਆਨ, ਕਦੇ ਸਾਹਿਤ ਦੀਆਂ ਉੱਤਮ ਰਚਨਾਵਾਂ ਦੀ ਸੰਖੇਪ ਸਮਗਰੀ ਪੜ੍ਹ ਰਹੇ ਹੋ, ਕਦੇ ਰੇਖਾ ਚਿੱਤਰ ਆਦਿ ਦਾ ਭੁਲੇਖਾ ਲੱਗੇਗਾ। ਇਹ ਲੇਖਕ ਦੀਆਂ ਲਿਖਤਾਂ ਦਾ ਖਾਸਾ ਹੈ ਕਿ ਉਹ ਇੱਕ ਪੁਸਤਕ ਵਿੱਚ ਬਹੁਤ ਸਾਰੀਆਂ ਵਿਧਾਵਾਂ ਦਾ ਜ਼ਾਇਕਾ ਸਮੁੱਚ ਵਿੱਚ ਪੇਸ਼ ਕਰ ਰਿਹਾ ਹੈ।

ਵਾਤਾਵਰਣ ਦੀ ਸੰਭਾਲ ਦੇ ਵੱਖ-ਵੱਖ ਪਹਿਲੂ ਉੱਤੇ ਲੇਖਕ ਨੇ ਆਪਣੇ ਬਹੁਤ ਸਾਰੇ ਲੇਖਾਂ ਵਿੱਚ ਗੱਲ ਕੀਤੀ ਹੈ। ਉਹ ਵਾਤਾਵਰਣ ਦੀ ਵਿਗੜਦੀ ਹਾਲਤ ਪ੍ਰਤੀ ਫਿਕਰਮੰਦ ਹੈ। ਉਹ ਬ੍ਰਹਿਮੰਡ, ਪੰਛੀਆਂ ਦਾ ਸੰਸਾਰ ਅਤੇ ਮਨੁੱਖ ਲਈ ਅਣਬੁਝੇ ਰਹੱਸਾਂ ਨੂੰ ਜਾਨਣ ਦਾ ਇਛੁੱਕ ਹੈ। ਲੇਖਕ ਇੰਨਾ ਸੂਖਮ ਸੋਚਦਾ ਹੈ ਕਿ ਉਹ ‘ਸਮੁੰਦਰੀ ਘਾਹ ਦੀਆਂ ਆਵਾਜ਼ਾਂ’, ‘ਜਦੋਂ ਤਿੱਤਲੀਆਂ ਨੇ ਮਹਾਂਸਾਗਰ ਪਾਰ ਕੀਤਾ’, ‘ਅਦਭੁਤ ਕੀਟ ਸੰਸਾਰ’, ‘ਅੰਦਰਲੀ ਸੰਗੀਤਕ ਧੁਨ’, ‘ਮੱਛੀਆਂ ਦੇ ਪ੍ਰੇਮ ਗੀਤ’ ਆਦਿ ਵਿਸ਼ਿਆਂ ਨਾਲ ਪਾਠਕਾਂ ਦੀ ਸਾਂਝ ਪਵਾਉਂਦਾ ਹੈ। ਮਨੁੱਖ ਦੀ ‘ਕਲਪਨਾ ਤੋਂ ਵੱਡਾ ਕੋਈ ਜਾਦੂ ਨਹੀਂ’ ਨਾਮੀ ਲੇਖ ਵਿੱਚ ਉਹ ਲਿਖਦਾ ਹੈ -ਖੁਦ ਨੂੰ ਬਦਲਣ ਲਈ ਕਿਸੇ ਜਾਦੂ ਦੀ ਲੋੜ ਨਹੀਂ। ਸਾਨੂੰ ਜਿਸ ਸ਼ਕਤੀ ਦੀ ਲੋੜ ਹੈ, ਉਹ ਤਾਂ ਸਾਡੇ ਅੰਦਰ ਪਹਿਲਾਂ ਹੀ ਮੌਜੂਦ ਹੈ ਤੇ ਉਹ ਹੈ ਕਲਪਨਾ ਸ਼ਕਤੀ।

‘ਜ਼ੀਰੋ ਵੇਸਟ ਸਿਟੀ’ ਲੇਖ ਵਿੱਚ ਜਰਮਨੀ ਦੇ ਕੀਲ ਸ਼ਹਿਰ ਨੂੰ ਜ਼ੀਰੋ ਵੇਸਟ ਸਿਟੀ ਦਾ ਦਰਜਾ ਦਿੱਤਾ ਹੈ। ਉਨ੍ਹਾਂ ਨੇ ਪ੍ਰਦੂਸ਼ਣ ਤੋਂ ਬਚਣ ਲਈ ਵਿਸ਼ੇਸ਼ ਮਨਸੂਬੇਬੰਦੀ ਬਣਾਈ ਹੈ। ਉਹ ਪਲਾਸਟਿਕ ਦੀ ਜਗ੍ਹਾ ਕੱਪੜੇ ਅਤੇ ਕਾਗਜ਼ ਦੀਆਂ ਬਣੀਆਂ ਵਸਤਾਂ ਨੂੰ ਪਹਿਲ ਦੇ ਰਹੇ ਹਨ। ਇਸੇ ਤਰ੍ਹਾਂ ਹੜ੍ਹਾਂ ਦੀ ਮਾਰ ਤੋਂ ਬਚਣ ਲਈ ਚੀਨ ‘ਸਪੰਜੀ ਸਿਟੀ’ ਦੇ ਨਵੇਂ ਪ੍ਰੋਜੈਕਟ ਉੱਤੇ ਕੰਮ ਕਰ ਰਿਹਾ ਹੈ, ਜਿਸ ਵਿੱਚ ਮੀਂਹਾਂ ਦੇ ਪਾਣੀ ਨੂੰ ਸੋਖਣ, ਧਰਤੀ ਵਿੱਚ ਪਾਣੀ ਨੂੰ ਰੀਚਾਰਜ ਕਰਨ ਤੇ ਸ਼ਹਿਰਾਂ ਨੂੰ ਡੁੱਬਣ ਤੋਂ ਬਚਾਉਣ ਲਈ ਵੱਡੀ ਗਿਣਤੀ ਵਿੱਚ ਰੁੱਖਾਂ ਦੀਆਂ ਬੀੜਾਂ ਬਣਾਉਣਾ ਸ਼ਾਮਲ ਹੈ।

‘ਜਲ ਸਹੇਲੀਆਂ’ ਲਹਿਰ ਨੇ ਬੁੰਦੇਲਖੰਡ ਵਿੱਚ ਡੇਢ ਸੌ ਔਰਤਾਂ ਦੇ ਦੋ ਸੌ ਪਿੰਡਾਂ ਨੂੰ ਪਾਣੀਹਾਰ ਬਣਾ ਦਿੱਤਾ। ਇਨ੍ਹਾਂ ਸਹੇਲੀਆਂ ਨੇ ਤਿੰਨ ਸੌ ਕਿਲੋਮੀਟਰ ਪੈਦਲ ਯਾਤਰਾ ਕੀਤੀ। ਉਪਰੋਕਤ ਹਵਾਲਿਆਂ ਤੋਂ ਇਲਾਵਾ ਪੁਸਤਕ ਵਿੱਚ ਬੜੀਆਂ ਅਨੋਖੀਆਂ ਅਤੇ ਰੌਚਕ ਗੱਲਾਂ ਪੜ੍ਹਨ ਨੂੰ ਮਿਲਦੀਆਂ ਹਨ, ਜਿਵੇਂ ‘ਪੈਨਸ਼ਨਧਾਰੀ ਰੁੱਖ’ ਵਿੱਚ ਸਾਡੇ ਗੁਆਂਢੀ ਰਾਜ ਹਰਿਆਣੇ ਨੇ ਰੁੱਖਾਂ ਦੀ ਸਾਂਭ-ਸੰਭਾਲ ਲਈ ਕੁਝ ਪੈਸੇ ਰੁੱਖਾਂ ਦੇ ਨਾਂਅ ਕਰਨ ਦੀ ਪਹਿਲਕਦਮੀ ਕੀਤੀ। ਰਾਜਸਥਾਨ ਦੇ ਪਿੰਡ ਪਿਪਲਾਂਤਰੀ ਦੇ ਲੋਕਾਂ ਨੇ ਨਵਜੰਮੀਆਂ ਬੇਟੀਆਂ ਲਈ ਰੁੱਖਾਂ ਨੂੰ ਸ਼ਗਨ ਦੇ ਰੂਪ ਵਿੱਚ ਦੇਣ ਦੀ ਰਵਾਇਤ ਸ਼ੁਰੂ ਕੀਤੀ ਹੈ। ਏ ਆਈ ਦੀ ਐਪ ਦੀ ਮਦਦ ਨਾਲ ਸੁਪਨਿਆਂ ਦੀ ਵਿਆਖਿਆ ਦਾ ਚਲਨ ਸ਼ੁਰੂ ਹੋਣਾ ਵੀ ਹੈਰਾਨੀਜਨਕ ਗੱਲ ਹੈ। ਇੱਕ ਹੋਰ ਲੇਖ ਹੈ ‘ਦ੍ਰਿਸ਼ਟੀਹੀਣਾਂ ਦਾ ਸੁਪਨ ਸੰਸਾਰ’ ਇਹ ਦ੍ਰਿਸ਼ਟੀਹੀਣ ਲੋਕਾਂ ਦੇ ਸੁਪਨੇ ਕਿਹੋ ਜਿਹੇ ਹਨ। ਉਨ੍ਹਾਂ ਦਾ ਸੁਪਨ ਸੰਸਾਰ ਕਿਹੋ ਜਿਹਾ ਹੈ। ਉਸ ਦੇ ਦਿਲਚਸਪ ਤੱਥ ਪਾਠਕਾਂ ਅੱਗੇ ਰੱਖਦਾ ਹੈ।

ਅੱਜ ਦੇ ਇਸ ਕਾਹਲੀ ਦੇ ਯੁੱਗ ਨੇ ਮਨੁੱਖ ਨੂੰ ਬੇਚੈਨ ਕਰ ਦਿੱਤਾ ਹੈ ਖਾਸ ਕਰਕੇ ਮੋਬਾਇਲ ਨੇ ਤਾਂ ਬੰਦੇ ਦਾ ਜਿਊਣਾ ਦੁੱਭਰ ਕੀਤਾ ਹੋਇਆ ਹੈ। ਇਸੇ ਕਰਕੇ ਲੋਕ ਐਂਗਜਾਇਟੀ, ਚਿੰਤਾ, ਉਤਸੁਕਤਾ, ਬੇਤਾਬੀ, ਕਾਹਲੇਪਣ ਦਾ ਸ਼ਿਕਾਰ ਹਨ। ‘ਚਿੰਤਾ, ਉਤਸੁਕਤਾ, ਬੇਤਾਬੀ, ਉਤਕੰਠਾ’ ਨਾਮੀ ਲੇਖ ਵਿੱਚ ਉਸ ਨੇ ਸੰਸਾਰ ਪ੍ਰਸਿੱਧ ਕਹਾਣੀਕਾਰ ਐਂਤੋਨ ਚੈਖੋਵ ਦੀ ਸ਼ਾਹਕਾਰ ਕਹਾਣੀ ‘ਡੈਥ ਆਫ ਏ ਕਲਰਕ’ ਦੇ ਹਵਾਲੇ ਨਾਲ ਚਿੰਤਾਵਾਂ, ਉਤਸੁਕਤਾ, ਬੇਤਾਬੀ ਅਤੇ ਉਤਕੰਠਾ ਵਰਗੇ ਭਾਵਾਂ ਦੀ ਵਿਆਖਿਆ ਕੀਤੀ ਹੈ। ਇਸੇ ਤਰ੍ਹਾਂ ਦਾਸਤੋਵਸਕੀ ਦੀ ਸਵੈ ਜੀਵਨੀ ਵਿੱਚੋਂ ਉਸ ਦੇ ਮੌਤ ਦੇ ਮੂੰਹ ਵਿੱਚੋਂ ਵਾਪਸ ਆਉਣ ਦਾ ਭਾਵਪੂਰਵਕ ਚਿੱਤਰ ਪੇਸ਼ ਕੀਤਾ ਹੈ। ਲੇਖਕ ਦਾ ਮੰਨਣਾ ਹੈ ਕਿ ਸਾਹਿਤ ਮਨੁੱਖ ਨੂੰ ਦ੍ਰਿੜ੍ਹ ਤੇ ਤਾਕਤਵਰ ਬਣਾਉਂਦਾ ਹੈ। ਸਾਹਿਤ ਮਨੁੱਖ ਨੂੰ ਔਖੀਆਂ ਪ੍ਰਸਥਿਤੀਆਂ ਵਿੱਚੋਂ ਕੱਢ ਲੈਂਦਾ ਹੈ। ਚੰਗਾ ਸਾਹਿਤ ਥੈਰੇਪੀ ਵਾਂਗ ਕੰਮ ਕਰਦਾ ਹੈ।

ਲੇਖਕ ਆਪਣੇ ਵਿਚਾਰ ਨੂੰ ਵਧੇਰੇ ਪੁਖਤਗੀ ਨਾਲ ਰੱਖਣ ਲਈ ਕਿਸੇ ਵਿਸ਼ਵ ਪ੍ਰਸਿੱਧ ਹਸਤੀ ਦੇ ਕਥਨ ਦਾ ਹਵਾਲਾ ਜ਼ਰੂਰ ਦਿੰਦਾ ਹੈ। ਜੇਕਰ ਉਹ ਵਾਤਾਵਰਣ, ਬ੍ਰਹਿਮੰਡ ਜਾਂ ਵਿਗਿਆਨ ਦੇ ਕਿਸੇ ਵਿਸ਼ੇ ਬਾਰੇ ਲਿਖ ਰਿਹਾ ਹੈ ਤਾਂ ਉਹ ਕਿਸੇ ਉੱਘੇ ਵਿਗਿਆਨੀ ਦਾ ਹਵਾਲਾ ਦਿੰਦਾ ਹੈ। ਜੇਕਰ ਉਹ ਕਿਸੇ ਸਮਾਜਿਕ ਆਚਾਰ ਵਿਹਾਰ ਦੀ ਗੱਲ ਕਰਦਾ ਹੈ ਤਾਂ ਨਿਰੋਲ ਸਾਹਿਤ ਦੀ ਗੱਲ ਕਰਦਾ ਹੈ ਤਾਂ ਉਹ ਕਿਸੇ ਉਮਦਾ ਸਾਹਿਤਕਾਰ ਦਾ ਹਵਾਲਾ ਦੀ ਬੁਨਿਆਦ ਉੱਤੇ ਆਪਣੀ ਗੱਲ ਕਰਦਾ ਹੈ। ਅਜਿਹੀਆਂ ਲਿਖਤਾਂ ਪੜ੍ਹ ਕੇ ਪਾਠਕ ਨੂੰ ਇੱਕ ਤਾਂ ਵਿਸ਼ੇ ਬਾਰੇ ਗਹਿਰਾਈ ਨਾਲ ਜਾਣਕਾਰੀ ਮਿਲਦੀ ਹੈ, ਦੂਜਾ ਪਾਠਕ ਹਵਾਲੇ ਦੇ ਲੇਖਕ ਨੂੰ ਲੱਭ ਕੇ ਪੜ੍ਹਨ ਦਾ ਯਤਨ ਕਰੇਗਾ। ਤੀਜਾ ਲੇਖਕ ਦੇ ਅਧਿਐਨ ਦੀ ਵਿਸ਼ਾਲਤਾ ਬਾਰੇ ਪਾਠਕ ਜਾਨਣ ਲੱਗਦਾ ਹੈ। ਉਸ ਦੀ ਹਰ ਲਿਖਤ ਵਿੱਚ ਪੋਸਟ ਸਕਰਿਪਟ, ਉਸ ਦੀ ਲਿਖਤ ਦਾ ਸਿੱਟਾ ਹੁੰਦੀ ਹੈ, ਕਈ ਵਾਰ ਇੱਕ ਲੇਖ ਵਿੱਚ ਦੋ ਪੋਸਟ ਸਕਰਿਪਟਾਂ ਹੁੰਦੀਆਂ ਹਨ, ਜਿਸ ਦਾ ਮਤਲਬ ਹੈ ਕਿ ਉਸ ਦੇ ਲੇਖ ਦੇ ਦੋ ਅੰਤ ਹਨ। ਪੁਸਤਕ ਵਿੱਚ ਪੇਚੀਦਾ ਮਸਲਿਆਂ ਬਾਰੇ ਵੀ ਲੇਖਕ ਦੀ ਰਾਇ ਨਾਕਾਰਾਤਮਕ ਨਹੀਂ ਹੁੰਦੀ, ਬਲਕਿ ਉਸ ਦਾ ਹਰ ਲੇਖ ਆਸ ਨਾਲ ਭਰਪੂਰ ਹੈ।

‘ਬਿੱਸਮਿਲਾ ਖਾਨ ਦੀ ਸ਼ਹਿਨਾਈ ਦਾ ਜਾਦੂ’ ਵਿੱਚ ਬਿੱਸਮਿਲਾ ਖਾਨ ਸੰਗੀਤ ਦੇ ਸੰਸਾਰ ਦੀ ਵਿਸ਼ਾਲਤਾ ਬਾਰੇ ਦੱਸਦਾ ਹੈ। ‘ਭਾਵੇਂ ਸਾਰੀ ਦੁਨੀਆ ਕਿਸੇ ਮੁਕਾਮ ’ਤੇ ਆ ਕੇ ਖਤਮ ਹੋ ਜਾਏ, ਪਰ ਸੰਗੀਤ ਫਿਰ ਵੀ ਜਿਊਂਦਾ ਰਹੇਗਾ, ਕਿਉਂਕਿ ਸੰਗੀਤ ਦੀ ਮੌਤ ਕਾਇਨਾਤ ਦੀ ਮੌਤ ਹੈ।’ ਇਸੇ ਤਰ੍ਹਾਂ ਪੁਸਤਕ ਅੰਦਰ ਲੇਖਕ ਦੇ ਹੋਰ ਵੀ ਬਹੁਤ ਸਾਰੇ ਫਿਰਕੇ ਹਨ, ਜੋ ਰੋਜ਼ਾਨਾ ਦੇ ਵਿਚਾਰ ਦੇ ਤੌਰ ’ਤੇ ਲਿਖੇ ਜਾ ਸਕਦੇ ਹਨ, ਜਿਵੇਂ ‘ਜ਼ਿੰਦਗੀ ਵਿੱਚ ਸੰਘਰਸ਼ ਕਰਨ ਵੇਲੇ ਹੀ ਕਿਸੇ ਮੁਕਾਮ ਉੱਤੇ ਪਹੁੰਚਦੇ ਹਨ, ਜੋ ਇਸ ਤੋਂ ਭੱਜਦੇ ਹਨ, ਉਹ ਰੁਲ ਜਾਂਦੇ ਹਨ।’ ਇੱਕ ਹੋਰ ਕਥਨ ਹੈ, ‘ਜਵਾਨੀ ਵਿੱਚ ਇਕੱਲੇ ਰਹਿਣਾ ਕਸ਼ਟਕਾਰੀ ਹੁੰਦਾ ਹੈ, ਪਰ ਪਕੇਰੀ ਉਮਰ ਵਿੱਚ ਸੁਖਦਾਈ।’ ਇਸੇ ਤਰ੍ਹਾਂ ‘ਜ਼ਿੰਦਗੀ ਵਿੱਚ ਕਲਪਨਾ ਅਸੀਮ ਹੈ, ਪਰ ਗਿਆਨ ਸੀਮਤ।’ ਸੰਵਾਦ ਬਾਰੇ ਲੇਖਕ ਲਿਖਦਾ ਹੈ, ‘ਅਸੀਂ ਸੰਗੀਤ ਤੋਂ ਭੱਜੀਏ ਨਾ ਤੇ ਹਮੇਸ਼ਾ ਸੰਵਾਦ ਨੂੰ ਬਰਕਰਾਰ ਰੱਖੀਏ।’ ਇਸ ਤਰ੍ਹਾਂ ਰੋਜ਼ਾਨਾ ਜੀਵਨ ਵਿੱਚ ਕੰਮ ਆਉਣ ਵਾਲੀਆਂ ਬਹੁਤ ਸਾਰੀਆਂ ਪੰਗਤੀਆਂ ਹਨ, ਜੋ ਪੁਸਤਕ ਦਾ ਹਾਸਲ ਹਨ। ਇਸ ਪੁਸਤਕ ਵਿੱਚ ਕਲਾਕਾਰਾਂ ਦੇ ਸ਼ਬਦ ਚਿੱਤਰ ਲੇਖਕ ਨੇ ਆਪਣੇ ਨਜ਼ਰੀਏ ਤੋਂ ਪੇਸ਼ ਕੀਤੇ ਹਨ, ਜਿਵੇਂ ਬਿਸਮਿੱਲਹਾ ਖਾਨ, ਜ਼ਾਕਿਰ ਹੁਸੈਨ, ਅਸਰਾਨੀ, ਕਿਸ਼ੋਰ ਕੁਮਾਰ, ਮੰਟੋ, ਰਜਿੰਦਰ ਸਿੰਘ ਬੇਦੀ, ਯਾਮਿਨੀ ਕ੍ਰਿਸ਼ਨਾਮੂਰਤੀ, ਸ਼ਾਰਦਾ ਸਿਨ੍ਹਾ, ਭਾਨੂੰ ਭਗਤ ਅਚਾਰੀਆ ਆਦਿ ਬਾਰੇ ਬੜੀਆਂ ਨਿਵੇਕਲੀਆਂ ਗੱਲਾਂ ਲਿਖੀਆਂ ਹਨ। ਕਿਸ਼ੋਰ ਕੁਮਾਰ ਬਾਰੇ ਲੇਖ ਵਿੱਚ ਕਿਸ਼ੋਰ ਕੁਮਾਰ ਖੁਦ ਲਿਖਦਾ ਹੈ ‘ਮੈਨੂੰ ਦਰਸ਼ਕਾਂ ਦੇ ਪਿੱਛੇ ਲੱਗ ਕੇ ਬੇਮਤਲਬ ਦਾ ਮਸਖਰਾ ਨਹੀਂ ਬਣਨਾ ਚਾਹੀਦਾ ਸੀ, ਸਗੋਂ ਆਪਣੇ-ਆਪ ਸੰਗੀਤ ਨੂੰ ਸਮਰਪਿਤ ਕਰਕੇ ਕੁਝ ਗੰਭੀਰ ਕਾਰਜ ਵੀ ਕਰਨੇ ਚਾਹੀਦੇ ਸਨ।’ ਲੇਖਕ ਦਾ ਨੁਕਤਾ ਬਿਲਕੁਲ ਸਾਫ ਹੈ ਕਿ ਕਿਸ਼ੋਰ ਕੁਮਾਰ ਸਰੋਤਿਆਂ ਅਤੇ ਦਰਸ਼ਕਾਂ ਦੇ ਦਿਲਾਂ ਅੰਦਰ ਤਾਂ ਜ਼ਰੂਰ ਰਾਜ ਕਰ ਰਿਹਾ ਹੈ, ਪਰ ਕਿਸ਼ੋਰ ਕੁਮਾਰ ਅੰਦਰ ਜੋ ਉਸ ਦੀ ਆਪਣੀ ਪ੍ਰਤਿਭਾ ਦੀ ਗੰਭੀਰਤਾ ਸੀ, ਉਹ ਉਸ ਨੂੰ ਸਾਰੀ ਉਮਰ ਨਹੀਂ ਪਛਾਣ ਸਕਿਆ। ਅੰਤ ਉਹ ਲੰਘੇ ਸਮੇਂ ’ਤੇ ਪਛਤਾਉਂਦਾ ਹੈ।

ਪੂਰੇ ਸੰਸਾਰ ਵਿੱਚ ਆਬਾਦੀ ਦੀ ਕੁਰਬਲ-ਕੁਰਬਲ ਹੈ, ਪ੍ਰਦੂਸ਼ਣ ਹੈ, ਰੁੱਖ ਵੱਢੇ ਜਾ ਰਹੇ ਹਨ। ਆਉਣ ਵਾਲੇ ਸੰਸਾਰ ਦੇ ਲੋਕਾਂ ਕੋਲ ਕੋਈ ਅਜਿਹੀ ਮਨਸੂਬਾਬੰਦੀ ਵੀ ਹੈ, ਜਿੱਥੇ ਇਨਸਾਨ ਦੀ ਜ਼ਿੰਦਗੀ ਆਸਾਨ ਹੋ ਸਕੇ, ਅਜਿਹੇ ਫਿਕਰਾਂ ਨੂੰ ਦੂਰ ਕਰਦਾ ਲੇਖ ‘ਦਸ ਮਿੰਟਾਂ ਦਾ ਸ਼ਹਿਰ’ ਹੈ ਜਿਸ ਵਿੱਚ ਦੱਸਿਆ ਗਿਆ ਹੈ ਕਿ ਦੁਬਈ ਨੇ 2080 ਤੱਕ ਦੀ ਯੋਜਨਾ ਬਣਾ ਲਈ ਹੈ, ਜਿੱਥੇ ਸ਼ਹਿਰ ਦੀ ਹਰ ਸਹੂਲਤ ਸਿਰਫ ਦਸ ਮਿੰਟ ਦੀ ਦੂਰੀ ਉੱਤੇ ਉਪਲੱਬਧ ਹੋਵੇਗੀ। ਇਸੇ ਤਰ੍ਹਾਂ ‘ਮਿਆਵਾਕੀ ਜੰਗਲ’ ਲੇਖ ਵਿੱਚ ਲੇਖਕ ਦੱਸਦਾ ਹੈ ਕਿ ਜਾਪਾਨ ਦੇ ਵਨਸਪਤੀ ਵਿਗਿਆਨੀ ਪ੍ਰੋ. ਅਕੀਰਾ ਮਿਆਵਾਕੀ ਨੇ 1980 ਦੇ ਦਹਾਕੇ ਵਿੱਚ ਥੋੜ੍ਹੇ ਸਮੇਂ ’ਤੇ ਥੋੜ੍ਹੀ ਥਾਂ ਉੱਤੇ ਸੰਘਣੇ ਜੰਗਲ ਲਾਉਣ ਦੀ ਇੱਕ ਵਿਧੀ ਖੋਜੀ ਹੈ। ਦੋ ਤਿੰਨਾਂ ਸਾਲਾਂ ਵਿੱਚ ਚੰਗਾ ਭਰਵਾਂ ਜੰਗਲ ਵਿਕਸਤ ਕੀਤਾ ਜਾ ਸਕਦਾ ਹੈ, ਜਦੋਂ ਕਿ ਪਰੰਪਰਿਕ ਜੰਗਲ ਨੂੰ ਵਿਕਸਿਤ ਹੁੰਦਿਆਂ ਦੋ-ਤਿੰਨ ਦਹਾਕੇ ਲੱਗ ਜਾਂਦੇ ਹਨ। ਜਿੱਥੇ ਸੂਰਜ ਦੀ ਰੌਸ਼ਨੀ ਅੱਠ ਘੰਟੇ ਰਹਿੰਦੀ ਹੈ, ਉਥੇ ਇਹ ਤਕਨੀਕ ਬਹੁਤ ਕਾਮਯਾਬ ਹੈ।

ਲੇਖਕ ਸਿਰਫ ਸਮੱਸਿਆਵਾਂ ਤੋਂ ਸਾਨੂੰ ਜਾਣੂ ਹੀ ਨਹੀਂ ਕਰਵਾਉਂਦਾ, ਸਗੋਂ ਵੱਖ-ਵੱਖ ਖਿੱਤਿਆਂ ਦੇ ਲੋਕਾਂ ਦੁਆਰਾ ਸਮੱਸਿਆਵਾਂ ਦੇ ਹੱਲ ਲਈ ਅਪਣਾਈਆਂ ਵਿਧੀਆਂ ਤੋਂ ਵੀ ਜਾਣੂ ਕਰਵਾਉਂਦਾ ਹੈ, ਜਿਵੇਂ ‘ਹਲਮਾ’ ਪਰੰਪਰਾ। ਇਹ ਪਰੰਪਰਾ ਛੱਤੀਸਗੜ੍ਹ, ਉਡੀਸਾ, ਝਾਰਖੰਡ ਜਾਂ ਹੋਰਨਾਂ ਕਬਾਇਲੀ ਲੋਕਾਂ ਦੀ ਪਰੰਪਰਾ ਹੈ, ਜਿੱਥੇ ਇਕੱਲਾ ਕਿਸਾਨ ਬੀਜਾਈ ਅਤੇ ਸਿੰਚਾਈ ਨਾ ਕਰ ਸਕਦਾ ਹੋਵੇ ਤਾਂ ਸਾਡੇ ਪਿੰਡ ਲੋਕ ਸਮੂਹਿਕ ਰੂਪ ਵਿੱਚ ਉਸ ਦੀ ਮਦਦ ਕਰਦੇ ਹਨ। ਇਸੇ ਵਿਸ਼ੇ ਦੇ ਪੋਸਟ ਸਕਰਿਪਟ ਭਾਗ ਵਿੱਚ ਲੇਖਕ ਆਪਣੀ ਦਿਲੀ ਇੱਛਾ ਜ਼ਾਹਿਰ ਕਰਦਾ ਹੋਇਆ ਲਿਖਦਾ ਹੈ ਕਿ ਸਾਡੇ ਕੋਲ ‘ਕਾਰ ਸੇਵਾ’ ਦਾ ਸੰਕਲਪ ਹੈ, ਜਿਸ ਨੂੰ ਸਮਾਜਿਕ ਤੌਰ ’ਤੇ ਲਾਗੂ ਨਹੀਂ ਕੀਤਾ ਗਿਆ, ਨਹੀਂ ਤਾਂ ਇਹ ਗਰੀਬਾਂ ਦਾ ਭਲਾ ਕਰ ਸਕਦੀ ਸੀ।

ਉਹ ਪੁਰਾਣੀਆਂ ਪਰੰਪਰਾਵਾਂ ਦੇ ਟੁੱਟਣ ਨਾਲ ਵੀ ਫਿਕਰਮੰਦ ਹੈ। ‘ਮਸ਼ੀਨਾਂ ਦੇ ਵਧਣ ਨਾਲ ਮਨੁੱਖ ਦਾ ਕੁਦਰਤ ਨਾਲ ਸੰਵਾਦ ਗੁੰਮ ਹੁੰਦਾ ਜਾ ਰਿਹਾ ਹੈ। ਬਜ਼ਾਰ ਹੌਲੀ-ਹੌਲੀ ਸਾਡੀਆਂ ਸਥਾਨਕ ਪਰੰਪਰਾਵਾਂ ਨੂੰ ਨਿਗਲਦਾ ਜਾ ਰਿਹਾ ਹੈ, ਜਿਸ ਦਾ ਮੂਲ ਮਨੋਰਥ ਮੁਨਾਫਾ ਹੈ’। ‘ਜੰਗਲ ਦੀ ਲਾਇਬ੍ਰੇਰੀ’ ਲੇਖ ਵਿੱਚ ਉਹ ਲਿਖਦਾ ਹੈ ਕਿ ‘ਕੀ ਅਸੀਂ ਆਧੁਨਿਕਤਾ ਦੀ ਚਕਾਚੌਂਧ ਵਿੱਚ ਸਾਰਾ ਪਰੰਪਰਾਗਤ ਗਿਆਨ ਗੁਆ ਦਿਆਂਗੇ ? ਨਹੀਂ, ਸਾਨੂੰ ਪਰੰਪਰਾ ਤੇ ਆਧੁਨਿਕਤਾ ਵਿੱਚ ਤਾਲਮੇਲ ਬਿਠਾ ਕੇ ਸਮਨਵੈ ਦੀ ਸਥਿਤੀ ਪੈਦਾ ਕਰਨੀ ਚਾਹੀਦੀ ਹੈ। ਇਹ ਮਨੁੱਖ ਦੇ ਭਵਿੱਖ ਲਈ ਬਿਹਤਰ ਨਤੀਜੇ ਦੇ ਸਕਦੀ ਹੈ।’

ਅਖੀਰ ਵਿੱਚ ਸਾਰੇ ਲੇਖਾਂ ਦੇ ਆਧਾਰ ’ਤੇ ਇੱਕ ਗੱਲ ਆਖੀ ਜਾ ਸਕਦੀ ਹੈ ਕਿ ਜਿੱਥੇ ਵਾਤਾਵਰਣ ਨੂੰ ਸੰਭਾਲਣ ਦੀ ਗੱਲ ਹੋਵੇ, ਮਨੁੱਖ ਦੁਆਰਾ ਪੈਦਾ ਕੀਤੀਆਂ ਗਈਆਂ ਹੋਰ ਔਕੜਾਂ ਜਾਂ ਪੂਰੇ ਬ੍ਰਹਿਮੰਡ ਨੂੰ ਖ਼ੂਬਸੂਰਤ ਬਣਾਉਣ ਦੀ ਗੱਲ ਹੋਵੇ, ਉਥੇ ਲੇਖਕ ਦਾ ਕਥਨ ਹੈ ‘ਸ਼ਾਇਦ ਆਮ ਲੋਕ ਬਹੁਤ ਕੁਝ ਕਰ ਸਕਦੇ ਹਨ। ਉਨ੍ਹਾਂ ਦੀ ਦ੍ਰਿੜ੍ਹਤਾ ਤੇ ਵਚਨਬੱਧਤਾ ਇਸ ਧਰਤੀ ਨੂੰ ਬਚਾ ਸਕਦੀ ਹੈ। ਲੋੜ ਉਸ ਭਾਵਨਾ ਤੇ ਜਜ਼ਬੇ ਦੀ ਹੈ, ਜੋ ਸਰਕਾਰਾਂ ਕੋਲ ਨਹੀਂ ਹੁੰਦੀ।’

ਸਾਰੇ ਲੇਖ ਅਕਾਰ ਦੇ ਲਿਹਾਜ਼ ਨਾਲ ਦੋ ਸਫਿਆਂ ਤੋਂ ਵੱਧ ਨਹੀਂ ਹਨ, ਪਰ ਇਨ੍ਹਾਂ ਦਾ ਕੈਨਵਸ ਵੱਡਾ ਹੈ। ਭਾਸ਼ਾ ਸੰਜਮਮਈ ਹੈ। ਫਿਕਰੇ ਚੁਸਤ ਹਨ। ਪਾਠਕ ਲਈ ਹਰ ਨਵੇਂ ਲੇਖ ਵਿੱਚ ਨਵੀਂ ਉਤਸੁਕਤਾ ਭਰਪੂਰ ਪੜ੍ਹਨਯੋਗ ਸਮੱਗਰੀ ਹੈ। ਪੁਸਤਕ ਬ਼ਗੈਰ ਤਤਕਰੇ ਤੋਂ ਹੈ। ਲੇਖਾਂ ਦੇ ਸਿਰਲੇਖ ਦਿਲਟੁੰਬਵੇਂ ਹਨ, ਜਿਵੇਂ ‘ਸਮੁੰਦਰੀ ਘਾਹ ਦੀਆਂ ਆਵਾਜ਼ਾਂ’, ‘ਸੁਪਨਿਆਂ ਦੀ ਮਸ਼ੀਨੀ ਵਿਆਖਿਆ’, ‘ਮੱਕੀ ਦੇ ਬੀਜ ਤੋਂ ਮੱਕੀ ਦੇ ਗੀਤ ਤੱਕ’ ਆਦਿ। ਨਿੱਠ ਕੇ ਪੜ੍ਹਨ ਵਾਲੇ ਪਾਠਕ ਇਸ ਪੁਸਤਕ ਨੂੰ ਇੱਕੋ ਬੈਠਕ ਵਿੱਚ ਪੜ੍ਹ ਸਕਦੇ ਹਨ। ਇਸ ਪੁਸਤਕ ਦੀ ਸ਼ੈਲੀ, ਸ਼ਿਲਪ ਅਤੇ ਰੌਚਿਕਤਾ ਕਰਕੇ ਇਸ ਨੂੰ ਵਾਰ-ਵਾਰ ਪੜ੍ਹਨ ਨੂੰ ਦਿਲ ਕਰਦਾ ਹੈ।

**ਸੰਪਰਕ : 97806-18505**

# ਪ੍ਰਵਾਸੀਆਂ ਦੇ ਅੰਤਰ ਮਨੋ ਸੰਤਾਪ ਦਾ ਵਰਣਨ

ਸਾਹਿਤ ਚਿੰਤਨ

**ਡਾ. ਸੰਦੀਪ ਰਾਣਾ**

## ਟਾਹਣੀਓਂ ਟੁੱਟੇ

**ਪਰਵੇਜ਼ ਸੰਧੂ**
**ਪੰਨੇ-112, ਕੀਮਤ-250 ਰੁਪਏ**
**ਸਵੀਨਾ ਪਬਲੀਕੇਸ਼ਨਜ਼, ਕੈਲੀਫ਼ੋਰਨੀਆ**

ਆਪਣੀ ਮੂਲ ਪਛਾਣ ਅਤੇ ਨਵੇਂ ਸਮਾਜ ਵਿੱਚ ਸਥਾਪਤ ਹੋ ਕੇ ਨਵੀਂ ਪਛਾਣ ਬਣਾਉਣ ਦੀ ਕੋਸ਼ਿਸ਼ ਵਿਚਲਾ ਸੰਤੁਲਨ ਨਸਲੀ ਭੇਦ-ਭਾਵ, ਪੱਖਪਾਤ, ਸੱਭਿਆਚਾਰਕ ਵਰਜਣਾਵਾਂ ਜਾਂ ਸਮਾਜਿਕ ਵੱਖਰਤਾਵਾਂ ਕਾਰਨ ਡਾਵਾਂਡੋਲ ਹੁੰਦਾ ਹੈ। ਇਕ ਪਾਸੇ ਜਿੱਥੇ ਸੰਬੰਧਤ ਵਿਅਕਤੀ ਦਾ ਸਵੈ-ਵਿਸ਼ਵਾਸ ਪ੍ਰਭਾਵਿਤ ਹੁੰਦਾ ਹੈ, ਉਥੇ ਇਹ ਅੰਤਰ ਮਨੋ ਸੰਤਾਪ ਦਾ ਕਾਰਨ ਵੀ ਬਣਦਾ ਹੈ। ਇਹਨਾਂ ਪਰਵਾਸੀਆਂ ਦੀ ਦੂਜੀ ਜਾਂ ਤੀਜੀ ਪੀੜ੍ਹੀ ਦੇ ਅਵਚੇਤਨ ਵਿੱਚ ਇਹਨਾਂ ਸੱਭਿਆਚਾਰਾਂ ਦਾ ਰਲਾਅ ਹੋਣ ਕਾਰਨ ਇਕ ਮਿਲਿਆ-ਜੁਲਿਆ ਸੱਭਿਆਚਾਰ ਸਥਾਪਤ ਹੁੰਦਾ ਹੈ। ਇਹੀ ਵਿਭਿੰਨਤਾ ਪਰਵਾਸੀ ਸਾਹਿਤ ਵਿੱਚ ਪੇਸ਼ ਹੁੰਦੀ ਹੈ ਅਤੇ ਖ਼ਾਸ ਤੌਰ ’ਤੇ ਪਰਵਾਸੀ ਪੰਜਾਬੀ ਕਹਾਣੀ ਹੋਂਦ ਵਿੱਚ ਆਉਂਦੀ ਹੈ ਤਾਂ ਪਰਵਾਰਕ ਰੀਤੀ-ਰਿਵਾਜ, ਅੰਤਰਜਾਤੀ ਵਿਆਹ, ਪਰਵਾਸੀ ਭਾਈਚਾਰੇ ਦੀਆਂ ਵਰਜਣਾਵਾਂ, ਲਿੰਗ ਸਮਾਨਤਾ, ਭੂ-ਹੇਰਵਾ ਅਤੇ ਪੰਜਾਬੀ ਮਾਨਸਿਕਤਾ ਆਦਿ ਵਿਸ਼ੇ ਲੈਂਦੇ ਹਨ। ਅਜਿਹੇ ਵਿਸ਼ਿਆਂ ’ਤੇ ਆਧਾਰਤ ਪਰਵੇਜ਼ ਸੰਧੂ ਦਾ ਕਹਾਣੀ-ਸੰਗ੍ਰਹਿ ‘ਟਾਹਣਿਓਂ ਟੁੱਟੇ’ 2005 ਵਿੱਚ ਪ੍ਰਕਾਸ਼ਿਤ ਹੋਇਆ ਸੀ। ਕਹਾਣੀਕਾਰਾ ਅਨੁਸਾਰ ਉਸ ਨੇ ਅਮਰੀਕਾ ਵਿੱਚ ਛੱਬੀ ਸਾਲ ਗੁਜ਼ਾਰ ਲੈਣ ਤੋਂ ਬਾਅਦ ਵੀ ਆਪਣੇ ਅੰਦਰ ਆਪਣਾ ਪਿੰਡ ਅਤੇ ਸੱਭਿਆਚਾਰ ਜ਼ਿੰਦਾ ਰੱਖਿਆ। ਉਸ ਤੋਂ ਬਾਈ ਸਾਲ ਬਾਅਦ ਇਸੇ ਕਹਾਣੀ-ਸੰਗ੍ਰਹਿ ਦੇ 2026 ਦੇ ਐਡੀਸ਼ਨ ਤੱਕ ਵੀ ਕਹਾਣੀਕਾਰਾ ਦੇ ਅੰਦਰ ਉਹ ਧੜਕਦਾ ਅਹਿਸਾਸ ਅਜੇ ਵੀ ਜ਼ਿੰਦਾ ਹੈ। ‘ਟਾਹਣਿਓਂ ਟੁੱਟੇ’ ਸਿਰਲੇਖ ਆਪਣੇ ਆਪ ਵਿੱਚ ਉਸ ਦਰਦ ਅਤੇ ਵਿਛੋੜੇ ਦਾ ਪ੍ਰਤੀਕ ਹੈ, ਜੋ ਆਪਣੀਆਂ ਜੜ੍ਹਾਂ ਤੋਂ ਟੁੱਟ ਜਾਣ ਨਾਲ ਪੈਦਾ ਹੁੰਦਾ ਹੈ। ਇਸੇ ਕਾਰਨ ਇਹਨਾਂ ਕਹਾਣੀਆਂ ਵਿੱਚ ਪਰਵਾਸ ਅਤੇ ਆਪਣੀ ਮਿੱਟੀ ਨਾਲੋਂ ਵਿਛੋੜਾ, ਪਰਵਾਰਕ ਅਤੇ ਸਮਾਜਿਕ ਰਿਸ਼ਤਿਆਂ ਵਿੱਚ ਆ ਰਹੇ ਬਦਲਾਅ, ਪੀੜ੍ਹੀਆਂ ਵਿਚਕਾਰ ਸੋਚ ਦਾ ਅੰਤਰ, ਸੱਭਿਆਚਾਰਕ ਪਛਾਣ, ਮਨੁੱਖੀ ਇਕੱਲਾਪਣ ਅਤੇ ਆਰਥਿਕ ਸੰਘਰਸ਼ ਆਦਿ ਵਿਸ਼ੇ ਕੇਂਦਰ ਵਿੱਚ ਰੱਖੇ ਗਏ ਹਨ। ਇਸ ਸੰਗ੍ਰਹਿ ਦੀ ਪਹਿਲੀ ਕਹਾਣੀ ‘ਸਿਰਫ਼ ਇੱਕ ਵਾਰੀ’ ਦੋਹਰੇ ਮਿਆਰਾਂ ਦੀ ਇਕ ਤਿੱਖੀ ਪਰ ਸੱਚੀ ਤਸਵੀਰ ਪੇਸ਼ ਕਰਦੀ ਹੈ। ਪਰਵਾਸੀ ਪੰਜਾਬੀ ਪਰਵਾਰਾਂ ਦੀ ਇਹ ਆਮ ਸੱਚਾਈ ਹੈ। ਕਹਾਣੀ ਦਾ ਸਭ ਤੋਂ ਵੱਡਾ ਗੁਣ ਇਸ ਦੇ ਦੋਹਰੀ ਮਾਨਸਿਕਤਾ ਦੀ ਪੇਸ਼ਕਾਰੀ ਹੈ। ਜੱਗੀ ਅਤੇ ਗੁਰਮੀਤ ਆਪਣੀ ਬੇਟੀ ਸ਼ੈਲੀ ਨੂੰ ਸੱਭਿਆਚਾਰ ਦਾ ਰਵਾਇਤੀ ਪਾਠ ਪੜ੍ਹਾਉਂਦੇ ਹਨ, ਪਰ ਜੱਗੀ ਖ਼ੁਦ ਪੱਛਮੀ ਰਿਵਾਇਤਾਂ ਨੂੰ ਅਪਨਾਉਂਦਾ ਈਵਾਨਾ ਨਾਂਅ ਦੀ ਗੋਰੀ ਵੱਲ ਖਿੱਚਿਆ ਜਾਂਦਾ ਹੈ। ਇਹ ਵਿਰੋਧਾਭਾਸ ਕਹਾਣੀ ਵਿੱਚ ਜਾਨ ਪਾਉਂਦਾ ਹੈ। ਬੇਟੀ ਦਾ ਨਾਂਅ ਅਤੇ ਉਸ ਦੀ ਆਵਾਜ਼ ਸਾਰੀ ਕਹਾਣੀ ਵਿੱਚ ਗੂੰਜਦੀ ਜਾਪਦੀ ਹੈ। ਉਸ ਦਾ ਕਿਰਦਾਰ ਉਸ ਪੀੜ੍ਹੀ ਦੀ ਨੁਮਾਇੰਦਗੀ ਕਰਦਾ ਹੈ ਜੋ ਦੋ ਸੱਭਿਆਚਾਰਾਂ ਵਿਚਕਾਰ ਫਸੀ ਹੋਈ ਹੈ। ਜੱਗੀ ਦੇ ਮਨ ਦਾ ਚੋਰ ‘ਸਿਰਫ਼ ਇਕ ਵਾਰ’ ਕਹਿ ਕੇ ਹਰ ਵਾਰ ਉਹੀ ਕੰਮ ਕਰਦਾ ਹੈ, ਜਿਸ ਕਾਰਨ ਉਹ ਆਪਣੀ ਬੇਟੀ ਦੀਆਂ ਨਜ਼ਰਾਂ ਵਿੱਚ ਨੀਵਾਂ ਹੁੰਦਾ ਹੈ। ਕਹਾਣੀ ਪੀੜ੍ਹੀ-ਦਰ-ਪੀੜ੍ਹੀ ਔਰਤ ਮਨ ਦੀ ਵਿਆਖਿਆ ਕਰਦੀ ਕਹਾਣੀ ਹੈ। ਗੁੱਡੀਆਂ ਦੇ ਘਰ ਦਾ ਰੂਪਕ ਵਰਤ ਕੇ ਕਹਾਣੀਕਾਰਾ ਨੇ ਬੜੇ ਸੂਖਮ ਅਹਿਸਾਸਾਂ ਨੂੰ ਕਹਾਣੀ ਵਿੱਚ ਪੇਸ਼ ਕੀਤਾ ਹੈ। ਗੁੱਡੀਆਂ, ਛੋਟੀਆਂ ਕੁੜੀਆਂ ਦੇ ਖਿਡਾਉਣੇ ਜਿਨ੍ਹਾਂ ਦਾ ਘਰ ਸਜਾਉਂਦੀ ਹਰ ਕੁੜੀ ਜੀਵਨ-ਜਾਚ ਸਿੱਖਦੀ ਹੈ। ਇਹਨਾਂ ਗੁੱਡੀਆਂ ਦਾ ਸ਼ੀਸ਼ੇ ਵਾਲੀ ਅਲਮਾਰੀ ਵਿੱਚ ਬੰਦ ਕਰਨ ਦੇ ਭਾਵ ਨੂੰ ਕਹਾਣੀਕਾਰਾ ਨੇ ਭਾਵੁਕ ਤਰੀਕੇ ਨਾਲ ਪੇਸ਼ ਕੀਤਾ ਹੈ। ਇਸ ਕਹਾਣੀ ਵਿੱਚ ਜਿੱਥੇ ਗੁੱਡੀਆਂ ਕੁੜੀ ਦੀ ਆਪਣੀ ਦੁਨੀਆ, ਬਚਪਨ ਅਤੇ ਆਜ਼ਾਦੀ ਦਾ ਪ੍ਰਤੀਕ ਹਨ, ਉਥੇ ਸ਼ੀਸ਼ੇ ਦੀ ਅਲਮਾਰੀ ਉਹ ਸਮਾਜਿਕ ਪਿੰਜਰਾ ਬਣਦਾ ਹੈ ਜਿਸ ਵਿੱਚ ਔਰਤ ਨੂੰ ਸਜਾ ਕੇ ਪਰ ਕੈਦ ਕਰ ਕੇ ਰੱਖਿਆ ਜਾਂਦਾ ਹੈ ਤੇ ਗੁੱਡੀਆਂ ਦੀ ਬੇਵੱਸੀ ਔਰਤ ਮਨ ਦੀ ਉਹ ਹਾਲਤ ਜੋ ਪੀੜ੍ਹੀ ਦਰ ਪੀੜ੍ਹੀ ਚਲੀ ਆ ਰਹੀ ਹੈ।



ਇਸ ਦੇ ਉਲਟ ਕਹਾਣੀਕਾਰਾ ਆਪਣੀ ਅਗਲੀ ਪੀੜ੍ਹੀ ਨੂੰ ਇਹ ਡਰ ਵਾਲੇ ਅਹਿਸਾਸ ਨਹੀਂ ਦੇਣਾ ਚਾਹੁੰਦੀ, ਜਿਸ ਦਾ ਕਾਰਨ ਪੱਛਮੀ ਸੱਭਿਅਤਾ ਦਾ ਪ੍ਰਭਾਵ ਅਤੇ ਤਕਨੀਕੀ ਯੁੱਗ ਦੀ ਸੋਚ ਵਿੱਚ ਆ ਰਿਹਾ ਬਦਲਾਅ ਹੋ ਸਕਦਾ ਹੈ, ਪਰੰਤੂ ਫਿਰ ਵੀ ਕਹਾਣੀ ਵਿੱਚ ਰਵਾਇਤੀ ਸੋਚ ਹੀ ਭਾਰੂ ਰਹਿੰਦੀ ਹੈ। ਕਹਾਣੀ ਤੇਰਾ ਰੱਬ ਮੇਰਾ ਰੱਬ ਇੱਕ ਵੱਖਰੇ ਜ਼ਾਵੀਏ ਤੋਂ ਲਿਖੀ ਕਹਾਣੀ ਹੈ। ਕਹਾਣੀਕਾਰਾ ਇਸ ਵਿੱਚ ਇੱਕ ਪਾਸੇ ਮਨੁੱਖੀ ਮਨ ਵਿਚਲੀ ਆਸਤਕਤਾ ਨੂੰ ਵਿਸ਼ਾ ਬਣਾਉਂਦੀ ਹੈ ਤੇ ਦੂਸਰੇ ਪਾਸੇ ਪੰਜਾਬੀ ਸੱਭਿਆਚਾਰ ਦੀਆਂ ਵਰਜਨਾਵਾਂ ਦੇ ਮੁਕਾਬਲੇ ਪੱਛਮੀ ਸੱਭਿਆਚਾਰ ਦੀਆਂ ਰਿਵਾਇਤਾਂ ਨੂੰ ਸਥਾਪਤ ਕਰਦੀ ਹੈ। ਬਿਰਤਾਂਤਕਾਰਾ ਮਾਰਥਾ ਦੀ ਦਾਦੀ ਬਣਨ ਦੀ ਖੁਸ਼ੀ ਦਾ ਟਾਕਰਾ ਕੂੜੇ ਵਿੱਚ ਸੁੱਟੇ ਬੱਚਿਆਂ ਨਾਲ ਕਰਦੀ ਹੈ। ਇਹ ਟਾਕਰਾ ਬਹੁਤ ਦਲੇਰਾਨਾ ਹੈ। ਇੱਕ ਸੱਭਿਆਚਾਰ ਵਿੱਚ ਬੱਚੇ ਬਾਰੇ ਪਤਾ ਲੱਗਣ ’ਤੇ ਜਸ਼ਨ ਮਨਾਉਣੇ ਅਤੇ ਦੂਜੇ ਪਾਸੇ ਬੱਚਿਆਂ ਨੂੰ ਇੱਜ਼ਤ ਬਚਾਉਣ ਲਈ ਕੂੜੇ ਵਿੱਚ ਸੁੱਟ ਦੇਣ ਸੰਬੰਧੀ ਵਿਚਾਰ ਕਰਦੀ ਕਹਾਣੀਕਾਰਾ ਇਹ ਸਵਾਲ ਉਠਾਉਂਦੀ ਹੈ। ਕਹਾਣੀ ‘ਬੇਘਰੇ’ ਵਿੱਚ ਬੇਗਾਨੇ ਦੇਸ਼ ਵਿੱਚ ਬੈਠੇ ਵਿਅਕਤੀਆਂ ਦੇ ਅੰਦਰਲੇ ਬੇਗਾਨਗੀ ਦੇ ਉਸ ਅਹਿਸਾਸ ਨੂੰ ਵਿਸ਼ਾ ਬਣਾਉਂਦੀ ਕਹਾਣੀਕਾਰਾ ਇੱਕ ਗੋਰੇ ਲਵਾਰਸ ਬਜ਼ੁਰਗ ਦਾ ਟਾਕਰਾ ਆਪਣੇ ਪਿੰਡ ਦੇ ਬਾਬਾ ਲਾਹੀ ਨਾਲ ਕਰਦੀ ਹੈ। ਬਿਰਤਾਂਤਕਾਰਾ ਦੇ ਸਹਿ-ਕਰਮੀਆਂ ਨਾਲ ਰਚਾਏ ਸੰਵਾਦ ਕਹਾਣੀ ਨੂੰ ਇੱਕ ਨਿੱਜੀ ਅਹਿਸਾਸ ਤੋਂ ਸਮਾਜਿਕ ਸਵਾਲ ਵੱਲ ਲੈ ਜਾਂਦੇ ਹਨ, ਜਦ ਵਸਤੂਵਾਦੀ ਮੇਲ-ਮਿਲਾਪ ਅਤੇ ਭਾਈਚਾਰਕ ਸਾਂਝ ਨੂੰ ਆਹਮੋ-ਸਾਹਮਣੇ ਸਥਾਪਤ ਕੀਤਾ ਜਾਂਦਾ ਹੈ।

ਇਸ ਸੰਗ੍ਰਹਿ ਦੀਆਂ ਅਗਲੀਆਂ ਕਹਾਣੀਆਂ ਪੱਛਮੀ ਸੱਭਿਆਚਾਰ ਅਤੇ ਪੰਜਾਬੀ ਸੱਭਿਆਚਾਰ ਦੀ ਤੁਲਨਾ ਕਰਦੀਆਂ ਹੋਈਆਂ ਰਿਸ਼ਤਿਆਂ ਦੀ ਟੁੱਟ-ਭੱਜ, ਵਰਜਣਾਵਾਂ ਅਤੇ ਖੁੱਲ੍ਹਾਂ ਦੇ ਨਾਲ ਬਦਲਦੀਆਂ ਸਮੀਕਰਨਾਂ ਨੂੰ ਵੀ ਵਿਸ਼ਾ ਬਣਾਉਂਦੀਆਂ ਹਨ। ਕਹਾਣੀ ‘ਸੈਂਡੀ ਫਿਰ ਉਦਾਸ ਹੈ’ ਵਿੱਚ ਉਹ ਬੜੇ ਦਿਲਚਸਪ, ਪਰ ਦਲੇਰ ਢੰਗ ਨਾਲ ਪੱਛਮੀ ਸੱਭਿਆਚਾਰ ਵਿੱਚ ਔਰਤ-ਮਰਦ ਦੈਹਿਕ ਸੰਬੰਧਾਂ ਦੀਆਂ ਰਾਜ਼ ਖੋਲ੍ਹਦੀ ਹੈ। ਜੋ ਵਿਸ਼ੇ ਪੰਜਾਬੀ ਸਾਹਿਤ ਵਿੱਚ ਆਮ ਤੌਰ ’ਤੇ ਸਿੱਧੇ ਨਹੀਂ ਕਹੇ ਜਾਂਦੇ, ਉਹਨਾਂ ਨੂੰ ਮਜਾਹੀਆ ਅੰਦਾਜ਼ ਵਿੱਚ ਕਹਿਣਾ ਸਾਹਿਤਕ ਦਲੇਰੀ ਹੈ।

ਇਸੇ ਕਹਾਣੀ ਵਿੱਚ ਉਹ ਸਮਲਿੰਗੀ ਸੰਬੰਧਾਂ ਅਤੇ ਰਿਸ਼ਤਿਆਂ ਦੀ ਟੁੱਟ-ਭੱਜ ਨੂੰ ਵੀ ਪੇਸ਼ ਕਰਦੀ ਹੈ। ਅਸਲ ਵਿੱਚ ਇਹ ਸਿਰਫ਼ ਪੱਛਮੀ ਸੱਭਿਆਚਾਰ ਦੀ ਆਲੋਚਨਾ ਨਹੀਂ, ਇਹ ਉਸ ਮਨੁੱਖੀ ਦਰਦ ਦੀ ਬਾਤ ਹੈ, ਜੋ ਕਿਸੇ ਦਿਲਗੀਰ ਰਿਸ਼ਤੇ ਦੇ ਟੁੱਟਣ ’ਤੇ ਹੁੰਦਾ ਹੈ। ਸੈਂਡੀ ਦੀ ਉਦਾਸੀ ਕਿਸੇ ਵੀ ਸੱਭਿਆਚਾਰ ਵਿੱਚ ਸਮਝ ਆਉਣ ਵਾਲੀ ਉਦਾਸੀ ਹੈ। ਕਹਾਣੀ ‘ਕਿਸ ਵਿਹੜੇ ਦਾ ਚਾਨਣ’ ਲੋਕਾਂ ਦੀ ਛੋਟੀ ਮਾਨਸਿਕਤਾ ਦੀ ਕਹਾਣੀ ਹੈ। ਇਕ ਔਰਤ ਆਪਣਾ ਘਰ ਦੁਬਾਰਾ ਵਸਾਉਣ ਲਈ ਆਪਣਾ ਬੱਚਾ ਛੱਡਣ ਲਈ ਮਜਬੂਰ ਹੋਣਾ ਪੈਂਦਾ ਹੈ ਅਤੇ ਇਸੇ ਕਾਰਨ ਔਰਤ ਨੂੰ ਦੋਹਰੀ ਮਾਰ ਝੱਲਣੀ ਪੈਂਦੀ ਹੈ। ਜੇ ਉਹ ਘਰ ਵਸਾਉਂਦੀ ਹੈ ਤਾਂ ਬੱਚਾ ਛੱਡਣਾ ਪੈਂਦਾ ਹੈ ਤੇ ਜੇ ਬੱਚਾ ਰੱਖਦੀ ਹੈ ਤਾਂ ਸਮਾਜ ਵਿੱਚ ਇਕੱਲੀ ਔਰਤ ਦਾ ਜਿਊਣਾ ਮੁਸ਼ਕਲ ਹੁੰਦਾ ਹੈ। ਇਸ ਸਮਝੌਤੇ ਦੌਰਾਨ ਸਭ ਤੋਂ ਵੱਡਾ ਨੁਕਸਾਨ ਛੋਟੇ ਬੱਚੇ ਦਾ ਹੁੰਦਾ ਹੈ। ਇਹ ਅਸਲ ਵਿੱਚ ਸਮਾਜਿਕ ਢਾਂਚੇ ਦੀ ਕਰੂਰਤਾ ਹੈ। ਵੇਲਾਂ, ਰੁੱਖ ਤੇ ਰਿਸ਼ਤੇ ਦੋ ਸੱਭਿਆਚਾਰਾਂ ਵਿੱਚ ਰਿਸ਼ਤਿਆਂ ਦੀ ਸਮੀਕਰਨਾਂ ਨੂੰ ਵਿਸ਼ਾ ਬਣਾਉਂਦੀ ਕਹਾਣੀ ਹੈ। ਕਹਾਣੀਕਾਰਾ ਨੇ ਬੜੇ ਵਧੀਆ ਢੰਗ ਨਾਲ ਪੱਛਮੀ ਸੱਭਿਆਚਾਰ ਵਿੱਚ ਤਲਾਕ ਵਰਗੇ ਵਰਤਾਰੇ ਨੂੰ ਆਮ ਅਤੇ ਪੰਜਾਬੀ ਸੱਭਿਆਚਾਰ ਵਿੱਚ ਇੱਕ ਵਰਜਣਾ ਵਜੋਂ ਸਿੱਧ ਕੀਤਾ ਹੈ।

ਇਸ ਕਹਾਣੀ ਦਾ ਸਿਰਲੇਖ ਹੀ ਆਪਣੇ ਆਪ ਵਿੱਚ ਬਹੁਤ ਅਰਥਪੂਰਨ ਹੈ। ਵੇਲਾਂ, ਰੁੱਖ ਅਤੇ ਰਿਸ਼ਤੇ ਤਿੰਨੇ ਆਪਣੇ ਸੁਭਾਅ ਕਾਰਨ ਰੂਪਕ ਵਜੋਂ ਵਰਤੇ ਗਏ ਹਨ। ਵੇਲ ਕਿਸੇ ਆਸਰੇ ਤੋਂ ਬਿਨਾਂ ਨਹੀਂ ਜੀ ਸਕਦੀ, ਰੁੱਖ ਇਕੱਲਾ ਖੜ੍ਹਾ ਰਹਿੰਦਾ ਹੈ ਅਤੇ ਦੋ ਵਿਅਕਤੀਆਂ ਦਾ ਰਿਸ਼ਤਾ ਇਹਨਾਂ ਦੋਹਾਂ ਦਾ ਰੂਪ ਲੈ ਸਕਦਾ ਹੈ। ਕਹਾਣੀ ‘ਰੂਹ ਦੇ ਹਾਣ ਦਾ’ ਵੀ ਪੱਛਮੀ ਸੱਭਿਆਚਾਰ ਦੀਆਂ ਕੁਝ ਰਵਾਇਤਾਂ ਨੂੰ ਪੇਸ਼ ਕਰਦੀ ਕਹਾਣੀ ਹੈ। ਕਹਾਣੀਕਾਰਾ ਪੰਜਾਬੀ ਸੱਭਿਆਚਾਰ ਅਤੇ ਪੱਛਮੀ ਸੱਭਿਆਚਾਰ ਦੇ ਵਿਆਹ ਸਮੇਂ ਕੀਤੇ ਜਾਣ ਵਾਲੇ ਕੁਝ ਰਿਵਾਜਾਂ, ਕੁਝ ਰਸਮਾਂ ਅਤੇ ਵਿਆਹ ਸਮੇਂ ਪਾਈ ਜਾਣ ਵਾਲੀ ਪੋਸ਼ਾਕ ਦੇ ਹਵਾਲੇ ਨਾਲ ਗੱਲ ਕਰਦੀ ਹੋਈ ਸੰਕੇਤਾਤਮਕ ਢੰਗ ਨਾਲ ਦੋਹਾਂ ਸੱਭਿਆਚਾਰਾਂ ਦੀ ਤੁਲਨਾ ਕਰਦੀ ਹੈ। ਕਹਾਣੀ ਵਿੱਚ ਪੋਸ਼ਾਕ ਦੇ ਰੰਗ ਬਾਰੇ ਚਰਚਾ ਹੈ। ਕਹਾਣੀ ‘ਉਥੇ ਲੈ ਚੱਲ ਚਰਖਾ ਮੇਰਾ’ ਵਿਦੇਸ਼ੀ ਧਰਤੀ ’ਤੇ ਵੱਸਣ ਕਾਰਨ ਮੁੱਖ ਇਸਤਰੀ ਪਾਤਰ ਦੇ ਪ੍ਰੀਤੋ ਤੋਂ ਪ੍ਰਿਟੀ ਬਣਨ ਦੀ ਕਹਾਣੀ ਹੈ। ਸੁਹਣੇ ਰੰਗ-ਰੂਪ ਕਾਰਨ ਉਸ ਦੇ ਪਿਉ ਨੇ ਹੀ ਉਸ ਦਾ ਨਾਂਅ ਪ੍ਰੀਤੋ ਧਰਿਆ ਸੀ, ਜੋ ਪਿਆਰ, ਮਿਠਾਸ, ਅਪਣੱਤ ਦੇ ਨਾਲ-ਨਾਲ ਭੋਲੇਪਣ ਅਤੇ ਸੱਚਾਈ ਦਾ ਵੀ ਪ੍ਰਤੀਕ ਸੀ। ਚੜ੍ਹਦੀ ਉਮਰੇ ਇਕ ਕੁੜੀ ਨੇ ਨਿੱਕੇ-ਨਿੱਕੇ ਸੁਪਨੇ ਵੇਖੇ ਅਤੇ ਕਿਸਮਤ ਨੇ ਉਸ ਨੂੰ ਉਸ ਦਾ ਮਨ ਪਸੰਦ ਵਰ ਦਿੱਤਾ ਸੀ। ਪਰ ਅਮਰੀਕਾ ਆਉਂਦਿਆਂ ਨਹੀਂ, ਉਥੋਂ ਦੀ ਚਕਾਚੌਂਧ ਤੇ ਆਧੁਨਿਕਤਾ ਵਿੱਚ ਗਵਾਚਦੀ ਨੂੰ ਪਤਾ ਹੀ ਨਾ ਲੱਗਿਆ ਉਹ ਕਦੋਂ ਪ੍ਰਿਟੀ ਬਣ ਆਪਣੇ ਗੁਰਚੇਤਨ ਤੋਂ ਦੂਰ ਹੁੰਦੀ ਗਈ।

ਉਸ ਨੇ ਸਿਰਫ਼ ਆਪਣਾ ਨਾਂਅ ਨਹੀਂ ਬਦਲਿਆ, ਸਗੋਂ ਨਾਲ ਹੀ ਸੋਚ ਅਤੇ ਕਦਰਾਂ-ਕੀਮਤਾਂ ਵੀ ਬਦਲ ਗਈਆਂ। ਇਸ ਸੰਗ੍ਰਹਿ ਦੀ ਆਖ਼ਰੀ ਕਹਾਣੀ ‘ਟਾਹਣੀਓਂ ਟੁੱਟੇ’ ਹੈ, ਜਿਸ ਤੋਂ ਇਸ ਪੁਸਤਕ ਦਾ ਸਿਰਲੇਖ ਵੀ ਲਿਆ ਗਿਆ ਹੈ। ਕਹਾਣੀਕਾਰਾ ਨੇ ਬਹੁਤ ਭਾਵੁਕ ਅੰਦਾਜ਼ ਵਿੱਚ ਯਥਾਰਥਵਾਦੀ ਪਾਤਰਾਂ ਦੀ ਮਦਦ ਨਾਲ ਆਪਣੀਆਂ ਜੜ੍ਹਾਂ ਤੋਂ ਟੁੱਟਣ ਦਾ ਦੁੱਖ ਬਿਆਨ ਕੀਤਾ। ਜਗਤ ਨਾਂਅ ਦੇ ਪਾਤਰ ਨੂੰ ਜਿਸ ਥਾਂ ਤੋਂ ਡਰ ਆਉਂਦਾ ਸੀ, ਉੱਥੇ ਹੁਣ ਉਸ ਨੂੰ ਇੱਕ ਚੁੱਪ ਕੀਤਾ ਪਿੰਡ ਵਸਦਾ ਜਾਪਦਾ ਸੀ। ਜੀਵਨ ਦੇ ਉਸ ਅੰਤਿਮ ਪੜਾਅ ਦਾ ਕਹਾਣੀਕਾਰਾ ਨੇ ਬਹੁਤ ਵਧੀਆ ਵਿਸ਼ਲੇਸ਼ਣ ਕੀਤਾ ਹੈ ਕਿ ਮੌਤ ਵਿਛੋੜਾ ਨਹੀਂ ਸਗੋਂ ਮਿਲਾਪ ਹੈ ਤੇ ਮਰਨ ਵਾਲਾ ਬੰਦਾ ਆਪਣਿਆਂ ਨੂੰ ਜਾ ਮਿਲਦਾ ਹੈ। ਮੌਤ ਅਸਲ ਵਿੱਚ ਪੀੜ੍ਹੀਆਂ ਦੀਆਂ ਸਾਰੀਆਂ ਕੜੀਆਂ ਦਾ ਜੋੜ ਹੈ। ਇਸ ਵਿਸ਼ਲੇਸ਼ਣ ਤੋਂ ਬਾਅਦ ਇਸ ਸਿੱਟੇ ’ਤੇ ਪੁੱਜਿਆ ਜਾ ਸਕਦਾ ਹੈ ਕਿ ਹਥਲੇ ਕਹਾਣੀ-ਸੰਗ੍ਰਹਿ ਦੀਆਂ ਕਹਾਣੀਆਂ ਦੇ ਵਿਸ਼ੇ ਅੱਜ ਦੇ ਮਸਨੂਈ ਬੁੱਧੀ ਦੇ ਯੁੱਗ ਵਿੱਚ ਵੀ ਉਸੇ ਢੰਗ ਨਾਲ ਸਾਰਥਿਕ ਹਨ ਅਤੇ ਇਹ ਪੁਸਤਕ ਪਰਵਾਸੀ ਜੀਵਨ ਜਿਉਂਦਿਆਂ ਸੱਭਿਆਚਾਰਕ ਵਖਰੇਵਿਆਂ ਅਤੇ ਵਰਜਨਾਵਾਂ ਨੂੰ ਬਾਖੂਬੀ ਬਿਆਨ ਕਰਦੀ ਹੈ।

*ਸੰਪਰਕ : 98728-87551*

## ਡੂੰਘੇ ਦਰਦ

**(ਕਾਵਿ-ਕਹਾਣੀਆਂ)**
**ਧਰਮ ਸਿੰਘ ਕੰਮੇਆਣਾ**
**ਪੰਨੇ-128, ਮੁੱਲ-250 ਰੁਪਏ**
**ਪ੍ਰੀਤ ਪਬਲੀਕੇਸ਼ਨ, ਮਾਨਸਾ**

ਬਹੁ-ਵਿਧਾਵੀ ਲੇਖਕ ਧਰਮ ਸਿੰਘ ਕੰਮੇਆਣਾ ਪੰਜਾਬੀ ਸਾਹਿਤ ਜਗਤ ਦਾ ਅਹਿਮ ਹਸਤਾਖਰ ਹੈ। ਉਸ ਨੇ ਕਈ ਸਾਹਿਤ ਵਿਧਾਵਾਂ ਵਿੱਚ ਸਾਹਿਤ ਸਿਰਜਣਾ ਕੀਤੀ ਹੈ। ਗੀਤਕਾਰੀ ਦੇ ਖੇਤਰ ਵਿੱਚ ਉਸ ਨੇ ਚੰਗਾ ਨਾਮਣਾ ਖੱਟਿਆ ਹੈ। ਉਸ ਦੇ 15 ਕਾਵਿ ਸੰਗ੍ਰਹਿ, ਇੱਕ ਕਾਵਿ ਨਾਵਲ, ਅੱਠ ਨਾਵਲ, ਪੰਜ ਗੀਤ ਸੰਗ੍ਰਹਿ, ਇਕ ਕਾਵਿ ਨਾਟਕ, ਤਿੰਨ ਸਵੈ-ਜੀਵਨੀਆਂ, ਅੱਠ ਬਾਲ ਸਾਹਿਤ ਦੀਆਂ ਪੁਸਤਕਾਂ, ਇੱਕ ਸਫਰਨਾਮਾ, ਇੱਕ ਮਿੰਨੀ ਕਹਾਣੀਆਂ ਦੀ ਪੁਸਤਕ ਪ੍ਰਕਾਸ਼ਿਤ ਹੋ ਚੁੱਕੇ ਹਨ। ਹਾਲ ਹੀ ਉਸ ਦੀ ਕਾਵਿ ਕਹਾਣੀਆਂ ਦੀ ਪੁਸਤਕ ‘ਡੂੰਘੇ ਦਰਦ’ ਪ੍ਰਕਾਸ਼ਿਤ ਹੋਈ ਹੈ। ਇਸ ਪੁਸਤਕ ਵਿੱਚ ਉਸ ਨੇ ਅੱਠ ਕਾਵਿ ਕਹਾਣੀਆਂ ਨੂੰ ਸ਼ਾਮਲ ਕੀਤਾ ਹੈ। ਕਵਿਤਾ ਵਿੱਚ ਕਹਾਣੀ ਕਹਿਣ ਦਾ ਰਿਵਾਜ ਬੜਾ ਪੁਰਾਣਾ ਹੈ। ਭਾਰਤੀ ਸਾਹਿਤ ਦੀ ਕਾਵਿਕ ਪਰੰਪਰਾ ਦੇ ਕਾਰਨ ਪੰਜਾਬੀ ਸਾਹਿਤ ਦਾ ਆਰੰਭ ਵੀ ਕਾਵਿ ਨਾਲ ਹੀ ਹੋਇਆ ਹੈ। ਮੱਧਕਾਲ ਵਿੱਚ ਜਿੰਨੇ ਵੀ ਕਿੱਸੇ ਲਿਖੇ ਗਏ ਹਨ, ਉਨ੍ਹਾਂ ਵਿੱਚੋਂ ਹਰ ਕਿੱਸੇ ਦੀ ਕਹਾਣੀ ਨੂੰ ਕਾਵਿਕ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਆਧੁਨਿਕ ਪੰਜਾਬੀ ਸਾਹਿਤ ਵਿੱਚ ਭਾਈ ਵੀਰ ਸਿੰਘ, ਫਿਰੋਜ਼ਦੀਨ ਸ਼ਰਫ਼, ਗਿਆਨੀ ਗੁਰਮੁਖ ਸਿੰਘ, ਗਿਆਨੀ ਕਰਤਾਰ ਸਿੰਘ ਕਲਾਸਵਾਲੀਆ, ਪ੍ਰੋਫੈਸਰ ਪੂਰਨ ਸਿੰਘ, ਪ੍ਰੋਫੈਸਰ ਮੋਹਨ ਸਿੰਘ, ਚਰਨ ਸਿੰਘ ਸ਼ਹੀਦ, ਸ਼ਿਵ ਕੁਮਾਰ ਬਟਾਲਵੀ ਨੇ ਵੀ ਕਾਵਿ ਕਹਾਣੀਆਂ ਲਿਖੀਆਂ ਹਨ। ਧਰਮ ਸਿੰਘ ਕੰਮੇਆਣਾ ਨੇ ਇਸ ਪੁਸਤਕ ਵਿੱਚ ਅੱਠ ਕਾਵਿ ਕਹਾਣੀਆਂ ਨੂੰ ਸ਼ਾਮਲ ਕੀਤਾ ਹੈ। ਲੇਖਕ ਨੇ ਬੜੀ ਸਰਲ ਅਤੇ ਸਪੱਸ਼ਟ ਭਾਸ਼ਾ ਵਿੱਚ ਕਹਾਣੀਆਂ ਨੂੰ ਕਾਵਿਕ ਰੂਪ ਵਿੱਚ ਪੇਸ਼ ਕੀਤਾ ਹੈ। ਪੇਂਡੂ ਠੇਠ ਸ਼ਬਦਾਵਲੀ ਇਨ੍ਹਾਂ ਰਚਨਾਵਾਂ ਦਾ ਅਮੀਰੀ ਗੁਣ ਹੈ। ਇਹ ਛੋਟੀਆਂ-ਛੋਟੀਆਂ ਕਾਵਿ ਕਹਾਣੀਆਂ ਜ਼ਿੰਦਗੀ ਦੀ ਬਾਤ ਪਾਉਂਦੀਆਂ ਹਨ। ਪੇਂਡੂ ਯਥਾਰਥ ਦਾ ਮੁਹਾਂਦਰਾ ਉਘਾੜਦੀਆਂ ਇਹ ਕਾਵਿ ਕਹਾਣੀਆਂ ਪੇਂਡੂ ਸਮਾਜ, ਪਰਵਾਰ, ਸ਼ਰੀਕੇਬਾਜ਼ੀ, ਰਿਸ਼ਤਿਆਂ ਦੇ ਟੁੱਟਣ ਅਤੇ ਨਵੇਂ ਰਿਸ਼ਤੇ ਬਣਨ ਦੇ ਨਕਸ਼ ਬਣਾਉਂਦੀਆਂ ਹਨ।



1947 ਤੋਂ ਪਹਿਲਾਂ ਅੰਗਰੇਜ਼ਾਂ ਵੱਲੋਂ ਜ਼ਮੀਨਾਂ ਨੂੰ ਆਬਾਦ ਕਰਨ ਲਈ ਬਾਰ ਦੇ ਇਲਾਕੇ ਵਿੱਚ ਮੁਰੱਬੇਬੰਦੀ ਕੀਤੀ ਗਈ ਸੀ। ਮਾਲਵੇ ’ਚੋਂ ਕਿਸਾਨਾਂ ਨੇ ਜਾ ਕੇ ਉਨ੍ਹਾਂ ਜ਼ਮੀਨਾਂ ਨੂੰ ਆਬਾਦ ਕੀਤਾ ।1947 ਦੀ ਵੰਡ ਸਮੇਂ ਇਨ੍ਹਾਂ ਮੁਰੱਬਿਆਂ ਨੂੰ ਜਦੋਂ ਛੱਡਣਾ ਪਿਆ ਤਾਂ ਬਹੁਤੇ ਲੋਕ ਜ਼ਮੀਨ ਛੱਡ ਕੇ ਆਪਣੇ ਜੱਦੀ ਪਿੰਡਾਂ ਵੱਲ ਆ ਗਏ ਤੇ ਕੁਝ ਅਣਖੀ ਬੰਦੇ ਜੋ ਜ਼ਮੀਨਾਂ ਛੱਡਣ ਲਈ ਤਿਆਰ ਨਹੀਂ ਸੀ, ਬਾਰ ਦੇ ਵਿੱਚ ਹੀ ਰਹੇ। ਲੇਖਕ ਨੇ ਉਨ੍ਹਾਂ ਦੀ ਸੂਰਵੀਰਤਾ ਨੂੰ ਕਹਾਣੀ ਵਿੱਚ ਪੇਸ਼ ਕੀਤਾ ਹੈ। ਕੁਝ ਕਹਾਣੀਆਂ ਟੱਪਰੀਵਾਸਾਂ ਦੇ ਜੀਵਨ ਨਾਲ ਸੰਬੰਧਤ ਹਨ। ਇਨ੍ਹਾਂ ਵਿੱਚ ਟੱਪਰੀ ਵਾਸੀਆਂ ਦੀ ਵੇਦਨਾ ਹੈ, ਇਨ੍ਹਾਂ ਦੀ ਗ਼ਰੀਬੀ ਦਾ ਦਰਦ ਹੈ, ਬੇਵੱਸੀ ਹੰਢਾਉਂਦਿਆਂ ਧਨਾਡਾਂ ਵੱਲੋਂ ਕੀਤੇ ਜ਼ੁਲਮ ਦੀ ਦਾਸਤਾਨ ਹੈ। ਰੇਸ਼ਮਾ ਵਰਗੀਆਂ ਕੁੜੀਆਂ ਦੀ ਗ਼ਰੀਬੀ ’ਚੋਂ ਬਾਹਰ ਨਿਕਲਣ ਦੀ ਚਾਹਤ ਹੈ। ਇਨ੍ਹਾਂ ਕਾਵਿ ਕਹਾਣੀਆਂ ਵਿੱਚ ਵੈਲਾਂ-ਐਬਾਂ ਵਿੱਚ ਆਪਣੀ ਜ਼ਮੀਨ ਗੁਆਉਣ ਵਾਲਿਆਂ ਦੀ ਦਾਸਤਾਨ ਹੈ। ਇਨ੍ਹਾਂ ਕਾਵਿ ਕਹਾਣੀਆਂ ਦੇ ਪਾਤਰ ਸਾਰੀ ਉਮਰ ਆਪਣੀਆਂ ਹਸਰਤਾਂ ਨੂੰ ਪੂਰੀਆਂ ਕਰਨ ਲਈ ਪਲ-ਪਲ ਆਪਣੀ ਜ਼ਿੰਦਗੀ ਨੂੰ ਦਾਅ ’ਤੇ ਲਗਾਉਣ ਵਾਲੇ ਹਨ। ਇਨ੍ਹਾਂ ਕਾਵਿ ਕਹਾਣੀਆਂ ਵਿੱਚ ਬਹੁਤ ਸਾਰੇ ਅਜਿਹੇ ਸਵਾਲ ਹਨ, ਜੋ ਸਾਡੇ ਸਮਾਜ ਦੀ ਸੋਚ ’ਤੇ ਵੱਡੇ ਪ੍ਰਸ਼ਨ ਚਿੰਨ੍ਹ ਹਨ। ਲੇਖਕ ਇਨ੍ਹਾਂ ਕਾਵਿ ਕਹਾਣੀਆਂ ਵਿੱਚ ਇਹਨਾਂ ਪ੍ਰਸ਼ਨਾਂ ਦੇ ਉੱਤਰਾਂ ਨੂੰ ਲੱਭਣ ਦੇ ਆਹਰ ਵਿੱਚ ਹੈ। ਬੰਦਿਆਂ ਦੇ ਨਾਲ-ਨਾਲ ਪੁਸਤਕ ਵਿੱਚ ਜਾਨਵਰਾਂ ਦੇ ਨਾਲ ਸੰਬੰਧਤ ਕਹਾਣੀਆਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਲੇਖਕ ਉਹਨਾਂ ਔਰਤਾਂ ਦੇ ਦਰਦ ਨੂੰ ਬਿਆਨ ਕਰਨ ਵਿੱਚ ਪੂਰਨ ਸਫ਼ਲ ਹੋਇਆ ਹੈ, ਜੋ ਸਦੀਆਂ ਤੋਂ ਮਰਦ ਦੀ ਦੂਹਰੀ-ਤੀਹਰੀ ਗੁਲਾਮੀ ਭੋਗਦੀਆਂ ਆ ਰਹੀਆਂ ਹਨ। ਅਜੋਕੇ ਸਮੇਂ ਨੌਜਵਾਨ ਪੀੜ੍ਹੀ ਵਿੱਚ ਵਧ ਰਹੇ ਨਸ਼ੇ ਦੇ ਰੁਝਾਨ ਨੂੰ ਵੀ ਕਹਾਣੀ ਦਾ ਵਿਸ਼ਾ ਬਣਾਇਆ ਗਿਆ ਹੈ। ਖ਼ੂਬਸੂਰਤ ਕਾਵਿ ਸਿਰਜਣਾ ਲਈ ਧਰਮ ਸਿੰਘ ਕੰਮੇਆਣਾ ਨੂੰ ਵਧਾਈ। ਪੁਸਤਕ ਦਾ ਭਰਪੂਰ ਸਵਾਗਤ।

**—ਰਾਮਪਾਲ ਸ਼ਾਹਪੁਰੀ (ਡਾ.)**
**ਮੋਬਾ. 99148-86310**

# ਪੁਸਤਕ ਰੀਵਿਊ

## ਯਾਦਾਂ ਦਾ ਫੁੱਲਦਸਤਾ

**ਜਸਮੇਰ ਸਿੰਘ ਢੱਟ**
**ਪੰਨੇ : 136, ਕੀਮਤ : 300 ਰੁਪਏ**
**ਪ੍ਰਕਾਸ਼ਨਾ ਸਾਲ 2026**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**

‘ਯਾਦਾਂ ਦਾ ਫੁੱਲਦਸਤਾ’ ਪੁਸਤਕ ਅੰਦਰ ਪੁਸਤਕ ਦੇ ਲੇਖਕ ਜਸਮੇਰ ਸਿੰਘ ਢੱਟ ਵੱਲੋਂ ਸਾਲ 1991 ਵਿੱਚ ਬਣਾਈ ਗਈ ‘ਸੱਭਿਆਚਾਰਕ ਸੱਥ’ ਦੇ ਸਾਲ 2026 ਤੱਕ ਦੇ ਪ੍ਰੋਗਰਾਮਾਂ ਦੀਆਂ ਯਾਦਾਂ ਨੂੰ ‘ਸੱਥ ਦੀਆਂ ਯਾਦਾਂ’ ਸਿਰਲੇਖ ਹੇਠ ਛੇ ਰਚਨਾਵਾਂ, ‘ਆਪ ਬੀਤੀਆਂ’ ਸਿਰਲੇਖ ਹੇਠ ਨੌਂ ਰਚਨਾਵਾਂ-ਇਹ ਵਾਰਤਕ ਵੰਨਗੀ ਦੀਆਂ ਪੇਸ਼ ਕੀਤੀਆਂ ਹਨ। ਫਿਰ ਮਿੰਨੀ ਕਹਾਣੀਆਂ (19) ਤੇ ਕਵਿਤਾ/ਗੀਤ (5) ਅਤੇ ਮੁਲਾਕਾਤਾਂ (3) ਹਨ। ਇਹ ਸਾਰੀਆਂ ਰਚਨਾਵਾਂ ਬਾ-ਕਮਾਲ ਸ਼ਬਦਾਂ ਜ਼ਰੀਏ ਅਤੇ ਪੁਸਤਕ ਦੀ ਚੰਗੀ ਪੇਸ਼ਕਾਰੀ ਰਾਹੀਂ ਪੇਸ਼ ਹੋਈਆਂ ਹਨ। ਇਹ ਲਿਖਤਾਂ ਪੜ੍ਹਨਯੋਗ ਤੇ ਸਮਝਣਯੋਗ ਹਨ, ਕਿਉਂਕਿ ਇਨ੍ਹਾਂ ਲਿਖਤਾਂ ਦਾ ਸਿਰਜਕ ਜਸਮੇਰ ਸਿੰਘ ਢੱਟ, ਪੰਜਾਬ ਦੇ ਸੱਭਿਆਚਾਰ ਦੀ ਅਮੀਰੀ ਦੇ ਕੁਝ ਪੱਖਾਂ ਉੱਤੇ ਪਿਛਲੇ 35-36 ਵਰ੍ਹਿਆਂ ਤੋਂ ਆਪਣੀ ਬਣਾਈ ‘ਸੱਭਿਆਚਾਰਕ ਸੱਥ’ ਰਾਹੀਂ ਕੀਤੇ ਗਏ ਕਾਰਜਾਂ ਦੀ ਅਨੁਭਵੀ ਸੰਵੇਦਨਸ਼ੀਲ ਸ਼ਖ਼ਸੀਅਤ ਹੈ। ਜਿਸ ਬਾਰੇ ਹੋਰ ਵਿਸਥਾਰ ਵਾਲੀ ਜਾਣ-ਪਛਾਣ ਸ਼ਮਸ਼ੇਰ ਸੰਧੂ, ਨਿਰਮਲ ਜੌੜਾ, ਕੁਮਾਰ ਜਗਦੇਵ ਸਿੰਘ ਬਰਾੜ ਤੇ ਗੁਰਭਜਨ ਸਿੰਘ ਗਿੱਲ ਦੇ ਸ਼ਬਦਾਂ ਵਿਚ ਪੁਸਤਕ ਪੇਸ਼ ਕਰਦੀ ਹੈ।



ਵੱਖ-ਵੱਖ ਕਿਸਮਾਂ ਦੇ ਵਿਸ਼ਿਆਂ ’ਚੋਂ ਬਹੁਤੇ ਤਾਂ ਪਲੇਠੀ ਪੁਸਤਕ ਦੇ ਲੇਖਕ ਜਸਮੇਰ ਸਿੰਘ ਢੱਟ ਦੀ ‘ਸੱਭਿਆਚਾਰਕ ਸੱਥ’ ਦੇ ਵੱਖ-ਵੱਖ ਪ੍ਰੋਗਰਾਮਾਂ ਵਿਚ ਪਈ ਮਨੁੱਖੀ ਸਾਂਝ, ਸਹਿਯੋਗ, ਸਨਮਾਨ ਤੇ ਹੱਸਣ-ਨੱਚਣ ਤੇ ਜ਼ਿੰਮੇਵਾਰੀ ਆਦਿ ਦੀ ਪ੍ਰਤੀਨਿਧਤਾ ਕਰਦੇ ਹਨ। ਜਿਸ ਜ਼ਰੀਏ ਪਿਆਰ ਅਤੇ ਪ੍ਰੇਰਨਾ ਦਾ ਪ੍ਰਗਟਾਵਾ ਹੋ ਰਿਹਾ ਹੈ। ਸਭਨਾਂ ਰਚਨਾਵਾਂ ਦੀ ਪੇਸ਼ਕਾਰੀ ਵਿਚ ਲੇਖਕ ਵੱਲੋਂ ਗੱਲ ਕਹਿਣ ਦਾ ਢੰਗ-ਤਰੀਕਾ, ਭਾਵਪੂਰਤ ਸ਼ਬਦਾਂ ਦੀ ਵਰਤੋਂ ਅਤੇ ਕਹਾਣੀ ਵਰਗੀ ਉਤਸੁਕਤਾ ਤੇ ਰਸ ਅਤੇ ਸਸਪੈਂਸ ਵਰਗੀਆਂ ਜੁਗਤਾਂ ਵੀ ਬਾ-ਕਮਾਲ ਵਰਤੀਆਂ ਗਈਆਂ ਹਨ। ਜਸਮੇਰ ਸਿੰਘ ਢੱਟ ਵੱਲੋਂ ‘ਸੱਭਿਆਚਾਰਕ ਸੱਥ’ ਦੇ ਪ੍ਰੋਗਰਾਮਾਂ ਜ਼ਰੀਏ ਕਈ ਨਵੇਂ ਪ੍ਰੋਗਰਾਮ ਅਤੇ ਕਈ ਨਵੇਂ ਕਲਾਕਾਰਾਂ ਨੂੰ ਪੇਸ਼ ਕਰਨ ਦੀ ਪਹਿਲਕਦਮੀ ਕੀਤੀ ਗਈ, ਬਾਰੇ ਵੀ ਪੁਸਤਕ ’ਚੋਂ ਪਤਾ ਲੱਗਦਾ ਹੈ।

‘ਮਿੰਨੀ ਕਹਾਣੀਆਂ’ ਦੇ ਜਿੱਥੇ ਵਿਸ਼ੇ ਮਹੱਤਵਪੂਰਨ ਹਨ, ਉੱਥੇ ਵਿਸ਼ਿਆਂ ਦੀ ਪੇਸ਼ਕਾਰੀ ਦਾ ਆਰੰਭ, ਅੰਤ ਅਤੇ ਪ੍ਰਸ਼ਨ ਤੇ ਤੁਲਨਾ ਅਤੇ ਕੁਝ ਰਚਨਾਵਾਂ ਵਿਚ ਭਾਵੁਕ ਟੀਚਿੰਗ ਵਿਚ ਅੰਤ ਜੋ ਆਰੰਭ ਦੇ ਉਲਟ ਪੇਸ਼ ਕਰਨ ਦੀ ਕਲਾ ਆਦਿ ਬਾ-ਕਮਾਲ ਹੈ। ਕਵਿਤਾ ‘ਵਿਧਵਾ’ ਵਿਚ ਵਿਸ਼ੇ ਨੂੰ ਨਵੇਂ ਕੋਣਾਂ ਤੋਂ ਪੇਸ਼ ਕੀਤਾ ਗਿਆ ਹੈ। ਮੁਲਾਕਾਤਾਂ ਰਾਹੀਂ ਕਵੀ ਸੁਰਜੀਤ ਪਾਤਰ, ਗਾਇਕਾ ਜਗਮੋਹਨ ਕੌਰ ਤੇ ਸੁਰਿੰਦਰ ਕੌਰ ਬਾਰੇ ਜਾਣ-ਪਛਾਣ ਅਤੇ ਸਵਾਲ-ਜਵਾਬ ਸੰਖੇਪ ਪਰ ਭਾਵਪੂਰਤ ਹਨ। ਸੁਰਜੀਤ ਪਾਤਰ ਵਾਲਾ ਸਿਰਲੇਖ ‘ਹਵਾ ਵਿਚ ਲਿਖੇ ਹਰਫ਼ਾਂ ਨਾਲ ਗੁਫ਼ਤਗੂ’ ਅਤੇ ਅਜਿਹੀ ਵੰਨਗੀ ਦੇ ਹੋਰ ਕਈ ਵਾਕ ਪੁਸਤਕ ਦੀਆਂ ਵੱਖ-ਵੱਖ ਰਚਨਾਵਾਂ ’ਚੋਂ ਵੀ ਪੜ੍ਹਨ ਨੂੰ ਮਿਲੇ ਹਨ, ਜੋ ਕਿ ਪਾਠਕ-ਮਨ ਨੂੰ ਕੀਲਣ ਦੀ ਸ਼ਕਤੀ ਵਾਲੇ ਹਨ। ਇਸ ਪੁਸਤਕ ਦੇ ਅੰਤ ਵਿਚ ਆਰਟ ਪੇਪਰ ਦੇ ਅੱਠ ਪੰਨਿਆਂ ਉੱਤੇ ਸੋਲਾਂ ਯਾਦਗਾਰੀ ਤਸਵੀਰਾਂ ਅਤੇ ਉਨ੍ਹਾਂ ਦੇ ਪ੍ਰੋਗਰਾਮ ਵਾਲੇ ਵੇਰਵੇ ਹਨ। ਇਹ ਤਸਵੀਰਾਂ, ਪੁਸਤਕ ਦੀਆਂ ਰਚਨਾਵਾਂ ਨਾਲ ਮਿਲ ਕੇ, ਪੁਸਤਕ ਦੀ ਪੜ੍ਹਨਯੋਗਤਾ ਤੇ ਸਮਝਣਯੋਗਤਾ ਵਿਚ ਵਾਧਾ ਕਰਦੀਆਂ ਹਨ।


ਪੁਸਤਕ ‘ਯਾਦਾਂ ਦਾ ਫੁੱਲਦਸਤਾ’ ਸਿੱਖਿਆ ਤੇ ਸੇਧ ਦੇਣ ਵਾਲੀ ਵਧੀਆ ਪੁਸਤਕ ਹੈ।

**— ਜਸਬੀਰ ਕਲਸੀ ਧਰਮਕੋਟ**

## ਮਸੀਹਾ

**(ਖ਼ਲੀਲ ਜਿਬਰਾਨ ਦੇ ਵਿਚਾਰ)**
**ਅਨੁਵਾਦਕ - ਰਵਿੰਦਰ ਸਿੰਘ ਸੋਢੀ**
**ਸਫ਼ੇ 80, ਮੁੱਲ- 250 ਰੁਪਏ,**
**ਜੇ ਪੀ ਪਬਲੀਕੇਸ਼ਨ, ਪਟਿਆਲਾ**

ਖ਼ਲੀਲ ਜਿਬਰਾਨ (1883-1931) ਲੇਖਕ, ਕਹਾਣੀਕਾਰ, ਨਾਵਲਕਾਰ ਅਤੇ ਕਵੀ ਵੀ ਸੀ, ਚਿੱਤਰਕਾਰ ਅਤੇ ਦਾਰਸ਼ਨਿਕ ਵੀ। ਉਂਜ ਤਾਂ ਉਸਦੀਆਂ ਲਿਖੀਆਂ ਦੋ ਦਰਜਨ ਤੋਂ ਵੱਧ ਸਾਰੀਆਂ ਪੁਸਤਕਾਂ ਹੀ ਵਿਸ਼ਵ ਪ੍ਰਸਿੱਧ ਹਨ, ਪਰ ਉਸਦੀ ਦਾਰਸ਼ਨਿਕ ਵਿਚਾਰਾਂ ਵਾਲੀ ਪੁਸਤਕ The Prophet (ਦ ਪਰੌਫੈਟ) ਨੂੰ ਜੋ ਪ੍ਰਸਿੱਧੀ ਮਿਲੀ ਉਹ ਦੁਨੀਆਂ ਦੀਆਂ ਕੁਝ ਕੁ ਸ਼ਾਹਕਾਰ ਪੁਸਤਕਾਂ ਦੇ ਹਿੱਸੇ ਹੀ ਆਈ ਹੈ। ਇਹ ਪੁਸਤਕ ਉਸਨੇ 1923 ਈ: ਵਿੱਚ ਲਿਖੀ। ਇਸ ਵਿੱਚ ਮਨੁੱਖੀ ਜੀਵਨ ਦੇ 26 ਅਜਿਹੇ ਪੱਖਾਂ ’ਤੇ ਵਿਚਾਰ ਸ਼ਾਮਿਲ ਹਨ ਜੋ ਵਿਸ਼ਵ ਦੇ ਹਰ ਖਿੱਤੇ, ਨਸਲ, ਧਰਮ, ਆਦਮੀ-ਔਰਤ ਸਭ ਲਈ ਇੱਕ ਸਮਾਨ ਮਹੱਤਵ ਵਾਲੇ ਹਨ। ਜਿਵੇਂ ਪਿਆਰ, ਵਿਆਹ, ਬੱਚੇ, ਖਾਣ-ਪੀਣ, ਕੰਮ, ਸੁੱਖ-ਦੁੱਖ, ਘਰ, ਕਾਨੂੰਨ, ਦਰਦ, ਆਜ਼ਾਦੀ, ਜੁਰਮ ਤੇ ਸਜ਼ਾ ਦੋਸਤੀ, ਸਮਾਂ, ਆਨੰਦ ਧਰਮ ਤੇ ਮੌਤ ਆਦਿ। ਇਹ ਵਿਚਾਰ ਸਰਬ ਵਿਆਪਕ ਅਤੇ ਸਦੀਵੀ ਹਨ। ਪੁਸਤਕ ਦਾ ਨਾਇਕ ਅਲਮੁਸਤਫਾ ਖਲੀਲ ਆਪ ਹੀ ਸੀ ਤੇ 12 ਸਾਲ ਉਸਨੇ ਅਮਰੀਕਾ ਦੇ ਸ਼ਹਿਰ ਨਿਊਯਾਰਕ ਵਿੱਚ ਗੁਜ਼ਾਰੇ ਜਿਸਨੂੰ ਉਹ ‘ਔਰਫ਼ਲੀਸ’ ਕਹਿੰਦਾ ਹੈ।



ਖ਼ਲੀਲ ਜਿਬਰਾਨ ਨੇ ਮਨੁੱਖੀ ਜ਼ਿੰਦਗੀ ਦੇ ਕੁਝ ਮੂਲ ਪੱਖਾਂ ਦੀ ਦਾਰਸ਼ਨਿਕ ਵਿਆਖਿਆ ਲਈ ਇਸ ਪੁਸਤਕ ਦੀ ਰਚਨਾ ਕੀਤੀ। ਮੰਨਿਆ ਜਾਂਦਾ ਹੈ ਕਿ ਜ਼ਿੰਦਗੀ ਦੇ ਇੱਕ ਪੜਾਅ ’ਤੇ ਆ ਕੇ ਉਸ ਵਿੱਚ ਪੈਗੰਬਰ ਜਾਂ ਮਸੀਹਾ ਵਰਗੀ ਸੋਝੀ ਆ ਗਈ ਸੀ। ਇਸ ਪੁਸਤਕ ਵਿੱਚ ਉਸਨੇ ਕਾਵਿਕ ਸ਼ੈਲੀ ਵਿੱਚ ਆਪਣੇ ਵਿਚਾਰ ਪ੍ਰਗਟਾਏ ਹਨ। ਪੰਜਾਬੀ ਵਿੱਚ ਇਸਦੇ (4-5) ਜੋ ਵੀ ਅਨੁਵਾਦ ਹੋਏ ਹਨ ਉਹ ਵਾਰਤਕ ਵਿੱਚ ਹਨ। ਹੱਥਲਾ ਅਨੁਵਾਦ ਰਵਿੰਦਰ ਸਿੰਘ ਸੋਢੀ ਨੇ ਆਪਣੇ ਅਨੁਵਾਦ ਦੇ ਲੰਮੇ ਅਨੁਭਵ ਦੇ ਫਲਸਰੂਪ ਕਾਵਿਕ ਸ਼ੈਲੀ ਵਿੱਚ ਹੀ ਕੀਤਾ ਹੈ। ਸਤਹੀ ਅਰਥਾਂ ਦੀ ਥਾਂ ਅੰਤਰੀਵ ਭਾਵਾਂ ਨੂੰ ਪ੍ਰਗਟ ਕਰਨ ਵਾਲੇ ਪੰਜਾਬੀ ਸ਼ਬਦ ਵਰਤੇ ਹਨ। ਇਉਂ ਇਹ ਕਾਰਜ ਆਪਣਾ ਵਿਲੱਖਣ ਰੂਪ ਰੱਖਦਾ ਵਿਸ਼ੇਸ਼ ਹੈ। ਲੇਖਕ ਨੇ ਆਲੋਚਨਾ, ਖੋਜ, ਕਵਿਤਾ, ਕਹਾਣੀ, ਵਾਰਤਕ ਤੇ ਅਨੁਵਾਦ ਦੇ ਖੇਤਰ ਵਿੱਚ ਢੇਰ ਸਾਰੀਆਂ ਪੁਸਤਕਾਂ ਲਿਖੀਆਂ ਹਨ। ਸੋ ਇਹ ਪੁਸਤਕ ਰਵਿੰਦਰ ਸਿੰਘ ਸੋਢੀ ਦੀ ਔਖੀ ਘਾਲਣਾ ਦਾ ਨਤੀਜਾ ਹੈ। ਸੋਢੀ ਨੂੰ ਮੁਬਾਰਕਾਂ ਤੇ ਪਾਠਕਾਂ ਨੂੰ ਇੱਕ ਜ਼ਿੰਦਗੀ ’ਚ ਕੰਮ ਆਉਣ ਵਾਲੀ ਪੁਸਤਕ ਪੜ੍ਹਨ ਲਈ ਪੁਰਜ਼ੋਰ ਸਿਫ਼ਾਰਸ਼ ਹੈ।

**- ਤੇਜਾ ਸਿੰਘ ਤਿਲਕ**

# 'ਵੱਖਰੇ ਰਾਹਾਂ ਦੇ ਪਾਂਧੀ' ਕਿਤਾਬ ਰਿਲੀਜ਼

**ਫਗਵਾੜਾ** : ਦੋਆਬਾ ਸਾਹਿਤ ਅਤੇ ਕਲਾ ਅਕੈਡਮੀ, ਫਗਵਾੜਾ ਦੀ ਇੱਕ ਵਿਸ਼ੇਸ਼ ਮੀਟਿੰਗ ਵਿੱਚ, ਜੋ ਕਿ ਆਰੀਆ ਮਾਡਲ ਸੀਨੀਅਰ ਸੈਕੰਡਰੀ ਸਕੂਲ, ਗਊਸ਼ਾਲਾ ਰੋਡ ਵਿਖੇ ਹੋਈ, ਪ੍ਰਵਾਸੀ ਭਾਰਤੀ ਲੇਖਕ ਕਮਲ ਧਰਮਸੋਤ ਦੁਆਰਾ ਲਿਖੀ ਗਈ ਪੰਜਾਬੀ ਕਿਤਾਬ 'ਵੱਖਰੇ ਰਾਹਾਂ ਦੇ ਪਾਂਧੀ' ਨੂੰ ਵੱਡੀ ਗਿਣਤੀ ਵਿੱਚ ਦਰਸ਼ਕਾਂ ਦੇ ਸਾਹਮਣੇ ਰਿਲੀਜ਼ ਕੀਤਾ ਗਿਆ। ਫਗਵਾੜਾ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਨਾਲ ਭਰੇ



ਇੱਕ ਆਡੀਟੋਰੀਅਮ ਵਿੱਚ, ਲੋਕ ਗਾਇਕਾਂ, ਗੀਤਕਾਰਾਂ, ਸਿਆਸਤਦਾਨਾਂ ਅਤੇ ਸਾਹਿਤਕਾਰਾਂ ਨੇ ਸਰਬਸੰਮਤੀ ਨਾਲ ਕਿਤਾਬ ਦੇ ਪ੍ਰਕਾਸ਼ਨ ਦੀ ਪ੍ਰਸ਼ੰਸਾ ਕੀਤੀ, ਕਿਹਾ ਕਿ ਕਿਤਾਬ ਦਾ ਪ੍ਰਕਾਸ਼ਨ ਸਾਬਤ ਕਰਦਾ ਹੈ ਕਿ ਕਿਸੇ ਖਾਸ ਸਥਾਨ, ਜਾਤੀ ਜਾਂ ਵਿਅਕਤੀ ਦੇ ਨੇਕ ਕੰਮਾਂ ਨੂੰ ਰਿਕਾਰਡ ਕੀਤੇ ਇਤਿਹਾਸ ਦੁਆਰਾ ਜ਼ਿੰਦਾ ਰੱਖਿਆ ਜਾਂਦਾ ਹੈ।ਇਸ ਮੌਕੇ ਬੋਲਦਿਆਂ ਪ੍ਰੋਫੈਸਰ ਜਸਵੰਤ ਸਿੰਘ ਗੰਡਮ ਨੇ ਕਿਹਾ ਕਿ ਬਾਜ਼ੀਗਰ ਭਾਈਚਾਰੇ ਦੁਆਰਾ ਕੀਤੀਆਂ ਕੁਰਬਾਨੀਆਂ ਦਾ ਵਿਸ਼ੇਸ਼ ਤੌਰ 'ਤੇ ਗੁਰੂ ਗ੍ਰੰਥ ਸਾਹਿਬ ਵਿੱਚ ਜ਼ਿਕਰ ਕੀਤਾ ਗਿਆ ਹੈ, ਜੋ ਕਿ ਇਸ ਭਾਈਚਾਰੇ ਲਈ ਮਾਣ ਵਾਲੀ ਗੱਲ ਹੈ। ਇਹ ਕਿਤਾਬ ਇਸ ਭਾਈਚਾਰੇ ਦੀ ਨਵੀਂ ਪੀੜ੍ਹੀ ਨੂੰ ਇਸਦੇ ਸ਼ਾਨਦਾਰ ਇਤਿਹਾਸ ਨਾਲ ਜੋੜੇਗੀ। ਇਸ ਮੌਕੇ 'ਤੇ ਮੌਜੂਦ ਡਾ. ਯਸ਼ ਚੋਪੜਾ ਨੇ ਲੇਖਕ ਗੁਰਮੀਤ ਪਲਾਹੀ ਦਾ ਲੇਖ ਪੜ੍ਹ ਕੇ ਕਮਲ ਧਰਮਸੋਤ ਦੀ ਜਾਣ-ਪਛਾਣ ਕਰਵਾਈ। ਰਵਿੰਦਰ ਸਿੰਘ ਚੋਟ, ਟੀ.ਡੀ. ਚਾਵਲਾ, ਕੁਲਵਿੰਦਰ ਕੌਰ ਕਾਹਲੋਂ, ਗੁਰਮੁਖ ਲੋਹਾਰ, ਮਲਕੀਤ ਸਿੰਘ ਰਘਬੋਤਰਾ, ਰਮੇਸ਼ ਕੌਲ, ਬੀਰਾ ਰਾਮ ਬਲਜੋਤ, ਖਲਵਾੜਾ ਕਲੋਨੀ ਦੇ ਸਾਬਕਾ ਸਰਪੰਚ ਜਗਜੀਵਨ ਮੁਛਾਲ, ਅਤੇ ਹੋਰਾਂ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ।ਸਮਾਗਮ ਨੂੰ ਮਨੋਰੰਜਕ ਬਣਾਉਣ ਲਈ, ਕਵੀ ਬਲਦੇਵ ਰਾਜ ਕੋਮਲ, ਸ਼ਾਮ ਸਰਗੂੰਦੀ, ਰਵਿੰਦਰ ਸਿੰਘ ਰਾਏ, ਨਿਰਵੈਰ ਸਿੰਘ ਨੰਧਾ, ਪ੍ਰਸਿੱਧ ਗਾਇਕ ਦਲਵਿੰਦਰ ਦਿਆਲਪੁਰੀ, ਨੀਟੂ ਗਰੇਵਾਲ ਪਰਲ, ਬੀਬਾ ਕੁਲਵੰਤ ਅਤੇ ਆਰ.ਐਲ. ਜੱਸੀ ਸਮੇਤ ਹੋਰਨਾਂ ਨੇ ਆਪਣੇ ਆਪਣੇ ਅੰਦਾਜ਼ ਵਿੱਚ ਗੀਤ ਅਤੇ ਕਵਿਤਾਵਾਂ ਗਾਇਨ ਕੀਤੀਆਂ। ਪ੍ਰਧਾਨ ਡਾ. ਜਵਾਹਰ ਧੀਰ ਨੇ ਇਸ ਮਹੱਤਵਪੂਰਨ ਕਿਤਾਬ ਨੂੰ ਰਿਲੀਜ਼ ਕਰਨ ਲਈ ਦੋਆਬਾ ਸਾਹਿਤਕ ਪਲੇਟਫਾਰਮ ਦੀ ਚੋਣ ਕਰਨ ਲਈ ਕਮਲ ਧਰਮਸੋਤ ਦਾ ਧੰਨਵਾਦ ਕੀਤਾ।ਇਸ ਮੌਕੇ ਗੁਰਜੀਤ ਪਾਲ ਵਾਲੀਆ, ਹਨੀ ਧਾਲੀਵਾਲ, ਜੇ ਸਿੰਘ, ਦਰਸ਼ਨ ਲਾਲ ਧਰਮਸੋਤ, ਅਸ਼ੋਕ ਕਮਲ ਧਰਮਸੋਤ, ਨੀਲਮ ਵਦਾਨਾ, ਗੀਤਾ ਵਦਾਨਾ, ਸੰਦੀਪ ਧਰਮਸੋਤ ਬਿੱਲੂ, ਚਰਨਜੀਤ ਧਰਮਸੋਤ, ਬਿੰਦਰ ਵਦਾਨਾ, ਮਹਿੰਦਰ ਪਾਲ ਬਲਜੋਤ, ਆਰ.ਕੇ.ਬਾਂਸਲ ਗਮਨੂ, ਅਵਤਾਰ ਚੰਦ ਅਤੇ ਅਜੈ ਬਾਂਸਲ ਆਦਿ ਵੀ ਹਾਜ਼ਰ ਸਨ।

# ਅਰਪਨ ਲਿਖਾਰੀ ਸਭਾ ਕੈਲਗਰੀ ਦੀ ਮੀਟਿੰਗ ਪਾਸ਼ ਨੂੰ ਸਮਰਪਿਤ



**ਕੈਲਗਰੀ**-ਅਰਪਨ ਲਿਖਾਰੀ ਸਭਾ ਦੀ ਮੀਟਿੰਗ ਪਾਸ਼ ਨੂੰ ਸਮਰਪਿਤ ਕੀਤੀ ਗਈ। ਇਸ ਦੀ ਪ੍ਰਧਾਨਗੀ ਜਰਨੈਲ ਤੱਗੜ ਅਤੇ ਸਟੇਜ ਦੇ ਧਨੀ ਜਸਵੰਤ ਰਾਏ ਸ਼ਰਮਾ ਨੇ ਕੀਤੀ। ਸਕੱਤਰ ਦਰਸ਼ਨ ਸਿੰਘ ਬਰਾੜ ਨੇ ਸਟੇਜ ਦੀਆਂ ਜ਼ਿੰਮੇਵਾਰੀਆਂ ਨਿਭਾਉਂਦਿਆਂ ਸਤੰਬਰ ਮਹੀਨੇ ਦੀਆਂ ਘਟਨਾਵਾਂ ਸਾਂਝੀਆਂ ਕੀਤੀਆਂ। ਸਭਾ ਵੱਲੋਂ ਨੇਪਾਲ ਵਿਚ ਕੁਦਰਤੀ ਆਫ਼ਤ ਨਾਲ ਮਾਰੇ ਗਏ ਲੋਕਾਂ, 9/11 ਦੇ ਹਮਲੇ ਦੌਰਾਨ ਮਾਰੇ ਗਏ ਨਿਰਦੋਸ਼ਾਂ ਨੂੰ ਸ਼ਰਧਾਂਜਲੀ ਦਿੱਤੀ ਗਈ। ਡਾ. ਮਨਮੋਹਨ ਬਾਠ, ਜਤਿੰਦਰ ਸਿੰਘ ਕੈਂਥ, ਗੁਰਚਰਨ ਸਿੰਘ ਹੇਹਰ, ਸਰੂਪ ਸਿੰਘ ਮੰਡੇਰ, ਸੁਖਮੰਦਰ ਗਿੱਲ, ਪ੍ਰਸਿੱਧ ਗੀਤਕਾਰ ਅਲਬੇਲ ਬਰਾੜ, ਉਸਤਾਦ ਗਾਇਕ ਡਾ. ਜੋਗਾ ਸਿੰਘ ਸਿਹੋਤਾ, ਗਾਇਕ ਅਵਤਾਰ ਬਰਾੜ, ਸੁਖਵਿੰਦਰ ਤੂਰ ਅਤੇ ਦਰਸ਼ਨ ਬਰਾੜ ਨੇ ਗੀਤਾਂ ਦੀ ਪੇਸ਼ਕਾਰੀ ਰਾਹੀਂ ਵੰਨ-ਸੁਵੰਨੀ ਗਾਇਕੀ ਦੀ ਮਹਿਕ ਬਿਖੇਰੀ।

ਜਗਦੇਵ ਸਿੱਧੂ ਨੇ ਅਤੇ ਸਤਨਾਮ ਢਾਅ ਨੇ ਅਵਤਾਰ ਪਾਸ਼ ਬਾਰੇ ਬਹੁ-ਪੱਖੀ ਜਾਣਕਾਰੀ ਸਾਂਝੀ ਕਰਦਿਆਂ ਉਸ ਦੀਆਂ ਕਵਿਤਾਵਾਂ ਦਾ ਉਚਾਰਨ ਕਰਕੇ ਇਨਕਲਾਬੀ ਮਾਹੌਲ ਸਿਰਜਿਆ। ਪਰਮਜੀਤ ਭੰਗੂ ਨੇ ਇਨਕਲਾਬੀ ਕਵੀ ਸੰਤ ਰਾਮ ਉਦਾਸੀ ਦੀਆਂ ਕਵਿਤਾਵਾਂ ਦੀਆਂ ਕੁਝ ਸਤਰਾਂ ਸੁਣਾਈਆਂ ਅਤੇ ਪਾਸ਼ ਦੀਆਂ ਯਾਦਾਂ ਨੂੰ ਸਾਂਝਾ ਕੀਤਾ। ਜੀਰ ਸਿੰਘ ਬਰਾੜ ਨੇ ਵੀ ਇਸੇ ਵਿਸ਼ੇ 'ਤੇ ਵਿਚਾਰ ਰੱਖੇ। ਲਖਵਿੰਦਰ ਸਿੱਧੂ, ਸੋਹਣ ਸਿੰਘ ਭੁੱਚੋ, ਮਾਸਟਰ ਹਰਭਜਨ ਸਿੰਘ, ਸਵਰਨ ਸਿੰਘ ਸੰਧੂ, ਪ੍ਰਿੰਸੀਪਲ ਚਰਨਦੀਪ ਕੌਰ, ਮੋਹਨ ਸਿੰਘ ਪਧਰਾਲਾ, ਗੁਰਰਾਜ ਸਿੰਘ ਵਿਰਕ, ਗੁਰਦੀਪ ਧਾਲੀਵਾਲ ਅਤੇ ਜਰਨੈਲ ਤੱਗੜ ਨੇ ਕਵਿਤਾਵਾਂ ਸੁਣਾਈਆਂ।

ਢਾਅ ਨੇ ਸੂਚਨਾ ਦਿੱਤੀ ਕਿ ਅਗਲੀ 10 ਅਕਤੂਬਰ ਨੂੰ ਹੋਣ ਵਾਲੀ ਮੀਟਿੰਗ ਦਰਮਿਆਨ ਸਭਾ ਦੇ ਮੋਢੀ ਮੈਂਬਰ, ਨਾਮਵਰ ਸ਼ਾਇਰ ਕੇਸਰ ਸਿੰਘ ਨੀਰ ਬਾਰੇ ਸ਼ਰਧਾ ਵਿੱਚ ਤਿਆਰ ਕੀਤੇ ਗਏ ਸਿਮਰਤੀ ਗ੍ਰੰਥ ਨੂੰ ਲੋਕ-ਅਰਪਣ ਕਰਨ ਦੀ ਰਸਮ ਕੀਤੀ ਜਾਵੇਗੀ। ਅਖੀਰ ਵਿਚ ਜਰਨੈਲ ਤੱਗੜ ਨੇ ਸਭ ਦਾ ਧੰਨਵਾਦ ਕੀਤਾ ਅਤੇ ਆ ਰਹੇ ਰਿਫਰੈਂਡਮ ਸਮੇਂ ਅਲਬਰਟਾ ਨੂੰ ਕੈਨੇਡਾ ਵਿਚ ਰੱਖਣ ਦੇ ਹੱਕ ਵਿਚ ਵੋਟ ਪਾਉਣ ਦੀ ਜ਼ੋਰਦਾਰ ਅਪੀਲ ਕੀਤੀ।

# ਧਰਮ ਸਿੰਘ ਗੋਰਾਇਆ ਦੀ ਪੁਸਤਕ 'ਰਾਵੀ ਮੇਰੇ ਆਰ ਪਾਰ' ਲੋਕ ਅਰਪਣ



**ਲੁਧਿਆਣਾ**-ਮੈਰੀਲੈਂਡ (ਅਮਰੀਕਾ) ਵਾਸੀ ਧਰਮ ਸਿੰਘ ਗੋਰਾਇਆ ਦੀ ਨਵੀਂ ਵਾਰਤਕ ਪੁਸਤਕ 'ਰਾਵੀ ਮੇਰੇ ਆਰ ਪਾਰ' ਨੂੰ ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਵੱਲੋਂ ਲੋਕ ਅਰਪਣ ਕਰਦਿਆਂ ਅਕਾਡਮੀ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਹੈ ਕਿ ਰਾਵੀ ਦਰਿਆ ਦੇ ਕੰਢੇ ਪਿੰਡ ਰਣਸ਼ੀਂਹ ਕੇ ਮੀਰਾ ਦਾ ਜੰਮਪਲ ਸ. ਗੋਰਾਇਆ ਨੇ ਗੁਰਦਾਸਪੁਰ ਤੋਂ ਗਰੈਜੂਏਸ਼ਨ ਕਰਕੇ ਵੱਡੇ ਵੀਰ ਤੇ ਲੋਕ ਪੱਖੀ ਅਰਥ ਸ਼ਾਸਤਰੀ ਡਾ. ਨਿਰਮਲ ਸਿੰਘ ਆਜ਼ਾਦ ਦੀ ਪ੍ਰੇਰਨਾ ਨਾਲ ਪੰਜਾਬੀ ਯੂਨੀਵਰਸਿਟੀ ਵਿੱਚੋਂ ਪੋਸਟ ਗਰੈਜੂਏਸ਼ਨ ਕਰਨ ਉਪਰੰਤ ਖੋਜੀ ਵਾਰਤਕ ਸਿਰਜਣਾ ਦਾ ਮਾਰਗ ਚੁਣਿਆ ਹੈ। ਇਹ ਸ਼ੁੱਭ ਸ਼ਗਨ ਹੈ ਕਿ ਰਾਵੀ ਦਰਿਆ, ਇਸ ਨਾਲ ਸੰਬੰਧਤ ਪੰਜਾਬੀ ਲੋਕ ਧਾਰਾ ਅਤੇ ਲੋਕ ਨਾਇਕ ਉਸ ਦੇ ਵਿਸ਼ਲੇਸ਼ਣ ਤੇ ਅਧਿਐਨ ਦਾ ਮਨਪਸੰਦ ਵਿਸ਼ਾ ਬਣੇ ਹਨ।ਧਰਮ ਸਿੰਘ ਗੋਰਾਇਆ ਦੀ ਸੱਜਰੀ ਕਿਤਾਬ 'ਰਾਵੀ ਮੇਰੇ ਆਰ ਪਾਰ' ਇੱਕ ਦਮ ਵੇਖਣ ਨੂੰ ਤਾਂ ਏਦਾਂ ਲੱਗਦੀ ਹੈ, ਜਿਵੇਂ ਦਰਿਆ ਰਾਵੀ ਦੇ ਵਹਿਣ ਤੇ ਆਲੇ-ਦੁਆਲੇ ਦੇ ਵਸੇਬ ਬਾਰੇ ਹੋਵੇ, ਪਰ ਇਹ ਉਸ ਤੋਂ ਕਿਤੇ ਵਡੇਰੀ ਅਜ਼ਮਤ ਵਾਲੀ ਹੈ। ਇਸ ਕਿਤਾਬ ਬਾਰੇ ਤ੍ਰੈਲੋਚਨ ਲੋਚੀ, ਸਹਿਜਪ੍ਰੀਤ ਮਾਂਗਟ, ਰਵਿੰਦਰ ਭੱਠਲ ਨੇ ਆਪਣੇ ਵਿਚਾਰ ਪ੍ਰਗਟ ਕੀਤੇ। ਧੰਨਵਾਦ ਦੇ ਸ਼ਬਦ ਬੋਲਦਿਆਂ ਅਮਰੀਕਾ ਤੋਂ ਆਏ ਇਸ ਪੁਸਤਕ ਦੇ ਲੇਖਕ ਸ. ਧਰਮ ਸਿੰਘ ਗੋਰਾਇਆ ਨੇ ਕਿਹਾ ਕਿ ਇਹ ਕਿਤਾਬ ਲਿਖ ਕੇ ਮੈਂ ਰਾਵੀ ਦਰਿਆ ਅਤੇ ਇਸ ਦੇ ਚੌਗਿਰਦੇ ਤੋਂ ਰਿਣ ਮੁਕਤ ਹੋਣ ਦੀ ਕੋਸ਼ਿਸ਼ ਕੀਤੀ ਹੈ। ਮੈਂ ਅਮਰੀਕਾ ਵਿੱਚ ਰਹਿੰਦਿਆਂ ਵੀ ਪੰਜਾਬ ਦੇ ਰਾਵੀ ਖ਼ਿੱਤੇ ਦੇ ਕਣ-ਕਣ ਤੋਂ ਜਾਣੂੰ ਹਾਂ। ਦੇਸ਼ ਵੰਡ ਨੇ ਭਾਵੇਂ ਰਾਵੀ ਨੂੰ ਸਰਹੱਦ ਬਣਾ ਧਰਿਆ, ਪਰ ਮੈਂ ਇਸ ਨੂੰ ਦੋ ਵਤਨਾਂ ਦੇ ਆਰ ਪਾਰ ਲੰਘੀ ਬਰਛੀ ਵਾਂਗ ਵੇਖਣ ਕਰਕੇ ਹੀ ਮਹਿਸੂਸ ਕਰਦਾ ਹਾਂ ਕਿ ਰਾਵੀ ਮੇਰੇ ਆਰ-ਪਾਰ ਵੱਸਦੀ ਹੈ।

# ਕਰਨੈਲ ਸਿੰਘ ਕੈਲ ਦੇ ਕਹਾਣੀ-ਸੰਗ੍ਰਹਿ 'ਸ਼ਗਨਾਂ ਦਾ ਕਾਰਡ' ਦਾ ਲੋਕ-ਅਰਪਣ



**ਕੈਂਟ**- ਰੰਧਾਵਾ ਫਾਊਂਡੇਸ਼ਨ, ਕੈਂਟ ਵਾਸ਼ਿੰਗਟਨ ਵਿਖੇ ਪ੍ਰਸਿੱਧ ਸਾਹਿਤਕਾਰ ਕਰਨੈਲ ਸਿੰਘ ਕੈਲ ਦੇ ਪਲੇਠੇ ਕਹਾਣੀ-ਸੰਗ੍ਰਹਿ 'ਸ਼ਗਨਾਂ ਦਾ ਕਾਰਡ' ਦਾ ਲੋਕ-ਅਰਪਣ ਸਮਾਰੋਹ ਬੜੇ ਹੀ ਉਤਸ਼ਾਹ, ਗੰਭੀਰ ਸਾਹਿਤਕ ਵਿਚਾਰ-ਵਟਾਂਦਰੇ ਅਤੇ ਪਿਆਰ ਭਰੇ ਮਾਹੌਲ ਵਿੱਚ ਕਰਵਾਇਆ ਗਿਆ। ਸਾਹਿਤਕਾਰਾਂ, ਕਵੀਆਂ, ਸਮਾਜਿਕ ਸ਼ਖ਼ਸੀਅਤਾਂ ਅਤੇ ਪੰਜਾਬੀ ਸਾਹਿਤ-ਪ੍ਰੇਮੀਆਂ ਦੀ ਭਰਵੀਂ ਹਾਜ਼ਰੀ ਨੇ ਇਸ ਸਮਾਗਮ ਨੂੰ ਇੱਕ ਯਾਦਗਾਰੀ ਸਾਹਿਤਕ ਮਿਲਣੀ ਦਾ ਰੂਪ ਦੇ ਦਿੱਤਾ।ਸਮਾਗਮ ਦੀ ਵਿਸ਼ੇਸ਼ਤਾ ਇਹ ਰਹੀ ਕਿ ਪੰਜਾਬੀ ਲਿਖਾਰੀ ਸਭਾ ਸਿਆਟਲ ਦੇ ਮੰਚ ਤੋਂ ਸਿਰਫ਼ ਕਿਤਾਬ ਦੀ ਰਿਲੀਜ਼ ਹੀ ਨਹੀਂ ਕੀਤੀ ਗਈ, ਸਗੋਂ ਕਰਨੈਲ ਸਿੰਘ ਕੈਲ ਦੀ ਕਹਾਣੀ-ਕਲਾ, ਸਮਾਜਕ ਚੇਤਨਾ, ਪਰਵਾਸੀ ਜੀਵਨ, ਮਨੁੱਖੀ ਰਿਸ਼ਤਿਆਂ, ਔਰਤ ਦੀ ਸਥਿਤੀ, ਦਾਜ, ਜਾਤ-ਪਾਤ, ਸਮਾਜਕ ਵਿਸੰਗਤੀਆਂ ਅਤੇ ਪੰਜਾਬ ਦੇ ਇਤਿਹਾਸਕ ਤੇ ਸਮਾਜਕ ਦੁੱਖਾਂ ਨਾਲ ਜੁੜੇ ਵੱਖ-ਵੱਖ ਪੱਖਾਂ ਉੱਤੇ ਵੀ ਵਿਸਥਾਰ ਨਾਲ ਵਿਚਾਰ ਸਾਂਝੇ ਕੀਤੇ ਗਏ। ਬੁਲਾਰਿਆਂ ਨੇ ਕਿਹਾ ਕਿ 'ਸ਼ਗਨਾਂ ਦਾ ਕਾਰਡ' ਦੀਆਂ ਕਹਾਣੀਆਂ ਸਿਰਫ਼ ਮਨੋਰੰਜਨ ਨਹੀਂ ਕਰਦੀਆਂ, ਸਗੋਂ ਪਾਠਕ ਨੂੰ ਆਪਣੇ ਸਮਾਜ, ਰਿਸ਼ਤਿਆਂ ਅਤੇ ਮਨੁੱਖੀ ਵਰਤਾਰੇ ਬਾਰੇ ਮੁੜ ਸੋਚਣ ਲਈ ਮਜਬੂਰ ਕਰਦੀਆਂ ਹਨ।ਸਮਾਗਮ ਵਿੱਚ ਨਾਮਵਰ ਸ਼ਖ਼ਸੀਅਤ ਜਗਰੂਪ ਸਿੰਘ ਜਰਖੜ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ।

ਸਮਾਗਮ ਦਾ ਇੱਕ ਹੋਰ ਵਿਸ਼ੇਸ਼ ਆਕਰਸ਼ਣ ਪਰਮਿੰਦਰ ਗਿੱਲ ਦੀ ਲੋਕ-ਰੰਗ ਨਾਲ ਭਰੀ ਪੇਸ਼ਕਾਰੀ ਰਹੀ। ਉਨ੍ਹਾਂ ਨੇ ਤੂੰਬੇ ਦੀ ਟੇਕ ਲੈ ਕੇ ਵਿਸਰਦੇ ਜਾ ਰਹੇ ਪੰਜਾਬੀ ਵਿਰਸੇ ਦੇ ਫੋਕ ਰੰਗਾਂ ਨੂੰ ਜੀਵੰਤ ਅੰਦਾਜ਼ ਵਿੱਚ ਪੇਸ਼ ਕੀਤਾ। ਉਨ੍ਹਾਂ ਦੀ ਇਸ ਪੇਸ਼ਕਾਰੀ ਨੇ ਸਰੋਤਿਆਂ ਨੂੰ ਪੰਜਾਬ ਦੇ ਪੁਰਾਣੇ ਦੌਰ, ਪਿੰਡਾਂ ਦੀ ਸਾਦਗੀ, ਲੋਕ-ਸੱਭਿਆਚਾਰ ਅਤੇ ਰਵਾਇਤੀ ਰੰਗਾਂ ਦੀ ਯਾਦ ਤਾਜ਼ਾ ਕਰਵਾ ਦਿੱਤੀ। ਪਰਮਿੰਦਰ ਗਿੱਲ ਆਪਣੀ ਆਵਾਜ਼, ਅੰਦਾਜ਼ ਅਤੇ ਲੋਕ-ਰੰਗੀ ਪੇਸ਼ਕਾਰੀ ਰਾਹੀਂ ਹਾਜ਼ਰੀਨ ਨੂੰ ਪੁਰਾਤਨ ਪੰਜਾਬ ਦੇ ਮਾਹੌਲ ਨਾਲ ਜੋੜਨ ਵਿੱਚ ਕਾਮਯਾਬ ਰਹੇ ਅਤੇ ਉਨ੍ਹਾਂ ਦੀ ਪੇਸ਼ਕਾਰੀ ਸਮਾਗਮ ਦੀ ਵਿਸ਼ੇਸ਼ ਖਿੱਚ ਦਾ ਕੇਂਦਰ ਬਣੀ।

ਸਮਾਗਮ ਦੌਰਾਨ ਮਨਜੀਤ ਸਿੰਘ ਚਹਿਲ ਅਤੇ ਅਮਰੀਕ ਸਿੰਘ ਰੰਧਾਵਾ ਨੂੰ ਉਨ੍ਹਾਂ ਵਲੋਂ ਪੰਜਾਬੀ ਲਿਖਾਰੀ ਸਭਾ ਸਿਆਟਲ ਦੀਆਂ ਸੇਵਾਵਾਂ ਵਿਚ ਯੋਗਦਾਨ ਪਾਉਣ ਲਈ ਖਾਸ ਤੌਰ 'ਤੇ ਸਨਮਾਨ ਭੇਟ ਕੀਤਾ ਗਿਆ।

ਸਮਾਗਮ ਦੌਰਾਨ ਕਈ ਬੁਲਾਰਿਆਂ ਨੇ ਇਹ ਗੱਲ ਵਿਸ਼ੇਸ਼ ਤੌਰ 'ਤੇ ਉਭਾਰੀ ਕਿ ਕਰਨੈਲ ਸਿੰਘ ਕੈਲ ਨੇ ਆਪਣੇ ਪਹਿਲੇ ਹੀ ਕਹਾਣੀ-ਸੰਗ੍ਰਹਿ ਵਿੱਚ ਜੀਵਨ ਦੇ ਅਨੇਕਾਂ ਸੰਵੇਦਨਸ਼ੀਲ ਪੱਖਾਂ ਨੂੰ ਛੂਹਣ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਦੀਆਂ ਕਹਾਣੀਆਂ ਵਿੱਚ ਪੰਜਾਬ ਵੀ ਹੈ, ਪਰਵਾਸ ਵੀ; ਪਿਆਰ ਵੀ ਹੈ, ਪੀੜ ਵੀ; ਟੁੱਟਦੇ ਰਿਸ਼ਤੇ ਵੀ ਹਨ ਅਤੇ ਮੁੜ ਜੁੜਨ ਦੀ ਆਸ ਵੀ। ਇਹੀ ਵਿਸ਼ਾਲਤਾ 'ਸ਼ਗਨਾਂ ਦਾ ਕਾਰਡ' ਨੂੰ ਇੱਕ ਵਿਲੱਖਣ ਪਛਾਣ ਦਿੰਦੀ ਹੈ।ਅੰਤ ਵਿੱਚ ਕਰਨੈਲ ਸਿੰਘ ਕੈਲ ਨੇ ਸਮਾਗਮ ਵਿੱਚ ਸ਼ਾਮਿਲ ਹੋਏ ਸਾਹਿਤਕਾਰਾਂ, ਬੁਲਾਰਿਆਂ, ਸਰੋਤਿਆਂ ਅਤੇ ਸੱਜਣਾਂ ਦਾ ਧੰਨਵਾਦ ਕੀਤਾ।

# ਸੂਖ਼ਮ ਤਬੀਅਤ ਇਨਸਾਨ ਤੇ ਜ਼ਹੀਨ ਅਦਾਕਾਰ ਸਨ ਅਰੁਣ ਬਾਲੀ

ਵਧੀਆ ਕਲਾਕਾਰ, ਵਧੀਆ ਕਲਮਕਾਰ, ਵਧੀਆ ਚਿੱਤਰਕਾਰ ਤਾਂ ਰਿਆਜ਼/ ਅਭਿਆਸ ਨਾਲ ਬਣਿਆ ਜਾ ਸਕਦਾ ਹੈ, ਪਰ ਵਧੀਆ ਇਨਸਾਨ ਬਣਿਆ ਨਹੀਂ ਜਾ ਸਕਦਾ ਜਾਂ ਤਾਂ ਇਨਸਾਨ ਵਧੀਆ ਹੁੰਦਾ ਹੈ ਜਾਂ ਨਹੀਂ। ਕਿਸੇ ਵੀ ਇਨਸਾਨ ਦਾ ਵਧੀਆ ਹੋਣਾ ਜਾਂ ਨਾ ਹੋਣਾ ਉਸ ਦੇ ਪਰਵਾਰ ਅਤੇ ਆਲੇ-ਦੁਆਲੇ ਦੇ ਮਾਹੌਲ ਅਤੇ ਵਾਤਾਵਰਣ ਉਪਰ ਨਿਰਭਰ ਕਰਦਾ ਹੈ।

ਵਧੀਆ ਇਨਸਾਨ, ਵਧੀਆ ਫ਼ਨਕਾਰ ਤਾਂ ਬਣ ਸਕਦਾ ਹੈ, ਪਰ ਲਾਜ਼ਮੀ ਨਹੀਂ ਵਧੀਆ ਫ਼ਨਕਾਰ ਵਧੀਆ ਇਨਸਾਨ ਵੀ ਹੋਵੇ। ਬਹੁਤ ਘੱਟ ਸ਼ਖ਼ਸ ਹੁੰਦੇ ਹਨ, ਜੋ ਇਨਸਾਨ ਵੀ ਕਮਾਲ ਦੇ ਹੁੰਦੇ ਹਨ ਤੇ ਫ਼ਨਕਾਰ ਵੀ ਲਾਜਵਾਬ। ਅਰੁਣ ਬਾਲੀ ਅਜਿਹੀਆਂ ਹੀ ਸ਼ਖ਼ਸੀਅਤਾਂ ਵਿਚ ਸ਼ੁਮਾਰ ਸਨ, ਜੋ ਇਨਸਾਨ ਅਤੇ ਫ਼ਨਕਾਰ ਉੱਚ-ਪਾਏ ਦੇ ਸਨ।

ਅੱਠ ਦਹਾਕੇ ਪਹਿਲਾਂ ਦਸੰਬਰ 1942 ਵਿਚ ਪੰਜਾਬ ਦੇ ਜਲੰਧਰ ਸ਼ਹਿਰ ਵਿਚ ਜਨਮੇ ਅਰੁਣ ਬਾਲੀ ਹੁਰਾਂ ਚੜ੍ਹਦੀ ਉਮਰੇ ਦਿੱਲੀ ਰਹਿੰਦਿਆਂ ਆਪਣੇ ਰੰਗਮੰਚੀ ਸਫ਼ਰ ਦਾ ਅਗ਼ਾਜ਼ ਆਪਣੇ ਵੱਡੇ ਭਰਾ ਜੋਗਿੰਦਰ ਬਾਲੀ ਹੁਰਾਂ ਦੀ ਹੱਲਾਸ਼ੇਰੀ ਨਾਲ ਓਪੇਰਾ 'ਸੋਹਣੀ ਮਹੀਵਾਲ' ਰਾਹੀਂ ਸੋਹਣੀ ਦੇ ਪਤੀ ਦਾ ਕਿਰਦਾਰ ਨਿਭਾ ਕੇ ਕੀਤਾ ਅਤੇ ਕਈ ਨਾਟ-ਮੰਡਲੀਆਂ ਅਤੇ ਉਸ ਸਮੇਂ ਦੇ ਚਰਚਿਤ ਅਤੇ ਮਸ਼ਹੂਰ ਨਿਰਦੇਸ਼ਕਾਂ ਨਾਲ ਅਨੇਕਾਂ ਨਾਟਕਾਂ ਵਿਚ ਭਾਂਤ-ਭਾਂਤ ਦੇ ਕਿਰਦਾਰ ਮੰਚ 'ਤੇ ਜੀਵੰਤ ਵੀ ਕੀਤੇ ਅਤੇ ਨੈਸ਼ਨਲ ਸਕੂਲ ਆਫ ਡਰਾਮਾ ਤੋਂ ਅਭਿਨੈ ਦੀਆਂ ਬਾਰੀਕੀਆਂ ਅਤੇ ਰੰਗਮੰਚ ਦੀਆਂ ਹੋਰ ਤਕਨੀਕਾਂ ਦੀ ਸਿਖਲਾਈ ਵੀ ਲਈ, ਪਰ ਗਾਇਕੀ ਅਰੁਣ ਜੀ ਦਾ ਪਹਿਲਾ ਸ਼ੌਕ ਸੀ।

ਰੰਗਮੰਚ ਤਾਂ ਵੈਸੇ ਵੀ ਮਨੁੱਖ ਨੂੰ ਮਨੁੱਖ ਬਣਨ ਦੇ ਰਾਹ ਤੋਰਦਾ ਹੈ। ਜ਼ਿੰਦਗੀ ਦੇ ਬਿਖੜੇ ਰਾਹਾਂ 'ਤੇ ਅਡੋਲ ਤੁਰਨ ਦਾ ਵੱਲ ਸਿਖਾਉਂਦਾ ਹੈ। ਰੰਗਮੰਚ ਜਿੱਥੇ ਆਮ ਤੌਰ 'ਤੇ ਸਮਾਜ ਨੂੰ ਅਸਰਅੰਦਾਜ਼ ਕਰਦਾ ਹੈ, ਉਥੇ ਖਾਸ ਤੌਰ 'ਤੇ ਰੰਗਮੰਚ ਨਾਲ ਸਿੱਧਾ ਸੰਬੰਧ ਰੱਖਣ ਵਾਲੇ ਰੰਗਕਰਮੀਆਂ ਨੂੰ ਵੀ ਪ੍ਰਭਾਵਤ ਕਰਦਾ ਹੈ। ਉਨ੍ਹਾਂ ਦੇ ਵਿਅਕਤੀਤਵ ਵਿਚ ਖ਼ਾਸ ਕਿਸਮ ਦੀ ਤਬਦੀਲੀ ਅਤੇ ਸਵੈ-ਭਰੋਸਾ ਪੈਦਾ ਕਰਨ ਵਿਚ ਵੀ ਰੰਗਮੰਚ ਅਹਿਮ ਭੂਮਿਕਾ ਅਦਾ ਕਰਦਾ ਹੈ। ਸੰਸਾਰ ਦੇ ਪ੍ਰਸਿੱਧ ਨਾਟਕਕਾਰ ਵਿਲੀਅਮ ਸ਼ੈਕਸਪੀਅਰ ਨੇ ਤਾਂ ਇਸ ਦੁਨੀਆਂ ਦੀ ਤੁਲਨਾ ਰੰਗਮੰਚ ਨਾਲ ਕੀਤੀ ਹੈ ਅਤੇ ਇਨਸਾਨ ਨੂੰ ਅਭਿਨੇਤਾ ਕਿਹਾ ਹੈ।

ਬੱਤੀ ਸਾਲ ਪਹਿਲਾਂ 1990 ਵਿਚ ਵੱਡੇ ਅਤੇ ਛੋਟੇ ਪਰਦੇ ਉਪਰ ਵੱਡੇ-ਛੋਟੇ ਤਰ੍ਹਾਂ-ਤਰ੍ਹਾਂ ਕਿਰਦਾਰ ਨਿਭਾਉਣੇ ਸ਼ੁਰੂ ਕਰਕੇ ਆਪਣੇ ਆਖਰੀ ਦਮ ਤੱਕ ਫਿਲਮਾਂ ਅਤੇ ਟੀ ਵੀ ਸੀਰੀਅਲਾਂ ਵਿਚ ਮਸ਼ਰੂਫ਼ ਰਹੇ ਅਰੁਣ ਬਾਲੀ ਅਕਤੂਬਰ 2022 ਵਿਚ ਰਿਲੀਜ਼ ਹੋਈ ਆਪਣੀ ਆਖਰੀ ਫਿਲਮ 'ਗੁਡਬਾਏ' ਰਾਹੀਂ ਜ਼ਿੰਦਗੀ ਅਤੇ ਅਦਾਕਾਰੀ ਨੂੰ ਸਦਾ ਲਈ 'ਗੁਡਬਾਏ' ਕਹਿ ਗਏ।

ਅਰੁਣ ਬਾਲੀ ਵੱਡੇ ਸੁਨਹਿਰੀ ਪਰਦੇ ਉਪਰ 'ਸੌਗੰਧ', 'ਯਲਗਾਰ', 'ਰਾਜੂ ਬਣ ਗਿਆ ਜੈਂਟਲਮੈਨ', 'ਹੀਰ ਰਾਂਝਾਂ', 'ਖਲਨਾਇਕ', 'ਫੂਲ ਅੰਗਾਰੇ', 'ਕਾਇਦਾ ਕਾਨੂੰਨ', 'ਸੱਤਿਆ', 'ਹੇ ਰਾਮ', 'ਲਾਡੋ', 'ਆਂਖੇਂ', 'ਲਗੇ ਰਹੋ ਮੁੰਨਾ ਭਾਈ', '3-ਇੰਡੀਅਟਸ', 'ਬਰਫ਼ੀ', 'ਓ ਮਾਈ ਗੌਡ', 'ਮਨਰਜ਼ੀਆਂ', 'ਕੇਦਾਰ ਨਾਥ', 'ਪਾਣੀਪਤ' ਅਤੇ 'ਲਾਲ ਸਿੰਘ ਚੱਢਾ' ਸਮੇਤ 40 ਦੇ ਕਰੀਬ ਫਿਲਮਾਂ ਵਿਚ ਨਜ਼ਰ ਆਏ।

ਛੋਟੇ ਪਰਦੇ ਉਪਰ ਉਹ 'ਦੂਸਰਾ ਕੇਵਲ', ਫਿਰ ਵਹੀ ਤਲਾਸ਼, 'ਨੀਮ ਕਾ ਪੇੜ', ਦਸਤੂਰ, 'ਦਿਲ ਦਰਿਆ' 'ਚਾਕਣਯ', 'ਦੇਖ ਭਾਈ ਦੇਖ', 'ਸ਼ਕਤੀਮਾਨ', 'ਸਵਾਭਿਮਾਨ', 'ਆਹਤ', 'ਚਮਤਕਾਰ', 'ਅਮਰਪਾਲੀ', 'ਕੁਮਕੁਮ', 'ਮਾਯਕਾ', 'ਮਰਿਯਾਦਾ', 'ਆਈ ਲਵ ਮਾਈ ਇੰਡੀਆ' ਸਮੇਤ 25 ਦੇ ਕਰੀਬ ਟੀ ਵੀ ਸੀਰੀਅਲਾਂ ਵਿਚ ਵੰਨ-ਸੁਵੰਨੇ ਕਿਰਦਾਰਾਂ ਵਿਚ ਨਜ਼ਰੀਂ ਆਏ।

ਅਰੁਣ ਹੁਰਾਂ ਦੀ ਪਹਿਲੀ ਪੰਜਾਬੀ ਫਿਲਮ 'ਵਿਸਾਖੀ' ਸੀ। ਉਨ੍ਹਾ 'ਪੰਜਾਬ 1984', 'ਸਤਿ ਸ੍ਰੀ ਅਕਾਲ', 'ਮੁੰਡੇ ਯੂ ਕੇ ਦੇ' ਸਮੇਤ ਕਈ ਪੰਜਾਬੀ ਫਿਲਮਾਂ ਵੀ ਕੀਤੀਆਂ। ਪੰਜਾਬੀ ਫਿਲਮਾਂ ਬਾਰੇ ਉਨ੍ਹਾ ਦੀ ਰਾਏ ਪੁੱਛਣ 'ਤੇ ਉਹ ਪੰਜਾਬੀ ਦੇ ਮੁਹਾਵਰੇ 'ਆਪੇ ਮੈਂ ਰੱਜੀ-ਪੁੱਜੀ, ਆਪੇ ਮੇਰੇ ਬੱਚੇ ਜੀਣ' ਦੀ ਵਰਤੋਂ ਕਰਿਆ ਕਰਦੇ ਸਨ। ਉਨ੍ਹਾ ਦਾ ਮੰਨਣਾ ਸੀ ਕਿ ਪੰਜਾਬੀ ਫਿਲਮਾਂ ਵਿਚ ਭੇਡ-ਚਾਲ ਹੈ, ਵੰਨ-ਸੁਵੰਨਤਾ ਬਿਲਕੁੱਲ ਵੀ ਨਹੀਂ। ਪੰਜਾਬੀ ਫਿਲਮਾਂ ਦੇ ਨਿਰਮਾਤਾ ਅਤੇ ਨਿਰਦੇਸ਼ਕ ਕਦੇ ਜੱਟਾਂ ਦੇ ਮਗਰ ਪੈ ਜਾਣਗੇ, ਕਦੇ ਚੁਟਕਲੇਬਾਜ਼ੀ ਦੇ ਤੇ ਕਦੇ ਵਿਆਹ-ਸ਼ਾਦੀਆਂ ਦੇ। ਅਰੁਣ ਹੁਰਾਂ ਨੂੰ ਇਸ ਗੱਲ ਦਾ ਮਲਾਲ ਹਮੇਸ਼ਾ ਰਿਹਾ ਕਿ ਕੀ ਵਜ੍ਹਾ ਹੈ ਸਾਊਥ ਦੀਆਂ ਫਿਲਮਾਂ ਵਾਂਗ ਪੰਜਾਬੀ ਫਿਲਮਾਂ ਦਾ ਹਿੰਦੀ ਰੀਮੇਕ ਕਦੇ ਕਿਉਂ ਨਹੀਂ ਬਣਿਆਂ ਤੇ ਫੇਰ ਆਪੇ ਕਹਿੰਦੇ, ਸ਼ਾਇਦ ਪੰਜਾਬੀ ਫਿਲਮਾਂ ਦਾ ਪੱਧਰ ਸਾਊਥ ਦੀਆਂ ਫਿਲਮਾਂ ਵਰਗ ਨਾ ਹੋਣ ਕਰਕੇ।

ਉਹ ਕਿਹਾ ਕਰਦੇ ਸਨ, 'ਐਕਟਰ ਦੀ ਪੇਸ਼ਕਾਰੀ ਨਿਰਦੇਸ਼ਕ ਦੀ ਸੂਝ-ਸਮਝ ਉਪਰ ਨਿਰਭਰ ਕਰਦੀ ਹੈ।' ਉਹ ਕਹਿੰਦੇ, 'ਐਕਟਰ ਗਿੱਲੀ ਮਿੱਟੀ ਵਾਂਗ ਹੁੰਦਾ ਹੈ। ਚੰਗਾ ਬਰਤਨ ਘਾੜਾ ਉਸੇ ਮਿੱਟੀ ਵਿਚੋਂ ਇਕ ਵਧੀਆ ਅਤੇ ਟੁਣਕਦਾ ਭਾਂਡਾ ਵੀ ਬਣਾ ਸਕਦਾ ਹੈ ਅਤੇ ਅਨਾੜੀ ਵਿੰਗਾ-ਟੇਡਾ ਬਰਤਨ ਬਣਾ ਵੀ ਧਰਦਾ ਹੈ। ਇਸੇ ਤਰ੍ਹਾਂ ਇਕ ਸੁਲਝਿਆ ਹੋਇਆ ਅਤੇ ਸਿਆਣਾ ਨਿਰਦੇਸ਼ਕ ਔਸਤ ਪੱਧਰ ਦੇ ਐਕਟਰ ਤੋਂ ਕਮਾਲ ਦਾ ਕੰਮ ਵੀ ਲੈ ਸਕਦਾ ਹੈ ਅਤੇ ਇਕ ਅਨਾੜੀ ਨਿਰਦੇਸ਼ਕ ਕਮਾਲ ਦੇ ਐਕਟਰ ਨੂੰ ਰੋਲ ਵੀ ਸਕਦਾ ਹੈ।'

ਕਲਾ ਦੇ ਕਿਸੇ ਵੀ ਖੇਤਰ ਵਿਚ ਨਾਮਣਾ ਖੱਟਣ ਤੋਂ ਬਾਅਦ ਤਕਰੀਬਨ ਹਰ ਇਨਸਾਨ ਆਪਣੇ ਆਪ ਨੂੰ ਆਮ ਲੋਕਾਂ ਤੋਂ ਉਪਰ ਸਮਝਣ ਲੱਗ ਜਾਂਦਾ ਹੈ। ਅਕਸਰ ਆਪਣੀਆਂ ਘਰੇਲੂ ਜ਼ੁੰਮੇਵਾਰੀਆਂ ਤੋਂ ਟਾਲਾ ਵੱਟ ਲੈਂਦਾ ਹੈ, ਪਰ ਸ਼ੋਹਰਤ ਦੀਆਂ ਬੁਲੰਦੀਆਂ ਛੂਹਣ ਦੇ ਬਾਅਦ ਵੀ ਅਰੁਣ ਹੁਰਾਂ ਦੇ ਪੈਰ ਹਮੇਸ਼ਾ ਜ਼ਮੀਨ ਉਪਰ ਟਿਕੇ ਰਹੇ। ਆਪਣੇ ਪਰਵਾਰ ਅਤੇ ਸਾਕ-ਸੰਬੰਧੀਆਂ ਵੱਲ ਆਪਣੇ ਫਰਜ਼ ਪਹਿਲ ਦੇ ਅਧਾਰ 'ਤੇ ਪੂਰੇ ਕਰਦੇ। ਇਕ ਭਰੇ-ਪੂਰੇ ਪਰਵਾਰ ਵਿਚ ਪੈਦਾ ਹੋਏ ਅਰੁਣ ਬਾਲੀ ਆਪਣੀ ਸ਼ਖ਼ਸੀਅਤ ਉਪਰ ਆਪਣੀ ਮਾਂ ਦਾ ਪ੍ਰਭਾਵ ਵਧੇਰੇ ਮੰਨਦੇ ਸਨ। ਉਹ ਕਹਿੰਦੇ, 'ਅੱਜ ਮੈਂ ਜੋ ਵੀ ਹਾਂ, ਆਪਣੀ ਮਾਂ ਦੀ ਰਹਿਨੁਮਾਈ ਅਤੇ ਅਸ਼ੀਰਵਾਦ ਸਦਕਾ ਹਾਂ।' ਉਨ੍ਹਾ ਰੋਟੀ-ਰੋਜ਼ੀ ਖਾਤਰ ਪੰਜਾਬ, ਯੂ ਪੀ, ਹਰਿਆਣਾ ਅਤੇ ਰਾਜਸਥਾਨ ਵਿਚ ਬ੍ਰਿਟਾਨੀਆ ਦੇ ਬਿਸਕੁਟ ਵੀ ਵੇਚੇ।

ਛੋਟੇ-ਵੱਡੇ ਪਰਦੇ ਉਪਰ ਤਕਰੀਬਨ ਸਿੱਖ ਕਿਰਦਾਰ ਵਿਚ ਨਜ਼ਰ ਆਉਣ ਵਾਲੇ ਅਰੁਣ ਬਾਲੀ ਕਹਿੰਦੇ, ਬੇਸ਼ੱਕ ਮੇਰਾ ਜਨਮ ਬ੍ਰਾਹਮਣ ਹਿੰਦੂ ਪਪਵਾਰ ਵਿਚ ਹੋਇਆ, ਪਰ ਮੈਂ ਵਿਚਰਿਆਂ ਸਿੱਖ ਮਾਹੌਲ ਵਿਚ ਹਾਂ। ਮੇਰੀ ਮਿੱਤਰ-ਮੰਡਲੀ ਵਿਚ ਸਰਦਾਰ ਹੀ ਜ਼ਿਆਦਾ ਸਨ। ਦਾੜ੍ਹੀ ਮੈਂ ਹਮੇਸ਼ਾ ਹੀ ਰੱਖੀ। ਜਦ ਕਦੇ ਮੈਂ ਪੱਗ ਬੰਨ੍ਹਣੀ ਤਾਂ ਸਭ ਨੇ ਕਹਿਣਾ, 'ਅਰੁਣ ਤੂੰ ਯਾਰ ਪੱਗ ਬੰਨ੍ਹਿਆ ਕਰ, ਤੇਰੇ ਫੱਬਦੀ ਬਹੁਤ ਹੈ। ਫਿਲਮਾਂ ਤੇ ਟੀ ਵੀ ਸੀਰੀਅਲਾਂ ਵਿਚ ਵੀ ਮੈਨੂੰ ਸਿੱਖ ਕਿਰਦਾਰਾਂ ਦੀ ਪੇਸ਼ਕਸ਼ ਹੋਣ ਲੱਗ ਪਈ। ਮੇਰੀ ਛਵੀ ਵੀ ਸਿੱਖ ਐਕਟਰ ਦੀ ਬਣ ਗਈ। ਇਹ ਨਹੀਂ ਕਿ ਮੈਂ ਸਿੱਖ ਕਿਰਦਾਰ ਹੀ ਕੀਤੇ, ਮੈਨੂੰ ਫਿਲਮਕਾਰਾਂ ਨੇ ਬਿਨਾਂ ਪੱਗ ਤੇ ਦਾਹੜੀ ਤੋਂ ਵੀ ਪਰਦੇ ਉਪਰ ਪੇਸ਼ ਕੀਤਾ, ਪਰ ਮੈਨੂੰ ਸਿੱਖ ਐਕਟਰ ਦੇ ਤੌਰ 'ਤੇ ਪਛਾਣੇ ਜਾਣ ਦਾ ਮਾਣ ਵੀ ਮਹਿਸੂਸ ਹੁੰਦਾ ਤੇ ਸਕੂਨ ਵੀ ਮਿਲਦਾ।

ਅਰੁਣ ਬਾਲੀ ਨੂੰ ਸਿਰਫ਼ ਗਾਇਕੀ ਤੇ ਸਾਹਿਤ ਦਾ ਸ਼ੌਕ ਹੀ ਨਹੀਂ ਸੀ, ਉਨ੍ਹਾ ਇਕ ਪੁਸਤਕ 'ਮੈਂ ਤੇ ਮੇਰੀਆਂ ਤੁੱਕਬੰਦੀਆਂ' ਵੀ ਪਾਠਕਾਂ ਦੀ ਨਜ਼ਰ ਕੀਤੀ। ਉਨ੍ਹਾ ਕਿਤਾਬ ਲਿਖੇ ਜਾਣ ਦੀ ਵਜ੍ਹਾ ਦੱਸਦੇ ਕਿਹਾ, 'ਮੇਰੇ ਇਕ ਮਿੱਤਰ ਨੇ ਮੈਨੂੰ ਸਵੇਰ ਦੀ ਸੈਰ ਦੇ ਫਾਇਦੇ ਦੱਸਦੇ ਸੈਰ ਕਰਨ ਦੀ ਸਲਾਹ ਹੀ ਨਹੀਂ ਦਿੱਤੀ, ਬਲਿਕ ਧੱਕੇ ਨਾਲ ਮੈਨੂੰ ਆਪਣੇ ਨਾਲ ਲੈ ਵੀ ਜਾਣ ਲੱਗ ਗਿਆ। ਸੈਰ ਕਰਦੇ ਸਮੇਂ ਅਸੀਂ ਤੁਕਬੰਦੀ ਰਾਹੀਂ ਗੱਲਾਂ ਕਰਦੇ। ਮੈਂ ਘਰ ਆ ਕੇ ਸਾਰੀ ਤੁੱਕਬੰਦੀ ਨੋਟ ਕਰ ਲੈਂਦਾ। ਇਸ ਤਰ੍ਹਾਂ ਇਹ ਤੁਕਬੰਦੀਆਂ ਕਿਤਾਬ ਦੀ ਸ਼ਕਲ ਅਖ਼ਤਿਆਰ ਕਰ ਗਈਆਂ।'

ਵੈਸੇ ਤਾਂ ਕਿਸੇ ਵੀ ਵਿਆਕਤੀ ਦਾ ਵਿਛੋੜਾ ਉਸ ਦੇ ਨੇੜਲਿਆਂ ਲਈ ਦੁੱਖਦਾਈ ਹੁੰਦਾ ਹੈ, ਪਰ ਅਰੁਣ ਬਾਲੀ ਵਰਗੇ ਸੂਖ਼ਮ ਤਬੀਅਤ ਇਨਸਾਨ ਅਤੇ ਰੰਗਮੰਚ, ਫਿਲਮਾਂ ਤੇ ਟੀ ਵੀ ਦੇ ਜ਼ਹੀਨ ਅਦਾਕਾਰ ਦੀ ਘਾਟ ਉਨ੍ਹਾ ਦੇ ਪਰਵਾਰ, ਮਿੱਤਰਾਂ, ਸਹਿ-ਕਰਮੀਆਂ ਅਤੇ ਪ੍ਰਸ਼ੰਸਕਾਂ ਲਈ ਹਮੇਸ਼ਾ ਰਹੇਗੀ।

ਅਰੁਣ ਬਾਲੀ ਆਪਣੀ ਬੇਹਤਰੀਨ ਅਦਾਕਾਰੀ ਰਾਹੀਂ ਸਾਡੇ ਚੇਤਿਆਂ ਵਿਚ ਹਮੇਸ਼ਾ ਜ਼ਿੰਦਾ ਰਹਿਣਗੇ।

**— ਸੰਜੀਵਨ ਸਿੰਘ**
**ਸੰਪਰਕ 941974-60656**

# ਸਾਹਿਤ ਸਿਰਜਣਾ ਮੰਚ ਵੱਲੋਂ 'ਧਰਤ ਪਿਆਸੀ' 'ਤੇ ਗੋਸ਼ਟੀ ਅੱਜ



**ਬਠਿੰਡਾ** : ਬਠਿੰਡਾ ਸਾਹਿਤ ਸਿਰਜਣਾ ਮੰਚ (ਰਜਿ.) ਬਠਿੰਡਾ ਵੱਲੋਂ ਇੱਕ ਵਿਸ਼ੇਸ਼ ਇਕੱਤਰਤਾ ਮੰਚ ਦੇ ਪ੍ਰਧਾਨ ਸੁਰਿੰਦਰਪ੍ਰੀਤ ਘਣੀਆਂ ਦੀ ਪ੍ਰਧਾਨਗੀ ਤਹਿਤ ਇਥੋਂ ਦੇ ਟੀਚਰਜ਼ ਹੋਮ ਵਿਖੇ ਹੋਈ। ਮੀਟਿੰਗ ਦੇ ਆਰੰਭ ਵਿੱਚ ਨਵਾਂ ਜ਼ਮਾਨਾ ਅਖ਼ਬਾਰ ਦੇ ਲੰਬਾ ਸਮਾਂ ਸਮਾਚਾਰ ਸੰਪਾਦਕ ਵਜੋਂ ਸੇਵਾਵਾਂ ਦੇਣ ਵਾਲੇ ਅਤੇ ਖੱਬੀ ਵਿਚਾਰਧਾਰਾ ਨੂੰ ਅਮਲ ਵਿੱਚ ਲਿਆਉਣ ਵਾਲੇ ਕਾਰਜਾਂ ਨੂੰ ਹੁਲਾਰਾ ਦੇਣ ਵਾਲੇ ਚੰਦ ਫਤਿਹਪੁਰੀ ਦੇ ਅਕਾਲ ਚਲਾਣੇ ਤੇ ਉਹਨਾਂ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਦੋ ਮਿੰਟ ਦਾ ਮੌਨ ਧਾਰਨ ਕੀਤਾ ਗਿਆ।ਇਸ ਮੀਟਿੰਗ ਦੌਰਾਨ ਮੰਚ ਵੱਲੋਂ ਅੱਜ ਸਵੇਰੇ 10 ਵਜੇ ਪ੍ਰਸਿੱਧ ਰੁਬਾਈਕਾਰ ਸੁਖਦਰਸ਼ਨ ਗਰਗ ਦੀ ਪੁਸਤਕ 'ਧਰਤ ਪਿਆਸੀ' ਉਪਰ ਟੀਚਰਜ਼ ਹੋਮ ਵਿਖੇ ਕਰਵਾਈ ਜਾਣ ਵਾਲੀ ਵਿਚਾਰ ਗੋਸ਼ਟੀ ਕਾਰਵਾਈ ਜਾਵੇਗੀ।ਜ਼ਿਕਰਯੋਗ ਹੈ ਕਿ ਇਸ ਗੋਸ਼ਟੀ, ਸਮਾਗਮ ਦੀ ਪ੍ਰਧਾਨਗੀ ਸ੍ਰੀ ਜਸਵੰਤ ਜ਼ਫ਼ਰ ਕਰਨਗੇ। ਪੁਸਤਕ ਉਪਰ ਪ੍ਰਸਿੱਧ ਚਿੰਤਕ ਪ੍ਰੋ. ਤਰਸੇਮ ਨਰੂਲਾ ਅਤੇ ਹੋਣਹਾਰ ਅਲੋਚਕ ਪ੍ਰੋ. ਜਸਕਰਨ ਸਿੰਘ ਖੋਜ ਪੇਪਰ ਪੜ੍ਹਨਗੇ। ਇਸ ਉਪਰੰਤ ਇੱਕ ਵਿਸ਼ਾਲ ਕਵੀ ਦਰਬਾਰ ਵੀ ਹੋਵੇਗਾ।

# ਪੰਜਾਬੀ ਸੱਭਿਆਚਾਰ ਮੰਚ ਨੇ ਸ਼ਹੀਦ ਊਧਮ ਸਿੰਘ ਦੇ ਸਨਮਾਨ ਵਿੱਚ ਸਮਾਗਮ ਕਰਾਇਆ

**ਬਰੈਂਪਟਨ** : ਬ੍ਰੈਂਪਟਨ ਦੇ ਕਨੇਡੀ ਰੋਡ 'ਤੇ ਸਥਿਤ ਵਿਸ਼ਵ ਪੰਜਾਬੀ ਭਵਨ ਵਿਖੇ ਸ਼ਹੀਦ ਊਧਮ ਸਿੰਘ ਦੀ ਜੀਵਨੀ ਸੰਬੰਧੀ ਅਤੇ ਉਸ ਦੇ ਕੀਤੇ ਸੂਰਮਗਤੀ ਵਾਲੇ ਕਾਰਨਾਮਿਆਂ 'ਤੇ ਸਮਾਗਮ ਕਰਾਇਆ। ਤਿੰਨ ਘੰਟੇ ਚੱਲੇ ਸਮਾਗਮ ਵਿੱਚ ਬੁਲਾਰਿਆਂ ਨੂੰ ਬੜੀ ਗੰਭੀਰਤਾ ਨਾਲ ਸੁਣਿਆ । ਬਲਦੇਵ ਸਿੰਘ ਸਹਿਦੇਵ, ਵਰਿਆਮ ਸਿੰਘ ਸੰਧੂ, ਡੀ ਪੀ ਮੌੜ, ਕਾਮਰੇਡ ਸੁਖਦੇਵ ਸਿੰਘ, ਜਗਜੀਤ ਸਿੰਘ ਜੋਗਾ, ਜਗੀਰ ਸਿੰਘ ਕਾਹਲੋਂ ਨੂੰ ਪ੍ਰਧਾਨਗੀ ਮੰਡਲ ਵਿੱਚ ਸੁਸ਼ੋਭਿਤ ਹੋਣ ਲਈ ਬੇਨਤੀ ਕੀਤੀ।ਪ੍ਰਧਾਨ ਦੀ ਆਗਿਆ ਨਾਲ ਸਟੇਜ ਦੀ ਕਾਰਵਾਈ ਸ਼ੁਰੂ ਕੀਤੀ ਗਈ। ਸਟੇਜ ਸਕੱਤਰ ਨੇ ਵਾਰੀ-ਵਾਰੀ ਮਾਈਕ 'ਤੇ ਆਪਣੇ ਵਿਚਾਰ ਰੱਖਣ ਲਈ ਬੇਨਤੀ ਕੀਤੀ । ਹਰ ਬੁਲਾਰੇ ਨੇ ਸ਼ਹੀਦ ਊਧਮ ਸਿੰਘ ਦੀ ਕੁਰਬਾਨੀ ਅਤੇ ਉਸ ਦੇ ਭਾਰਤ ਦੀ ਅਜ਼ਾਦੀ ਦੇ ਅੰਦੋਲਨ ਵਿੱਚ ਪਾਏ ਯੋਗਦਾਨ ਬਾਰੇ ਆਪਣੇ-ਆਪਣੇ ਨਜ਼ਰੀਏ ਤੋਂ ਵਿਚਾਰ ਸਾਂਝੇ ਕੀਤੇ। ਵਰਿਆਮ ਸਿੰਘ ਸੰਧੂ ਨੇ ਬੜੇ ਰੌਚਕ ਢੰਗ ਨਾਲ ਊਧਮ ਸਿੰਘ ਬਾਰੇ ਫੈਲਾਈਆਂ ਗਲਤ ਧਾਰਨਾਵਾਂ ਦਾ ਖੰਡਨ ਕੀਤਾ। ਜਗਜੀਤ ਸਿੰਘ ਜੋਗਾ, ਪ੍ਰੋ. ਡੀ ਪੀ ਮੌੜ, ਜਰਨੈਲ ਸਿੰਘ ਅੱਚਰਵਾਲ, ਜਗੀਰ ਸਿੰਘ ਕਾਹਲੋਂ, ਪ੍ਰਮਿੰਦਰ ਸਿੰਘ ਗਦਰੀ ਨੇ ਆਪਣੇ ਵਿਚਾਰ ਸਾਂਝੇ ਕੀਤੇ। ਅੰਤ ਵਿੱਚ ਕਾਮਰੇਡ ਸੁਖਦੇਵ ਸਿੰਘ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਹਰਚੰਦ ਸਿੰਘ ਬਾਸੀ ਨੇ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਨਿਭਾਈ ।

# ਪਾਠਕਾਂ ਦੇ ਝਰੋਖੇ 'ਚੋਂ

## ਬਾਜਵਾ ਦਾ ਸ਼ਬਦ ਚਿੱਤਰ

20 ਸਤੰਬਰ ਦੇ ਐਤਵਾਰਤਾ ਵਿਚ ਵਿਛੜੇ ਕਲਾਕਾਰ ਸ਼ਾਇਰ ਤੇ ਪ੍ਰੈੱਸ ਫੋਟੋਗਰਾਫਰ ਹਰਭਜਨ ਸਿੰਘ ਬਾਜਵਾ ਦੇ ਸਦੀਵੀ ਵਿਛੋੜੇ 'ਤੇ ਤਰਸੇਮ ਸਿੰਘ ਭੰਗੂ ਨੇ ਬਾਬਾ ਬਾਜਵਾ ਦਾ ਸ਼ਬਦ ਚਿੱਤਰ ਬਹੁਤ ਦਿਲਚਸਪ ਤੇ ਉਤਮ ਸ਼ੈਲੀ ਵਿਚ ਲਿਖਿਆ ।ਬਾਬਾ ਬਾਜਵਾ ਫੱਕਰ ਕਿਸਮ ਦਾ ਬੰਦਾ ਸੀ ।ਉਹ ਕਿਸੇ ਅੱਗੇ ਛੇਤੀ ਕਿਤੇ ਝੁਕਦਾ ਨਹੀਂ ਸੀ। ਜ਼ੁਬਾਨ ਦਾ ਸਾਫ ਤੇ ਪਾਰਦਰਸ਼ੀ ਸੀ। ਮਹਿਫ਼ਲ ਲੁੱਟ ਲਿਆ ਕਰਦਾ ਸੀ। ਸ਼ਬਦ ਚਿੱਤਰ ਪੜ੍ਹ ਕੇ ਇੰਜ ਲੱਗਾ ਕਿ ਬਾਜਵਾ ਕਿਤੇ ਨਹੀ ਗਿਆ, ਸਾਡੇ ਸਾਹਮਣੇ ਬੈਠਾ ਗੱਲਾਂ ਕਰਦਾ ਹੋਵੇ ।ਲੇਖਕ ਦੀ ਬਾਜਵਾ ਨਾਲ ਆਪਣਿਆਂ ਜਿਹੀ ਨੇੜਤਾ ਸੀ। ਦਵਿੰਦਰ ਦੀਦਾਰ ਕਿਰਪਾਲ ਸਿੰਘ ਯੋਗੀ ਤੇ ਕੁਝ ਸਾਹਿਤਕਾਰ ਮਾਝੇ ਦੇ ਸਾਹਿਤਕ ਜਰਨੈਲ ਹਨ। ਵੱਡੇ ਕਹਾਣੀਕਾਰ ਕਰਤਾਰ ਸਿੰਘ ਦੁੱਗਲ ਨਾਲ ਬਾਜਵਾ ਦੀ ਤਸਵੀਰ ਯਾਦਗਾਰੀ ਹੈ। ਗੁਰਬਖਸ਼ ਸਿੰਘ ਭੰਡਾਲ ਦਾ ਸਧਾਰਨ ਪੇਂਡੂ ਔਰਤ 'ਚਾਚੀ ਦੀਪੋ' ਦਾ ਸ਼ਬਦ ਚਿੱਤਰ ਉੱਚ ਪੱਧਰ ਦਾ ਹੈ। ਇਹੋ ਜਿਹੇ ਪਾਤਰ ਜਿਸ ਥਾਂ 'ਤੇ ਹੋਣ, ਰੌਣਕ ਲਾਈ ਰੱਖਦੇ ਹਨ ।ਪਿੰਡਾ 'ਚ ਇਹ ਆਮ ਮਿਲ ਜਾਂਦੇ ਹਨ। ਪ੍ਰਤਾਪ ਪਾਰਸ ਦੀਆਂ ਮਿੰਨੀ ਕਹਾਣੀਆਂ ਦਿਲਚਸਪ ਲੱਗੀਆਂ। ਰੇਖਾ ਸ਼ਰਮਾ ਨੇ ਅਦਾਲਤਾਂ ਦੀ ਲੰਮੀ ਉਡੀਕ ਦਾ ਭਾਵਪੂਰਤ ਜ਼ਿਕਰ ਕੀਤਾ ਹੈ। ਬਾਬਾ ਫਰੀਦ ਦੀ ਚਰਨ ਛੋਹ ਪਿੰਡ ਬੋਹਣ ਦੀ ਚੰਗੀ ਜਾਣਕਾਰੀ ਮਿਲੀ। ਬੋਧੀਆਂ ਦਾ ਪੰਜਾਬ ਵਿਚ ਇਤਿਹਾਸ ਮੁੱਲਵਾਨ ਕਿਤਾਬ ਹੈ। ਬੋਧੀ ਲੋਕ ਪੰਜਾਬ ਵਿਚ ਇਸ ਵੇਲੇ ਬਹੁਤ ਘੱਟ ਗਿਣਤੀ ਵਿਚ ਹਨ ।ਪੰਜਾਬ ਦਾ ਬਹੁਤ ਪੁਰਾਣਾ ਇਤਿਹਾਸ ਕਿਤਾਬ ਵਿਚ ਹੈ। ਲੇਖਕ ਨੇ ਬਹੁਤ ਖੋਜ ਕੀਤੀ ਹੈ, ਇਹ ਵਿਸ਼ਾ ਵੀ ਨਿਵੇਕਲਾ ਹੈ।

**—ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ**

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

**ਕੁੱਲਵਕਤੀ ਕਾਮਾ-ਕਾਮਰੇਡ ਦਲੀਪ ਸਿੰਘ ਮਸਤ : ਸੁਖਦੇਵ ਸਿੰਘ ਔਲਖ**

**ਕੁਦਰਤ ਦੀ ਗੋਦ : ਬਰੌਟ ਘਾਟੀ : ਨਵਦੀਪ ਸਿੰਘ ਝੁਨੀਰ**

**'ਆਖਰੀ ਮੁਹਾਫਿਜ਼' : ਸਰਬਾਜ਼ (ਫੋਕਸ) ਡਾ. ਸੰਦੀਪ ਰਾਣਾ**

**ਅਵਤਾਰਜੀਤ ਦੀਆਂ ਕਵਿਤਾਵਾਂ ਤੇ ਹੋਰ ਬਹੁਤ ਕੁਝ**

# ਸਮਕਾਲ

---- ਭਗਵੰਤ ਰਸੂਲਪੁਰੀ----

## ਸਮਕਾਲੀ ਸਾਹਿਤ : ਵਿਸ਼ੇਸ਼ ਅੰਕ : ਸਾਹਿਤ ਅਕਾਦਮੀ ਵੱਲੋਂ ਸਨਮਾਨਿਤ ਕਹਾਣੀਆਂ

ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ ਵੱਲੋਂ ਪ੍ਰਕਾਸ਼ਤ ਪੰਜਾਬੀ ਸਾਹਿਤ ਦਾ ਪ੍ਰਮੁੱਖ ਰਸਾਲਾ 'ਸਮਕਾਲੀ ਸਾਹਿਤ' ਸਾਹਿਤਕ ਪੱਤਰਕਾਰੀ ਵਿੱਚ ਨਿਵੇਕਲੀਆਂ ਪੈੜਾਂ ਪਾ ਰਿਹਾ ਹੈ। 'ਸਮਕਾਲੀ ਸਾਹਿਤ' ਦੇ ਮੌਜੂਦਾ ਸੰਪਾਦਕ ਕੇਸਰਾ ਰਾਮ ਪਰਚੇ ਦੀ ਦਿੱਖ ਹੋਰ ਬੇਹਤਰ ਕਰਨ ਲਈ ਹਰ ਵਾਰ ਨਵੇਂ ਨਵੇਂ ਤਜਰਬੇ ਕਰਦੇ ਰਹਿੰਦੇ ਹਨ। ਹੱਥਲਾ ਅੰਕ ਇਸ ਦੀ ਨਿੱਗਰ ਮਿਸ਼ਾਲ ਹੈ। 'ਸਮਕਾਲੀ ਸਾਹਿਤ'-125 ਦਾ ਹੱਥਲਾਂ ਅੰਕ ਅਕਤੂਬਰ-ਦਸੰਬਰ, 2026 ਵਿਸ਼ੇਸ਼ ਅੰਕ ਵਜੋਂ ਪ੍ਰਕਾਸ਼ਤ ਹੋਇਆ ਹੈ। ਇਹ ਅੰਕ 'ਸਾਹਿਤ ਅਕਾਦੇਮੀ ਵੱਲੋਂ ਸਨਮਾਨਿਤ ਕਹਾਣੀਆਂ' ਦਾ ਵਿਸ਼ੇਸ਼ ਅੰਕ ਹੈ। ਭਾਵ ਕਿ ਭਾਰਤੀ ਸਾਹਿਤ ਅਕਾਦੇਮੀ ਨੇ 1955 ਤੋਂ ਲੈ ਕੇ ਹੁਣ ਤੱਕ ਪੰਜਾਬੀ ਭਾਸ਼ਾ ਦੇ ਕਹਾਣੀ ਸੰਗ੍ਰਹਿ ਨੂੰ ਅਕਾਦੇਮੀ ਪੁਰਸਕਾਰ ਦਿੱਤਾ, ਉਨ੍ਹਾਂ ਸੰਗ੍ਰਹਿ ਵਿੱਚੋਂ ਇਕ-ਇਕ ਕਹਾਣੀ



ਇਸ ਹੱਥਲੇ ਅੰਕ ਵਿੱਚ ਪ੍ਰਕਾਸ਼ਤ ਕੀਤੀ ਹੈ। ਆਪਣੀ ਸੰਪਾਦਕੀ ਵਿੱਚ ਕੇਸਰਾ ਰਾਮ ਨੇ 'ਸਾਹਿਤ ਅਕਾਦੇਮੀ ਵੱਲੋਂ ਸਨਮਾਨਿਤ ਕਹਾਣੀਆਂ' ਸਿਰਲੇਖ ਹੇਠ ਭਾਰਤ ਸਰਕਾਰ ਵੱਲੋਂ ਸਾਹਿਤ ਅਕਾਦੇਮੀ ਦੀ ਸਥਾਪਨਾ ਦੇ ਪ੍ਰਸੰਗ 'ਚ ਗੱਲ ਕੀਤੀ ਹੈ। ਉਨ੍ਹਾਂ ਆਪਣੀ ਸੰਪਾਦਕੀ ਵਿੱਚ ਇਹ ਲਿਖਿਆ ਕਿ 12 ਮਾਰਚ, 1954 ਨੂੰ ਸਾਹਿਤ ਅਕਾਦੇਮੀ ਦੀ ਸਥਾਪਨਾ ਕੀਤੀ ਗਈ। 7 ਜਨਵਰੀ, 1956 ਨੂੰ ਸੁਸਾਇਟੀਜ਼ ਰਜਿਸਟ੍ਰੇਸ਼ਨ ਐਕਟ, 1860 ਤਹਿਤ ਰਜਿਸਟਰਡ ਇਹ ਇੱਕ ਅਜਿਹੀ ਖ਼ੁਦਮੁਖ਼ਤਿਆਰ ਰਾਸ਼ਟਰੀ ਸੰਸਥਾ ਹੈ, ਜਿਸ ਦਾ ਸੰਵਿਧਾਨਕ ਉਦੇਸ਼ ਉੱਚ ਸਾਹਿਤਕ ਮਿਆਰ ਕਾਇਮ ਕਰਨਾ ਹੈ। ਸੰਪਾਦਕੀ ਵਿੱਚ ਸਾਹਿਤ ਅਕਾਦੇਮੀ ਦੇ ਮੋਢੀ ਪ੍ਰਧਾਨ ਪੰਡਿਤ ਜਵਾਹਰ ਲਾਲ ਨਹਿਰੂ ਦੇ ਭਾਸ਼ਣ ਦਾ ਜ਼ਿਕਰ ਵੀ ਕੀਤਾ ਗਿਆ ਹੈ ਜਿਸ ਤੋਂ ਸੇਧ ਲੈਂਦਿਆਂ 'ਸਮਕਾਲੀ ਸਾਹਿਤ' ਦਾ ਇਹ ਅੰਕ ਹੋਂਦ ਵਿੱਚ ਆਉਂਦਾ ਹੈ। ਇਸ ਦੇ ਨਾਲ ਅਕਾਦੇਮੀ ਦੇ ਮੋਢੀ ਪ੍ਰਧਾਨ ਤੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਵੱਲੋਂ ਸਾਹਿਤ ਅਕਾਦੇਮੀ ਦੀ ਜਨਰਲ ਕੌਂਸਲ ਦੀ 13 ਫਰਵਰੀ, 1960 ਨੂੰ ਹੋਈ ਗ਼ੈਰ ਰਸਮੀ ਮੀਟਿੰਗ ਵਿੱਚ ਦਿੱਤੇ ਭਾਸ਼ਣ ਦੇ ਕੁਝ ਅੰਸ਼ 'ਅਸੀਂ ਕੁਝ ਨਵਾਂ ਕਰਨ ਦੀ ਕੋਸ਼ਿਸ਼ ਕੀਤੀ ਹੈ' ਸਿਰਲੇਖ ਹੇਠ ਪੜ੍ਹਨ ਨੂੰ ਮਿਲਦੇ ਹਨ। ਜਿਸ ਵਿੱਚ ਉਨ੍ਹਾਂ ਅਕਾਦੇਮੀ ਨੂੰ ਖ਼ੁਦਮੁਖ਼ਤਿਆਰ ਸੰਸਥਾ ਕਿਹਾ ਜੋ ਸਰਕਾਰੀ ਨਿਯੰਤਰਣ ਅਧੀਨ ਨਾ ਹੋਵੇ। ਆਪਣੇ ਭਾਸ਼ਣ 'ਚ ਉਨ੍ਹਾਂ ਮੀਡੀਏ ਨੂੰ ਅਪੀਲ ਵੀ ਕੀਤੀ ਕਿ ਉਹ ਅਕਾਦੇਮੀ ਦੇ ਕੰਮਾਂ ਦਾ ਪ੍ਰਚਾਰ ਵੀ ਕਰੇ। ਉਨ੍ਹਾਂ ਆਪਣੇ ਭਾਸ਼ਣ ਵਿੱਚ ਸਾਹਿਤ ਦੇ ਭਾਰਤ ਵਿੱਚ ਘੱਟ ਪਾਠਕਾਂ ਬਾਰੇ ਚਿੰਤਾਂ ਵੀ ਪ੍ਰਗਟ ਕੀਤੀ। ਇਹ ਮਹੱਤਵਪੂਰਨ ਭਾਸ਼ਣ ਹੈ ਜਿਹਦੀ ਸਮਕਾਲ ਵਿੱਚ ਓਨੀ ਹੀ ਸਾਰਥਕਤਾ ਹੈ ਜਿੰਨੀ ਉਸ ਵੇਲੇ ਸੀ। ਪੰਜਾਬੀ ਭਾਸ਼ਾ ਦੇ ਕਨਵੀਨਰ ਡਾ. ਰਵੇਲ ਸਿੰਘ ਹੁਰਾਂ ਆਪਣੇ ਲੇਖ 'ਸਾਹਿਤ ਅਕਾਦੇਮੀ ਇਨਾਮ ਦੀ ਪ੍ਰਕਿਰਿਆ ਅਤੇ ਪਾਰਦਰਸ਼ਤਾ' ਵਿੱਚ ਸਾਹਿਤ ਅਕਾਦੇਮੀ ਦੇ ਕੰਮ ਕਰਨ ਦਾ ਢੰਗ, ਮੈਂਬਰਾਂ ਦੀ ਚੋਣ, ਹਰ ਭਾਸ਼ਾ ਦੇ ਸਲਾਹਕਾਰ ਬੋਰਡ ਦੀ ਚੋਣ ਅਤੇ ਗਵਰਨਿੰਗ ਕੌਂਸਲ ਦੇ 90 ਮੈਂਬਰਾਂ ਦੀ ਚੋਣ ਆਦਿ ਦੇ ਲੰਮੇ ਚੌੜੇ ਵਿਧੀ ਵਿਧਾਨ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਹੈ। ਜਿਸ ਤੋਂ ਇਸ ਅਕਾਦੇਮੀ ਦੇ ਖ਼ੁਦਮੁਖ਼ਤਿਆਰ ਸੰਸਥਾ ਦਾ ਪਤਾ ਲੱਗਦਾ ਹੈ। ਉਪਰੰਤ ਸਾਹਿਤ ਅਕਾਦੇਮੀ ਦੇ ਇਨਾਮਾਂ ਦੀ ਗੁੰਝਲਦਾਰ ਪ੍ਰਕਿਰਿਆ ਬਾਰੇ ਜਾਣਕਾਰੀ ਦਿੱਤੀ ਗਈ ਹੈ ਕਿ ਕਿਵੇਂ ਮੁਢਲੇ ਪੈਨਲ ਬਣਦੇ ਹਨ। ਭਾਸ਼ਾ ਸਲਾਹਕਾਰ ਬੋਰਡ ਦੇ ਮੈਂਬਰ ਦਾ ਕੀ ਕੰਮ ਹੁੰਦਾ ਹੈ। ਕਿਵੇਂ 150 ਮੈਂਬਰਾਂ ਤੇ ਜੂਰੀ ਵਾਸਤੇ 100 ਮੈਂਬਰਾਂ ਦਾ ਪੈਨਲ ਤਿਆਰ ਹੁੰਦਾ ਹੈ। ਸਾਹਿਤ ਅਕਾਦੇਮੀ ਦਾ ਪ੍ਰਧਾਨ ਇਨ੍ਹਾਂ ਪੈਨਲਾਂ ਵਿੱਚੋਂ 15 ਮੈਂਬਰਾਂ ਦੀ ਚੋਣ ਕਰਦਾ ਹੈ ਅਤੇ 100 ਮੈਂਬਰਾਂ ਵਿੱਚੋਂ ਤਿੰਨ ਮੈਂਬਰਾਂ ਦੀ ਜੂਰੀ ਦੀ ਚੋਣ ਕੀਤੀ ਜਾਂਦੀ ਹੈ। ਇਹ ਬਹੁਤ ਗੁਪਤ ਹੁੰਦਾ ਹੈ। ਅੱਗੇ ਡਾ. ਰਵੇਲ ਹੁਰਾਂ ਸਾਹਿਤ ਅਕਾਦੇਮੀ ਇਨਾਮ ਵਾਸਤੇ ਰੱਖੀਆਂ ਸ਼ਰਤਾਂ ਦਾ ਜ਼ਿਕਰ ਕੀਤਾ ਹੈ ਤੇ ਅਕਾਦੇਮੀ ਵੱਲੋਂ ਦਿੱਤੇ ਜਾਂਦੇ ਵੱਖ-ਵੱਖ ਇਨਾਮਾਂ ਤੇ ਹੋਰ ਕੰਮਾਂ ਦਾ ਜ਼ਿਕਰ ਕੀਤਾ ਗਿਆ ਹੈ। ਇਹ ਵੀ ਮਹੱਤਵਪੂਰਨ ਲੇਖ ਹੈ।

ਅਗਲੇ ਪੰਨਿਆਂ ਉੱਤੇ ਸਾਹਿਤ ਅਕਾਦੇਮੀ ਵੱਲੋਂ ਸਨਮਾਨਿਤ 16 ਕਹਾਣੀ ਸੰਗ੍ਰਹਿ ਬਾਰੇ ਸੰਖੇਪ ਜਾਣਕਾਰੀ, ਕਹਾਣੀ ਸੰਗ੍ਰਹਿ ਦੇ ਟਾਇਟਲ ਦੀ ਫੋਟੋ ਅਤੇ ਉਸ ਸੰਗ੍ਰਹਿ ਵਿੱਚੋਂ ਇਕ-ਇਕ ਪ੍ਰਤੀਨਿੱਧ ਕਹਾਣੀ ਪ੍ਰਕਾਸ਼ਤ ਕੀਤੀ ਗਈ ਹੈ। ਕਰਤਾਰ ਸਿੰਘ ਦੁੱਗਲ ਦੇ ਪੁਰਸਕਾਰ ਪ੍ਰਾਪਤ ਕਹਾਣੀ ਸੰਗ੍ਰਹਿ 'ਇਕ ਛਿੱਟ ਚਾਨਣ ਦੀ' ਵਿੱਚੋਂ ਕਹਾਣੀ 'ਚਾਨਣੀ ਰਾਤ ਦਾ ਇੱਕ ਦੁਖਾਂਤ', ਕੁਲਵੰਤ ਸਿੰਘ ਵਿਰਕ ਦੇ ਕਹਾਣੀ ਸੰਗ੍ਰਹਿ 'ਨਵੇਂ ਲੋਕ' ਵਿੱਚੋਂ ਉਨ੍ਹਾਂ ਦੀ ਕਹਾਣੀ 'ਨਵੇਂ ਲੋਕ', ਗੁਰਮੁਖ ਸਿੰਘ ਮੁਸਾਫ਼ਿਰ ਦੇ ਪੁਰਸਕਾਰ ਪ੍ਰਾਪਤ ਕਹਾਣੀ ਸੰਗ੍ਰਹਿ 'ਉਰਵਾਰ-ਪਾਰ' ਵਿੱਚੋਂ ਉਨ੍ਹਾਂ ਦੀ ਕਹਾਣੀ '26 ਨੰਬਰ', ਗੁਲਜ਼ਾਰ ਸਿੰਘ ਸੰਧੂ ਦੇ ਪੁਰਸਕਾਰ ਪ੍ਰਾਪਤ ਕਹਾਣੀ ਸੰਗ੍ਰਹਿ 'ਅਮਰ ਕਥਾ' ਵਿੱਚੋਂ ਉਨ੍ਹਾਂ ਦੀ ਕਹਾਣੀ 'ਅਮਰ ਕਥਾ', ਪ੍ਰਿੰ. ਸੁਜਾਨ ਸਿੰਘ ਦੇ ਪੁਰਸਕਾਰ ਪ੍ਰਾਪਤ ਕਹਾਣੀ ਸੰਗ੍ਰਹਿ 'ਸ਼ਹਿਰ ਤੇ ਗ੍ਰਾਂ' ਵਿੱਚੋਂ ਕਹਾਣੀ 'ਸਕੀਆਂ ਭੈਣਾਂ', ਪ੍ਰੇਮ ਪ੍ਰਕਾਸ਼ ਦੇ ਪੁਰਸਕਾਰ ਪ੍ਰਾਪਤ ਕਹਾਣੀ ਸੰਗ੍ਰਹਿ 'ਕੁਣ ਅਣਕਿਹਾ ਵੀ' ਵਿੱਚੋਂ ਕਹਾਣੀ 'ਇਹ ਉਹ ਜਸਬੀਰ ਨਹੀਂ', ਮਹਿੰਦਰ ਸਿੰਘ ਸਰਨਾ ਦੇ ਪੁਰਸਕਾਰ ਪ੍ਰਾਪਤ ਕਹਾਣੀ ਸੰਗ੍ਰਹਿ 'ਨਵੇਂ ਯੁੱਗ ਦੇ ਵਾਰਸ' ਵਿੱਚੋਂ ਕਹਾਣੀ 'ਹੀਰਾ ਮਿਰਗ', ਸੰਤੋਖ ਸਿੰਘ ਧੀਰ ਦੇ ਪੁਰਸਕਾਰ ਪ੍ਰਾਪਤ ਕਹਾਣੀ ਸੰਗ੍ਰਹਿ 'ਪੱਖੀ' ਵਿੱਚੋਂ ਕਹਾਣੀ 'ਪੱਖੀ', ਮੋਹਨ ਭੰਡਾਰੀ ਦੇ ਪੁਰਸਕਾਰ ਪ੍ਰਾਪਤ ਕਹਾਣੀ ਸੰਗ੍ਰਹਿ 'ਮੂਨ ਦੀ ਅੱਖ' ਵਿੱਚੋਂ ਕਹਾਣੀ 'ਕਬੂਤਰ', ਵਰਿਆਮ ਸਿੰਘ ਸੰਧੂ ਦੇ ਪੁਰਸਕਾਰ ਪ੍ਰਾਪਤ ਕਹਾਣੀ ਸੰਗ੍ਰਹਿ ਚੌਥੀ ਕੂਟ' ਵਿੱਚੋਂ ਕਹਾਣੀ ਚੌਥੀ ਕੂਟ', ਗੁਰਬਚਨ ਸਿੰਘ ਭੁੱਲਰ ਦੇ ਪੁਰਸਕਾਰ ਪ੍ਰਾਪਤ ਕਹਾਣੀ ਸੰਗ੍ਰਹਿ 'ਅਗਨੀ ਕਲਸ' ਵਿੱਚੋਂ ਕਹਾਣੀ 'ਇੱਕੀਵੀਂ ਸਦੀ', ਕਿਰਪਾਲ ਕਜ਼ਾਕ ਦੇ ਪੁਰਸਕਾਰ ਪ੍ਰਾਪਤ ਕਹਾਣੀ ਸੰਗ੍ਰਹਿ 'ਅੰਤਹੀਣ' ਵਿੱਚੋਂ ਕਹਾਣੀ 'ਜੜ੍ਹਾਂ', ਗੁਰਦੇਵ ਸਿੰਘ ਰੁਪਾਣਾ ਦੇ ਪੁਰਸਕਾਰ ਪ੍ਰਾਪਤ ਕਹਾਣੀ ਸੰਗ੍ਰਹਿ 'ਆਮ ਖ਼ਾਸ' ਵਿੱਚੋਂ ਕਹਾਣੀ 'ਮਾਡਲ', ਖ਼ਾਲਿਦ ਹੁਸੈਨ ਦੇ ਪੁਰਸਕਾਰ ਪ੍ਰਾਪਤ ਕਹਾਣੀ ਸੰਗ੍ਰਹਿ 'ਸੂਲ਼ਾਂ ਦਾ ਸਾਲਣੁ' ਵਿੱਚੋਂ ਕਹਾਣੀ 'ਇਸ਼ਕ ਮਲੰਗੀ', ਸੁਖਜੀਤ ਦੇ ਪੁਰਸਕਾਰ ਪ੍ਰਾਪਤ ਕਹਾਣੀ ਸੰਗ੍ਰਹਿ 'ਮੈਂ ਅਯਨਘੋਸ਼ ਨਹੀਂ' ਵਿੱਚੋਂ ਕਹਾਣੀ 'ਖਜੂਰਾਂ' ਅਤੇ ਜਿੰਦਰ ਦੇ ਪੁਰਸਕਾਰ ਪ੍ਰਾਪਤ ਕਹਾਣੀ ਸੰਗ੍ਰਹਿ 'ਸੇਫ਼ਟੀ ਕਿੱਟ' ਵਿੱਚੋਂ ਕਹਾਣੀ 'ਬੰਦੇ ਬਿਨਾਂ' ਕਹਾਣੀਆਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਇਸ ਤਰ੍ਹਾਂ ਪੰਜਾਬੀ ਗਲਪ ਖ਼ਾਸ ਕਰਕੇ 70 ਸਾਲਾਂ (1955-2025) ਵਿੱਚ ਲਿਖੀਆਂ ਕਹਾਣੀਆਂ ਦੀ ਕ੍ਰੀਮ ਕੱਢ ਕੇ 'ਸਮਕਾਲੀ ਸਾਹਿਤ' ਨੇ ਪਾਠਕਾਂ ਅੱਗੇ ਪਰੋਸ ਦਿੱਤੀ ਹੈ। ਇਹ ਅੰਕ ਨਿਵੇਕਲਾ ਤੇ ਸਾਂਭਣਯੋਗ ਅੰਕ ਹੈ।

ਅੰਕ ਮੰਗਵਾਉਣ ਲਈ ਸੰਪਰਕ-ਸਮਕਾਲੀ ਸਾਹਿਤ-126, ਮੁੱਲ :100 ਰੁਪਏ, ਪੰਨੇ :176, ਸੰਪਾਦਕ:ਕੇਸਰਾ ਰਾਮ, ਪ੍ਰਕਾਸ਼ਕ :ਪੰਜਾਬੀ ਸਾਹਿਤ ਸਭਾ, 10 ਰਾਊਜ਼ ਐਨੇਨਿਊ, ਇੰਸਟੀਚਿਊਸ਼ਨਲ ਏਰੀਆ, ਨਵੀਂ ਦਿੱਲੀ-110002, ਫ਼ੋਨ 20832498, ਰਚਨਾਵਾਂ ਭੇਜਣ ਲਈ : email: samkalisahit@gmail.com

## ਸ਼ਬਦ ਸਪਲੀਮੈਂਟ : ਸੁਰਿੰਦਰ ਗੀਤ ਵਿਸ਼ੇਸ਼ ਅੰਕ

ਸ਼ਬਦ ਸਪਲੀਮੈਂਟ ਦਾ ਅੰਕ 47 ਚਰਚਿਤ ਕਹਾਣੀਕਾਰ ਤੇ ਸ਼ਾਇਰਾ 'ਸੁਰਿੰਦਰ ਗੀਤ ਵਿਸ਼ੇਸ਼ ਅੰਕ' ਵਜੋਂ ਪ੍ਰਕਾਸ਼ਤ ਕੀਤਾ ਗਿਆ ਹੈ। ਪਰਚੇ ਦੇ ਮੁੱਖ ਸੰਪਾਦਕ ਹਰਜੀਤ ਅਟਵਾਲ ਤੇ ਸੰਪਾਦਕ ਜਿੰਦਰ ਵਧਾਈ ਦੇ ਹੱਕਦਾਰ ਹਨ ਉਨ੍ਹਾਂ ਨੇ 'ਸ਼ਬਦ' ਦੇ ਵਿਸ਼ੇਸ਼ ਅੰਕਾਂ ਦੀ ਹਨੇਰੀ ਲਿਆ ਦਿੱਤੀ ਹੈ। ਹੱਥਲੇ ਅੰਕ ਦਾ 'ਮੇਰਾ ਪੰਨਾ' ਸ਼ਬਦ ਦੇ ਇਕ ਹੋਰ ਸੰਪਾਦਕ ਰਵੀ ਸ਼ੇਰਗਿੱਲ ਨੇ ਲਿਖਿਆ ਹੈ। ਅਤੇ ਅੰਕ ਦੇ ਲਈ ਦੋ ਸ਼ਬਦ ਗੁਰਬੀਰ ਸਿੰਘ ਬਰਾੜ ਵੱਲੋਂ ਲਿਖੇ ਹਨ। ਜਿਸ ਵਿੱਚ ਉਨ੍ਹਾਂ ਸੁਰਿੰਦਰ ਗੀਤ ਅਤੇ ਅੰਕ ਦੇ ਮੈਟਰ ਸਬੰਧੀ ਸੰਖੇਪ ਜਾਣਕਾਰੀ ਦਿੱਤੀ ਹੈ। ਸ਼ੁਰੂ ਵਿੱਚ ਡਾ. ਨਰੇਸ਼ ਕੁਮਾਰ ਵੱਲੋਂ ਸੁਰਿੰਦਰ ਗੀਤ ਨਾਲ 24 ਪੰਨਿਆ 'ਚ ਕੀਤੀ ਲੰਮੀ ਮੁਲਾਕਾਤ ਪ੍ਰਕਾਸ਼ਤ ਕੀਤੀ ਗਈ ਹੈ।



ਉਪਰੰਤ ਪ੍ਰੋ. ਜਸਪਾਲ ਕੌਰ (ਸੰਦਰਭ ਕਾਨੇ ਦੀਆਂ ਕਲਮਾਂ), ਬਲਬੀਰ ਮਾਧੋਪੁਰੀ (ਸੰਦਰਭ ਤੋਹਫ਼ਾ), ਡਾ. ਲਖਵਿੰਦਰ ਸਿੰਘ ਜੌਹਲ (ਸੰਦਰਭ ਰੁੱਖ ਤੇ ਪੰਛੀ), ਡਾ. ਅਮਰਜੀਤ ਕੌਂਕੇ (ਸੰਦਰਭ ਸਮੁੱਚੀ ਕਵਿਤਾ), ਡਾ. ਮੋਹਨ ਸਿੰਘ ਤਿਆਗੀ (ਸੰਦਰਭ ਰੰਗਾਂ ਦੀ ਖੇਡ), ਹਰਪ੍ਰੀਤ ਕੁਮਾਰ (ਸੰਦਰਭ ਚੋਣਵੀ ਕਵਿਤਾ), ਡਾ. ਕੁਲਵੰਤ ਕੌਰ (ਸੰਦਰਭ ਰੰਗਾਂ ਦੀ ਖੇਡ), ਡਾ. ਹਰਪ੍ਰੀਤ ਕੌਰ (ਸੰਦਰਭ ਤੋਹਫ਼ਾ), ਡਾ. ਲਖਵੀਰ ਲੈਜ਼ੀਆ (ਸੰਦਰਭ ਚੋਣਵੀਂ ਕਵਿਤਾ), ਤਰਨਪ੍ਰੀਤ ਕੌਰ (ਸੰਦਰਭ ਤੋਹਫ਼ਾ), ਡਾ. ਵੀਰ ਕੌਰ (ਸੰਦਰਭ ਮੇਰੀ ਚੋਣਵੀਂ ਕਵਿਤਾ), ਡਾ. ਦਵਿੰਦਰ ਕੁਮਾਰ (ਸੰਦਰਭ ਤੋਹਫ਼ਾ), ਡਾ. ਗੁਰਵੰਤ ਸਿੰਘ (ਕਹਾਣੀ ਧੀ ਦਾ ਕਰਜ਼), ਡਾ. ਦਯਾ ਸਿੰਘ (ਵਾਵਰੋਲਿਆਂ ਦੇ ਅੰਗ ਸੰਗ), ਸ਼ਹਿਬਾਜਦੀਪ ਸਿੰਘ (ਸੰਦਰਭ ਕਵਿਤਾ), ਡਾ. ਨਾਇਬ ਸਿੰਘ ਮੰਡੇਰ (ਸੰਦਰਭ ਤੋਹਫ਼ਾ), ਜੈਦੀਪ ਸਿੰਘ (ਸੰਦਰਭ ਚੋਣਵੀ ਕਵਿਤਾ), ਡਾ. ਅਮਨਦੀਪ ਕੌਰ (ਸੰਦਰਭ ਸ਼ਬਦ ਸੁਨੱਖੇ) ਤੇ ਡਾ. ਗੁਰਬੀਰ ਸਿੰਘ ਬਰਾੜ (ਸੁਰਿੰਦਰ ਗੀਤ ਦੀ ਕਵਿਤਾ ਦੇ ਮੂਲ ਸਰੋਕਾਰ) ਆਲੋਚਨਾ ਲੇਖ ਪ੍ਰਕਾਸ਼ਤ ਕੀਤੇ ਗਏ ਹਨ। ਇਨ੍ਹਾਂ ਵੱਖ ਵੱਖ ਲੇਖਾਂ ਵਿੱਚ ਸੁਰਿੰਦਰ ਗੀਤ ਦੀ ਸਮੁੱਚੀ ਸਿਰਜਣਾ ਦਾ ਬਹੁ ਪੱਖੀ ਵਿਸ਼ਲੇਸ਼ਣ ਕੀਤਾ ਗਿਆ ਹੈ। ਅੰਕ ਸੁਰਿੰਦਰ ਗੀਤ ਦੀ ਕਹਾਣੀ ਅਤੇ ਕਵਿਤਾ ਦਾ ਬਹੁ ਪੱਖੀ ਅਧਿਐਨ ਕਰਦਾ ਹੈ। ਵਿਸ਼ੇਸ਼ ਅੰਕ ਪ੍ਰਕਾਸ਼ਤ ਦੀ ਪ੍ਰੰਪਰਾ ਤਰੀਫ਼ ਕਰਨ ਯੋਗ ਹੈ। ਸ਼ਬਦ ਸਪਲੀਮੈਂਟ-47, ਮੁੱਲ: 200 ਰੁਪਏ, ਪੰਨੇ :200, ਸੰਪਾਦਕ ਜਿੰਦਰ (98148-03254), ਪਤਾ: 984, ਨੇੜੇ ਸੁਰਿੰਦਰਾ ਵੈਲਡਿੰਗ ਵਰਕਸ, ਰਾਜਪੂਤ ਨਗਰ, ਮਾਡਲ ਹਾਊਸ, ਜਲੰਧਰ, ਰਚਨਾਵਾਂ ਭੇਜਣ ਲਈ : email: jinder340@gmail.com

# ਅਦਾਰਾ 'ਨਵਾਂ ਜ਼ਮਾਨਾ' ਗਮਗੀਨ ਹੈ

**ਨਰਿੰਦਰ ਸੋਹਲ**

ਕਾਮਰੇਡ ਚੰਦ ਫਤਿਹਪੁਰੀ ਜੀ ਨੂੰ ਅਕਸਰ ਚੰਡੀਗੜ੍ਹ ਪਾਰਟੀ ਮੀਟਿੰਗਾਂ ਦੌਰਾਨ ਹੀ ਵੇਖਿਆ ਸੀ। ਜਲੰਧਰ ਜ਼ਿਲ੍ਹੇ ਦੇ ਸਕੱਤਰ ਵਜੋਂ ਜਾਣਦੇ ਸੀ। ਉਹਨਾਂ ਨੂੰ ਨੇੜੇ ਤੋਂ ਜਾਨਣ ਦਾ ਸਬੱਬ 'ਨਵਾਂ ਜ਼ਮਾਨਾ ਅਦਾਰਾ' ਬਣਿਆ, ਜਦੋਂ ਜਤਿੰਦਰ ਪਨੂੰ ਜੀ ਨੇ ਮੈਨੂੰ ਨਵਾਂ ਜ਼ਮਾਨਾ ਵਿੱਚ ਆਉਣ ਲਈ ਕਿਹਾ। ਨਵੰਬਰ 2016 ਤੋਂ ਮੈਂ ਰੋਜ਼ਾਨਾ ਮੋਗੇ ਤੋਂ ਜਲੰਧਰ ਜਾਣਾ ਸ਼ੁਰੂ ਕਰ ਦਿੱਤਾ। ਮੇਰੀ ਡਿਊਟੀ ਨਿਊਜ਼ ਟੇਬਲ 'ਤੇ ਲਗਾਈ ਗਈ ਸੀ। ਕੋਈ ਪੱਤਰਕਾਰੀ ਦਾ ਕੋਰਸ ਨਾ ਕੀਤਾ ਹੋਣ ਦੇ ਬਾਵਜੂਦ ਕੋਸ਼ਿਸ਼ ਕਰਦੀ ਕਿ ਕੋਈ ਗਲਤੀ ਨਾ ਹੋਵੇ। ਉਥੇ ਉਸ ਸਮੇਂ ਕਾਮਰੇਡ ਗੁਰਮੀਤ ਸ਼ੁਗਲੀ, ਕਾਮਰੇਡ ਗੁਰਮੀਤ ਸਿੰਘ, ਕਾਮਰੇਡ ਚੰਦ ਫਤਿਹਪੁਰੀ, ਸੁਕੀਰਤ ਅਨੰਦ, ਕਾਮਰੇਡ ਇੰਦਰਜੀਤ ਚੁਗਾਵਾਂ, ਬਲਬੀਰ ਪਰਵਾਨਾ ਆਦਿ ਸੀਨੀਅਰ ਸਾਥੀ ਹੁੰਦੇ ਸਨ। ਇਹਨਾਂ ਦੇ ਹੁੰਦਿਆਂ ਡਰ ਲੱਗਣਾ ਸੁਭਾਵਿਕ ਸੀ। ਹਿੰਦੀ ਪੜ੍ਹਨਾ ਜਾਂ ਲਿਖਣਾ ਮੈਨੂੰ ਵੈਸੇ ਹੀ ਔਖਾ ਲੱਗਦਾ ਸੀ, ਪਰ ਇੱਥੇ ਮੇਰਾ ਕੰਮ ਹਿੰਦੀ ਤੋਂ ਪੰਜਾਬੀ ਅਨੁਵਾਦ ਕਰਨਾ ਹੀ ਸੀ। ਇੱਕ ਵਾਰ ਇੱਕ ਸ਼ਬਦ ਦੀ ਮੈਨੂੰ ਸਮਝ ਨਾ ਆਈ ਤੇ ਮੈਂ ਉਸੇ ਤਰ੍ਹਾਂ ਉਸ ਨੂੰ ਪੰਜਾਬੀ ਵਿੱਚ ਲਿਖ ਦਿੱਤਾ। ਅਗਲੇ ਦਿਨ ਅਖ਼ਬਾਰ ਵਿੱਚ ਖ਼ਬਰ ਪੜ੍ਹ ਕੇ ਚੰਦ ਫਤਿਹਪੁਰੀ ਜੀ ਸਟਾਫ ਨੂੰ ਸੰਬੋਧਨ ਹੁੰਦੇ, ਉਸ ਸ਼ਬਦ ਦਾ ਅਰਥ ਪੁੱਛਣ ਲੱਗ ਗਏ। ਉਹ ਜਾਣਦੇ ਸੀ ਕਿ ਇਹ ਖ਼ਬਰ ਮੇਰੀ ਬਣਾਈ ਹੋਈ ਹੈ, ਪਰ ਉਹਨਾਂ ਸਿੱਧਾ ਕੁੱਝ ਨਾ ਕਹਿ ਕੇ ਵੀ ਤਾੜਨਾ ਕਰ ਦਿੱਤੀ ਸੀ। ਮੈਂ ਅੰਦਰੋਂ ਬਹੁਤ ਡਰ ਗਈ ਤੇ ਅੱਗੇ ਤੋਂ ਹੋਰ ਵੀ ਧਿਆਨ ਰੱਖਣ ਲੱਗ ਪਈ।

ਕਦੇ ਦਿਲ ਵਿੱਚ ਵੀ ਆਉਂਦਾ ਕਿ ਇਹ ਥਾਂ ਮੇਰੇ ਲਈ ਨਹੀਂ ਹੈ। ਪਰ ਪਾਰਟੀ ਵੱਲੋਂ ਡਿਊਟੀ ਜਿੱਥੇ ਵੀ ਲੱਗ ਜਾਵੇ, ਨਿਭਾਉਣੀ ਪੈਂਦੀ। ਜਤਿੰਦਰ ਪਨੂੰ ਜੀ ਦਾ ਕਿਹਾ ਵੀ ਮੋੜਿਆ ਨਹੀਂ ਜਾ ਸਕਦਾ ਸੀ, ਏਨੇ ਵੱਡੇ ਰੁਤਬੇ ਵਾਲੇ ਇਨਸਾਨ ਹੋਣ ਦੇ ਨਾਲ-ਨਾਲ ਉਹ ਮੇਰੇ ਪਾਪਾ ਦੇ ਖਾਸ ਦੋਸਤਾਂ ਵਿੱਚੋਂ ਵੀ ਇੱਕ ਹਨ। ਕਾਮਰੇਡ ਚੰਦ ਫਤਿਹਪੁਰੀ ਜੀ ਰੋਜ਼ਾਨਾ ਦਫ਼ਤਰ ਆਉਂਦੇ ਸਨ। ਉਹ ਦਫ਼ਤਰ ਆ ਕੇ ਸਭ ਤੋਂ ਪਹਿਲਾਂ ਸਾਰੀਆਂ ਅਖ਼ਬਾਰਾਂ 'ਤੇ ਨਜ਼ਰ ਮਾਰਦੇ। ਦੇਸ਼, ਦੁਨੀਆ ਦੇ ਨਾਲ-ਨਾਲ ਉਹ ਸਾਰੇ ਸਟਾਫ ਦੀ ਖ਼ਬਰਸਾਰ ਵੀ ਰੱਖਦੇ। ਉਹਨਾਂ ਨੂੰ ਮੇਰੇ ਵੱਲੋਂ ਅਦਾਰੇ ਨੂੰ ਘੱਟ ਸਮਾਂ ਦੇਣਾ ਵੀ ਪਸੰਦ ਨਹੀਂ ਸੀ, ਪਰ ਉਹਨਾਂ ਮੈਨੂੰ ਕਦੇ ਕੁੱਝ ਕਿਹਾ ਨਹੀਂ ਸੀ। ਆਪ ਉਹ ਅਦਾਰੇ ਨੂੰ ਪੂਰੀ ਤਰ੍ਹਾਂ ਸਮਰਪਿਤ ਸਨ। ਅਸਲ ਵਿੱਚ ਮੇਰੇ ਬੱਚੇ ਛੋਟੇ ਹੋਣ ਕਾਰਨ ਸਾਰੀਆਂ ਜ਼ੁੰਮੇਵਾਰੀਆਂ ਨਿਭਾਉਣ ਤੋਂ ਬਾਅਦ ਜਲੰਧਰ ਪਹੁੰਚਦਿਆਂ 12 ਵੱਜ ਜਾਂਦੇ ਤੇ ਵਾਪਸ ਆਉਣ ਲਈ 4 ਵਜੇ ਦਫ਼ਤਰ ਤੋਂ ਨਿਕਲਣਾ ਪੈਂਦਾ। ਅਖੀਰ ਅਕਤੂਬਰ 2017 ਵਿੱਚ ਅਦਾਰੇ ਨੂੰ ਅਲਵਿਦਾ ਕਹਿ ਦਿੱਤਾ। ਕੁੱਝ ਮਜਬੂਰੀਆਂ ਦੇ ਨਾਲ-ਨਾਲ ਇਹ ਅਹਿਸਾਸ ਵੀ ਹੋ ਚੁੱਕਾ ਸੀ ਕਿ ਅਦਾਰੇ ਨਾਲ ਇਨਸਾਫ਼ ਨਹੀਂ ਕਰ ਪਾ ਰਹੀਂ। ਬੇਸ਼ੱਕ ਕੰਮ ਛੱਡ ਦਿੱਤਾ ਸੀ, ਪਰ ਸਟਾਫ਼ ਤੇ ਸਭ ਸੀਨੀਅਰ ਸਾਥੀਆਂ ਨਾਲ ਉਹੀ ਇੱਜ਼ਤ-ਪਿਆਰ ਬਣਿਆ ਰਿਹਾ। ਕਾਮਰੇਡ ਚੰਦ ਜੀ ਨੇ ਜਦੋਂ ਕੁਝ ਜਾਨਣਾ ਹੁੰਦਾ ਤਾਂ ਮੈਨੂੰ ਫੋਨ ਕਰ ਲੈਂਦੇ। ਖਾਸ ਕਰਕੇ ਜਦੋਂ ਦਿੱਲੀ ਕਿਸਾਨ ਅੰਦੋਲਨ ਚੱਲ ਰਿਹਾ ਸੀ, ਉਦੋਂ ਮੇਰੇ ਉੱਥੇ ਹੋਣ ਕਾਰਨ ਉਹ ਜਾਣਕਾਰੀ ਲੈਂਦੇ ਰਹਿੰਦੇ। ਉਹਨਾਂ ਨੇ ਅੰਦੋਲਨ ਸੰਬੰਧੀ ਕਿਤਾਬ 'ਤਾਨਾਸ਼ਾਹੀ ਵਿਰੁੱਧ ਜੂਝਦਾ, ਇਤਿਹਾਸਕ ਕਿਸਾਨ ਅੰਦੋਲਨ' ਵੀ ਲਿਖੀ।

ਉਹਨਾਂ ਦੀ ਪਤਨੀ ਸੰਤੋਸ਼ ਬਰਾੜ ਪੰਜਾਬ ਇਸਤਰੀ ਸਭਾ ਜ਼ਿਲ੍ਹਾ ਜਲੰਧਰ ਦੀ ਸਕੱਤਰ ਹੈ। ਭੈਣ ਸੰਤੋਸ਼ ਠੀਕ ਨਾ ਹੋਣ ਦੇ ਬਾਵਜੂਦ ਜੱਥੇਬੰਦੀ ਦੇ ਪ੍ਰੋਗਰਾਮ ਜਾਂ ਮੀਟਿੰਗਾਂ ਵਿੱਚ ਹਾਜ਼ਰ ਹੁੰਦੇ ਰਹਿੰਦੇ। ਕਾਮਰੇਡ ਜੀ ਕਈ ਵਾਰ ਉਹਨਾਂ ਦੀ ਸਿਹਤ ਨੂੰ ਲੈ ਕੇ ਚਿੰਤਾ ਕਰਦਿਆਂ ਰਜਿੰਦਰਪਾਲ ਜੀ ਜਾਂ ਮੈਨੂੰ ਕਹਿੰਦੇ ਕਿ ਸੰਤੋਸ਼ ਨੂੰ ਛੁੱਟੀ ਦੇ ਦਿਆ ਕਰੋ। ਬੱਚਿਆਂ ਬਾਰੇ ਵੀ ਫ਼ਿਕਰਮੰਦ ਹੁੰਦੇ। ਇੱਕ ਵਾਰ ਅਚਾਨਕ ਉਹਨਾਂ ਦਾ ਫੋਨ ਆਇਆ, ਹਾਲ ਵਗੈਰਾ ਪੁੱਛਣ ਤੋਂ ਬਾਅਦ ਕਹਿੰਦੇ ਵੱਡੇ ਬੇਟੇ ਲਈ ਕੁੜੀ ਲੱਭ, ਲੈਣਾ ਅਸੀਂ ਕੁੱਝ ਨਹੀਂ, ਬਸ ਕੁੜੀ ਵਧੀਆ ਹੋਵੇ। ਮੈਨੂੰ ਬਹੁਤ ਹੈਰਾਨੀ ਹੋਈ ਕਿ ਉਹਨਾਂ ਇਸ ਬਾਰੇ ਮੇਰੇ ਨਾਲ ਗੱਲ ਕੀਤੀ ਹੈ। ਪਰ ਇਸ ਪਾਸੇ ਬਣਦਾ ਧਿਆਨ ਨਾ ਦੇ ਸਕੀ। ਘਰ ਜਦੋਂ ਕਾਮਰੇਡ ਚੰਦ ਫਤਿਹਪੁਰੀ ਜੀ ਬਾਰੇ ਗੱਲ ਹੋਣੀ ਤਾਂ ਵੀਰ ਗੁਰਬਿੰਦਰ ਸੋਹਲ ਨੇ ਦੱਸਣਾ ਕਿ ਉਹ ਕਾਮਰੇਡ ਜੀ ਘਰ ਦੋ-ਤਿੰਨ ਦਿਨ ਰਹੇ ਸਨ। ਹੁਣ ਵੀ ਕਾਮਰੇਡ ਜੀ ਦੀ ਮੌਤ ਦਾ ਪਤਾ ਲੱਗਣ 'ਤੇ ਉਹਨਾ ਬਾਹਰੋਂ ਮੈਸੇਜ਼ ਕਰ ਦੁੱਖ ਜ਼ਾਹਰ ਕੀਤਾ ਤੇ ਮੈਨੂੰ ਉਹ ਘਟਨਾ ਯਾਦ ਕਰਾਈ। ਅਸਲ ਵਿੱਚ ਸਾਡੇ ਘਰ ਵਾਪਰੀ ਅੱਤਵਾਦ ਵਾਲੀ ਘਟਨਾ ਤੋਂ ਬਾਅਦ ਪਾਰਟੀ ਵੱਲੋਂ ਫੈਸਲਾ ਕੀਤਾ ਗਿਆ ਸੀ ਕਿ ਵੀਰ ਨੂੰ ਜਲੰਧਰ ਹੋਸਟਲ ਵਿੱਚ ਭੇਜਿਆ ਜਾਵੇ। ਪਾਰਟੀ ਵੱਲੋਂ ਲੱਗੀ ਡਿਊਟੀ ਨੂੰ ਕਾਮਰੇਡ ਚੰਦ ਜੀ ਨੇ ਬਿਨਾਂ ਕਿਸੇ ਡਰ ਦੇ ਬਾਖੂਬੀ ਨਿਭਾਇਆ ਸੀ। ਇਹ ਉਹ ਸਮਾਂ ਸੀ ਜਦੋਂ ਅੱਤਵਾਦ ਤੋਂ ਡਰਦੇ ਰਿਸ਼ਤੇਦਾਰ ਵੀ ਪਾਸਾ ਵੱਟ ਗਏ ਸੀ, ਪਰ ਪਾਰਟੀ ਦੇ ਸਾਥੀਆਂ ਨੇ ਆਪਣੀ ਜਾਨ ਤਲੀ 'ਤੇ ਰੱਖ ਕੇ ਸ਼ਹੀਦਾਂ ਦੇ ਪਰਵਾਰਾਂ ਪ੍ਰਤੀ ਜ਼ੁੰਮੇਵਾਰੀਆਂ ਨਿਭਾਈਆਂ ਸਨ। ਕਾਮਰੇਡ ਚੰਦ ਜੀ ਨੇ ਜਿੱਥੇ ਵੀਰ ਨੂੰ ਦੋ-ਤਿੰਨ ਦਿਨ ਆਪਣੇ ਘਰ ਰੱਖਿਆ, ਉਥੇ ਇੱਕ ਸੀਨੀਅਰ ਸਾਥੀ ਦਰਸ਼ਨ ਹੌਲਦਾਰ ਜੀ ਨਾਲ ਜੀਪ 'ਤੇ ਹੋਸਟਲ ਵੀ ਆਪ ਛੱਡ ਕੇ ਆਏ ਸਨ। ਇਸ ਸਹਿਯੋਗ ਲਈ ਸਾਡਾ ਪਰਵਾਰ ਹਮੇਸ਼ਾ ਰਿਣੀ ਰਹੇਗਾ।

ਅਰਜਨ ਸਿੰਘ ਗੜਗੱਜ ਫਾਊਂਡੇਸ਼ਨ (ਟਰੱਸਟ) 'ਨਵਾਂ ਜ਼ਮਾਨਾ' ਦੀ ਸੰਚਾਲਕ ਸੰਸਥਾ ਲਈ ਮੈਨੂੰ ਮੈਂਬਰ ਚੁਣਿਆ ਗਿਆ ਤਾਂ ਰਜਿੰਦਰ ਮੰਡ ਤੋਂ ਬਾਅਦ ਕਾਮਰੇਡ ਚੰਦ ਜੀ ਦਾ ਹੀ ਮੁਬਾਰਕਾਂ ਦੇਣ ਲਈ ਫੋਨ ਆਇਆ ਸੀ। ਜਦੋਂ ਜਤਿੰਦਰ ਪਨੂੰ ਜੀ ਨੇ ਅਦਾਰੇ 'ਚੋਂ ਛੁੱਟੀ ਲੈਣ ਦਾ ਫੈਸਲਾ ਕਰ ਲਿਆ ਤਾਂ ਸੰਪਾਦਕ ਦੀ ਜ਼ਿੰਮੇਵਾਰੀ ਕਾਮਰੇਡ ਚੰਦ ਫਤਿਹਪੁਰੀ ਜੀ ਨੂੰ ਸੌਂਪੀ ਗਈ। ਅਸੀਂ ਸੋਚਣਾ ਪਤਾ ਨਹੀਂ ਕਾਮਰੇਡ ਜੀ ਇਸ ਜ਼ੁੰਮੇਵਾਰੀ ਨੂੰ ਕਿਵੇਂ ਦਾ ਨਿਭਾਉਣਗੇ, ਪਰ ਉਹਨਾਂ ਨੇ ਵਧੀਆ ਢੰਗ ਨਾਲ ਆਪਣੀ ਜ਼ੁੰਮੇਵਾਰੀ ਨਿਭਾਈ। ਉਹਨਾਂ ਆਪਣੇ-ਆਪ ਨੂੰ ਅਦਾਰੇ ਅਨੁਸਾਰ ਢਾਲ ਲਿਆ ਸੀ। ਕੈਂਸਰ ਦਾ ਦਰਦ ਅਸਹਿ ਹੋਣ ਦੇ ਬਾਵਜੂਦ ਉਹ ਆਖਰੀ ਦਿਨ ਤੱਕ 'ਨਵਾਂ ਜ਼ਮਾਨਾ' ਆਉਂਦੇ ਰਹੇ। ਪੂਰੇ ਸਿਰੜ ਨਾਲ ਬਿਮਾਰੀ ਦਾ ਮੁਕਾਬਲਾ ਕਰਦਿਆਂ ਅਖੀਰ ਤੱਕ ਹੌਸਲਾ ਨਹੀਂ ਛੱਡਿਆ ਸੀ। ਐਤਵਾਰ ਹਸਪਤਾਲ ਦਾਖਲ ਹੋਏ ਤੇ ਉੱਥੇ ਹੀ ਵਿਛੋੜਾ ਦੇ ਗਏ। ਉਹਨਾਂ ਦੀ ਮੌਤ ਅਦਾਰੇ ਲਈ ਵੱਡੀ ਸੱਟ ਹੈ, ਕਿਉਂਕਿ ਇਸ ਤੋਂ ਪਹਿਲਾਂ ਥੋੜ੍ਹੇ ਜਿਹੇ ਸਮੇਂ ਵਿਚ ਹੀ ਕੁੱਝ ਟਰੱਸਟੀ ਤੇ ਸਟਾਫ ਮੈਂਬਰ ਸਦੀਵੀ ਵਿਛੋੜਾ ਦੇ ਗਏ ਸਨ, ਜਿਵੇਂ ਕਾਮਰੇਡ ਅੰਮ੍ਰਿਤ ਲਾਲ, ਕਾਮਰੇਡ ਗੁਰਮੀਤ ਸ਼ੁਗਲੀ, ਰਜਿੰਦਰ ਮੰਡ, ਮਨੋਹਰ ਲਾਲ, ਰਜਨੀਸ਼ ਬਹਾਦਰ, ਰਣਯੋਧ ਸਿੰਘ, ਬਬਲੀ, ਗਿਆਨ, ਦੀਪਕ, ਨਰਿੰਦਰ ਕੁਮਾਰ ਆਦਿ। ਕੁੱਝ ਤਾਂ ਛੋਟੀ ਉਮਰ ਵਿੱਚ ਹੀ ਤੁਰ ਗਏ। ਅਦਾਰਾ ਹਾਲੇ ਇਸ ਗਮਗੀਨ ਮਾਹੌਲ ਵਿੱਚੋਂ ਬਾਹਰ ਨਹੀਂ ਆਇਆ ਸੀ ਕਿ ਅਚਾਨਕ ਕਾਮਰੇਡ ਚੰਦ ਫਤਿਹਪੁਰੀ ਜੀ ਤੁਰ ਗਏ। ਉਹਨਾਂ ਦੇ ਜਾਣ ਨਾਲ ਇੱਕ ਖਲਾਅ ਜਿਹਾ ਨਜ਼ਰ ਆ ਰਿਹਾ, ਜੋ ਸ਼ਾਇਦ ਛੇਤੀ ਭਰਿਆ ਨਾ ਜਾ ਸਕੇ।

**ਮੋਬਾ. 94641-13255**

# ਇੱਕ ਸਰਗਰਮ ਕਮਿਊਨਿਸਟ ਤੋਂ ਲੈ ਕੇ ਸਮਰਪਤ ਖੱਬੇ-ਪੱਖੀ ਸੰਪਾਦਕ ਤੱਕ ਦਾ ਸਫ਼ਰ

**ਸਰਬਜੀਤ ਕੰਗਣੀਵਾਲ (ਡਾ.)**

'ਨਵਾਂ ਜ਼ਮਾਨਾ' ਦੇ ਸੰਪਾਦਕ ਕਾਮਰੇਡ ਚੰਦ ਫਤਿਹਪੁਰੀ ਦੇ ਵਿਛੋੜੇ ਨਾਲ ਖੱਬੀ ਪੱਤਰਕਾਰੀ ਅਤੇ ਕਮਿਊਨਿਸਟ ਲਹਿਰ ਨੂੰ ਡਾਢੀ ਢਾਹ ਲੱਗੀ ਹੈ। ਉਨ੍ਹਾਂ ਨੇ ਆਪਣੇ ਜੀਵਨ ਦੇ ਆਖ਼ਰੀ ਸਮਿਆਂ ਦੌਰਾਨ 'ਨਵਾਂ ਜ਼ਮਾਨਾ' ਦੇ ਸੰਪਾਦਕ ਵਜੋਂ ਇਸ ਨੂੰ ਅੱਗੇ ਲਿਜਾਣ ਲਈ ਜੀ-ਤੋੜ ਕੋਸ਼ਿਸ਼ਾਂ ਕੀਤੀਆਂ ਹਨ।

ਕਾਮਰੇਡ ਚੰਦ ਸਿੰਘ ਦਾ ਜਨਮ ਸੇਵੇਵਾਲਾ ਪਿੰਡ ਵਿਖੇ ਸ. ਭਗਵਾਨ ਸਿੰਘ ਦੇ ਘਰ ਹੋਇਆ ਸੀ। ਇਹ ਪਿੰਡ ਗੁਮਤੀ ਖੁਰਦ ਵਜੋਂ ਵੀ ਜਾਣਿਆ ਜਾਂਦਾ ਹੈ। ਉਨ੍ਹਾਂ ਦੇ ਪਰਿਵਾਰ ਨੇ ਉਨੀ ਸੌ ਸੱਠਵਿਆਂ ਵਿੱਚ ਸ਼ਾਹਕੋਟ ਦੇ ਨੇੜਲੇ ਪਿੰਡ ਫਤੇਹਪੁਰ ਵਿਖੇ ਆ ਕੇ ਡੇਰਾ ਲਾਇਆ ਅਤੇ ਇਸ ਪਿੰਡ ਵਿੱਚ ਦਰਿਆਈ ਕੰਢੇ 'ਤੇ ਭਾਰੀ ਛੰਭ ਵਾਲੀ ਜ਼ਮੀਨ ਨੂੰ ਸਖ਼ਤ ਮਿਹਨਤ ਨਾਲ ਆਬਾਦ ਕੀਤਾ। ਉਨ੍ਹਾਂ ਨੇ ਆਪਣੀ ਮੁੱਢਲੀ ਪੜ੍ਹਾਈ ਇਸੇ ਇਲਾਕੇ ਵਿੱਚੋਂ ਕਰਨ ਤੋਂ ਬਾਅਦ ਸੁਲਤਾਨਪੁਰ ਤੋਂ ਜੇ.ਬੀ.ਟੀ. ਦੀ ਡਿਗਰੀ ਹਾਸਲ ਕੀਤੀ। ਆਪਣੀ ਪੜ੍ਹਾਈ ਦੌਰਾਨ ਉਹ ਖੱਬੀ ਲਹਿਰ ਤੋਂ ਪ੍ਰਭਾਵਿਤ ਹੋ ਗਏ ਅਤੇ ਉਹ ਚੰਦ ਸਿੰਘ ਦੀ ਥਾਂ ਚੰਦ ਫਤਿਹਪੁਰੀ ਵਜੋਂ ਜਾਣੇ ਜਾਣ ਲੱਗੇ। ਉਨ੍ਹਾਂ ਨੇ ਪਹਿਲਾਂ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਅਤੇ ਉਸ ਤੋਂ ਬਾਅਦ ਆਲ ਇੰਡੀਆ ਯੂਥ ਫੈਡਰੇਸ਼ਨ ਵਿੱਚ ਸਰਗਰਮੀ ਕਰਨ ਤੋਂ ਇਲਾਵਾ ਕਿਸਾਨ ਸਭਾ ਵਿੱਚ ਵੀ ਲੰਮਾਂ ਸਮਾਂ ਕੰਮ ਕੀਤਾ। ਉਹ ਇਨ੍ਹਾਂ ਜਥੇਬੰਦੀਆਂ ਦੇ ਵੱਖ ਵੱਖ ਆਹੁਦਿਆਂ 'ਤੇ ਰਹੇ। ਉਨ੍ਹਾਂ ਨੇ ਸੀ.ਪੀ.ਆਈ. ਦੇ ਜਲੰਧਰ ਜ਼ਿਲ੍ਹੇ ਦੇ ਸਕੱਤਰ ਅਤੇ ਸੂਬਾ ਕੌਂਸਲ ਦੇ ਮੈਂਬਰ ਵਜੋਂ ਵੀ ਜ਼ਿੰਮੇਂਵਾਰੀ ਨਿਭਾਈ।

ਕਾਮਰੇਡ ਚੰਦ ਫਤਿਹਪੁਰੀ ਨਾਲ ਮੇਰਾ ਸਿੱਧਾ ਸੰਬੰਧ 1991 ਵਿੱਚ ਉਸ ਵੇਲੇ ਪਿਆ ਜਦੋਂ ਮੈਂ 'ਨਵਾਂ ਜ਼ਮਾਨਾ' ਦੇ ਸੰਪਾਦਕੀ ਅਮਲੇ ਦਾ ਮੈਂਬਰ ਬਣਿਆ। ਉਸ ਸਮੇਂ 'ਨਵਾਂ ਜ਼ਮਾਨਾ' ਦੇ ਅਧੁਨਿਕੀਕਰਨ ਲਈ ਮੁਢੱਲੇ ਯਤਨ ਸ਼ੁਰੂ ਕੀਤੇ ਜਾ ਰਹੇ ਸਨ ਅਤੇ ਇਹ ਪਾਰਟੀ ਘੇਰੇ ਵਿੱਚੋਂ ਨਿਕਲ ਕੇ ਨਵੀਂ ਉਡਾਣ ਵੱਲ ਨੂੰ ਉਡਾਰੀ ਭਰ ਰਿਹਾ ਸੀ। ਕਾਮਰੇਡ ਚੰਦ ਫਤਿਹਪੁਰੀ ਉਸ ਸਮੇਂ ਕਾਮਰੇਡ ਜਗਜੀਤ ਸਿੰਘ ਆਨੰਦ ਦੀ ਅਗਵਾਈ ਵਿੱਚ ਕਾਮਰੇਡ ਕ੍ਰਿਸ਼ਨ ਭਾਰਦਵਾਜ, ਕਾਮਰੇਡ ਮਨੋਹਰ ਲਾਲ, ਕਾਮਰੇਡ ਜਤਿੰਦਰ ਪਨੂੰ ਅਤੇ ਪ੍ਰਿਥੀਵਾਲ ਸਿੰਘ ਸੰਧੂ ਨਾਲ 'ਨਵਾਂ ਜ਼ਮਾਨਾ' ਦੀ ਤਕਨੀਕੀ ਕਾਇਆ-ਕਲਪ ਕਰਨ ਵਾਲੇ ਮੈਂਬਰਾਂ ਵਿੱਚ ਮੋਹਰੀ ਭੂਮਿਕਾ ਨਿਭਾਅ ਰਹੇ ਸਨ ਅਤੇ ਇਸ ਵਾਸਤੇ ਕਾਮਰੇਡ ਕਰਮ ਸਿੰਘ ਮਾਨ ਅਤੇ ਕਾਮਰੇਡ ਨੌਨਿਹਾਲ ਸਿੰਘ ਦਾ ਵੀ ਪੂਰਾ ਜ਼ੋਰ ਲੱਗਾ ਹੋਇਆ ਸੀ। ਸਭ ਤੋਂ ਪਹਿਲਾਂ ਕੰਪਿਊਟਰਾਂ ਦੀ ਸਥਾਪਤੀ ਕੀਤੀ ਸੀ ਅਤੇ ਉਸ ਤੋਂ ਬਾਅਦ 'ਨਵਾਂ ਜ਼ਮਾਨਾ' ਨੇ ਪੁਰਾਣੀ ਸੀਟਫੈਡ ਦੀ ਥਾਂ ਆਫ਼ਸੈਟ ਮਸ਼ੀਨ ਲਾਉਣ ਦਾ ਫ਼ੈਸਲਾ ਲਿਆ। 'ਨਵਾਂ ਜ਼ਮਾਨਾ' ਨੇ ਆਪਣੇ ਸਰੋਤਾਂ ਮੁਤਾਬਿਕ ਤਮਿਲਨਾਡੂ ਤੋਂ ਇੰਡੀਅਨ ਐਕਸਪ੍ਰੈਸ ਦੀ ਪੁਰਾਣੀ ਆਫ਼ਸੈਟ ਮਸ਼ੀਨ ਖਰੀਦੀ। ਇਸ ਨੂੰ ਖੁਦ ਕਾਮਰੇਡ ਚੰਦ ਦੇਖਣ ਲਈ ਤਾਮਿਲਨਾਡੂ ਗਏ ਅਤੇ ਫਿਰ ਟਰੱਕ ਰਾਹੀਂ ਲੈ ਕੇ ਆਏ। ਇਸ ਨੂੰ ਸਥਾਪਿਤ ਕਰਨ ਦੀਆਂ ਤਕਨੀਕੀ ਅੜਚਣਾਂ ਕਾਰਨ ਇਹ 'ਨਵਾਂ ਜ਼ਮਾਨਾ' ਦੇ ਦਫ਼ਤਰ ਦੇ ਬਾਹਰ ਸੜਕ ਉੱਤੇ ਚਾਰ ਕੁ ਮਹੀਨੇ ਪਈ ਰਹੀ। ਕਾਮਰੇਡ ਚੰਦ ਰੋਜ਼ਾਨਾ ਆ ਕੇ ਉਸ ਦੇ ਨੇੜੇ ਕੁਰਸੀ ਡਾਹ ਕੇ ਬੈਠ ਜਾਂਦੇ ਅਤੇ ਇਸ ਦੇ ਸਬੰਧ ਵਿੱਚ ਨਵੀਆਂ ਤੋਂ ਨਵੀਆਂ ਸਕੀਮਾਂ ਘੜਦੇ ਰਹਿੰਦੇ।

ਇਸ ਤੋਂ ਪਹਿਲਾਂ ਕਿ ਉਹ ਆਪਣੇ ਆਪ ਨੂੰ 'ਨਵਾਂ ਜ਼ਮਾਨਾ' ਲਈ ਪੂਰੀ ਤਰ੍ਹਾਂ ਸਮਰਪਤ ਕਰਦੇ ਉਨ੍ਹਾਂ ਨੇ ਪਾਰਟੀ ਦੇ ਹੁਕਮ 'ਤੇ 1992 ਵਿੱਚ ਲੋਹੀਆਂ ਵਿਧਾਨ ਸਭਾ ਲਈ ਚੋਣ ਲੜੀ। ਇਹ ਬਹੁਤ ਔਖਾ ਸਮਾਂ ਸੀ। ਇਸ ਦੌਰਾਨ ਅੱਤਵਾਦੀਆਂ ਨੇ ਅਨੇਕਾਂ ਉਮੀਦਵਾਰਾਂ ਦੀ ਹੱਤਿਆ ਕਰ ਦਿੱਤੀ ਸੀ। ਸੀ.ਪੀ.ਆਈ. ਦੇ ਨਾਲ ਨਾਲ 'ਨਵਾਂ ਜ਼ਮਾਨਾ' ਵੀ ਅੱਤਵਾਦੀਆਂ ਦੀ ਹਿੱਟ ਲਿਸਟ 'ਤੇ ਸੀ। ਇਸ ਕਰਕੇ ਭੈਅ, ਹਿੰਮਤ ਅਤੇ ਹੌਂਸਲੇ ਦਾ ਮਹੌਲ ਨਾਲ ਨਾਲ ਹੀ ਚੱਲਦਾ ਸੀ। ਕਾਮਰੇਡ ਚੰਦ ਫਤਹਿਪੁਰੀ ਆਮ ਤੌਰ 'ਤੇ ਰਾਤ ਨੂੰ 'ਨਵਾਂ ਜ਼ਮਾਨਾ' ਆ ਜਾਂਦੇ। ਉਨ੍ਹਾਂ ਦੇ ਨਾਲ ਅਕਸਰ ਹੀ ਡਾ. ਜੋਗਿੰਦਰ ਦਿਆਲ ਵੀ ਹੁੰਦੇ। ਉਸ ਸਮੇਂ ਮੈਨੂੰ ਪਿੰਡ ਨਾ ਜਾਣ ਅਤੇ 'ਨਵਾਂ ਜ਼ਮਾਨਾ' ਵਿੱਚ ਰਹਿਣ ਦੇ ਕਾਮਰਡੇ ਆਨੰਦ ਜੀ ਵੱਲੋਂ ਹੁਕਮ ਸਨ ਜਿਸ ਕਰਕੇ ਮੈਨੂੰ ਵਿੱਚ ਹੀ ਕਮਰਿਆ ਮਿਲਿਆ ਹੋਇਆ ਸੀ। ਉਹ ਮੇਰੇ ਕਮਰੇ ਵਿੱਚ ਬੈਠ ਕੇ ਲੰਮਾਂ ਲੰਮਾਂ ਸਮਾਂ ਗੱਲਾਂ ਕਰਦੇ ਰਹਿੰਦੇ। ਕਈ ਵਾਰ ਉਥੇ ਹੀ ਸੌਂ ਜਾਂਦੇ। ਚੋਣਾਂ ਤੋਂ ਬਾਅਦ ਇਹ ਕੰਮ ਆਮ ਹੋ ਗਿਆ। ਇਸ ਕਰਕੇ ਮੈਨੂੰ ਉਨ੍ਹਾਂ ਦੀਆਂ ਗੱਲਾਂ ਤੋਂ ਬਹੁਤ ਕੁੱਝ ਸਿੱਖ ਨੂੰ ਮਿਲਿਆ।

ਸਾਲ 1992 ਦੀਆਂ ਚੋਣਾਂ ਤੋਂ ਬਾਅਦ ਕਾਮਰੇਡ ਚੰਦ ਨੇ ਪਾਰਟੀ ਸਰਗਰਮੀਆਂ ਕੁੱਝ ਹੱਦ ਤੱਕ ਘਟਾ ਦਿੱਤੀਆਂ ਅਤੇ ਜ਼ਿਆਦਾ ਜ਼ੋਰ ਲਿਖਣ-ਪੜ੍ਹਨ ਉੱਤੇ ਦੇਣਾ ਸ਼ੁਰੂ ਕਰ ਦਿੱਤਾ। ਉਹ ਕਾਮਰੇਡ ਮਨੋਹਰ ਲਾਲ ਨਾਲ ਲੰਮਾਂ ਲੰਮਾਂ ਸਮਾਂ ਵੱਖ ਵੱਖ ਮੁੱਦਿਆਂ 'ਤੇ ਵਿਚਾਰ-ਚਰਚਾ ਕਰਦੇ ਰਹਿੰਦੇ। ਕਾਮਰੇਡ ਇੱਕ ਚਲਦੀ-ਫਿਰਦੀ ਲਾਇਬ੍ਰੇਰੀ ਸਨ ਜਿਨ੍ਹਾਂ ਨੂੰ ਹਰ ਵਿਸ਼ੇ 'ਤੇ ਡੂੰਘੀ ਜਾਣਕਾਰੀ ਹੁੰਦੀ ਸੀ ਅਤੇ ਕੋਈ ਵੀ ਖ਼ਬਰ ਉਨ੍ਹਾਂ ਦੀ ਨਿਗ੍ਹ ਤੋਂ ਬਾਹਰ ਨਹੀਂ ਹੁੰਦੀ ਸੀ। ਕਾਮਰੇਡ ਚੰਦ ਉਨ੍ਹਾਂ ਨਾਲ ਡੂੰਘੀ ਚਰਚਾ ਕਰਦੇ ਅਤੇ ਆਪਣੀਆਂ ਲਿਖਤਾਂ ਰਾਹੀਂ 'ਨਵਾਂ ਜ਼ਮਾਨਾ' ਵਿੱਚ ਲਗਾਤਾਰ ਵਿਚਾਰ ਪੇਸ਼ ਕਰਨ ਦੇ ਨਾਲ ਨਾਲ ਇਸ ਵਿੱਚ ਵੱਖ-ਵੱਖ ਪੱਖਾਂ ਤੋਂ ਜ਼ਿੰਮੇਵਾਰੀ ਵੀ ਨਿਭਾਉਂਦੇ। ਕਾਮਰੇਡ ਜਤਿੰਦਰ ਪਨੂੰ ਵੱਲੋਂ 'ਨਵਾਂ ਜ਼ਮਾਨਾ' ਨੂੰ ਅਲਵਿਦਾ ਆਖ ਜਾਣ ਪਿੱਛੋਂ ਕਾਮਰੇਡ ਚੰਦ 2018 ਵਿੱਚ ਇਸ ਦੇ ਸੰਪਾਦਕ ਬਣੇ।

'ਨਵਾਂ ਜ਼ਮਾਨਾ' ਦੀ ਕਮਾਂਡ ਨੂੰ ਸੰਭਾਲਣਾ ਹਰ ਕਿਸੇ ਸੰਪਾਦਕ ਦਾ ਕੰਮ ਨਹੀਂ ਹੈ। ਇਸ ਨੂੰ ਆਰੰਭ ਕਰਨ ਵਿੱਚ ਮਹਾਨ ਗ਼ਦਰੀ ਦੇਸ਼ ਭਗਤਾਂ ਦੀ ਭੂਮਿਕਾ ਰਹੀ ਹੈ। ਗ਼ਦਰੀ ਅਤੇ ਸਮਾਜਵਾਦੀ ਵਿਚਾਰਧਾਰਾ ਨੂੰ ਅੱਗੇ ਲਿਜਾਣਾ ਇਸ ਦਾ ਮੁੱਖ ਉਦੇਸ਼ ਹੈ। ਬਰਾਬਰੀ, ਸਮਾਨਤਾ, ਹਕੀਕੀ ਆਜ਼ਾਦੀ, ਦੱਬੇ-ਕੁਚਲੇ ਵਰਗਾਂ ਦੇ ਹੱਕਾਂ-ਹਿੱਤਾਂ ਲਈ ਦ੍ਰਿੜਤਾ ਨਾਲ ਖੜ੍ਹਨਾ ਅਤੇ ਸਰਕਾਰੀ ਜਬਰ, ਦਾਬੇ ਤੇ ਸਾਮਰਾਜੀ ਲੁਟ ਦਾ ਵਿਰੋਧ ਕਰਨਾ ਅਤੇ ਮਜ਼ਦੂਰਾਂ, ਕਿਸਾਨਾਂ, ਔਰਤਾਂ, ਬੱਚਿਆਂ ਅਤੇ ਨਿਰਧਨਾਂ ਦੀ ਬਾਤ ਪਾਉਣਾ ਇਸ ਦਾ ਮਕਸਦ ਹੈ। ਆਮ ਅਖ਼ਬਾਰਾਂ ਦੇ ਵਾਂਗ 'ਨਵਾਂ ਜ਼ਮਾਨਾ' ਦਾ ਟੀਚਾ ਵੱਖ ਵੱਖ ਵਰਗਾਂ, ਜਾਤਾਂ, ਧਰਮਾਂ ਅਤੇ ਭਾਈਚਾਰਿਆਂ ਵਿੱਚ ਨਫ਼ਰਤ ਫੈਲਾਅ ਕੇ ਆਪਣਾ ਵਿਕਾਸ ਕਰਨਾ ਨਹੀਂ ਸਗੋਂ 'ਨਵਾਂ ਜ਼ਮਾਨਾ' ਦਾ ਨਿਸ਼ਾਨਾ ਇਨ੍ਹਾਂ ਵਿੱਚ ਤਾਲਮੇਲ ਪੈਦਾ ਕਰਕੇ ਆਪਸੀ ਭਾਈਚਾਰਾ, ਫਿਰਕੂ ਸਦਭਾਵਨਾ ਅਤੇ ਸਹਿਹੋਂਦ ਪੈਦਾ ਕਰਨਾ ਹੈ ਤਾਂ ਜੋ ਮਾਨਵੀ ਸਮਾਜ ਨੂੰ ਨਿੱਗਰ ਸਮਾਜਿਕ ਵਿਕਾਸ ਦੀ ਰਾਹ ਤੋਰਿਆ ਜਾ ਸਕੇ। ਆਰਥਿਕ ਉਦਾਰਵਾਦ ਦੇ ਦੌਰ ਦੌਰਾਨ ਚੌਤਰਫ਼ਾ ਦਬਾਅ ਦੇ ਕਾਰਨ 'ਨਵਾਂ ਜ਼ਮਾਨਾ' ਨੂੰ ਸੰਭਾਲਣ ਅਤੇ ਚਲਾਉਣ ਦੀ ਜ਼ਿੰਮੇਂਵਾਰੀ ਕੋਈ ਸੁਖਾਲਾ ਕੰਮ ਨਹੀਂ ਸੀ ਪਰ ਕਮਰੇਡ ਚੰਦ ਨੇ ਆਪਣੀ ਸਿਹਤ ਦੀ ਪ੍ਰਵਾਹ ਨਾ ਕਰਦੇ ਹੋਏ ਇਸ ਨੂੰ ਬਹੁਤ ਮਿਹਨਤ ਅਤੇ ਦ੍ਰਿੜਤਾ ਨਾਲ ਨਿਭਾਇਆ। ਮੈਂ ਅਤੇ ਕਾਮਰੇਡ ਚਰੰਜੀ ਲਾਲ ਕੁਝ ਮਹੀਨੇ ਪਹਿਲਾਂ ਹੀ ਉਨ੍ਹਾਂ ਨੂੰ ਮਿਲਣ ਗਏ। ਉਸ ਸਮੇਂ ਉਹ ਦਰਦਾਂ ਨਾਲ ਤਰਾਹ- ਤਰਾਹ ਕਰ ਰਹੇ ਸਨ ਅਤੇ ਉਨ੍ਹਾਂ ਦੀ ਦਰਦ ਨਿਵਾਰਨ ਡੋਜ਼ ਉਚਤਮ ਪੱਧਰ ਉੱਤੇ ਚਲੀ ਗਈ ਸੀ। ਉਨ੍ਹਾਂ ਦੀ ਸਥਿਤੀ ਦੇਖ ਕੇ ਕਾਮਰੇਡ ਚਰੰਜੀ ਲਾਲ ਨੇ ਕਿਹਾ, "ਕਾਮਰੇਡ ਤੁਸੀਂ ਠੀਕ ਨਹੀਂ, ਘਰ ਬੈਠ ਕੇ ਆਰਾਮ ਕਰੋ।" ਕਾਮਰੇਡ ਚੰਦ ਨੇ ਜਵਾਬ ਦਿੱਤਾ, "ਜੇ ਮੈਂ ਬੈਠ ਗਿਆ ਤਾਂ ਮੈਂ ਤਾਂ ਮੌਤ ਤੋਂ ਪਹਿਲਾਂ ਹੀ ਮਰ ਜਾਵਾਂਗਾ। ਇਥੇ ਕੰਮ ਵਿੱਚ ਮੇਰਾ ਮਨ ਹੋਰ ਪਾਸੇ ਲੱਗਾ ਰਹਿੰਦਾ।" ਇਸ ਗੱਲ ਵਿੱਚੋਂ ਕਾਮਰੇਡ ਚੰਦ ਦੀ ਆਪਣੇ ਕੰਮ ਪ੍ਰਤੀ ਲਗਨ, ਦ੍ਰਿੜਤਾ ਅਤੇ ਸਮਰਪਣ ਝਲਕਦਾ ਸੀ। ਉਨ੍ਹਾਂ ਦੇ ਵਾਸਤੇ ਕਿਰਤ ਉਤਮ ਸੀ। ਉਨ੍ਹਾਂ ਨੇ ਆਪਣੀ ਪੜ੍ਹਾਈ ਦੇ ਦਿਨਾਂ ਹੀ ਕਮਿਊਨਿਸਟ ਲਹਿਰ ਦਾ ਪੱਲਾ ਫੜਿਆ ਸੀ ਅਤੇ ਆਪਣੇ ਆਖ਼ਰੀ ਸਵਾਸਾਂ ਤੱਕ ਕੁੱਲਵਕਤੀ ਵਜੋਂ ਢੇਰ ਸਾਰੀਆਂ ਸਮੱਸਿਆਵਾਂ ਵਿੱਚ ਰਹਿ ਕੇ ਨਿਭਾਇਆ।

ਕਾਮਰੇਡ ਚੰਦ ਦਾ ਉਸ ਸਮੇਂ ਖੱਬੀ ਲਹਿਰ ਨੂੰ ਛੱਡ ਕੇ ਤੁਰ ਜਾਣਾ ਹੋਰ ਵੀ ਵਧੇਰੇ ਦੁਖਦਾਈ ਹੈ ਜਦੋਂ ਖੱਬੀ ਲਹਿਰ ਨੂੰ ਚੌਤਰਫੇ ਹਮਲਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਖੱਬੀ ਪੱਤਰਕਾਰੀ ਵਿੱਚ ਵਿਸ਼ੇਸ਼ ਤੌਰ 'ਤੇ ਸੋਕੇ ਦੀ ਸਥਿਤੀ ਬਣੀ ਹੋਈ ਹੈ। ਇਸ ਕਰਕੇ ਉਨ੍ਹਾਂ ਦੀ ਭਰਪਾਈ ਕੋਈ ਸੁਖਾਲਾ ਕੰਮ ਨਹੀਂ ਹੋਵੇਗੀ।

**ਸੰਪਰਕ :97800-36118**

# ਵਿਦਿਆਰਥੀ ਲਹਿਰ ਦੇ ਸਮਿਆਂ ਦੇ ਸਾਥੀ ਚੰਦ ਫਤਿਹਪੁਰੀ ਦੇ ਤੁਰ ਜਾਣ 'ਤੇ...

**ਲਹਿੰਬਰ ਸਿੰਘ ਤੱਗੜ**

ਕਾਮਰੇਡ ਚੰਦ ਫਤਿਹਪੁਰੀ ਦੇ ਸਦੀਵੀ ਵਿਛੋੜਾ ਦੇ ਜਾਣ ਦੀ ਦੁਖਦਾਈ ਖ਼ਬਰ ਮੈਨੂੰ 20 ਸਤੰਬਰ ਦੀ ਰਾਤ ਨੂੰ 9 ਵੱਜ ਕੇ 34 ਮਿੰਟ 'ਤੇ ਪੰਜਾਬੀ ਟ੍ਰਿਬਿਊਨ ਦੇ ਸਾਬਕਾ ਸੰਪਾਦਕ ਅਤੇ ਪ੍ਰਸਿੱਧ ਲੇਖਕ ਡਾ. ਸਵਰਾਜਵੀਰ ਵੱਲੋਂ ਮੇਰੇ ਦੁਆਰਾ ਸਥਾਪਤ ਕੀਤੇ ਵੱਟਸਐਪ ਗਰੁੱਪ 'ਲਾਈਫਲੌਂਗ ਇਮੋਸ਼ਨਜ਼' ਵਿੱਚ ਮੈਸੇਜ਼ ਪਾ ਕੇ ਦਿੱਤੀ ਗਈ। ਇਸ ਨੂੰ ਪੜ੍ਹ ਕੇ ਬਹੁਤ ਸਾਰੇ ਸਾਥੀਆਂ, ਦੋਸਤਾਂ ਅਤੇ ਮੈਂਬਰਾਂ ਨੇ ਜਿਨ੍ਹਾਂ ਵਿੱਚ ਡਾ. ਸਰਬਜੀਤ ਕੰਗਣੀਵਾਲ, ਕਮਲਜੀਤ ਸੰਗੋਵਾਲ, ਸ਼ਬਦੀਸ਼, ਨਾਰਾਇਣ ਦੱਤ, ਬਲਜੀਤ ਬੁੱਟਰ, ਗੁਰਉਪਦੇਸ਼ ਭੁੱਲਰ, ਪਰਵੀਨ ਕੌਸ਼ਲ, ਪਰਵਿੰਦਰ ਸਿੰਘ, ਕੁਲਵੰਤ ਕੋਟਲੀ, ਕੁਲਵੰਤ ਸਿੰਘ ਗਿੱਲ, ਵਿਜੇ ਅਗਨੀਹੋਤਰੀ, ਗਰੀਬ ਦਾਸ ਬੀਟਨ, ਹਰਪ੍ਰੀਤ ਸਿੰਘ ਅਤੇ ਹੋਰ ਬਹੁਤ ਸਾਰੇ ਸੱਜਣ ਵੀ ਸ਼ਾਮਲ ਸਨ, ਨੇ ਤੁਰੰਤ ਦੁੱਖ ਅਤੇ ਅਫ਼ਸੋਸ ਦੇ ਸੰਦੇਸ਼ ਲਿਖਣੇ ਅਤੇ ਭੇਜਣੇ ਸ਼ੁਰੂ ਕਰ ਦਿੱਤੇ ।

ਕਾਮਰੇਡ ਚੰਦ ਫਤਿਹਪੁਰੀ ਜੀ ਨਾਲ ਮੇਰੇ ਸੰਬੰਧ ਵਿਦਿਆਰਥੀ ਲਹਿਰ ਦੇ ਸਮਿਆਂ (1970ਵਿਆਂ) ਦੌਰਾਨ ਦੇ ਹੀ ਬਣੇ ਹੋਏ ਸਨ। ਸਾਡੀਆਂ ਪਹਿਲੀਆਂ ਮੁਲਾਕਾਤਾਂ ਕਪੂਰਥਲਾ ਜ਼ਿਲ੍ਹੇ ਦੀਆਂ ਵਿਦਿਅਕ ਸੰਸਥਾਵਾਂ, ਖ਼ਾਸ ਕਰਕੇ ਦੋ ਮਹੱਤਵਪੂਰਨ ਕਾਲਜਾਂ-ਗੁਰੂ ਨਾਨਕ ਖ਼ਾਲਸਾ ਕਾਲਜ ਸੁਲਤਾਨਪੁਰ ਲੋਧੀ ਅਤੇ ਗੌਰਮੈਂਟ ਰਣਧੀਰ ਕਾਲਜ (ਹੁਣ ਨਵਾਬ ਜੱਸਾ ਸਿੰਘ ਆਹਲੂਵਾਲੀਆ ਸਰਕਾਰੀ ਕਾਲਜ), ਕਪੂਰਥਲਾ ਦੇ ਵੱਡੇ-ਵੱਡੇ ਵਿਦਿਆਰਥੀ ਸੰਘਰਸ਼ਾਂ, ਹੜਤਾਲਾਂ ਦੌਰਾਨ ਹੋਣੀਆਂ ਸ਼ੁਰੂ ਹੋਈਆਂ, ਜਿੱਥੇ ਅਸੀਂ ਦੋਵੇਂ ਜਣੇ ਵਿਦਿਆਰਥੀ ਰੈਲੀਆਂ ਨੂੰ ਸੰਬੋਧਨ ਕਰਦੇ, ਮੈਂ ਐੱਸ.ਐੱਫ.ਆਈ. ਵੱਲੋਂ ਅਤੇ ਕਾਮਰੇਡ ਚੰਦ ਫਤਿਹਪੁਰੀ ਜੀ ਏ.ਆਈ.ਐੱਸ.ਐੱਫ. ਵੱਲੋਂ। ਮੈਨੂੰ ਅੱਜ ਵੀ ਯਾਦ ਹੈ ਕਿ ਸੁਲਤਾਨਪੁਰ ਲੋਧੀ ਕਾਲਜ ਵਿੱਚ ਲਗਾਤਾਰ ਤਿੰਨ ਮਹੀਨੇ ਵਿਦਿਆਰਥੀਆਂ ਦੀ ਹੜਤਾਲ ਰਹੀ ਸੀ।

ਉਸ ਤੋਂ ਬਾਅਦ ਕਾਮਰੇਡ ਚੰਦ ਫਤਿਹਪੁਰੀ ਜੀ ਸੀ.ਪੀ.ਆਈ. ਵਿੱਚ ਅਤੇ ਮੈਂ ਸੀ.ਪੀ.ਆਈ. (ਐੱਮ.) ਵਿੱਚ ਸਿੱਧੇ ਤੌਰ 'ਤੇ ਹੀ ਸਰਗਰਮੀ ਨਾਲ ਕੰਮ ਕਰਨ ਲੱਗੇ। ਬਾਅਦ ਵਿੱਚ ਕਾਮਰੇਡ ਚੰਦ ਫਤਿਹਪੁਰੀ ਜੀ ਨੂੰ ਸੀ.ਪੀ.ਆਈ. ਦੇ ਜ਼ਿਲ੍ਹਾ ਸਕੱਤਰ ਦੀ ਜ਼ਿੰਮੇਵਾਰੀ ਪਾਰਟੀ ਵੱਲੋਂ ਸੌਂਪ ਦਿੱਤੀ ਗਈ। ਉਹਨਾਂ ਸਮਿਆਂ ਵਿੱਚ ਪਾਰਟੀਆਂ ਅਤੇ ਕਿਸਾਨ ਸਭਾਵਾਂ ਦੇ ਸਾਂਝੇ ਸੰਘਰਸ਼ਾਂ ਦੌਰਾਨ ਵੀ ਇਹ ਸੰਬੰਧ ਬਣੇ ਰਹੇ।

ਕਾਮਰੇਡ ਸਰਵਣ ਸਿੰਘ ਚੀਮਾ ਸਾਡੇ ਵਾਲੀ ਪੰਜਾਬ ਕਿਸਾਨ ਸਭਾ ਦੇ ਜਨਰਲ ਸਕੱਤਰ ਸਨ ਅਤੇ ਕਾਮਰੇਡ ਕੁਲਵੰਤ ਸਿੰਘ ਸੀ.ਪੀ.ਆਈ. ਵਾਲੀ ਕਿਸਾਨ ਸਭਾ ਦੇ ਪ੍ਰਧਾਨ ਸਨ। ਕਈ ਮੌਕਿਆਂ 'ਤੇ ਕਾਮਰੇਡ ਕੁਲਵੰਤ ਸਿੰਘ ਸਾਡੇ ਭਾਈ ਰਤਨ ਸਿੰਘ ਯਾਦਗਾਰ ਟਰੱਸਟ ਬਿਲਡਿੰਗ ਵਾਲੇ ਦਫ਼ਤਰ ਵਿੱਚ ਆ ਜਾਂਦੇ ਅਤੇ ਕਈ ਵਾਰ ਅਸੀਂ ਸੀ.ਪੀ.ਆਈ. ਦੇ ਜ਼ਿਲ੍ਹਾ ਦਫ਼ਤਰ ਵਿੱਚ ਚਲੇ ਜਾਂਦੇ। ਉਸ ਸਮੇਂ ਸੀ.ਪੀ.ਆਈ. ਦਾ ਜ਼ਿਲ੍ਹਾ ਦਫ਼ਤਰ ਜਲੰਧਰ ਦੇ ਮੁੱਖ ਡਾਕਖ਼ਾਨੇ ਦੇ ਕੋਲ ਉਸ ਵੱਡੀ ਬਿਲਡਿੰਗ ਵਿੱਚ ਹੁੰਦਾ ਸੀ, ਜਿਹੜੀ ਕਿਸੇ ਸਮੇਂ ਸੀ.ਪੀ.ਆਈ. ਦੇ ਵੱਡੇ ਆਗੂ ਕਾਮਰੇਡ ਸਤੀਸ਼ ਲੂੰਬਾ ਦਾ ਘਰ ਸੀ ਅਤੇ ਬਾਅਦ ਵਿੱਚ ਉਹਨਾਂ ਨੇ ਇਹ ਇਮਾਰਤ ਪਾਰਟੀ ਨੂੰ ਦੇ ਦਿੱਤੀ ਸੀ। ਇੱਥੇ ਅਕਸਰ ਕਾਮਰੇਡ ਫਤਿਹਪੁਰੀ ਜੀ ਨਾਲ ਮੁਲਾਕਾਤਾਂ ਹੁੰਦੀਆਂ ਰਹਿੰਦੀਆਂ ਸਨ।

ਬਾਅਦ ਵਿੱਚ ਜਦੋਂ ਚੰਦ ਜੀ 'ਨਵਾਂ ਜ਼ਮਾਨਾ' ਵਿੱਚ ਚਲੇ ਗਏ ਤਾਂ ਉਹਨਾਂ ਨਾਲ ਅਖ਼ਬਾਰ ਵਿੱਚ ਖ਼ਬਰਾਂ ਅਤੇ ਆਰਟੀਕਲ ਛਪਵਾਉਣ ਲਈ ਗੱਲਾਂ-ਬਾਤਾਂ ਹੁੰਦੀਆਂ ਰਹਿੰਦੀਆਂ। ਇਸ ਤੋਂ ਬਾਅਦ ਸਾਂਝੀਆਂ ਮੀਟਿੰਗਾਂ ਸੀ.ਪੀ.ਆਈ. ਦੇ ਜਲੰਧਰ ਬੱਸ ਸਟੈਂਡ ਨਾਲ ਦੇ ਦਫ਼ਤਰ ਵਿੱਚ ਹੋਣ ਲੱਗੀਆਂ। ਇਹਨਾਂ ਮੀਟਿੰਗਾਂ ਵਿੱਚ ਕਾਮਰੇਡ ਫਤਿਹਪੁਰੀ ਜੀ ਤਾਂ ਨਹੀਂ, ਪਰ ਉਹਨਾਂ ਦੀ ਜੀਵਨ ਸਾਥੀ ਬੀਬੀ ਸੰਤੋਸ਼ ਬਰਾੜ ਜੀ ਲਗਾਤਾਰ ਸ਼ਾਮਲ ਹੋਣ ਲੱਗੇ। ਮੇਰੀ ਜੀਵਨ ਸਾਥਣ ਗੁਰਪਰਮਜੀਤ ਕੌਰ ਤੱਗੜ ਵੀ ਇਹਨਾਂ ਮੀਟਿੰਗਾਂ ਵਿੱਚ ਸ਼ਾਮਲ ਹੁੰਦੇ ਸਨ। ਇਸ ਪ੍ਰਕਾਰ ਸ਼ੁਰੂ ਤੋਂ ਵਿਚਾਰਧਾਰਕ ਮੱਤਭੇਦ ਹੋਣ ਦੇ ਬਾਵਜੂਦ ਸਾਡੇ ਆਪਸੀ ਸੰਬੰਧ ਹਮੇਸ਼ਾ ਬਣੇ ਰਹੇ।

ਕਾਮਰੇਡ ਚੰਦ ਫਤਿਹਪੁਰੀ ਦਾ 'ਨਵਾਂ ਜ਼ਮਾਨਾ' ਵਿੱਚ ਰੋਲ ਸਿਰਫ਼ ਸੰਪਾਦਕੀ ਜਾਂ ਹੋਰ ਲਿਖਤਾਂ ਲਿਖਣ ਤੱਕ ਹੀ ਸੀਮਤ ਨਹੀਂ ਸੀ, ਬਲਕਿ ਉਨ੍ਹਾਂ ਨੇ 'ਨਵਾਂ ਜ਼ਮਾਨਾ' ਦੇ ਆਧੁਨਿਕੀਕਰਨ ਅਤੇ ਹਰ ਪੱਖ ਤੋਂ ਹੋਰ ਅੱਗੇ ਵਧਾਉਣ ਵਿੱਚ ਵੀ ਮਹੱਤਵਪੂਰਨ ਰੋਲ ਅਦਾ ਕੀਤਾ। ਉਹਨਾਂ ਦੀਆਂ ਸਾਰੀਆਂ ਲਿਖਤਾਂ ਅਤੇ ਸੰਪਾਦਕੀਆਂ ਬੇਹੱਦ ਪ੍ਰਭਾਵਸ਼ਾਲੀ, ਜਾਣਕਾਰੀ ਭਰਪੂਰ ਹੁੰਦੀਆਂ ਸਨ, ਜਿਨ੍ਹਾਂ ਤੋਂ ਖੱਬੀ ਧਿਰ ਦੇ ਸਮੂਹ ਪਾਠਕਾਂ ਅਤੇ ਸਮਰਥਕਾਂ ਨੂੰ ਮਹੱਤਵਪੂਰਨ ਜਾਣਕਾਰੀ ਪ੍ਰਾਪਤ ਹੁੰਦੀ ਸੀ। ਮੈਨੂੰ ਇਹ ਪ੍ਰਵਾਨ ਕਰਨ ਵਿੱਚ ਵੀ ਕੋਈ ਝਿਜਕ ਨਹੀਂ ਕਿ ਮੈਂ ਆਪ ਆਪਣੀਆਂ ਲਿਖਤਾਂ ਵਿੱਚ ਅਨੇਕਾਂ ਤੱਥਾਂ ਅਤੇ ਸਿੱਟਿਆਂ ਦੀ ਜਾਣਕਾਰੀ ਉਹਨਾਂ ਦੀਆਂ ਲਿਖਤਾਂ 'ਚੋਂ ਪ੍ਰਾਪਤ ਕਰਦਾ ਹਾਂ।ਲਿਖਣ ਨੂੰ ਤਾਂ ਕਾਮਰੇਡ ਫਤਿਹਪੁਰੀ ਬਾਰੇ ਬਹੁਤ ਕੁਝ ਲਿਖਿਆ ਜਾ ਸਕਦਾ ਹੈ, ਪਰ ਆਰਟੀਕਲ ਦੇ ਬਹੁਤ ਲੰਬਾ ਹੋ ਜਾਣ ਦੇ ਡਰੋਂ ਇੱਥੇ ਹੀ ਬੰਦ ਕਰਦਾ ਹਾਂ ਅਤੇ ਇਨ੍ਹਾਂ ਸ਼ਬਦਾਂ ਨਾਲ ਹੀ ਆਪਣੇ ਪੁਰਾਣੇ ਸਮਿਆਂ ਦੇ ਸਾਥੀ ਕਾਮਰੇਡ ਚੰਦ ਫ਼ਤਿਹਪੁਰੀ ਜੀ ਨੂੰ ਸ਼ਰਧਾਂਜਲੀ ਭੇਟ ਕਰਦਾ ਹਾਂ।

## ਸਫ਼ਾ 1 ਦੀ ਬਾਕੀ ਮੇਰਾ ਦੋਸਤ ਮੇਰਾ ਰਾਹ-ਦਸੇਰਾ...

ਹੈ ਫਤਿਹਪੁਰ ਭੰਗਵਾਂ
ਤੇ ਜਲੰਧਰ ਸ਼ਹਿਰ ਦਾ ਰਿਸ਼ਤਾ...।

ਇੱਕ ਨਿੱਜੀ ਜਿਹੀ ਹੋਰ ਗੱਲ। ਮੈਂ ਪਿਛਲੇ ਦਿਨੀਂ ਡੇਢ ਕੁ ਕਮਰਾ ਛੱਤਣਾ ਸ਼ੁਰੂ ਕੀਤਾ। ਉਨ੍ਹਾਂ ਨੂੰ ਪਤਾ ਸੀ। ਉਨ੍ਹਾਂ ਕਮਰਿਆਂ ਦੀ ਉਸਾਰੀ ਦੌਰਾਨ ਦੋ ਵਾਰ ਫੋਟੋ ਮੰਗਵਾਈ ਤਾਂ ਕਿ ਲੋੜ ਪਵੇ ਤਾਂ ਕੋਈ ਸੁਝਾਅ ਦੇ ਸਕਣ। ਇਹ ਵੀ ਉਨ੍ਹਾਂ ਦੇ ਮੋਹ ਦਾ ਮੇਰੇ ਲਈ ਇੱਕ ਸੁਨੇਹਾ ਸੀ।

ਮੈਨੂੰ ਇੰਨਾ ਮੋਹ ਕਰਨ ਵਾਲੇ ਫਤਿਹਪੁਰੀ ਜੀ ਤੁਰ ਗਏ, ਨਿਰਮੋਹੇ ਹੋ ਕੇ।

ਅਸੀਂ ਗੁਰੂ ਨਾਨਕ ਮੈਡੀਕਲ ਕਾਲਜ ਤੇ ਹਸਪਤਾਲ ਅੰਮ੍ਰਿਤਸਰ ਤੋਂ ਮਹੀਨੇ ਬਾਅਦ ਦਵਾਈ ਲੈਣ ਜਾਂਦੇ ਸੀ। ਇੰਜ ਲੰਬਾ ਸਮਾਂ ਹੁੰਦਾ ਰਿਹਾ। ਆਖਰ ਡਾਕਟਰ ਰਾਜੀਵ ਦੇਵਗਣ ਨੇ ਕੀਮੋਥਰੈਪੀ ਸ਼ੁਰੂ ਕਰਵਾ ਦਿੱਤੀ। ਹੁਣ ਅਸੀਂ ਮਹੀਨੇ ਦੀ ਬਜਾਏ 21 ਦਿਨ ਬਾਅਦ ਜਾਣ ਲੱਗ ਪਏ। ਲੰਘਿਆ 21 ਸਤੰਬਰ ਤੀਜੀ ਕੀਮੋਥਰੈਪੀ ਲਈ 21ਵਾਂ ਦਿਨ ਸੀ। 20 ਸਤੰਬਰ ਨੂੰ ਫਤਿਹਪੁਰੀ ਹੁਰਾਂ ਦਾ ਫੋਨ ਆਇਆ, ਆਵਾਜ਼ ਉਨ੍ਹਾਂ ਦੀ ਦਰਦ ਵਿੰਨ੍ਹੀ ਸੀ। ਕਹਿਣ ਲੱਗੇ ਬਹੁਤ ਔਖਾ ਹਾਂ। ਦਰਦ ਸਹਿਣ ਤੋਂ ਅਸਮਰੱਥ ਹਾਂ। ਤੂੰ ਡਾ. ਦੇਵਗਣ ਨੂੰ ਮੇਰੀ ਹਾਲਤ ਦੱਸ। ਮੈਂ ਫੋਨ ਕੀਤਾ। ਡਾਕਟਰ ਸਾਹਿਬ ਨੇ ਫੋਨ ਅਟੈਂਡ ਨਾ ਕੀਤਾ। ਮੈਂ ਬੇਟੇ ਪ੍ਰਿੰਸ ਨੂੰ ਦੱਸਿਆ ਕਿ ਡਾਕਟਰ ਦਾ ਰਿਸਪਾਂਸ ਨਹੀਂ ਆਇਆ, ਪਰ ਤੂੰ ਇਹ ਗੱਲ ਆਪਣੇ ਡੈਡੀ ਨੂੰ ਨਾ ਦੱਸੀਂ, ਐਵੇਂ ਬੋਝ ਨਾ ਪਾ ਲੈਣ। ਖੈਰ ਉਨ੍ਹਾਂ ਨੂੰ ਫੋਨ ਬਾਰੇ ਪਤਾ ਲੱਗ ਗਿਆ ਸੀ। ਇਹ ਵੀ ਦੱਸ ਦੇਵਾਂ ਕਿ ਪਿਛਲੇ ਦੋ ਸਾਲਾਂ ਦੌਰਾਨ ਕਦੇ ਵੀ ਉਨ੍ਹਾਂ ਨੂੰ ਹਤਾਸ਼ ਹੋਇਆ ਨਹੀਂ ਵੇਖਿਆ ਸੀ। ਸਦਾ ਹੌਸਲਾ ਬੁਲੰਦ ਨਜ਼ਰ ਆਉਂਦਾ ਰਿਹਾ। ਦਸ ਸਾਲ ਹੋਰ ਜਿਊਣ ਬਾਰੇ ਮੇਰੇ ਤੇ ਹੋਰ ਦੋਸਤਾਂ ਨਾਲ 'ਇਕਰਾਰ' ਕਰਿਆ ਕਰਦੇ ਸਨ।

20 ਸਤੰਬਰ ਨੂੰ ਦੁਬਾਰਾ ਫੋਨ 'ਤੇ 21 ਨੂੰ ਸਾਢੇ ਅੱਠ ਵਜੇ ਅੰਮ੍ਰਿਤਸਰ ਜਾਣ ਲਈ ਨਵਾਂ ਜ਼ਮਾਨਾ ਆਉਣ ਲਈ ਪੱਕਾ ਕਰਨ ਲੱਗੇ। ਰਾਤ ਨੂੰ ਅੱਠ ਕੁ ਵਜੇ ਗੁਰਜੀਤ ਦੇ ਫੋਨ ਦੀ ਘੰਟੀ ਵੱਜੀ। ਮੈਨੂੰ ਧੁੜਕੂ ਜਿਹਾ ਲੱਗਾ। ਕਿਆਸ ਕੀਤੀ ਖ਼ਬਰ ਸੱਚ ਨਿਕਲੀ। ਮੈਂ ਬੁਰੀ ਤਰ੍ਹਾਂ ਝੰਜੋੜਿਆ ਗਿਆ। ਮੈਂ ਜ਼ਿੰਦਗੀ ਵਿੱਚ ਦੋ ਵਾਰ ਪਹਿਲਾਂ ਜ਼ਾਰੋ ਜ਼ਾਰ ਰੋਇਆ ਸੀ। ਇੱਕ ਵਾਰ ਜਦੋਂ ਬਚਪਨ ਵਿੱਚ ਮੈਂ ਮਾਂ-ਮਿਹੱਟਰ ਹੋਇਆ ਸੀ। ਦੂਜੀ ਵਾਰ ਓਦੋਂ ਜਦੋਂ ਮੇਰੀ ਵੱਡੀ ਭੈਣ ਜਵਾਨੀ 'ਚ ਵਿਧਵਾ ਹੋ ਗਈ ਸੀ। ਤੀਜੀ ਵਾਰ 21 ਸਤੰਬਰ ਦੀ ਰਾਤ ਨੂੰ ਜਦੋਂ ਮੇਰਾ ਦੋਸਤ ਮੇਰਾ ਰਾਹ-ਦਸੇਰਾ ਚੰਦ ਫਤਿਹਪੁਰੀ ਮੇਰੇ ਨਾਲ 'ਇਕਰਾਰ' ਤੋੜ ਗਿਆ।

ਉਨ੍ਹਾਂ ਦੇ ਤੁਰ ਜਾਣ ਨਾਲ ਇੱਕ ਵਾਰ ਤਾਂ ਬੜਾ ਵੱਡਾ ਖਲਾਅ ਪੈਦਾ ਹੋ ਗਿਆ ਹੈ। 23 ਤਰੀਕ ਨੂੰ ਮੈਂ ਨਵਾਂ ਜ਼ਮਾਨਾ ਆਇਆ ਤਾਂ ਮਨ 'ਤੇ ਉਦਾਸੀ ਛਾ ਗਈ। ਉਨ੍ਹਾਂ ਦੇ ਕੈਬਿਨ ਵੱਲ ਦੇਖਿਆ ਤਾਂ ਵੱਡੇ ਸਾਰੇ ਹੌਕੇ ਦੇ ਨਾਲ ਇੱਕ ਵਾਰ ਫੇਰ ਅੱਖਾਂ 'ਚ ਅੱਥਰੂ ਛਲਕ ਆਏ। 15-20 ਮਿੰਟ ਬਾਅਦ ਮੈਂ ਦਫ਼ਤਰ ਦੀਆਂ ਪੌੜੀਆਂ ਉੱਤਰ ਗਿਆ।

ਉਂਜ ਜਦੋਂ ਸੁੱਖ ਅਤੇ ਦੁੱਖ ਨਾਲ ਸੰਬੰਧਤ ਉਨ੍ਹਾਂ ਦੀਆਂ ਸਾਰੀਆਂ ਯਾਦਾਂ ਚਿਤਵਦਾ ਹਾਂ ਤਾਂ ਇਕ ਆਸ ਬੱਝਦੀ ਹੈ ਕਿ ਚੰਦ ਫਤਿਹਪੁਰੀ ਚਿਰਾਂ ਤੱਕ ਅੰਗ-ਸੰਗ ਹੀ ਰਹਿਣਗੇ।

**# ਸੰਪਰਕ : 98725-40447**

## ਸਫ਼ਾ 1 ਦੀ ਬਾਕੀ ਚੰਦ ਫਤਿਹਪੁਰੀ ਇੱਕ ਉੱਚ ਪਾਏ ਦਾ ਵਿਦਵਾਨ...

ਉਹਨਾ ਸਮੇਂ ਦੀਆਂ ਹਕੂਮਤਾਂ ਦੀਆਂ ਜਨ-ਵਿਰੋਧੀ ਨੀਤੀਆਂ, ਜਿਵੇਂ ਬੇਰੁਜ਼ਗਾਰੀ, ਅਨਪੜ੍ਹਤਾ, ਆਰਥਿਕ ਨਾਬਰਾਬਰੀ ਅਤੇ ਲੋਕਾਂ ਦੇ ਜਮਹੂਰੀ ਹੱਕਾਂ ਦੀ ਰਾਖੀ ਵਰਗੇ ਗੰਭੀਰ ਮੁੱਦਿਆਂ 'ਤੇ ਨਿਧੜਕ ਹੋ ਕੇ ਕਲਮ ਚਲਾਈ।

ਚੰਦ ਫਤਿਹਪੁਰੀ ਆਪਣੀ ਜ਼ਿੰਦਗੀ ਦੇ ਆਖਰੀ ਸਾਹਾਂ ਤੱਕ 'ਨਵਾਂ ਜ਼ਮਾਨਾ' ਦੇ ਨਾਲ ਬਤੌਰ ਸੰਪਾਦਕ ਜੁੜੇ ਰਹੇ। ਉਹ 'ਨਵਾਂ ਜ਼ਮਾਨਾ' ਨਾਲ ਏਨਾ ਜੁੜੇ ਹੋਏ ਸਨ ਕਿ ਭਿਆਨਕ ਬਿਮਾਰੀ ਨਾਲ ਜਦੋਂ ਉਨ੍ਹਾ ਦਾ ਸਰੀਰ ਹੱਡੀਆਂ ਦਾ ਪਿੰਜਰ ਬਣਿਆ ਹੋਇਆ ਸੀ, ਉਹ ਫਿਰ ਵੀ 'ਨਵਾਂ ਜ਼ਮਾਨਾ' ਵਿੱਚ ਲਗਾਤਾਰ ਰੋਜ਼ਾਨਾ ਆਉਂਦੇ ਰਹੇ। ਚੰਦ ਫਤਿਹਪੁਰੀ ਆਖਰੀ ਵਾਰ 19 ਸਤੰਬਰ (ਸਨਿੱਚਰਵਾਰ) 'ਨਵਾਂ ਜ਼ਮਾਨਾ' ਦੇ ਦਫਤਰ ਵਿੱਚ ਆਏ। ਇਨ੍ਹਾ ਸਤਰਾਂ ਦਾ ਲੇਖਕ ਉਨ੍ਹਾ ਨੂੰ ਉਪਰ ਮਿਲਣ ਗਿਆ ਅਤੇ ਪੁੱਛਿਆ ਕਿ ਸਿਹਤ ਦਾ ਕੀ ਹਾਲ ਹੈ, ਉਨ੍ਹਾ ਪਹਿਲਾਂ ਦੀ ਤਰ੍ਹਾਂ ਇਹ ਕਿਹਾ—ਮੈਂ ਬਿਲਕੁਲ ਠੀਕ ਹਾਂ, ਪਰ ਮੈਂ ਵੇਖਿਆ ਕਿ ਚੰਦ ਫਤਿਹਪੁਰੀ ਆਪਣਾ ਸਰੀਰ ਆਪ ਘੁੱਟ ਰਿਹਾ ਸੀ। ਜਦੋਂ ਪੁੱਛਿਆ ਕਿ ਸਰੀਰ ਕਿਉਂ ਘੁੱਟ ਰਹੇ ਹੋ ਤਾਂ ਉਨ੍ਹਾ ਕਿਹਾ ਕਿ ਅੱਜ ਸਾਰਾ ਸਰੀਰ ਬਹੁਤ ਦਰਦ ਕਰ ਰਿਹਾ ਹੈ। ਅਗਲੇ ਦਿਨ 20 ਸਤੰਬਰ ਨੂੰ ਪੀੜ ਜ਼ਿਆਦਾ ਵਧ ਗਈ। ਉਹ ਆਪਣੇ ਪੁੱਤਰ ਪ੍ਰਿੰਸ ਦੇ ਕਹਿਣ 'ਤੇ ਹਸਪਤਾਲ ਨਹੀਂ ਜਾ ਰਹੇ ਸਨ। ਅੱਗੋਂ ਇਹ ਕਹਿ ਰਹੇ ਸਨ—ਮੈਂ ਠੀਕ ਹੋ ਜਾਣਾ ਹੈ। ਸ਼ਾਮ ਨੂੰ ਜ਼ਿਆਦਾ ਹਾਲਤ ਵਿਗੜਦੀ ਵੇਖ ਕੇ ਉਨ੍ਹਾ ਨੂੰ ਹਸਪਤਾਲ ਲਿਜਾਇਆ ਗਿਆ, ਪਰ ਉਹ ਰਾਹ ਵਿੱਚ ਹੀ ਪੂਰੇ ਹੋ ਚੁੱਕੇ ਸਨ। ਉਸ ਮਹਾਨ ਵਿਦਵਾਨ ਦਾ ਅੱਜ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਸ਼ਰਧਾਂਜਲੀ ਸਮਾਗਮ ਹੋ ਰਿਹਾ ਹੈ।

**ਸਕੱਤਰ, ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਜਲੰਧਰ।**
**ਫੋਨ-98760-78731**

## ਆਖਰੀ ਸਫ਼ਾ ਦੀ ਬਾਕੀ ਲੋਕ ਪੱਖੀ ਅਤੇ ਬੁਲੰਦ ਆਵਾਜ਼...

ਕਿਸਾਨਾਂ ਦਾ ਕਰਜ਼ਾ ਨਾ ਮੋੜ ਕੇ ਉਹਨਾਂ ਨੂੰ ਖੁਦਕੁਸ਼ੀਆਂ ਦੇ ਰਾਹ ਪਾਉਂਦੀਆਂ ਹਨ। ਉਹ ਮੰਡੀਆਂ ਵਿੱਚ ਸਰਕਾਰ ਵੱਲੋਂ ਨਿਰਧਾਰਤ ਕੀਤੇ ਖਰੀਦ ਮੁੱਲ ਨਾਲੋਂ ਘੱਟ ਮੁੱਲ ਉੱਤੇ ਜਿਣਸਾਂ/ਫ਼ਸਲਾਂ ਦੀ ਖਰੀਦ ਦਾ ਮੁੱਦਾ ਪ੍ਰਮੁੱਖਤਾ ਨਾਲ ਉਭਾਰਦਾ ਹੈ। ਹਰੇ ਇਨਕਲਾਬ ਉਪਰੰਤ ਫ਼ਸਲਾਂ ਦਾ ਝਾੜ ਵਧ ਜਾਂਦਾ ਹੈ, ਪਰ ਫਿਰ ਵੀ ਕਿਸਾਨੀ ਘੋਰ ਸੰਕਟ ਵਿੱਚ ਘਿਰਦੀ ਜਾਂਦੀ ਹੈ। ਕਰਜ਼ਾ ਮਾਫੀ ਦਾ ਮੁੱਦਾ ਚੁੱਕਦਾ ਹੋਇਆ ਉਹ ਅਮਰੀਕਾ ਦੀ ਕਿਸਾਨੀ ਦਾ ਹਵਾਲਾ ਦਿੰਦਾ ਹੈ, ਜਿਸ ਨੂੰ ਅਰਬਾਂ ਡਾਲਰ ਦੀ ਸਬਸਿਡੀ ਦਿੱਤੀ ਜਾਂਦੀ ਹੈ, ਤਾਂ ਕਿ ਕਿਸਾਨੀ ਬਚੀ ਰਹੇ।

ਆਪਣੇ ਲੇਖਾਂ ਵਿੱਚ ਚੰਦ ਫਤਿਹਪੁਰੀ ਕਿਸਾਨਾਂ ਨੂੰ ਖੇਤੀ ਦੇ ਧੰਦੇ ਤੋਂ ਬਾਹਰ ਕਰਨ ਦੀਆਂ ਚਾਲਾਂ ਨੂੰ ਨੰਗਿਆਂ ਵੀ ਕਰਦਾ ਹੈ। ਕਿਵੇਂ ਬੀਜ ਤੇ ਕੀਟਨਾਸ਼ਕ ਦਵਾਈਆਂ ਦੀਆਂ ਕੀਮਤਾਂ ਵਧ ਰਹੀਆਂ ਹਨ ਤੇ ਫ਼ਸਲਾਂ ਦੇ ਭਾਅ ਘਟ ਰਹੇ ਹਨ। ਲੇਖਕ ਕੇਂਦਰ ਸਰਕਾਰ ਦੀਆਂ ਨੀਤੀਆਂ ਉੱਤੇ ਵਾਰ-ਵਾਰ ਸਵਾਲ ਕਰਦਾ ਹੈ, ਉਹ ਚਾਹੇ ਕਿਸਾਨ ਮਾਰੂ ਕਾਨੂੰਨ ਹੋਣ ਜਾਂ ਸਰਕਾਰ ਦੇ ਬਿਆਨ ਹੋਣ। ਕਿਸਾਨੀ ਨੂੰ ਖਤਮ ਕਰਨ ਵਾਲੀ ਠੇਕਾ ਖੇਤੀ 'ਚ ਲੱਗੀਆਂ ਕੰਪਨੀਆਂ ਨੂੰ ਸਵਾਲਾਂ ਦੇ ਘੇਰੇ ਵਿੱਚ ਲਿਆਉਂਦਾ ਹੈ। ਕਿਵੇਂ ਕਿਸਾਨਾਂ ਨਾਲ ਲੱਖਾਂ ਰੁਪਏ ਦੀ ਠੱਗੀ ਮਾਰੀ ਜਾਂਦੀ ਹੈ। ਇਸ ਪ੍ਰਸੰਗ ਨੂੰ ਉਭਾਰਨ ਲਈ ਉਹ ਛਤੀਸਗੜ੍ਹ ਦੀ ਇਕ ਕੰਪਨੀ ਦੀ ਉਦਾਹਰਨ ਦਿੰਦਾ ਹੈ। ਚੰਦ ਫਤਿਹਪੁਰੀ ਦੇ ਇਸ ਪੁਸਤਕ ਦੇ ਲੇਖ ਸਿਰਫ਼ ਪੰਜਾਬ ਦੀ ਕਿਸਾਨੀ ਨਾਲ ਸੰਬੰਧ ਨਹੀਂ ਰੱਖਦੇ, ਉਹ ਆਪਣੇ ਲੇਖਾਂ ਵਿੱਚ ਭਾਰਤ ਖਾਸ ਕਰਕੇ ਉੱਤਰੀ ਭਾਰਤ ਦੀ ਕਿਸਾਨੀ ਦੇ ਸੰਕਟਾਂ ਦੀ ਗੱਲ ਕਰਦਾ ਹੋਇਆ ਵਿਸ਼ਵ ਦੀ ਕਿਸਾਨੀ ਨੂੰ ਆਪਣੇ ਕਲਾਵੇ ਵਿੱਚ ਲੈ ਲੈਂਦਾ ਹੈ। ਉਹ ਬਿਜਲੀ ਸੋਧ ਬਿੱਲ 2020 ਨੂੰ ਕਿਸਾਨੀ 'ਤੇ ਵਾਧੂ ਬੋਝ ਕਹਿੰਦਾ ਹੋਇਆ ਉਸ ਨੂੰ ਕਿਸਾਨੀ ਉੱਤੇ ਇਕ ਹੋਰ ਹਮਲਾ ਕਰਾਰ ਦਿੰਦਾ ਹੈ। ਕਾਰਪੋਰੇਟ ਭਜਾ ਕੇ ਦੇਸ਼ ਬਚਾਉਣ ਦਾ ਹੋਕ ਦਿੰਦਾ ਹੋਇਆ ਮੋਦੀ ਸਰਕਾਰ ਦੀ ਤਿੱਖੀ ਆਲੋਚਨਾ ਕਰਦਾ ਹੈ, ਜਿਹੜੀ ਅਮਰੀਕਾ ਦਾ ਖੇਤੀ ਮਾਡਲ ਲਾਗੂ ਕਰਨ ਵਾਲੇ ਤਿੰਨ ਆਰਡੀਨੈਂਸ ਲਾਗੂ ਕਰਦੀ ਹੈ। ਖੇਤੀ ਬਿੱਲ ਉਪਰੰਤ ਕਿਸਾਨ ਅੰਦੋਲਨ ਦੇ ਵਿਰਾਟ ਰੂਪ ਦਾ ਪ੍ਰਮੁਖਤਾ ਨਾਲ ਅਧਿਐਨ ਕਰਦਾ ਹੋਇਆ ਕੇਂਦਰ ਦੀਆਂ ਰਮਜ਼ਾਂ ਪਛਾਨਣ ਲਈ ਕਹਿੰਦਾ ਹੈ। ਖੇਤੀ ਕਾਨੂੰਨ, ਵਿਆਪਕ ਲਾਮਬੰਦੀ, ਔਰਤ ਦਾ ਸੰਘਰਸ਼, ਮਿੱਟੀ ਸੱਤਿਆਗ੍ਰਹਿ, ਵਰਗ ਚੇਤਨਾ ਵਰਗੇ ਮੁੱਦਿਆਂ ਰਾਹੀਂ ਕਿਸਾਨ ਅੰਦੋਲਨ ਦੀ ਗਤੀ ਦੀ ਪਛਾਣ ਕਰਦਾ ਹੈ। ਇਕ ਤਰ੍ਹਾਂ ਨਾਲ ਇਹ ਪੁਸਤਕ ਕਿਸਾਨ ਅੰਦੋਲਨ ਦਾ ਵਿਸਥਾਰ ਨਾਲ ਅਧਿਐਨ ਕਰਦੀ ਹੈ। ਇਸ ਪੁਸਤਕ ਰਾਹੀਂ ਚੰਦ ਫਤਿਹਪੁਰੀ ਦੀ ਦਲੇਰ ਪੱਤਰਕਾਰੀ ਦੇ ਦਰਸ਼ਨ ਹੁੰਦੇ ਹਨ। ਕਿਤਾਬ ਦੀਆਂ ਲਿਖਤਾਂ ਵਿੱਚੋਂ ਅੰਦੋਲਨ ਦੀ ਲਹਿਰ ਪ੍ਰਤੀ ਉਸ ਦਾ ਅਧਿਐਨ, ਪੜਚੋਲਵੀਂ ਦ੍ਰਿਸ਼ਟੀ ਅਤੇ ਆਪਣੀ ਵਿਚਾਰਧਾਰਕ ਪ੍ਰਤੀਬੱਧਤਾ ਦੀ ਗੂੜ੍ਹੀ ਝਲਕ ਮਿਲਦੀ ਹੈ।

'ਇਤਿਹਾਸਕ ਕਿਸਾਨ ਅੰਦੋਲਨ' ਪੁਸਤਕ ਚੰਦ ਫਤਿਹਪੁਰੀ ਦੀ ਲੋਕ ਪੱਖੀ ਪੱਤਰਕਾਰ ਵਜੋਂ ਪਛਾਣ ਗੂੜ੍ਹੀ ਕਰਦੀ ਹੈ। ਇਸ ਪੁਸਤਕ ਤੋਂ ਇਲਾਵਾ ਉਸ ਦੇ 'ਨਵਾਂ ਜ਼ਮਾਨਾ' ਵਿੱਚ ਵੱਖ-ਵੱਖ ਸਮੇਂ ਪ੍ਰਕਾਸ਼ਤ ਸਿਆਸੀ ਲੇਖ ਵੀ ਵਿਚਾਰੇ ਜਾ ਸਕਦੇ ਹਨ। ਸਮਾਜਿਕ, ਸਿਆਸੀ ਅਤੇ ਲੋਕਾਂ ਦੇ ਮਸਲਿਆਂ ਨੂੰ ਸਮੇਂ-ਸਮੇਂ ਉਭਾਰਨ ਵਾਲੇ ਪੱਤਰਕਾਰ ਦੇ ਤੌਰ 'ਤੇ ਚੰਦ ਫਤਿਹਪੁਰੀ ਨੂੰ ਹਮੇਸ਼ਾ ਚੇਤੇ ਰੱਖਿਆ ਜਾਵੇਗਾ।

**ਸੰਪਰਕ : 94170-64350**

## ਸਫ਼ਾ 1 ਦੀ ਬਾਕੀ ਕਿਹੜੀ-ਕਿਹੜੀ ਗੱਲ ਯਾਦ ਕਰਾਂ ਮੈਂ ਚੰਦ ਸਿਹਾਂ ਤੇਰੀ !...

ਕੰਮ ਦਾ ਮੌਕਾ ਮਿਲਿਆ ਤੇ ਜਲੰਧਰ ਰਹਿਣਾ ਪਿਆ ਤਾਂ ਚੰਦ ਤੇ ਮੈਂ ਲਗਭਗ ਰੋਜ਼ ਦੇ ਸਾਥੀ ਬਣ ਗਏ। ਕਦੇ-ਕਦਾਈਂ ਕਿਸੇ ਗੱਲ ਤੋਂ ਕੁਝ ਚਿੜ-ਚਿੜ ਹੋ ਜਾਂਦੀ, ਪਰ ਰੋਟੀ ਵੇਲੇ ਉਹ ਡੱਬਾ ਚੁੱਕ ਕੇ ਮੇਰੇ ਕੋਲ ਆ ਜਾਂਦਾ ਜਾਂ ਮੈਨੂੰ ਖਿੱਚ ਕੇ ਦਫਤਰ ਦੇ ਹੇਠਲੇ ਹਿੱਸੇ ਵਿੱਚ ਲੱਗੀ ਪ੍ਰਿੰਟਿੰਗ ਪੈੱਸ ਦੀਆਂ ਮਸ਼ੀਨਾਂ ਵਿਚਾਲੇ ਜਾ ਬਿਠਾਉਂਦਾ ਅਤੇ ਭਾਂਡੇ ਖਾਲੀ ਕਰਨ ਤੱਕ ਉਸ ਦਿਨ ਦੇ ਰੋਸੇ-ਸ਼ਿਕਵੇ ਭੁਲਾ ਕੇ ਅਸੀਂ ਅਗਲੇ ਕੰਮ ਜਾ ਲੱਗਦੇ। ਮੇਰਾ ਸੁਭਾਅ ਕੌੜਾ ਸੀ, ਕਈ ਵਾਰੀ ਅਗਲੇ ਦਿਨ ਤੱਕ ਥੋੜ੍ਹੀ ਕੌੜ ਪਿਛਲੇ ਦਿਨ ਵਾਲੀ ਮਨ ਵਿਚ ਰਹਿ ਜਾਂਦੀ, ਪਰ ਚੰਦ ਨੇ ਕਈ ਰੋਸੇ ਦਾ ਬਕਾਇਆ ਅਗਲੇ ਦਿਨ ਵਾਸਤੇ ਨਹੀਂ ਸੀ ਰੱਖਿਆ। ਏਨਾ ਜ਼ਰੂਰ ਹੁੰਦਾ ਸੀ ਕਿ ਜਦੋਂ ਕਦੀ ਵਿਚਾਰਾਂ ਦੇ ਮੱਤਭੇਦ ਹੁੰਦੇ ਤਾਂ ਅਸੀਂ ਵਿਚਾਲੇ ਦਾ ਰਾਹ ਲੱਭ ਕੇ ਚਲਦੇ ਰਹਿੰਦੇ। ਉਨ੍ਹੀਂ ਦਿਨੀਂ ਤਰਨ ਤਾਰਨ ਦੇ ਆਜ਼ਾਦੀ ਘੁਲਾਟੀਏ ਅਤੇ ਬਜ਼ੁਰਗ ਲੇਖਕ ਸਰਦਾਰਾ ਸਿੰਘ ਪਾਗਲ ਕੁਝ ਅਖਬਾਰਾਂ ਲਈ ਕਾਲਮ ਲਿਖਦੇ ਹੁੰਦੇ ਸਨ, ਮੇਰੇ ਆਉਣ ਪਿੱਛੋਂ 'ਨਵਾਂ ਜ਼ਮਾਨਾ' ਵਿੱਚ ਵੀ ਛਪਣ ਲੱਗ ਪਏ ਤਾਂ ਉਨ੍ਹਾ ਦਾ ਖਾਸ ਥਾਂ ਬਣ ਗਿਆ। ਜਦੋਂ ਉਨ੍ਹਾ ਦਾ ਦੇਹਾਂਤ ਹੋਇਆ ਤਾਂ ਉਨ੍ਹਾ ਦੇ ਕਾਲਮ ਵਾਲੀ ਖਾਲੀ ਥਾਂ ਭਰਨ ਲਈ ਫੈਸਲਾ ਹੋਇਆ ਕਿ ਇੱਕ ਹਫਤੇ ਚੰਦ ਫਤਿਹਪੁਰੀ ਅਤੇ ਦੂਸਰੇ ਹਫਤੇ ਲੇਖ ਮੈਂ ਲਿਖਿਆ ਕਰਾਂਗਾ। ਕੁਝ ਹਫਤੇ ਕਾਲਮ ਵਾਰੀ-ਵਾਰੀ ਲਿਖੇ ਜਾਣ ਪਿੱਛੋਂ ਸੰਪਾਦਕੀ ਬੋਰਡ ਦੀ ਮੀਟਿੰਗ ਵਿੱਚ ਵਿਚਾਰ ਹੋਈ ਕਿ ਚੰਦ ਫਤਿਹਪੁਰੀ ਜਦੋਂ ਲਿਖਦਾ ਹੈ, ਉਸ ਦੀ ਕਲਮ ਵਿਚਾਲਿਉਂ ਸਿਆਸਤ ਦੀ ਸੁਰ ਛੱਡ ਕੇ ਵਿਅੰਗ ਦੀਆਂ ਤਾਰਾਂ ਟੁਣਕਾਉਣ ਲੱਗ ਜਾਂਦੀ ਹੈ, ਇਸ ਲਈ ਉਸ ਨੂੰ ਕਹੋ ਕਿ ਉਹ ਛੋਟੀ ਜਿਹੀ ਵਿਅੰਗ ਦੀ ਹਫਤਾਵਾਰੀ ਲਿਖਤ ਲਿਖਿਆ ਕਰੇ। ਓਦੋਂ ਉਸ ਨੇ 'ਸ਼ੀਸ਼ਾ ਝੂਠ ਨਹੀਂ ਬੋਲਦਾ' ਕਾਲਮ ਸ਼ੁਰੂ ਕੀਤਾ, ਜਿਹੜਾ ਕਿੰਨੇ ਕੁ ਸਾਲ ਚੱਲਿਆ, ਮੈਨੂੰ ਯਾਦ ਨਹੀਂ, ਪਰ ਸਿਆਸੀ ਮੀਟਿੰਗਾਂ ਵਿੱਚ ਅਤੇ ਸਾਹਿਤਕ ਬੈਠਕਾਂ ਵਿੱਚ ਉਸ ਦੀ ਚਰਚਾ ਕਾਫੀ ਗੰਭੀਰਤਾ ਨਾਲ ਚੱਲਣ ਲੱਗ ਪਈ। ਜਦੋਂ ਕਹਿ ਹੀ ਦਿੱਤਾ ਕਿ 'ਸ਼ੀਸ਼ਾ ਝੂਠ ਨਹੀਂ ਬੋਲਦਾ' ਤਾਂ ਫਿਰ ਉਹ ਸੱਚ ਬੋਲਣ ਲੱਗਾ ਕਈ ਵਾਰੀ ਏਨਾ ਕੌੜਾ ਸੱਚ ਬੋਲ ਜਾਂਦਾ ਕਿ ਕਈ ਲੋਕ ਭੜਕ ਉੱਠਦੇ ਤੇ ਸੰਭਾਲਣੇ ਔਖੇ ਹੋ ਜਾਂਦੇ ਸਨ। ਏਦਾਂ ਦੇ ਵਕਤ ਏਦਾਂ ਦੇ ਲੋਕਾਂ ਦਾ ਸਾਹਮਣਾ ਕਰਨ ਦਾ ਜ਼ਿੰਮਾ ਮੇਰਾ ਲੱਗ ਜਾਂਦਾ ਤੇ ਕਈ ਵਾਰੀ ਭੜਕੇ ਹੋਏ ਲੋਕਾਂ ਤੋਂ ਮੰਦਾ-ਚੰਗਾ ਵੀ ਸੁਣਨਾ ਪੈਂਦਾ। ਇਹ ਗੱਲ ਮੈਂ ਬੋਰਡ ਦੀ ਮੀਟਿੰਗ ਵਿੱਚ ਰੱਖੀ ਤਾਂ ਚੰਦ ਨੇ ਕਿਹਾ : ਜਾਂ ਮੈਂ ਲਿਖਦਾ ਨਹੀਂ, ਲਿਖਿਆ ਤਾਂ ਸ਼ੀਸ਼ਾ ਝੂਠ ਨਹੀਂ ਬੋਲੂਗਾ, ਉਹ ਸੱਚ ਦਿਖਾਊਗਾ, ਲਿਖਣ ਨਾ ਲਿਖਣ ਦਾ ਫੈਸਲਾ ਤੁਸੀਂ ਕਰਦੇ ਰਹੋ। ਇਹ ਫੈਸਲਾ ਵੀ ਮੇਰੇ ਜ਼ਿੰਮੇ ਪੈ ਗਿਆ ਅਤੇ ਮੈਂ ਲੰਮਾ ਸਾਹ ਖਿੱਚ ਕੇ ਆਖਿਆ: ਲਿਖਣ ਦਿਉ, ਸ਼ੀਸ਼ਾ ਜੋ ਵੀ ਦਿਖਾਉਂਦਾ ਹੈ, ਅਸੀਂ ਰੋਕੀਏ ਨਾ। ਇਸ ਪਿੱਛੋਂ ਉਹ ਕੌੜਾ ਸੱਚ ਲਿਖੀ ਗਿਆ, ਕਈ ਸਿਆਸੀ ਆਗੂ, ਕਈ ਯਾਰ-ਮਿੱਤਰ ਤੇ ਕਈ ਵਾਰੀ ਕੁਝ ਰਿਸ਼ਤੇਦਾਰ ਵੀ ਨਾਰਾਜ਼ ਹੋ ਜਾਂਦੇ, ਜਿਨ੍ਹਾਂ ਨੂੰ ਅਸੀਂ ਫਿਰ ਮਨਾ ਲੈਂਦੇ ਸਾਂ, ਪਰ ਚੰਦ ਆਪਣਾ ਸੱਚ ਛਾਪਣ ਤੋਂ ਨਹੀਂ ਸੀ ਹਟਿਆ। ਸਾਂਝ ਸਾਡੀ ਦੋਵਾਂ ਦੀ ਪੰਜਾਹ ਸਾਲਾਂ ਤੋਂ ਕੁਝ ਵੱਧ ਸੀ, ਪੱਤਰਕਾਰੀ ਵਾਸਤੇ ਅਸੀਂ ਤੀਹ ਸਾਲ ਦੇ ਕਰੀਬ ਇਕੱਠੇ ਕੰਮ ਕੀਤਾ, 'ਨਵਾਂ ਜ਼ਮਾਨਾ' ਚਲਾਉਣ ਵਾਲੀ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ ਦੀ ਵੀ ਸਾਂਝ ਰਹੀ। ਜਦੋਂ ਮੈਂ ਆਪਣੀ ਵਿਗੜਦੀ ਸਿਹਤ ਕਾਰਨ ਅਸਤੀਫਾ ਦਿੱਤਾ ਤੇ ਉਸ ਨੂੰ ਜ਼ਿਦ ਕਰ ਕੇ ਪ੍ਰਵਾਨ ਕਰਵਾਇਆ ਤਾਂ ਮੇਰੀ ਥਾਂ ਸੰਪਾਦਕ ਦੀਆਂ ਜ਼ਿੰਮੇਵਾਰੀਆਂ ਸੰਭਾਲਣ ਲਈ ਚੰਦ ਦੇ ਨਾਂਅ ਉੱਤੇ ਸਰਬਸੰਮਤੀ ਹੋਈ। ਉਸ ਨੂੰ ਸੰਪਾਦਕ ਬਣੇ ਨੂੰ ਹਾਲੇ ਤਿੰਨ ਮਹੀਨੇ ਨਹੀਂ ਸਨ ਹੋਏ ਕਿ ਕੋਰੋਨਾ ਵਾਇਰਸ ਦੀ ਮੁਸੀਬਤ ਆਣ ਪਈ। ਲੋਕਾਂ ਨੇ ਇਨਫੈਕਸ਼ਨ ਦੇ ਕਾਰਨ ਅਖਬਾਰ ਲੈਣੇ ਬੰਦ ਕਰ ਦਿੱਤੇ, ਇਸ਼ਤਿਹਾਰ ਆਉਣੇ ਰੁਕ ਗਏ, ਪਰ ਸਟਾਫ ਦੇ ਖਰਚੇ ਓਹੋ ਸਨ। ਅਸੀਂ ਸਾਰੇ ਬਾਹਰੋਂ ਮਦਦਗਾਰ ਬਣਦੇ ਰਹੇ, ਪਰ ਅਸਲ ਭਾਰ ਚੰਦ ਫਤਿਹਪੁਰੀ ਦੇ ਸਿਰ ਹੋਣ ਕਾਰਨ ਜੇ ਉਸ ਦੌਰ ਵਿੱਚ ਅਖਬਾਰ ਚਲਦਾ ਰਹਿ ਗਿਆ ਤਾਂ ਇਸ ਦਾ ਸਿਹਰਾ ਵੀ ਹੋਰ ਸਭਨਾਂ ਤੋਂ ਪਹਿਲਾਂ ਉਸੇ ਨੂੰ ਦੇਣਾ ਬਣਦਾ ਹੈ। ਉਸ ਨੇ ਇਹ ਜ਼ਿੰਮੇਵਾਰੀ ਆਪਣੇ ਆਖਰੀ ਸਾਹਾਂ ਤੱਕ ਨਿਭਾਈ।

ਜਦੋਂ ਸਾਰਾ ਕੁਝ ਠੀਕ-ਠਾਕ ਚਲਦਾ ਸੀ, ਓਦੋਂ ਵੀ ਪ੍ਰਬੰਧਕੀ ਫੈਸਲਿਆਂ ਵਿੱਚ ਚੰਦ ਫਤਿਹਪੁਰੀ ਦੀ ਗੱਲ ਦਾ ਵਜ਼ਨ ਸਭ ਤੋਂ ਕਈ ਵਾਰੀ ਇਸ ਲਈ ਵੱਧ ਹੁੰਦਾ ਸੀ ਕਿ ਉਹ ਅਮਲੀ ਕੰਮਾਂ ਵਿੱਚ ਵੀ ਪ੍ਰਬੰਧਕ ਸੀ। ਕੰਪਿਊਟਰ ਆਏ ਤਾਂ ਸਭ ਤੋਂ ਪਹਿਲਾਂ ਉਸ ਨੇ ਇਸ ਦੀ ਕਾਰਕਰਦਗੀ ਸਮਝੀ ਅਤੇ ਪਰਚਾ ਤਿਆਰ ਕਰਨ ਤੋਂ ਲੈ ਕੇ ਪਲੇਟਾਂ ਬਣਾਉਣ ਤੱਕ ਜਿਹੜਾ ਵੀ ਕੰਮ ਕਰਨ ਵਾਲਾ ਬੰਦਾ ਕਿਸੇ ਕਾਰਨ ਛੁੱਟੀ ਕਰਦਾ, ਚੰਦ ਉਸੇ ਥਾਂ ਜਾ ਖੜੋਂਦਾ ਅਤੇ ਇੱਕ-ਦੋ ਦਿਨ ਕਿਸੇ ਵਰਕਰ ਨੂੰ ਲਾਗੇ ਖੜਾ ਹੋ ਕੇ ਕੰਮ ਕਰਵਾਉਣ ਪਿੱਛੋਂ ਨਵਾਂ ਵਰਕਰ ਤਿਆਰ ਕਰ ਦੇਂਦਾ। ਇਕੱਲਾ-ਇਕੱਲਾ ਸਫਾ ਛਾਪਣ ਵਾਲੀ ਬਾਬਾ ਆਦਮ ਸਮੇਂ ਦੀ ਪੁਰਾਣੀ ਪ੍ਰੈੱਸ ਦੀ ਥਾਂ ਨਵੀਂ ਸਿਰਫ ਕਾਲੀ ਛਪਾਈ ਵਾਲੀ ਪਹਿਲੀ ਮਸ਼ੀਨ ਜਦੋਂ ਲਾਈ ਤਾਂ ਅਸੀਂ ਕਈ ਦਿਨ ਚੰਦ ਨੂੰ ਕਾਲਖ ਲਿੱਬੜੇ ਕੱਪੜਿਆਂ ਵਿੱਚ ਵੇਖਦੇ ਅਤੇ ਹੱਸਦੇ ਰਹੇ ਤੇ ਉਹ ਬੁਰਾ ਮਨਾਏ ਬਗੈਰ ਸਾਡੇ ਨਾਲ ਹੱਸ ਕੇ ਆਪਣੇ ਕੰਮ ਲੱਗਾ ਰਹਿੰਦਾ ਰਿਹਾ। ਮੇਰੇ ਸੰਪਾਦਕ ਹੁੰਦਿਆਂ ਪੱਤਰਕਾਰ ਕਿਸ ਨੂੰ ਬਣਾਉਣਾ ਹੈ, ਦਫਤਰ ਦੇ ਕਿਸ ਕਰਮਚਾਰੀ ਨੂੰ ਕਿਹੜੀ ਸੀਟ ਦੇਣੀ ਠੀਕ ਹੈ, ਏਥੋਂ ਲੈ ਕੇ ਹਰ ਪ੍ਰਬੰਧਕੀ ਮਾਮਲਾ ਉਸ ਦੇ ਜ਼ਿੰਮੇ ਹੁੰਦਾ ਅਤੇ ਮੇਰੇ ਕੋਲ ਹਰ ਰੋਗ ਦਾ ਇੱਕੋ ਨੁਸਖਾ ਹੁੰਦਾ ਕਿ ਚੰਦ ਨੂੰ ਪੁੱਛੋ, ਜੋ ਕਰਨ ਦੀ ਲੋੜ ਹੋਈ, ਆਪੇ ਕਰ ਲਵੇਗਾ ਜਾਂ ਕਹਿ ਕੇ ਕਰਵਾ ਲਵੇਗਾ। ਸਿਆਸੀ ਮੁੱਦਿਆਂ ਵਿੱਚ ਕੋਈ ਅੜਿੱਕਾ ਪੈਂਦਾ ਤਾਂ ਓਦੋਂ ਵੀ ਚੰਦ ਸੰਭਾਲਦਾ ਤੇ ਜਨਤਕ ਜਥੇਬੰਦੀਆਂ ਦਾ ਸੰਤੁਲਨ ਕਾਇਮ ਰੱਖਣ ਦਾ ਮੁੱਦਾ ਹੁੰਦਾ ਤਾਂ ਓਦੋਂ ਵੀ ਅਸੀਂ ਸਾਰੀ ਜ਼ਿੰਮੇਵਾਰੀ ਉਸੇ ਸਿਰ ਸੁੱਟ ਕੇ ਆਪ ਸੁਰਖਰੂ ਹੋ ਜਾਂਦੇ ਸਾਂ, ਕੋਈ ਸਮੱਸਿਆ ਨਹੀਂ ਸੀ ਰਹਿੰਦੀ।

ਦਿੱਲੀ ਦੇ ਕਿਸਾਨ ਸੰਘਰਸ਼ ਦੇ ਸਾਲ ਤੋਂ ਵੱਧ ਸਮੇਂ ਦੌਰਾਨ ਉਹ ਇੱਕ-ਇੱਕ ਪਲ ਕਿਸਾਨਾਂ ਦੀ ਧੜਕਣ ਨਾਲ ਧੜਕਦਾ ਦਿੱਸਦਾ ਰਿਹਾ। ਉਸ ਨੇ ਨਾ ਖਬਰਾਂ ਤੋਂ ਕਸਰ ਛੱਡੀ, ਨਾ ਸੰਪਾਦਕੀ ਲੇਖ ਲਿਖਣ ਵਿੱਚ। ਇੱਕ ਜਾਂ ਦੂਸਰੀ ਜਥੇਬੰਦੀ ਨੂੰ ਇਹ ਵੀ ਕਹਿਣ ਦਾ ਮੌਕਾ ਨਹੀਂ ਦਿੱਤਾ ਕਿ ਫਲਾਣੀ ਜਥੇਬੰਦੀ ਜਾਂ ਲੀਡਰ ਦਾ ਪੱਖ ਵੱਧ ਛਾਪਿਆ ਤੇ ਫਲਾਣੇ ਦੀ ਗੱਲ ਲੁਕਾਉਣ ਦੀ ਚਾਲਾਕੀ ਕੀਤੀ ਹੈ, ਸਗੋਂ ਸਾਰਿਆਂ ਨੇ ਇਸ ਦੇ ਸੰਪਾਦਕੀ ਲੇਖਾਂ ਦੀ ਦਾਦ ਦਿੱਤੀ।

ਚੰਦ ਸਿਰਫ ਸੰਘਰਸ਼ਾਂ ਦਾ ਘੁਲਾਟੀਆ ਜਾਂ ਸਿਰਫ ਪੱਤਰਕਾਰ ਅਤੇ ਲੇਖਕ ਨਹੀਂ, ਕੁਦਰਤ ਦੀ ਦੇਣ ਜੜ੍ਹੀ-ਬੂਟੀਆਂ ਤੱਕ ਬਾਰੇ ਵੀ ਬਹੁਤ ਜਾਣਕਾਰੀ ਰੱਖਦਾ ਸੀ। ਆਉਲੇ ਦੇ ਮੁਰੱਬੇ ਤੋਂ ਤੁੰਮੇ ਦੇ ਆਚਾਰ ਤੱਕ, ਚਿੱਬੜਾਂ ਦੀ ਚਟਨੀ ਤੋਂ ਕਰੀਰਾਂ ਨਾਲ ਲੱਗਦੇ ਡੇਲਿਆਂ ਦੇ ਅਚਾਰ ਦੇ ਗੁਣਾਂ ਤੱਕ ਏਨਾ ਕੁਝ ਪਤਾ ਹੁੰਦਾ ਕਿ ਅਸੀਂ ਸੁਣ ਕੇ ਹੈਰਾਨ ਰਹਿ ਜਾਂਦੇ। ਜਦੋਂ ਮਾਨਸੇ ਵਾਲੀ ਕਾਨਫਰੰਸ ਪਿੱਛੋਂ ਸਾਬਕਾ ਵਿਧਾਇਕ ਕੁਲਵੰਤ ਸਿੰਘ, ਕਿਸਾਨ ਆਗੂ ਡਾਕਟਰ ਜੁਗਿੰਦਰ ਦਿਆਲ, ਚੰਦ ਫਤਿਹਪੁਰੀ ਅਤੇ ਮੈਂ ਅਸੀਂ ਚਾਰੇ ਜਾਣੇ ਕਈ ਦਿਨ ਮਾਲਵੇ ਦੇ ਪਿੰਡਾਂ ਵਿੱਚ ਘੁੰਮਦੇ ਰਹੇ, ਓਦੋਂ ਅਸੀਂ ਇੱਕ ਗੱਲ ਹੋਰ ਵੇਖੀ। ਕਿਸੇ ਸੂਏ ਦੀ ਪਟੜੀ ਜਾਂ ਰੇਲਵੇ ਲਾਈਨ ਨਾਲ ਤੁਰੇ ਜਾਂਦਿਆਂ ਉਸ ਨੇ ਅਚਾਨਕ ਆਪਣੇ ਨੱਕ ਨਾਲ ਦੋ ਕੁ ਵਾਰ ਸੁੰਘਣ ਵਰਗਾ ਸਾਹ ਖਿੱਚਣਾ ਤੇ ਫਿਰ ਸਾਨੂੰ ਇੱਕ ਪਲ ਰੁਕਣ ਲਈ ਕਹਿ ਕੇ ਝਾੜੀਆਂ ਵਿੱਚ ਜਾ ਵੜਨਾ ਅਤੇ ਕੋਈ ਨਾ ਕੋਈ ਜੰਗਲੀ ਬੂਟੀ ਕੱਢ ਲਿਆਉਣੀ ਅਤੇ ਦੱਸਣਾ ਕਿ ਇਸ ਦਾ ਨਾਂਅ ਕੀ ਹੈ ਅਤੇ ਇਸ ਨਾਲ ਲੱਗੇ ਫਲਾਂ ਜਾਂ ਇਸ ਦੇ ਪੱਤਿਆਂ ਦੇ ਕੀ ਕੁਦਰਤੀ ਗੁਣ ਹਨ। ਇਸ ਸੂਝ ਦਾ ਰੰਗ ਉਸ ਦੀ ਜ਼ਿੰਦਗੀ ਦੇ ਅੰਤਲੇ ਦਿਨਾਂ ਤੱਕ ਉਸ ਵੀ ਰਿਹਾ, ਪਰ ਜਦੋਂ ਕੈਂਸਰ ਦੀ ਮੁਸੀਬਤ ਪਈ ਤਾਂ ਇਹ ਸੂਝ ਦਾ ਭੰਡਾਰ ਉਸ ਦੀ ਤਕਲੀਫ ਘਟਾਉਣ ਵਿੱਚ ਸਹਾਈ ਨਹੀਂ ਹੋ ਸਕਿਆ, ਕਿਉਂਕਿ ਬਿਮਾਰੀ ਦਾ ਪਤਾ ਏਨਾ ਦੇਰ ਨਾਲ ਲੱਗਾ ਕਿ ਮੋੜਾ ਪੈਣ ਦੀ ਬਹੁਤੀ ਗੁੰਜਾਇਸ਼ ਨਹੀਂ ਸੀ। ਉਹ ਜਦੋਂ ਬਹੁਤ ਤਕਲੀਫ ਵਿੱਚ ਸੀ, ਓਦੋਂ ਵੀ ਹਾਲ ਪੁੱਛਦੇ ਤਾਂ ਪਹਿਲੀ ਗੱਲ ਚੜ੍ਹਦੀ ਕਲਾ ਦੀ ਕਰਦਾ ਅਤੇ ਹੱਸ ਕੇ ਕਹਿ ਦੇਂਦਾ, 'ਏਨੀ ਛੇਤੀ ਨਹੀਂ ਲਈਦਾ ਮੈਂ ਬਿਮਾਰੀ ਕੋਲੋਂ, ਚਿੰਤਾ ਨਾ ਕਰੋ, ਮੈਂ ਕਈ ਸੰਘਰਸ਼ ਕੀਤੇ ਹਨ, ਬਿਮਾਰੀ ਨਾਲ ਵੀ ਸੰਘਰਸ਼ ਕਰਾਂਗਾ।'

ਫਿਰ ਇੱਕ ਦਿਨ ਮੈਂ ਕਿਸੇ ਕਾਰਨ ਕਾਫੀ ਉਦਾਸ ਜਿਹਾ ਸਾਂ, ਮੈਂ ਦੇਸ਼ ਭਗਤ ਯਾਦਗਾਰ ਹਾਲ ਗੁਰਮੀਤ ਨੂੰ ਫੋਨ ਕੀਤਾ ਕਿ ਚੰਦ ਦਾ ਪਤਾ ਕਰ, ਹੋਵੇ ਤਾਂ ਮੈਂ ਆ ਜਾਵਾਂ, ਅੱਜ ਦੋ ਘੜੀ ਇਕੱਠੇ ਬੈਠ ਲਈਏ। 'ਨਵਾਂ ਜ਼ਮਾਨਾ' ਗਏ ਤਾਂ ਦੋਵੇਂ ਪਹਿਲੀ ਮੰਜ਼ਲ ਉੱਤੇ ਸਨ। ਚੰਦ ਦੀਆਂ ਕੀਮੋਥੈਰੇਪੀ ਦੀਆਂ ਕੋਸ਼ਿਸ਼ਾਂ ਚੱਲ ਰਹੀਆਂ ਸਨ, ਮੇਰੇ ਆਉਣ ਦਾ ਸੁਣ ਕੇ ਚੰਦ ਪੌੜੀਆਂ ਉੱਤਰ ਕੇ ਹੇਠਲੇ ਕਮਰੇ ਵਿੱਚ ਆ ਗਿਆ। ਆਮ ਤੌਰ ਉੱਤੇ ਸਾਡੀ ਕਿਸੇ ਬੈਠਕ ਵਿੱਚ ਮੈਂ ਹੋਵਾਂ ਤਾਂ ਹੋਰਨਾਂ ਨੂੰ ਬੋਲਣ ਦਾ ਵਕਤ ਲੱਭਣਾ ਔਖਾ ਹੁੰਦਾ ਹੈ, ਸੱਚੀ ਗੱਲ ਕਿ ਮੈਂ ਵੱਧ ਬੋਲਦਾ ਹਾਂ, ਪਰ ਉਸ ਦਿਨ ਸਾਡੀ ਬੈਠਕ ਦਾ ਨਵਾਂ ਰੰਗ ਸੀ। ਚੰਦ ਅਤੇ ਗੁਰਮੀਤ ਦੋਵਾਂ ਨੇ ਇੱਕ ਘੰਟੇ ਦੇ ਕਰੀਬ ਹਾਸੇ-ਠੱਠੇ ਵਿੱਚ ਮੈਨੂੰ ਨੁੱਕਰੇ ਲਾਈ ਰੱਖਿਆ ਤੇ ਇਸ ਖੁਸ਼ੀ ਦੇ ਮਾਹੌਲ ਵਿੱਚ ਰੰਗਿਆ ਮੈਂ ਸ਼ੁਕਰ ਕਰਦਾ ਰਿਹਾ ਕਿ ਬੜੇ ਚਿਰ ਬਾਅਦ ਏਦਾਂ ਹੱਸੇ ਹਾਂ। ਅਗਲੇਰੇ ਦਿਨ ਜਦੋਂ ਪੰਜਾਬੋਂ ਬਾਹਰ ਸਾਂ, ਚੰਦ ਦੀ ਜੀਵਨ ਸਾਥਣ ਬੀਬੀ ਸੰਤੋਸ਼ ਦਾ ਫੋਨ ਆਇਆ ਕਿ ਚੰਦ ਠੀਕ ਨਹੀਂ। ਮੈਂ ਗੁਰਮੀਤ ਨੂੰ ਫੋਨ ਕਰ ਕੇ ਖੜੇ ਪੈਰ ਉਹਦੇ ਵੱਲ ਭੇਜਿਆ। ਥੋੜ੍ਹੀ ਦੇਰ ਬਾਅਦ ਉਨ੍ਹਾਂ ਦੱਸਿਆ ਕਿ ਹਸਪਤਾਲ ਪੁਚਾ ਦਿੱਤਾ ਹੈ। ਅਗਲੀ ਵਾਰੀ ਫੋਨ ਖੜਕੇ ਤੋਂ ਜਦੋਂ ਮੈਂ ਸੁਣਨ ਨੂੰ ਕਾਹਲਾ ਸਾਂ ਕਿ ਚੰਦ ਦੇ ਟੈੱਸਟ ਹੋ ਗਏ ਅਤੇ ਡਾਕਟਰ ਇਲਾਜ ਕਰਦੇ ਪਏ ਹਨ, ਪਰ ਮੈਨੂੰ ਇਹ ਸੁਣਨਾ ਪਿਆ ਕਿ ਚੰਦ ਸਾਥ ਛੱਡ ਗਿਆ। ਹਾਲੇ ਦੋ ਦਿਨ ਪਹਿਲਾਂ ਮੇਰੇ ਨਾਲ ਹਾਸਾ-ਠੱਠਾ ਕਰਨ ਵਾਲਾ ਚੰਦ ਬਿਮਾਰੀ ਨਾਲ ਭਾਵੇਂ ਚਿਰਾਂ ਤੋਂ ਜੂਝ ਰਿਹਾ ਸੀ, ਫਿਰ ਵੀ ਮੈਨੂੰ ਲੱਗਾ ਕਿ ਅਜੇ ਉਸ ਨਾਲ ਏਦਾਂ ਨਹੀਂ ਸੀ ਹੋਣਾ ਚਾਹੀਦਾ।

ਤੇ ਆਖਰੀ ਗੱਲ ਇਹ ਕਿ ਚੰਦ ਦੇ ਬੜੇ ਸ਼ਾਂਤ ਸੁਭਾਅ ਵਾਲੇ ਵੱਡੇ ਭਰਾ ਗੁਰਪਾਲ ਦੇ ਜਦੋਂ ਆਖਰੀ ਦਿਨ ਸਨ, ਇੱਕ ਦਿਨ ਉਸ ਨੇ ਸਾਨੂੰ ਦੋਵਾਂ ਨੂੰ ਬੁਲਾਇਆ ਤੇ ਮੇਰਾ ਹੱਥ ਫੜ ਕੇ ਆਖਿਆ, ਪਨੂੰ, ਮੈਂ ਚੰਦ ਦੀ ਬਾਂਹ ਤੈਨੂੰ ਫੜਾ ਚੱਲਿਆਂ। ਮੈਂ ਅੱਗੋਂ ਹੱਸ ਕੇ ਕਿਹਾ: ਚੰਦ ਤਾਂ ਮੈਥੋਂ ਚਾਰ-ਪੰਜ ਸਾਲ ਵੱਡਾ ਹੈ, ਛੋਟੇ ਦੀ ਬਾਂਹ ਵੱਡੇ ਨੂੰ ਫੜਾਉਣ ਦੀ ਥਾਂ ਵੱਡੇ ਦੀ ਮੈਨੂੰ ਕਿੱਦਾਂ ਫੜਾਉਗੇ। ਉਸ ਨੇ ਪਹਿਲੀ ਗੱਲ ਦੁਹਰਾ ਦਿੱਤੀ ਅਤੇ ਚੰਦ ਵੀ ਹੱਸਦਾ ਰਿਹਾ। ਉਸ ਦੇ ਬਾਅਦ ਜਦੋਂ ਕਦੀ ਮੇਰੀ ਕਿਸੇ ਗੱਲ ਨੂੰ ਮੰਨਣ ਵਿੱਚ ਚੰਦ ਫਤਿਹਪੁਰੀ ਝਿਜਕ ਵਿਖਾਉਂਦਾ ਤਾਂ ਮੇਰਾ ਆਖਰੀ ਹਥਿਆਰ ਹੁੰਦਾ, ਭਾਊ ਗੁਰਪਾਲ ਤੇਰੀ ਬਾਂਹ ਮੇਰੇ ਹੱਥ ਫੜਾ ਕੇ ਗਿਐ। ਇਸ ਮਗਰੋਂ ਚੰਦ ਮੇਰੀ ਗੱਲ ਕਦੇ ਨਹੀਂ ਸੀ ਕੱਟਦਾ, ਪਰ ਜਿਸ ਦਿਨ ਬਾਂਹ ਛੁਡਾਉਣ ਲਈ ਉਹਦਾ ਸਬੱਬ ਬਣਿਆ, ਉਹ ਉਡੀਕੇ ਬਿਨਾਂ ਪਲਾਂ ਵਿੱਚ ਹੀ ਤੁਰ ਗਿਆ।

ਅੱਜ ਉਹ ਨਹੀਂ ਰਿਹਾ। ਪਹਿਲਾਂ ਵੱਡੇ ਭਰਾ ਗੁਰਪਾਲ ਸਿੰਘ ਤੇ ਹਰਪਾਲ ਸਿੰਘ ਚਲੇ ਗਏ। ਫਤਿਹਪੁਰੀਆਂ ਦਾ ਪਰਵਾਰ ਉਨ੍ਹਾਂ ਦੇ ਜਾਣ ਮਗਰੋਂ ਮੇਰਾ ਪਰਵਾਰ ਹੈ, ਚੰਦ ਦੇ ਜਾਣ ਪਿੱਛੋਂ ਸਾਡੀ ਭੈਣ ਸੰਤੋਸ਼, ਉਸ ਦੇ ਬੱਚੇ ਬੇਟੀ ਰਚਨਾ, ਦੋਵੇਂ ਬੇਟੇ ਸੁਮੇਲ ਅਤੇ ਪ੍ਰਿੰਸ ਮੇਰੇ ਲਈ ਆਪਣਾ ਪਰਵਾਰ ਰਹਿਣਗੇ। ਜਿੰਨੀ ਅਤੇ ਜਦੋਂ ਤੱਕ ਵੱਸ ਦੀ ਗੱਲ ਹੋਈ, ਇਹ ਸਾਂਝ ਨਿਭਦੀ ਰਹੂਗੀ, ਪਰ ਪੀੜ ਸਤਾਉਂਦੀ ਰਹੂ ਕਿ ਚੰਦ ਨਹੀਂ ਰਿਹਾ। ਜਿਹੜਾ ਬੰਦਾ ਦੋ ਦਿਨ ਪਹਿਲਾਂ ਦਫਤਰ ਵਿੱਚ ਹੱਸਦਾ ਤੇ ਮਜ਼ਾਕ ਕਰਦਾ ਡਿੱਠਾ ਸੀ, ਜਿਸ ਨੇ ਚਿਰਾਂ ਪਿੱਛੋਂ ਏਨੀਆਂ ਗੱਲਾਂ ਮੇਰੇ ਨਾਲ ਕੀਤੀਆਂ ਸਨ, ਉਸ ਨੂੰ ਏਨਾ ਮੌਕਾ ਵੀ ਨਾ ਮਿਲਿਆ ਕਿ ਮੇਰੀ ਵਾਪਸੀ ਤੱਕ ਉਡੀਕ ਲੈਂਦਾ। ਚੰਦ ਤੂੰ ਮੁੜ-ਮੁੜ ਯਾਦ ਆਵੇਂਗਾ, ਭੁਲਾਇਆਂ ਵੀ ਕਦੇ ਭੁੱਲੇਂਗਾ ਨਹੀਂ।

# ਪੰਜਾਬ ਅੰਦਰ ਕਮਿਊਨਿਸਟ ਲਹਿਰ



ਸੱਤਰਵਿਆਂ ਦੇ ਸ਼ੁਰੂ ਵਿੱਚ ਪੰਜਾਬ ਅੰਦਰ ਕਮਿਊਨਿਸਟ ਲਹਿਰ ਪੂਰੇ ਚੜ੍ਹਾਅ ਉੱਤੇ ਸੀ। ਸੀ ਪੀ ਆਈ ਦਾ ਵਿਦਿਆਰਥੀ ਵਿੰਗ ਕੁੱਲ ਹਿੰਦ ਵਿਦਿਆਰਥੀ ਫੈਡਰੇਸ਼ਨ ਪੰਜਾਬ ਦੇ ਲੱਗਭੱਗ ਹਰ ਕਾਲਜ 'ਚ ਛਾਇਆ ਹੋਇਆ ਸੀ। ਖਾਲਸਾ ਕਾਲਜ ਜਲੰਧਰ, ਗੁਰੂ ਗੋਬਿੰਦ ਸਿੰਘ ਕਾਲਜ ਜੰਡਿਆਲਾ ਤੇ ਗੁਰੂ ਨਾਨਕ ਕਾਲਜ ਸੁਲਤਾਨਪੁਰ ਲੋਧੀ ਦੁਆਬੇ ਵਿੱਚ ਵਿਦਿਆਰਥੀ ਸਰਗਰਮੀਆਂ ਦੇ ਮੁੱਖ ਕੇਂਦਰ ਸਨ। ਖਾਲਸਾ ਕਾਲਜ ਵਿੱਚ ਗੁਰਮੀਤ, ਰਘਬੀਰ ਸਿੰਘ ਬਟਾਲਾ, ਦਲਬੀਰ, ਪ੍ਰਭਾਤ ਕੁਮਾਰ, ਪੁਸ਼ਪਿੰਦਰ ਸਿੰਘ ਤੇ ਜਗੀਰ ਜੌਹਲ ਦੀ ਮਜ਼ਬੂਤ ਟੀਮ ਸੀ। ਪਿੱਛੋਂ ਮੋਗੇ ਤੋਂ ਆ ਕੇ ਬੰਤ ਬਰਾੜ ਵੀ ਇਨ੍ਹਾਂ ਵਿੱਚ ਸ਼ਾਮਲ ਹੋ ਗਿਆ। ਜੰਡਿਆਲਾ ਕਾਲਜ ਵਿੱਚ ਸਤਨਾਮ ਚਾਨਾ, ਦਿਲਬਾਗ ਬਾਘਾ, ਨਵਜੀਤ ਜੌਹਲ ਤੇ ਜੋਗਿੰਦਰ ਭੰਗਾਲੀਆ ਸਮੇਤ ਇਲਾਕੇ ਦੇ ਹੋਰ ਵੀ ਬਹੁਤ ਸਾਰੇ ਸਰਗਰਮ ਵਿਦਿਆਰਥੀ ਸਨ, ਜਿਹੜੇ ਬਾਅਦ ਵਿੱਚ ਵਿਦੇਸ਼ੀਂ ਚਲੇ ਗਏ। ਸੁਲਤਾਨਪੁਰ ਕਾਲਜ ਵਿੱਚ ਰਜਿੰਦਰ ਰਾਣਾ, ਬਲਵੀਰ ਜੰਡੂ, ਪ੍ਰੀਤਮ ਮੱਟੂ, ਜਗਜੀਤ ਸ਼ਾਲਾਪੁਰੀ, ਹਰਬੰਸ ਸਿੰਘ ਤੇ ਮੇਰੇ ਸਮੇਤ ਇੱਕ ਵਧੀਆ ਗਰੁੱਪ ਸੀ।

ਪਿੱਛੋਂ ਜਾ ਕੇ ਇਨ੍ਹਾਂ ਵਿੱਚੋਂ ਬਹੁਤ ਸਾਰੇ ਸੀ ਪੀ ਆਈ ਵਿੱਚ ਸਰਗਰਮ ਹੋਏ ਤੇ ਕੁਝ ਨੇ ਆਪਣੇ ਵੱਲੋਂ ਚੁਣੇ ਖੇਤਰਾਂ ਵਿੱਚ ਨਾਮਣਾ ਖੱਟਿਆ। ਕਾਮਰੇਡ ਬੰਤ ਬਰਾੜ ਕੁਲ ਹਿੰਦ ਵਿਦਿਆਰਥੀ ਫੈਡਰੇਸ਼ਨ ਦੇ ਕੌਮੀ ਪ੍ਰਧਾਨ ਦੇ ਅਹੁਦੇ ਤੋਂ ਬਾਅਦ ਟਰੇਡ ਯੂਨੀਅਨ ਦੇ ਆਗੂ ਤੋਂ ਹੁੰਦੇ ਹੋਏ ਅੱਜ ਸੀ ਪੀ ਆਈ ਪੰਜਾਬ ਦੇ ਸਕੱਤਰ ਹਨ। ਸਤਨਾਮ ਚਾਨਾ ਲੰਮੀ ਛਾਲ ਮਾਰ ਕੇ ਇੰਟਰਨੈਸ਼ਨਲ ਸਟੂਡੈਂਟਸ ਯੂਨੀਅਨ ਦੇ ਪਰਾਗ ਵਿਚਲੇ ਕੌਮਾਂਤਰੀ ਦਫ਼ਤਰ ਵਿੱਚ ਅਹੁਦੇਦਾਰ ਰਹੇ ਤੇ ਅੱਜਕੱਲ੍ਹ ਐਨੀਮੇਸ਼ਨ ਫਿਲਮਾਂ ਦੇ ਡਾਇਰੈਕਟਰ ਤੇ ਨਿਰਮਾਤਾ ਹਨ। ਦਿਲਬਾਗ ਬਾਘਾ ਤੇ ਨਰਿੰਦਰ ਸੋਨੀਆ ਪਾਰਟੀ ਦੇ ਸਪਤਾਹਕ ਪਰਚੇ 'ਸਾਡਾ ਯੁੱਗ' ਨਾਲ ਜਾ ਜੁੜੇ ਸਨ। ਗੁਰਮੀਤ ਨਵਾਂ ਜ਼ਮਾਨਾ ਤੋਂ ਬਾਅਦ ਦੇਸ਼ ਭਗਤ ਯਾਦਗਾਰ ਦੇ ਸਕੱਤਰ ਦੇ ਅਹੁਦੇ ਉੱਤੇ ਰਹੇ। ਦਲਬੀਰ ਤੇ ਬਲਜੀਤ ਜੰਡੂ ਨਵਾਂ ਜ਼ਮਾਨਾ ਤੋਂ ਪੱਤਰਕਾਰੀ ਸਿੱਖ ਪੰਜਾਬੀ ਟ੍ਰਿਬਿਊਨ ਨਾਲ ਜੁੜ ਗਏ। ਰਜਿੰਦਰ ਰਾਣਾ ਤੇ ਰਘਬੀਰ ਬਟਾਲਾ ਨੇ ਐਡਵੋਕੇਟ ਦਾ ਪੇਸ਼ਾ ਅਪਣਾ ਲਿਆ। ਪ੍ਰੀਤਮ ਮੱਟੂ ਇੰਗਲੈਂਡ ਜਾ ਕੇ ਫੈਡਰੇਸ਼ਨ ਆਫ ਸੀ ਪੀ ਆਈ ਨਾਲ ਜੁੜੇ ਹੋਏ ਹਨ। ਨਵਜੀਤ ਜੌਹਲ ਪੰਜਾਬੀ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਦੇ ਅਹੁਦੇ ਤੋਂ ਰਿਟਾਇਰ ਹੋ ਕੇ ਚੰਡੀਗੜ੍ਹ ਰਹਿੰਦੇ ਹਨ। ਜੋਗਿੰਦਰ ਭੰਗਾਲੀਆ ਫਰਾਂਸ ਵਿੱਚ ਇੱਕ ਸਫ਼ਲ ਕਾਰੋਬਾਰੀ ਹਨ। ਜਗਜੀਤ ਵੀ ਨਵਾਂ ਜ਼ਮਾਨਾ ਤੋਂ ਅਜੀਤ ਵਿੱਚ ਨਿਊਜ਼ ਐਡੀਟਰ ਦੇ ਅਹੁਦੇ ਤੱਕ ਪਹੁੰਚਿਆ। ਇਨ੍ਹਾਂ ਵਿੱਚੋਂ ਦਲਬੀਰ, ਪ੍ਰੋ. ਹਰਬੰਸ, ਜਗਜੀਤ ਤੇ ਜਗੀਰ ਜੌਹਲ ਹੁਣ ਰਹੇ ਨਹੀਂ ਹਨ।

## ਸਾਡਾ ਪਿਆਰਾ ਚੰਦ ਸ਼ਹਿਨਸ਼ਾਹ...

ਚੰਦ ਦੇ ਅਚਾਨਕ ਤੁਰ ਜਾਣ ਦਾ ਵਿਗੋਚਾ ਸ਼ਾਇਦ ਏਨਾ ਨਾ ਚੁਭਦਾ ਜੇਕਰ ਇਕ ਦਿਨ ਪਹਿਲਾਂ ਤੱਕ ਉਹਦੇ ਚਿਹਰੇ 'ਤੇ ਇਹ ਅਣਹੋਣੀ ਵਾਪਰਨ ਦੇ ਹਾਵ-ਭਾਵ ਹੁੰਦੇ...ਦੋ ਦਿਨ ਪਹਿਲਾਂ ਮੈਂ, ਪਨੂੰ ਤੇ ਚੰਦ ਤਿੰਨੇ ਹੇਠਾਂ ਦਫ਼ਤਰ ਘੰਟਾ ਭਰ ਸੁਰਾਲ-ਮੇਲੇ ਦੇ ਆਲਮ 'ਚ ਬੈਠੇ ਕਈ ਅਤੀਤ ਦੀਆਂ ਯਾਦਾਂ ਸਾਂਝੀਆਂ ਕਰ ਰਹੇ ਸਾਂ...ਚੰਦ ਉਸ ਦਿਨ ਕੁਝ ਜ਼ਿਆਦਾ ਹੀ ਖਿੜਿਆ ਹੋਇਆ ਸੀ...ਅਸੀਂ ਦੋਵੇਂ...ਪਨੂੰ ਨੂੰ ਮਜ਼ਾਕ ਕਰਦੇ ਉਸ 'ਤੇ ਛਾਅ ਰਹੇ ਸੀ...ਘੰਟੇ ਕੁ ਬਾਅਦ ਚੰਦ ਕਹਿਦਾ ਚੰਗਾ ਪਨੂੰ ਮੈਂ ਹੁਣ ਉਪਰ ਚੱਲਿਆਂ, ਰੋਟੀ ਖਾ ਕੇ ਥੋੜ੍ਹਾ ਕੁ ਲੰਮਾ ਪੈ ਲਵਾਂ...ਪਨੂੰ ਚਲਾ ਗਿਆ। ਅਸੀਂ ਦੋਵੇਂ ਉਪਰ ਆ ਗਏ...ਕੁਝ ਕੁ ਦਫ਼ਤਰ ਬਾਰੇ ਗੱਲਬਾਤ ਕਰਕੇ ਮੈਂ ਦੇਸ਼ ਭਗਤ ਯਾਦਗਾਰ ਹਾਲ ਚਲਾ ਗਿਆ ਤੇ ਚੰਦ ਆਪਣੇ ਦਫ਼ਤਰ ਵੱਲ ਚਲਾ ਗਿਆ...ਅਗਲੇ ਦਿਨ ਸਾਰਾ ਦਿਨ ਦਫ਼ਤਰ ਰਿਹਾ...ਤੇ ਰਾਤ ਤਬੀਅਤ ਵਿਗੜੀ...ਹਸਪਤਾਲ ਜਾਦਿਆਂ...ਅਲਵਿਦਾ ਕਹਿ ਗਿਆ...।

ਮੇਰੀਆਂ ਉਸ ਨਾਲ ਯਾਦਾਂ ਦਾ ਪਿਟਾਰਾ ਕਾਫ਼ੀ ਵੱਡਾ ਹੈ। ਮੇਰੇ 1972 'ਚ 'ਨਵਾਂ ਜ਼ਮਾਨਾ' ਆਉਣ ਤੋਂ ਬਅਦ ਚੰਦ ਤੇ ਮਿੱਤਰ ਮੰਡਲੀ ਦਾ ਅਕਸਰ ਰਾਤ ਨੂੰ ਡੇਰਾ 'ਨਵਾਂ ਜ਼ਮਾਨਾ' 'ਚ ਹੁੰਦਾ ਸੀ...ਜਗਜੀਤ, ਪੁਸ਼ਪਿੰਦਰ...ਬਾਜਵਾ ਤੇ ਸਾਥੀ...ਫੇਰ 1992 'ਚ ਮੈਂ ਦੇਸ਼ ਭਗਤ ਯਾਦਗਾਰ ਹਾਲ ਚਲਾ ਗਿਆ ਤੇ 2009 ਵਿੱਚ ਮੈਂ ਫਿਰ 'ਨਵਾਂ ਜ਼ਮਾਨਾ' 'ਚ ਕੁਝ ਸਮੇਂ ਲਈ ਆਉਣ ਲੱਗ ਪਿਆ...ਚੰਦ ਉਸ ਵੇਲੇ ਜਨਰਲ ਮੈਨੇਜਰ ਸੀ...ਪਰ ਛੇਤੀ ਬਾਅਦ ਹੀ ਇਕ ਦਿਨ ਚੰਦ ਤੇ ਨੌਨਿਹਾਲ ਸਿੰਘ (ਉਸ ਵੇਲੇ ਅਰਜਨ ਸਿੰਘ ਗੜਗੱਜ ਫਾਉਂਡੇਸ਼ਨ ਦੇ ਪ੍ਰਧਾਨ ਸਨ) ਨੇ ਮੈਨੂੰ ਬੁਲਾਇਆ ਅਤੇ ਜਨਰਲ ਮੈਨੇਜਰ ਦੀ ਜ਼ਿੰਮੇਵਾਰੀ ਸਾਂਭਣ ਦਾ ਫਤਵਾ ਜਾਰੀ ਕਰ ਦਿੱਤਾ....ਮੇਰੇ ਨਾਂਹ-ਨੁੱਕਰ ਕਰਨ 'ਤੇ ਚੰਦ ਨੇ ਕਿਹਾ...ਚੁੱਪ ਕਰਕੇ ਆ ਕੇ ਏਥੇ ਬੈਠ ਮੇਰੇ ਨਾਲ...ਮੈਂ ਆ ਗਿਆ...।

...ਮਨ ਭਾਰੀ ਹੈ...ਬਹੁਤ ਸਾਂਝਾਂ ਯਾਦਾਂ...ਮਨ 'ਚ ਘੁੰਮ ਰਹੀਆਂ ਹਨ...ਪਰ ਅੱਜ ਅਸੀਂ ਉਸ ਆਪਣੇ ਪਿਆਰੇ ਚੰਦ, ਜਿਸ ਨੂੰ ਮਿੱਤਰ ਮੰਡਲੀ ਨੇ ਚੰਦ ਸ਼ਹਿਨਸ਼ਾਹ ਦਾ ਖਿਤਾਬ ਦਿੱਤਾ ਹੋਇਆ ਸੀ...ਆਪਣੇ ਸ਼ਹਿਨਸ਼ਾਹ ਯਾਰ ਦਾ ਮਿੱਤਰ ਮੰਡਲੀ ਬਾਰੇ ਲੇਖ ਛਾਪ ਕੇ ਉਹਨੂੰ ਨਿੱਘੇ ਸਨੇਹ ਨਾਲ ਯਾਦ ਕਰਦੇ ਹਾਂ...

**- ਗੁਰਮੀਤ**

ਇਨ੍ਹਾਂ ਸਾਰੇ ਵਿਚਾਰਧਾਰਕ ਮਿੱਤਰਾਂ ਦੇ ਮਿਲਣ ਦਾ ਟਿਕਾਣਾ ਤੇ ਜਲੰਧਰੋਂ ਬਾਹਰਲਿਆਂ ਦਾ ਰੈਣ-ਬਸੇਰਾ ਨਵਾਂ ਜ਼ਮਾਨਾ ਹੁੰਦਾ ਸੀ। ਇੱਥੇ ਹੀ ਇਹ ਸਾਰੇ ਸੁਰਜਨ ਜ਼ੀਰਵੀ ਤੇ ਭੁਪਿੰਦਰ ਸਾਂਭਰ ਦੀ ਸੰਗਤ ਮਾਣਦੇ ਸਨ।

ਉਪਰੋਕਤ ਮਿੱਤਰਾਂ ਵਿੱਚੋਂ ਪੁਸ਼ਪਿੰਦਰ ਸਿੰਘ ਆਈ ਏ ਐੱਸ ਦੀ ਤਿਆਰੀ ਲਈ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਚਲੇ ਗਏ ਸਨ। ਲਿਖਤੀ ਪ੍ਰੀਖਿਆ ਪਾਸ ਕਰ ਲਈ, ਪਰ ਨਿਯੁਕਤੀ ਵਿੱਚ ਕਮਿਊਨਿਸਟ ਹੋਣਾ ਅੜਿੱਕਾ ਬਣ ਗਿਆ। ਸੁਲਤਾਨਪੁਰ ਵਿੱਚ ਉਸ ਦਾ ਪਿਤਾ ਸੁਰਜੀਤ ਸਿੰਘ ਤਸੀਲਦਾਰ ਸੀ। ਉਸ ਦਾ ਘਰ ਹੀ ਰਾਤ-ਬਰਾਤੇ ਸਾਡਾ ਟਿਕਾਣਾ ਹੁੰਦਾ ਸੀ। ਅੱਜਕੱਲ੍ਹ ਪੁਸ਼ਪਿੰਦਰ ਆਪਣੇ ਪਿੰਡ ਮੂਲਿਆਂਵਾਲੀ ਜ਼ਿਲ੍ਹਾ ਫਾਜ਼ਿਲਕਾ ਵਿੱਚ ਇੱਕ ਸਕੂਲ ਤੇ ਮੱਛੀ ਪਾਲਣ ਦਾ ਸਫ਼ਲ ਕਾਰੋਬਾਰੀ ਹੈ। ਪਿਛਲੀ 6 ਮਾਰਚ ਨੂੰ ਪੁਸ਼ਪਿੰਦਰ ਸਿੰਘ ਦੇ ਬੇਟੇ ਡਾ. ਸੁਮੀਤ ਸਿੰਘ ਦੀ ਡਾ. ਅਮਨਪ੍ਰੀਤ ਕੌਰ ਮੁੱਲਾਂਪੁਰ ਦਾਖਾ ਨਾਲ ਸ਼ਾਦੀ ਦਾ ਮੌਕਾ ਸੀ। ਪੁਸ਼ਪਿੰਦਰ ਨੇ ਇਸ ਮੌਕੇ ਨੂੰ ਇੱਕ ਮਿੱਤਰ ਮਿਲਣੀ ਦਾ ਜ਼ਰੀਆ ਬਣਾ ਦਿੱਤਾ। ਵਿਦੇਸ਼ ਬੈਠੇ ਜੰਡੂ, ਭੰਗਾਲੀਆ ਤੇ ਮੱਟੂ ਨੂੰ ਛੱਡ ਕੇ ਉਕਤ ਸਾਰੇ ਮਿੱਤਰ ਇਸ ਵਿਆਹ ਵਿੱਚ ਸ਼ਾਮਲ ਸਨ। ਉਪਰਲਿਆਂ ਤੋਂ ਇਲਾਵਾ ਐਡਵੋਕੇਟ ਹਰਚੰਦ ਬਾਠ, ਚਰਚਾ ਦੇ ਸੰਪਾਦਕ ਦਰਸ਼ਨ ਢਿੱਲੋਂ (ਇੰਗਲੈਂਡ), ਨਵਾਂ ਜ਼ਮਾਨਾ ਤੋਂ ਰੇਸ਼ਮ ਸਿੰਘ, ਜਗਜੀਤ ਦੇ ਭਰਾ ਬਲਵਿੰਦਰ ਸਿੰਘ, ਹਰਬਲਾਸ, ਮਾਸਟਰ ਬਲਦੇਵ ਜੰਡਿਆਲਾ, ਚੂਹੜਵਾਲੀ ਵਾਲਾ ਲਾਲੀ, ਡਾ. ਸਵਰਣ ਸਿੰਘ, ਕਿਸਾਨ ਆਗੂ ਸਰਵਣ ਸਿੰਘ ਤੇ ਮੁੰਬਈ ਤੋਂ ਮੱਟੂ ਦਾ ਭਰਾ ਸਾਹਿਬ ਵੀ ਆਏ ਹੋਏ ਸਨ। ਇਸ ਮੌਕੇ ਪੁਸ਼ਪਿੰਦਰ ਸਿੰਘ ਤੇ ਉਨ੍ਹਾਂ ਦੀ ਜੀਵਨ ਸਾਥਣ ਸਰਦਾਰਨੀ ਕੁਲਬੀਰ ਕੌਰ ਨੇ ਆਪਣੀ ਖੁਸ਼ੀ ਸਾਂਝੀ ਕਰਦਿਆਂ ਸੀ ਪੀ ਆਈ ਨੂੰ 15 ਹਜ਼ਾਰ ਤੇ ਨਵਾਂ ਜ਼ਮਾਨਾ ਨੂੰ 10 ਹਜ਼ਾਰ ਰੁਪਏ ਸਹਾਇਤਾ ਵਜੋਂ ਭੇਟ ਕੀਤੇ। ਅਸੀਂ ਸਾਰੇ ਮਿੱਤਰਾਂ ਵੱਲੋਂ ਉਨ੍ਹਾਂ ਦੀ ਖੁਸ਼ੀ ਵਿੱਚ ਸ਼ਾਮਲ ਹੁੰਦੇ ਹੋਏ ਨਵੀਂ ਵਿਆਹੀ ਜੋੜੀ ਦੇ ਸੁਖੀ ਪਰਵਾਰਕ ਜੀਵਨ ਤੇ ਲੰਮੀ ਉਮਰ ਦੀ ਕਾਮਨਾ ਕਰਦੇ ਹਾਂ।

**- ਚੰਦ ਫਤਿਹਪੁਰੀ**



ਨਵਾਂ ਜ਼ਮਾਨਾ ਦਫ਼ਤਰ 'ਚ ਚੰਦ ਫਤਿਹਪੁਰੀ

# ਲੋਕ ਪੱਖੀ ਅਤੇ ਬੁਲੰਦ ਆਵਾਜ਼ : ਚੰਦ ਫਤਿਹਪੁਰੀ

**ਭਗਵੰਤ ਰਸੂਲਪੁਰੀ**

ਜਿਹੜਾ ਪੱਤਰਕਾਰ ਸਮਕਾਲ ਦੀ ਨਬਜ਼ ਟੋਹ ਕੇ ਆਪਣੀ ਤਿੱਖੀ ਦ੍ਰਿਸ਼ਟੀ ਨਾਲ ਸਮਾਜਿਕ, ਸਿਆਸੀ ਅਤੇ ਲੋਕਾਂ ਦੇ ਮਸਲਿਆਂ ਨੂੰ ਆਪਣੀ ਕਲਮ ਦੀ ਨੋਕ ਉੱਤੇ ਰੱਖ ਕੇ ਬੇਬਾਕੀ ਤੇ ਦਲੇਰੀ ਨਾਲ ਨਿਡਰ ਹੋ, ਪੀੜਤ ਧਿਰ ਵੱਲ ਖੜ ਕੇ ਬੋਲਦਾ ਤੇ ਲਿਖਦਾ ਹੈ, ਅਸਲ ਵਿੱਚ ਉਹ ਹੀ ਲੋਕਾਂ ਦਾ, ਲੋਕ ਪੱਖੀ ਤੇ ਬੁਲੰਦ ਆਵਾਜ਼ ਦਾ ਪੱਤਰਕਾਰ ਹੁੰਦਾ ਹੈ। ਚੰਦ ਫਤਿਹਪੁਰੀ ਸਮੇਂ-ਸਮੇਂ ਜਨ ਸਧਾਰਨ ਲੋਕਾਂ ਦੇ ਹਰ ਤਰ੍ਹਾਂ ਦੇ ਮਸਲਿਆਂ ਨੂੰ ਬੇਬਾਕੀ ਨਾਲ ਲਿਖਦਾ ਰਿਹਾ ਤੇ ਆਪਣੀ ਲੋਕਾਂ ਦੇ ਹੱਕ ਵਿੱਚ ਧਾਰਨਾ ਦਿੰਦਾ ਰਿਹਾ। ਉਹ ਸਰਕਾਰ ਦੀਆਂ ਲੋਕ-ਮਾਰੂ ਨੀਤੀਆਂ ਦੀ ਦਲੇਰੀ ਨਾਲ ਨਿਖੇਧੀ ਕਰਦਾ ਰਿਹਾ।




ਬੇਬਾਕੀ ਤੇ ਦਲੇਰੀ ਵਾਲੀ ਪੱਤਰਕਾਰੀ ਦੀ ਮਿਸਾਲ ਚੰਦ ਫਤਿਹਪੁਰੀ ਦੀ ਲੇਖਾਂ ਦੀ ਪੁਸਤਕ 'ਤਾਨਾਸ਼ਾਹੀ ਵਿਰੁੱਧ ਜੂਝਦਾ ਇਤਿਹਾਸਕ ਕਿਸਾਨ ਅੰਦੋਲਨ' ਕਹੀ ਜਾ ਸਕਦੀ ਹੈ। ਪੁਸਤਕ ਵਿੱਚ ਸ਼ਾਮਲ 64 ਲੇਖ ਕਿਸਾਨ ਅੰਦੋਲਨ ਦੀ ਇਤਿਹਾਸਕ ਤੇ ਸਿਆਸੀ ਯਾਤਰਾ ਦਾ ਬਿਰਤਾਂਤ ਤੱਥਾਂ ਅਤੇ ਅੰਕੜਿਆਂ ਨਾਲ ਪੇਸ਼ ਕਰਦੇ ਹਨ। ਇਹ ਲੇਖ ਚੰਦ ਫਤਿਹਪੁਰੀ ਹੁਰਾਂ ਨੇ ਮਾਰਚ 2018 ਤੋਂ ਅਪ੍ਰੈਲ, 2021 ਦੇ ਸਮੇਂ ਵਿੱਚ ਤਕਰੀਬਨ 3 ਸਾਲਾਂ ਦੌਰਾਨ ਲਿਖੇ ਸਨ। ਅਸਲ ਵਿੱਚ ਇਹ ਸਮੇਂ-ਸਮੇਂ ਲਿਖੀਆਂ 'ਨਵਾਂ ਜ਼ਮਾਨਾ' ਦੀਆਂ ਸੰਪਾਦਕੀਆਂ ਹਨ।

ਇਨ੍ਹਾਂ ਸਾਰੇ ਲੇਖਾਂ ਦਾ ਅਧਿਐਨ ਕਰਨ ਉਪਰੰਤ ਇਹ ਧਾਰਨਾ ਬਣਦੀ ਹੈ ਕਿ ਚੰਦ ਫਤਿਹਪੁਰੀ ਪੂਰੀ ਤਰ੍ਹਾਂ ਕਿਸਾਨ ਅੰਦੋਲਨ ਨਾਲ ਜੁੜਿਆ ਹੋਇਆ ਸੀ। ਉਹ ਕੇਂਦਰ ਸਰਕਾਰ, ਰਾਜ ਸਰਕਾਰ ਦੀ ਕਾਰਜ ਪ੍ਰਣਾਲੀ ਅਤੇ ਕਿਸਾਨ ਜੱਥੇਬੰਦੀਆਂ ਦੇ ਵਿਦਰੋਹ ਨੂੰ ਚੰਗੀ ਤਰ੍ਹਾਂ ਸਮਝ ਰਿਹਾ ਸੀ। ਇਹਦੇ ਨਾਲ-ਨਾਲ ਉਹ ਪੰਜਾਬ ਦੀ ਨਿੱਘਰਦੀ ਜਾ ਰਹੀ ਕਿਸਾਨੀ ਨੂੰ ਵੀ ਸਮਝ ਰਿਹਾ ਸੀ। ਹਰੀ ਕ੍ਰਾਂਤੀ ਤੋਂ ਬਾਅਦ ਕਿਵੇਂ ਕਿਸਾਨੀ ਖੇਤੀ ਦੇ ਸੰਦਾਂ, ਮਸ਼ੀਨਰੀ, ਬੀਜਾਂ, ਖਾਦਾਂ, ਕੀਟ-ਨਾਸ਼ਕ ਦਵਾਈਆਂ ਵਿੱਚ ਘਿਰ ਕੇ ਕਈ ਤਰ੍ਹਾਂ ਦੇ ਆਰਥਿਕ, ਮਾਨਸਿਕ ਤੇ ਸਮਾਜਿਕ ਸੰਕਟਾਂ ਵਿੱਚ ਘਿਰਦੀ ਜਾ ਰਹੀ ਸੀ। ਇਨ੍ਹਾਂ ਮਸਲਿਆਂ ਉੱਤੇ ਪੜਚੋਲਵੀਂ ਨਜ਼ਰ ਲੇਖਕ ਮਾਰਦਾ ਹੈ। ਫ਼ਸਲਾਂ ਦੇ ਝਾੜ ਵਧਣ ਨਾਲ ਕਿਵੇਂ ਫ਼ਸਲਾਂ ਸਰਕਾਰ ਦੀ ਨਲਾਇਕੀ ਕਾਰਨ ਮੰਡੀਆਂ ਵਿੱਚ ਰੁਲਣ ਲੱਗ ਪਈਆਂ ਸਨ ਅਤੇ ਕਿਵੇਂ ਫ਼ਸਲਾਂ ਦੇ ਨਿਰਧਾਰਤ ਮੁੱਲ ਤੋਂ ਲਾਗਤ ਖਰਚਾ ਵਧ ਰਿਹਾ ਸੀ। ਕਿਸਾਨੀ ਦੇ ਸਿਰ ਉੱਤੇ ਕਰਜ਼ਾ ਹਰ ਸਾਲ ਵਧਣ ਨਾਲ ਕਿਵੇਂ ਉਹ ਖੁਦਕੁਸ਼ੀਆਂ ਦੇ ਰਾਹ ਤੁਰ ਪਈ ਤੇ ਇਹ ਖੁਦਕੁਸ਼ੀਆਂ ਤੋਂ ਕਿਵੇਂ ਇਤਿਹਾਸਕ ਕਿਸਾਨ ਅੰਦੋਲਨ ਦਾ ਰੂਪ ਧਾਰਨ ਕਰ ਲੈਂਦੀ ਹੈ। ਇਹ ਸਾਰਾ ਬਿਰਤਾਂਤ ਇਨ੍ਹਾਂ ਸਾਰੇ ਲੇਖਾਂ ਵਿੱਚ ਪੜ੍ਹਨ ਨੂੰ ਮਿਲਦਾ ਹੈ, ਪਰ ਲੇਖਕ ਦੀ ਦ੍ਰਿਸ਼ਟੀ ਇਸ ਸਾਰੇ ਵਰਤਾਰੇ ਪ੍ਰਤੀ ਪੜਚੋਲਵੀਂ ਰਹਿੰਦੀ ਹੈ।

ਸਮੁੱਚੇ ਲੇਖਾਂ ਵਿੱਚ ਚੰਦ ਫਤਿਹਪੁਰੀ ਕਿਸਾਨਾਂ ਦੀਆਂ ਤਿੰਨ ਵੱਡੀਆਂ ਮੰਗਾਂ ਨੂੰ ਪ੍ਰਮੁੱਖਤਾ ਨਾਲ ਉਭਾਰਦਾ ਹੈ। ਪਹਿਲੀ ਹੈ ਸਮੁੱਚੇ ਕਰਜ਼ੇ ਦੀ ਮਾਫੀ, ਦੂਜੀ ਹੈ ਸਵਾਮੀਨਾਥਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਮੁਤਾਬਕ ਫ਼ਸਲੀ ਜਿਣਸਾਂ ਦਾ ਸਮੱਰਥਨ ਭਾਅ ਲਾਗਤ ਵਿੱਚ 50 ਫ਼ੀਸਦੀ ਜੋੜ ਕੇ ਤੈਅ ਕਰਨਾ ਤੇ ਜੰਗਲਾਂ ਵਿੱਚ ਖੇਤੀ ਕਰਦੇ ਆਦੀਵਾਸੀ ਕਿਸਾਨਾਂ ਨੂੰ ਮਾਲਕੀ ਦੇ ਹੱਕ ਦੇਣਾ। ਇਸ ਤੋਂ ਅੱਗੇ ਫਿਰ ਤਿੰਨ ਖੇਤੀ ਕਾਨੂੰਨ ਦੀ ਗੱਲ ਉਹ ਕਰਦਾ ਹੈ। ਆਪਣੇ ਲੇਖਾਂ ਵਿੱਚ ਲੇਖਕ ਸਮੇਂ-ਸਮੇਂ ਕੇਂਦਰ ਸਰਕਾਰ ਵੱਲੋਂ ਦਿੱਤੇ ਬਿਆਨ ਦਾ ਆਲੋਚਨਾਤਮਿਕ ਅਧਿਐਨ ਵੀ ਕਰਦਾ ਹੈ। ਪੁਸਤਕ ਵਿੱਚ ਉਹ ਭਾਜਪਾ ਦੀਆਂ ਕਿਸਾਨ-ਮਾਰੂ ਨੀਤੀਆਂ ਖ਼ਿਲਾਫ਼ ਪ੍ਰਵਚਨ ਤੱਥਾਂ ਨਾਲ ਉਸਾਰਦਾ ਹੈ। ਸਰਕਾਰ ਦੇ ਕਿਸਾਨ-ਮਾਰੂ ਬਿਆਨਾਂ ਨੂੰ ਤਿੱਖੀ ਸੁਰ ਵਿੱਚ ਭੰਡਦਾ ਵੀ ਹੈ। ਕਿਤਾਬ ਦੇ ਸ਼ੁਰੂ ਵਿੱਚ ਜਦੋਂ ਕਿਸਾਨ ਅੰਦੋਲਨ ਮਹਾਰਾਸ਼ਟਰ ਦੇ ਨਾਸਿਕ ਤੋਂ ਅੰਗੜਾਈ ਲੈ ਰਿਹਾ ਹੁੰਦਾ ਹੈ, ਦਾ ਪ੍ਰਸੰਗ ਲੇਖਕ ਬਿਆਨ ਕਰਦਾ ਹੈ ਤਾਂ ਉਹਦੀ ਸੂਝ, ਦ੍ਰਿਸ਼ਟੀ ਤੇ ਵਰਤਾਰੇ ਦੀ ਸਮਝ ਦਾ ਪਤਾ ਲੱਗਦਾ ਹੈ। ਕਿਵੇਂ ਹਜ਼ਾਰਾਂ ਦੀ ਗਿਣਤੀ ਵਿੱਚ ਕਿਸਾਨ ਦਿੱਲੀ ਵੱਲ ਕੂਚ ਕਰ ਲੈਂਦੇ ਹਨ। ਉਹ 180 ਕਿਲੋਮੀਟਰ ਲੰਮੀ ਕਿਸਾਨਾਂ ਦੀ ਮਾਰਚ ਨੂੰ ਮਹਾਤਮਾ ਗਾਂਧੀ ਦੀ ਡਾਂਡੀ ਮਾਰਚ ਦੇ ਪ੍ਰਸੰਗ ਵਿੱਚ ਹੀ ਗੱਲ ਨਹੀਂ ਕਰਦਾ, ਬਲਕਿ ਉਹ ਵਾਸ਼ਿੰਗਟਨ ਵਿੱਚ ਕਾਲੇ ਲੋਕਾਂ ਵੱਲੋਂ ਸਿਵਲ ਰਾਈਟਸ ਲਈ ਆਯੋਜਤ ਕੀਤੇ ਗਏ ਮਾਰਚ ਦਾ ਹਵਾਲਾ ਵੀ ਦਿੰਦਾ ਹੈ। ਇੰਜ ਲੇਖਕ ਅੰਦੋਲਨ ਦੀ ਪ੍ਰੰਪਰਾ ਦੇ ਸੰਦਰਭ ਵਿੱਚ ਕਿਸਾਨ ਅੰਦੋਲਨ ਤੇ ਮਾਰਚ ਦੀ ਗੱਲ ਠੋਸ ਤਰੀਕੇ ਨਾਲ ਕਰਦਾ ਹੈ। ਇੰਝ ਕਰਦਾ ਉਹ ਸਮਕਾਲੀ ਮੁੱਦੇ ਨੂੰ ਬਹੁ-ਪਰਤੀ ਬਣਾ ਦਿੰਦਾ ਹੈ। ਇਹਦੇ ਨਾਲ ਲੇਖਕ ਅੰਦੋਲਨ ਦੌਰਾਨ ਬਾਈਕਾਟ ਸਮੇਂ ਅੰਦੋਲਨਕਾਰੀਆਂ ਵੱਲੋਂ ਜਬਰੀ ਦੁੱਧ ਡੋਲ੍ਹਣ ਨੂੰ ਲੈ ਕੇ ਉਸ ਵਰਤਾਰੇ ਉੱਤੇ ਸਵਾਲ ਵੀ ਕਰਦਾ ਹੈ। ਇਸ ਦੌਰਾਨ ਪ੍ਰਧਾਨ ਮੰਤਰੀ ਕਿਸਾਨ ਭਲਾਈ ਦੇ ਕੀਤੇ ਕੰਮਾਂ ਵਾਲੇ ਬਿਆਨਾਂ 'ਤੇ ਤਿੱਖੇ ਤਰੀਕੇ ਨਾਲ ਆਪਣੇ ਲੇਖਾਂ ਵਿੱਚ ਸਵਾਲ ਚੁੱਕਦਾ ਹੈ। ਉਹ ਕਿਸਾਨੀ ਨੂੰ ਬਚਾਉਣ ਲਈ ਠੋਸ ਨੀਤੀ ਦੀ ਲੋੜ 'ਤੇ ਵੀ ਜ਼ੋਰ ਦਿੰਦਾ ਹੈ। ਲੇਖਕ ਇਸ ਮੁੱਦੇ ਨੂੰ ਸਵਾਲਾਂ ਦੇ ਘੇਰੇ ਵਿੱਚ ਲੈ ਕੇ ਆਉਂਦਾ ਹੈ ਕਿ ਸਰਕਾਰਾਂ ਕਾਰਪੋਰੇਟ ਦਾ ਕਰੋੜਾਂ ਦਾ ਕਰਜ਼ਾ ਮਾਫ਼ ਕਰਦੀ ਹੈ, ਪਰ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਮਾਰਗ-ਦਰਸ਼ਕ

**ਕਮਲਜੀਤ ਥਾਬਲਕੇ**

ਚੰਦ ਫਤਿਹਪੁਰੀ ਨੂੰ ਮੈਂ ਅਕਤੂਬਰ 2010 'ਚ ਪਹਿਲੀ ਵਾਰ ਮਿਲਿਆ, ਜਦ ਮੈਂ 'ਨਵਾਂ ਜ਼ਮਾਨਾ' 'ਚ ਕੰਮ ਦਾ ਪਤਾ ਕਰਨ ਆਇਆ ਸੀ। ਉਸ ਸਮੇਂ ਜਤਿੰਦਰ ਪਨੂੰ ਤੇ ਚੰਦ ਫਹਿਤਪੁਰੀ ਨੇ ਹੀ ਮੇਰੀ ਇੱਕ ਤਰ੍ਹਾਂ ਛੋਟੀ ਜਿਹੀ ਇੰਟਰਵਿਊ ਲਈ। ਇਹ ਉਹ ਸਮਾਂ ਸੀ, ਜਦ 'ਨਵਾਂ ਜ਼ਮਾਨਾ' 'ਚ ਕੰਪਿਊਟਰ 'ਤੇ ਕੰਮ ਕਰਨ ਵਾਲੇ ਬਹੁਤੇ ਵਰਕਰ 'ਨਵਾਂ ਜ਼ਮਾਨਾ' ਨੂੰ ਛੱਡ ਕੇ ਉਦੋਂ ਨਵੀਂ-ਨਵੀਂ ਸ਼ੁਰੂ ਹੋਈ ਅਖਬਾਰ 'ਪੰਜਾਬੀ ਜਾਗਰਣ' 'ਚ ਚਲੇ ਗਏ ਸਨ। ਮੈਂ ਇਨ੍ਹਾਂ ਦੋਵਾਂ ਦੇ ਸਾਹਮਣੇ ਘਬਰਾਇਆ ਹੋਇਆ ਬੈਠਾ ਸੀ। ਜਤਿੰਦਰ ਪਨੂੰ ਜੀ ਨੇ ਆਪਣੇ ਅੰਦਾਜ਼ ਵਿੱਚ ਸਵਾਲ ਕੀਤੇ।ਉਨ੍ਹਾ ਦੇ ਸਵਾਲ ਕਰਨ ਦਾ ਢੰਗ ਹੀ ਅਜਿਹਾ ਸੀ ਕਿ ਸਾਹਮਣੇ ਬੈਠਾ ਬੰਦਾ ਘਬਰਾ ਜਾਂਦਾ।ਮੈਂ ਘਬਰਾਇਆ ਹੋਇਆ ਸੀ, ਪਰ ਇਸੇ ਦੌਰਾਨ ਮੇਰੀ ਨਜ਼ਰ ਵਾਰ-ਵਾਰ ਚੰਦ ਫਤਿਹਪੁਰੀ ਜੀ ਵੱਲ ਜਾਂਦੀ।ਉਹ ਬੜੇ ਸ਼ਾਂਤ ਬੈਠੇ, ਸਾਡੀਆਂ ਗੱਲਾਂ ਸੁਣ ਰਹੇ ਸਨ।ਉਨ੍ਹਾ ਦੇ ਚਿਹਰੇ 'ਤੇ ਇੱਕ ਅਜਿਹਾ ਠਹਿਰਾਅ ਸੀ, ਜਿਸ ਨੇ ਮੇਰੀ ਘਬਰਾਹਟ ਵਧਾ ਦਿੱਤੀ। ਜਿਹੜੀ ਤਨਖਾਹ ਉਹ ਦੋਵੇਂ ਤੈਅ ਕਰ ਰਹੇ ਸਨ, ਮੈਂ ਉਸ ਤੋਂ ਇੱਕ ਹਜ਼ਾਰ ਰੁਪਏ ਵੱਧ ਮੰਗ ਰਿਹਾ ਸੀ।ਮੇਰੇ ਲਈ ਉਹ ਇੱਕ ਹਜ਼ਾਰ ਰੁਪਏ ਉਸ ਸਮੇਂ ਬਹੁਤ ਮਾਇਨੇ ਰੱਖਦੇ ਸਨ।ਸ਼ਾਇਦ ਮੇਰੇ ਮਨ ਵਿੱਚ ਇਹ ਵੀ ਸੀ ਕਿ ਕਿਤੇ ਇਹ ਇੱਕ ਹਜ਼ਾਰ ਰੁਪਏ ਮੇਰੇ ਲਈ 'ਨਵਾਂ ਜ਼ਮਾਨਾ' ਦਾ ਦਰਵਾਜ਼ਾ ਬੰਦ ਨਾ ਕਰ ਦੇਣ, ਪਰ ਚੰਦ ਫਤਿਹਪੁਰੀ ਜੀ ਨੇ ਉਸ ਗੱਲ ਨੂੰ ਵੀ ਆਪਣੇ ਹੀ ਅੰਦਾਜ਼ ਵਿੱਚ ਹੱਲ ਕਰ ਦਿੱਤਾ।ਉਨ੍ਹਾ ਬੜੇ ਸਹਿਜ ਢੰਗ ਨਾਲ ਕਿਹਾ—ਚੱਲ, ਕੰਮ ਕਰ ਤਨਖਾਹ ਵੀ ਵਧਾ ਦੇਵਾਂਗੇ।ਚੱਲ ਹੁਣ ਕੰਮ 'ਤੇ ਲੱਗ ਜਾ। ਇਹ ਉਨ੍ਹਾ ਨਾਲ ਮੇਰੀ ਪਹਿਲੀ ਮੁਲਾਕਾਤ ਸੀ, ਪਰ ਇਹ ਛੋਟੀ ਜਿਹੀ ਗੱਲ ਮੇਰੇ ਮਨ ਵਿੱਚ ਹਮੇਸ਼ਾ ਲਈ ਵੱਸ ਗਈ।

ਸਮਾਂ ਆਪਣੀ ਚਾਲ ਚਲਦਾ ਰਿਹਾ, ਸਾਲ ਬੀਤਦੇ ਗਏ। 'ਨਵਾਂ ਜ਼ਮਾਨਾ' ਦੇ ਕਈ ਸੀਨੀਅਰ ਸਾਥੀ ਇੱਕ-ਇੱਕ ਕਰਕੇ ਰਿਟਾਇਰ ਹੋ ਗਏ। ਫਿਰ ਇੱਕ ਦਿਨ ਉਹ ਵੀ ਆਇਆ, ਜਦੋਂ ਮੈਨੂੰ ਖ਼ਬਰਾਂ ਅਤੇ ਕੰਪਿਊਟਰ ਸਟਾਫ਼ ਦੀ ਜ਼ਿੰਮੇਵਾਰੀ ਸੌਂਪੀ ਗਈ।ਇਹ ਉਹ ਦੌਰ ਸੀ, ਜਦੋਂ ਚੰਦ ਫਤਿਹਪੁਰੀ ਜੀ ਮੇਰੇ ਲਈ ਸਿਰਫ਼ ਇੱਕ ਸੀਨੀਅਰ ਜਾਂ ਸੰਪਾਦਕ ਨਹੀਂ ਰਹੇ ਸਨ, ਉਹ ਮੇਰੇ ਲਈ ਇੱਕ ਅਜਿਹਾ ਸਹਾਰਾ ਬਣ ਗਏ ਸਨ, ਜਿਸ ਕੋਲ ਮੈਂ ਕਿਸੇ ਵੀ ਵੇਲੇ ਜਾ ਸਕਦਾ ਸੀ।ਕੋਈ ਖ਼ਬਰ ਸਮਝ ਨਾ ਆਉਣੀ, ਕਿਸੇ ਲੇਖ ਦੀ ਗੱਲ ਅਟਕ ਜਾਣੀ ਜਾਂ ਇਹ ਫੈਸਲਾ ਕਰਨਾ ਹੋਵੇ ਕਿ ਕੀ ਛਪਣਾ ਚਾਹੀਦਾ ਹੈ ਤੇ ਕੀ ਨਹੀਂ—ਮੇਰੇ ਲਈ ਇੱਕ ਹੀ ਕੰਪਿਊਟਰ ਹੁੰਦਾ ਸੀ, ਚੰਦ ਫਤਿਹਪੁਰੀ ਜੀ।ਉਨ੍ਹਾ ਨੂੰ ਖ਼ਬਰ ਜਾਂ ਲੇਖ ਦਿਖਾਉਣ 'ਤੇ ਇੱਕ ਮਿੰਟ 'ਚ ਉਹਨਾ ਫੈਸਲਾ ਦੇਣਾ, 'ਨਹੀਂ, ਇਹ ਨ੍ਹੀਂ ਲੱਗਣਾ' ਜਾਂ ਫਿਰ ਉਨ੍ਹਾ ਆਪਣੇ ਸਟਾਇਲ 'ਚ ਕਹਿਣਾ, 'ਓਹ ਲਾ ਦੇ।' ਬਸ ਦੋ ਹੀ ਗੱਲਾਂ ਹੁੰਦੀਆਂ।

ਉਨ੍ਹਾ ਨਾਲ ਕੰਮ ਕਰਦਿਆਂ ਮੇਰਾ ਉਨ੍ਹਾ ਨਾਲ ਪਿਆਰ ਅਤੇ ਲਗਾਵ ਹੌਲੀ-ਹੌਲੀ ਹੋਰ ਵਧਦਾ ਗਿਆ। ਉਨ੍ਹਾ ਦੀ ਇੱਕ ਹੋਰ ਖ਼ੂਬੀ ਇਹ ਸੀ ਕਿ ਉਹ ਕਿਸੇ ਦੇ ਕੰਮ ਵਿੱਚ ਬੇਲੋੜੀ ਕਿੰਤੂ-ਪ੍ਰੰਤੂ ਨਹੀਂ ਸਨ ਕਰਦੇ, ਪਰ ਸਾਰੇ ਸਟਾਫ਼ 'ਤੇ ਉਨ੍ਹਾਂ ਦੀ ਨਜ਼ਰ ਜ਼ਰੂਰ ਰਹਿੰਦੀ ਸੀ, 'ਕੌਣ ਕੀ ਕਰ ਰਿਹਾ ਹੈ, ਕਿਵੇਂ ਕਰ ਰਿਹਾ ਹੈ।' ਇੱਕ ਜ਼ਿੰਮੇਵਾਰ ਮੁਖੀ ਵਜੋਂ ਇਹ ਨਜ਼ਰ ਹੋਣੀ ਵੀ ਚਾਹੀਦੀ ਹੈ, ਪਰ ਉਨ੍ਹਾ ਦੀ ਨਜ਼ਰ ਵਿੱਚ ਦਖ਼ਲ ਨਾਲੋਂ ਜ਼ਿਆਦਾ ਭਰੋਸਾ ਹੁੰਦਾ ਸੀ।

ਮੇਰੇ ਲਈ ਚੰਦ ਫਤਿਹਪੁਰੀ ਜੀ ਦੀ ਸਭ ਤੋਂ ਪਿਆਰੀ ਯਾਦ ਕੰਮ ਵਾਲੀ ਨਹੀਂ, ਦੁਪਹਿਰ ਦੇ ਖਾਣੇ ਵਾਲੀ ਹੈ।ਅਸੀਂ ਦੋਵੇਂ ਦੁਪਹਿਰ ਦਾ ਖਾਣਾ ਸਾਥ ਖਾਂਦੇ।ਜਦੋਂ ਉਹ ਬਿਮਾਰ ਰਹਿਣ ਲੱਗੇ, ਉਦੋਂ ਵੀ ਬਹੁਤੀ ਵਾਰ ਸਵੇਰੇ ਘਰੋਂ ਕੋਈ ਨਾ ਕੋਈ ਨਵੀਂ ਸਬਜ਼ੀ ਬਣਾ ਕੇ ਲਿਆਉਂਦੇ।ਮੇਰੇ ਸਾਹਮਣੇ ਡੱਬਾ ਰੱਖ ਕੇ ਆਪਣੇ ਹੀ ਅੰਦਾਜ਼ ਵਿੱਚ ਕਹਿੰਦੇ, 'ਛੱਡ ਇਹ ਢਾਬੇ ਵਾਲੀ ਸਬਜ਼ੀ, ਅੱਜ ਮੈਂ ਸਵੇਰੇ ਜਲਦੀ ਉੱਠ ਗਿਆ ਸੀ ਤੇ ਸਬਜ਼ੀ ਆਪ ਬਣਾਈ, ਦੇਖ, ਖਾ ਕੇ।' ਸੱਚ ਪੁੱਛੋ ਤਾਂ ਉਹ ਸਬਜ਼ੀ ਬਹੁਤ ਵਧੀਆ ਬਣਾਉਂਦੇ ਸਨ।ਉਸ ਵੇਲੇ ਇਹ ਸਭ ਕੁਝ ਆਮ ਜਿਹਾ ਲੱਗਦਾ ਸੀ, ਰੋਜ਼ ਦੀ ਜ਼ਿੰਦਗੀ ਦਾ ਇੱਕ ਹਿੱਸਾ, ਪਰ ਅੱਜ ਜਦੋਂ ਉਹ ਨਹੀਂ ਹਨ ਤਾਂ ਉਹੀ ਛੋਟੀਆਂ-ਛੋਟੀਆਂ ਗੱਲਾਂ ਸਭ ਤੋਂ ਵੱਡੀਆਂ ਯਾਦਾਂ ਬਣ ਗਈਆਂ ਹਨ।ਕੋਰੋਨਾ ਦੇ ਦੌਰ 'ਚ ਕੁਝ ਸਮਾਂ ਉਨ੍ਹਾ ਦਫ਼ਤਰ ਵਿੱਚ ਹੀ ਰਹਿਣਾ ਠੀਕ ਸਮਝਿਆ।ਜਿੰਨੇ ਦਿਨ ਉਹ ਰਾਤ ਨੂੰ ਦਫ਼ਤਰ ਰਹੇ, ਸਾਡਾ ਆਪਣਾ ਹੀ ਇੱਕ ਛੋਟਾ ਜਿਹਾ ਸੰਸਾਰ ਬਣ ਜਾਂਦਾ ਸੀ।ਹੀਟਰ 'ਤੇ ਕੁੱਕੜ ਬਣਾਉਣਾ।ਉਹ ਆਪ ਸਾਰਾ ਕੁਝ ਤਿਆਰ ਕਰਦੇ। ਸਬਜ਼ੀ ਬਣਾਉਣ ਵਿੱਚ ਉਨ੍ਹਾ ਨੂੰ ਬੜਾ ਮਜ਼ਾ ਆਉਂਦਾ।ਆਪ ਤਾਂ ਇੱਕ-ਅੱਧੀ ਰੋਟੀ ਖਾਂਦੇ ਅਤੇ ਬਾਕੀ ਮੇਰੇ ਵੱਲ ਕਰ ਦਿੰਦੇ।ਕਹਿੰਦੇ, 'ਮੈਨੂੰ ਬਣਾਉਣ ਦਾ ਸ਼ੌਕ ਹੈ, ਖਾਣ ਦਾ ਨਹੀਂ, ਤੂੰ ਖਾ।' ਉਸ ਵੇਲੇ ਇਹ ਗੱਲ ਸੁਣ ਕੇ ਚੰਗਾ ਲੱਗਦਾ।

ਇੱਕ ਵਾਰ ਸਵੇਰੇ ਆਏ ਤੇ ਮੈਨੂੰ ਡੱਬਾ ਫੜਾ ਕੇ ਕਹਿੰਦੇ ਰੱਖ ਦੇ। ਦੁਪਹਿਰ ਸਮੇਂ ਉਨ੍ਹਾ ਦੋ ਰੋਟੀਆਂ ਖਾਧੀਆਂ ਹੋਣੀਆ ਤੇ ਸਬਜ਼ੀ ਦਾ ਡੱਬਾ ਹਾਲੇ ਵੀ ਭਰਿਆ ਸੀ, ਮੈਂ ਰੋਟੀ ਸਬਜ਼ੀ ਨਾਲ ਲਾ-ਲਾ ਕੇ ਖਾਧੀ, ਪਰ ਡੱਬੇ 'ਚ ਹਾਲੇ ਵੀ ਸਬਜ਼ੀ ਸੀ। ਮੈਂ ਬਾਅਦ 'ਚ ਸੁੱਟ ਦਿੱਤੀ, ਉਹਨਾ ਕਿਤੇ ਮੈਨੂੰ ਦੇਖ ਲਿਆ, ਉਸ ਦਿਨ ਤਾਂ ਕੁਝ ਨਹੀਂ ਕਿਹਾ, ਪਰ ਦੂਜੇ ਦਿਨ ਆਉਂਦੇ ਹੀ ਕਹਿੰਦੇ, 'ਓਹ ਬਈ! ਕੱਲ੍ਹ ਤੂੰ ਸਬਜ਼ੀ ਖਾਧੀ ਨ੍ਹੀਂ, ਸੁੱਟ ਦਿੱਤੀ ਸੀ', ਮੈਂ ਹਾਂ-ਨਾਂਹ ਕਰਦਾ ਹੀ ਸੀ ਕਿ ਉਨ੍ਹਾ ਅੱਗਿਓਂ ਕਿਹਾ, 'ਉਸ 'ਚ ਮੈਂ ਡਰਾਈ ਫਰੂਟ ਪਾਇਆ ਸੀ, ਤੂੰ ਖਾਣ ਦੀ ਬਜਾਏ ਸੁੱਟ ਦਿੱਤੀ।' ਮੇਰੇ ਅੰਦਰੋਂ ਹਾਸਾ ਬਾਹਰ ਹੀ ਆਉਣ ਵਾਲਾ ਸੀ ਕਿ ਉਹ ਕਹਿ ਕੇ ਆਪਣੇ ਕਮਰੇ 'ਚ ਚਲੇ ਗਏ। ਆਖਰੀ ਸਮੇਂ ਤੱਕ ਵੀ ਅਸੀਂ ਇਕੱਠੇ ਦੁਪਹਿਰ ਦਾ ਖਾਣਾ ਖਾਂਦੇ ਰਹੇ। ਇਸ ਜਹਾਨ ਤੋਂ ਜਾਣ ਤੋਂ ਕੁਝ ਕੁ ਦਿਨ ਪਹਿਲਾਂ ਉਨ੍ਹਾ ਦੁਪਹਿਰ ਦਾ ਖਾਣਾ ਛੱਡ ਦਿੱਤਾ ਸੀ। ਸਵੇਰੇ ਜਦ ਵੀ ਉਨ੍ਹਾ ਨੂੰ ਸਿਹਤ ਬਾਰੇ ਪੁੱਛਣਾ ਕਿ ਹੁਣ ਕਿਵੇਂ ਹੈ ਸਿਹਤ ਤਾਂ ਉਨ੍ਹਾ ਕਹਿਣਾ, 'ਠੀਕ ਆ।' ਅੱਜ ਉਹੀ ਗੱਲਾਂ ਯਾਦ ਆਉਂਦੀਆਂ ਤਾਂ ਅੱਖਾਂ ਭਰ ਆਉਂਦੀਆਂ ਹਨ।ਕਿੰਨਾ ਅਜੀਬ ਹੈ, ਜ਼ਿੰਦਗੀ ਵਿੱਚ ਜਿਹੜੇ ਪਲ ਸਾਨੂੰ ਉਸ ਵੇਲੇ ਬਹੁਤ ਆਮ ਲੱਗਦੇ ਹਨ, ਉਹੀ ਪਲ ਬਾਅਦ ਵਿੱਚ ਸਭ ਤੋਂ ਕੀਮਤੀ ਯਾਦਾਂ ਬਣ ਜਾਂਦੇ ਹਨ।

ਚੰਦ ਫਤਿਹਪੁਰੀ ਨੂੰ ਜਦੋਂ ਦਾ ਮੈਂ ਜਾਣਦਾਂ, ਉਨ੍ਹਾ ਦੇ ਸੁਭਾਅ ਦੀਆਂ ਕਈ ਗੱਲਾਂ ਚੰਗੀਆ ਲੱਗੀਆਂ, ਪਹਿਲੀ ਇਹ ਕਿ ਉਹ ਝਟਕੀ-ਭਟਕੀ ਨਤੀਜੇ ਕੱਢਦੇ। ਉਨ੍ਹਾ ਵਿੱਚ ਸਭ ਤੋਂ ਵੱਡੀ ਗੱਲ ਇਹ ਸੀ ਕਿ ਉਹ ਬਿਨਾਂ ਵਜ੍ਹਾ ਗੱਲ ਨੂੰ ਲੰਮਾ ਨਹੀਂ ਖਿੱਚਦੇ ਸਨ।ਗੱਲ ਨੂੰ ਸਮਝਦੇ, ਵਿਚਾਰਦੇ ਅਤੇ ਫਿਰ ਫੌਰੀ ਫੈਸਲਾ ਕਰ ਲੈਂਦੇ।ਉਨ੍ਹਾਂ ਦੇ ਫੈਸਲਿਆਂ ਵਿੱਚ ਇੱਕ ਸਹਿਜਤਾ ਹੁੰਦੀ ਸੀ, ਪਰ ਉਸ ਦੇ ਪਿੱਛੇ ਤਜਰਬੇ ਦੀ ਡੂੰਘਾਈ ਵੀ ਸਾਫ਼ ਨਜ਼ਰ ਆਉਂਦੀ ਸੀ।ਮੇਰੇ ਲਈ ਉਹ ਪਹਿਲੀ ਮੁਲਾਕਾਤ ਸਿਰਫ਼ ਨੌਕਰੀ ਦੀ ਇੰਟਰਵਿਊ ਨਹੀਂ ਸੀ, ਉਹ ਮੇਰੇ 'ਨਵਾਂ ਜ਼ਮਾਨਾ' ਨਾਲ ਜੁੜਨ ਦੀ ਸ਼ੁਰੂਆਤ ਸੀ ਅਤੇ ਚੰਦ ਫਤਿਹਪੁਰੀ ਨਾਲ ਮੇਰੇ ਰਿਸ਼ਤੇ ਦੀ ਵੀ ਪਹਿਲੀ ਕੜੀ ਸੀ।ਅੱਜ ਜਦੋਂ ਉਹ ਸਾਡੇ ਵਿਚਕਾਰ ਨਹੀਂ ਹਨ, ਤਾਂ ਉਹ ਪਹਿਲੀ ਮੁਲਾਕਾਤ ਵਾਰ-ਵਾਰ ਯਾਦ ਆਉਂਦੀ ਹੈ।ਸਾਹਮਣੇ ਬੈਠੇ ਇੱਕ ਸ਼ਾਂਤ ਚਿਹਰੇ ਦੀ ਤਸਵੀਰ ਅੱਖਾਂ ਸਾਹਮਣੇ ਆ ਜਾਂਦੀ ਹੈ।ਉਹੀ ਸਹਿਜਤਾ, ਉਹੀ ਠਰ੍ਹੰਮਾ ਅਤੇ ਫੈਸਲਾ ਲੈਣ ਦਾ ਉਹੀ ਅੰਦਾਜ਼।


ਉਨ੍ਹਾ ਦੀ ਲੇਖਣੀ ਦੀ ਇੱਕ ਵੱਖਰੀ ਪਛਾਣ ਹੈ, ਕੁਝ ਵੀ ਲਿਖਣਾ ਹੁੰਦਾ, ਉਸ ਬਾਰੇ ਬਾਰੀਕੀ 'ਚ ਜਾਂਚ-ਪੜਤਾਲ ਕਰਕੇ ਉਸ ਵਿਸ਼ੇ 'ਤੇ ਲਿਖਦੇ ਤੇ ਪੜ੍ਹਨ ਵਾਲਾ ਅਸ਼ਕੇ ਜਾਂਦਾ। ਉਨ੍ਹਾ ਦੀ ਕਲਮ ਦੀ ਖ਼ਾਸੀਅਤ ਇਹ ਸੀ ਕਿ ਉਹ ਸਮਾਜਕ ਘਟਨਾਵਾਂ ਨੂੰ ਸਿਰਫ਼ ਉਪਰਲੇ ਪੱਧਰ 'ਤੇ ਨਹੀਂ ਵੇਖਦੇ ਸਨ, ਕਿਸੇ ਵੀ ਮੁੱਦੇ ਦੇ ਪਿੱਛੇ ਕੰਮ ਕਰ ਰਹੇ ਸਮਾਜਕ, ਆਰਥਕ ਅਤੇ ਸਿਆਸੀ ਕਾਰਨਾਂ ਨੂੰ ਸਮਝਣ ਅਤੇ ਪਾਠਕਾਂ ਸਾਹਮਣੇ ਰੱਖਣ ਦੀ ਕੋਸ਼ਿਸ਼ ਉਨ੍ਹਾ ਦੀ ਲਿਖਤ ਵਿੱਚ ਦਿਖਾਈ ਦਿੰਦੀ ਸੀ। ਇਸੇ ਕਰਕੇ ਉਨ੍ਹਾ ਦੀਆਂ ਲਿਖਤਾਂ ਵਿੱਚ ਵਿਚਾਰਾਂ ਦੀ ਗਹਿਰਾਈ ਦੇ ਨਾਲ ਲੋਕ-ਸਰੋਕਾਰਾਂ ਪ੍ਰਤੀ ਜ਼ਿੰਮੇਵਾਰੀ ਦਾ ਅਹਿਸਾਸ ਵੀ ਨਜ਼ਰ ਆਉਂਦਾ ਸੀ।

'ਨਵਾਂ ਜ਼ਮਾਨਾ' ਨਾਲ ਉਨ੍ਹਾ ਦੀ ਲੰਮੀ ਸਾਂਝ ਪੰਜਾਬੀ ਪੱਤਰਕਾਰੀ ਦੇ ਇਤਿਹਾਸ ਦਾ ਮਹੱਤਵਪੂਰਨ ਹਿੱਸਾ ਹੈ।ਸੰਪਾਦਕ ਵਜੋਂ ਉਨ੍ਹਾ ਅਖ਼ਬਾਰ ਦੀ ਵਿਚਾਰਧਾਰਕ ਪਰੰਪਰਾ ਨੂੰ ਅੱਗੇ ਤੋਰਨ ਵਿੱਚ ਆਪਣੀ ਭੂਮਿਕਾ ਨਿਭਾਈ। ਬਦਲਦੇ ਸਮੇਂ, ਬਦਲਦੇ ਮੀਡੀਆ ਅਤੇ ਬਦਲਦੇ ਸਮਾਜਕ-ਰਾਜਨੀਤਕ ਹਾਲਤਾਂ ਦੇ ਦਰਮਿਆਨ ਅਖ਼ਬਾਰ ਦੇ ਲੋਕ-ਪੱਖੀ ਸਰੋਕਾਰਾਂ ਨੂੰ ਕਾਇਮ ਰੱਖਣਾ ਕੋਈ ਸੌਖਾ ਕੰਮ ਨਹੀਂ ਸੀ।ਉਨ੍ਹਾ ਦੀ ਸੰਪਾਦਕੀ ਦ੍ਰਿਸ਼ਟੀ ਨੇ ਇਸ ਪਰੰਪਰਾ ਨੂੰ ਜਾਰੀ ਰੱਖਣ ਵਿੱਚ ਯੋਗਦਾਨ ਪਾਇਆ।ਉਨ੍ਹਾ ਆਪਣੇ ਲੰਮੇ ਸਫ਼ਰ ਦੌਰਾਨ ਕਲਮ ਨੂੰ ਆਪਣੀ ਵਿਚਾਰਧਾਰਾ ਅਤੇ ਲੋਕ-ਸਰੋਕਾਰਾਂ ਨਾਲ ਜੋੜ ਕੇ ਰੱਖਿਆ।

ਅੱਜ ਪਿੱਛੇ ਮੁੜ ਕੇ ਵੇਖਦਾ ਹਾਂ ਤਾਂ ਮਹਿਸੂਸ ਹੁੰਦਾ ਹੈ ਕਿ ਉਸ ਦਿਨ ਮੈਨੂੰ ਸਿਰਫ਼ ਇੱਕ ਨੌਕਰੀ ਨਹੀਂ ਮਿਲੀ ਸੀ, ਮੈਨੂੰ ਇੱਕ ਅਜਿਹੀ ਥਾਂ ਮਿਲੀ ਸੀ, ਜਿੱਥੇ ਕੰਮ ਕਰਦਿਆਂ ਮੈਂ ਬਹੁਤ ਕੁਝ ਸਿੱਖਿਆ ਅਤੇ ਇਸ ਸਫ਼ਰ ਵਿੱਚ ਚੰਦ ਫਤਿਹਪੁਰੀ ਜੀ ਦੀ ਸ਼ਖ਼ਸੀਅਤ ਨੂੰ ਨੇੜਿਓਂ ਜਾਣਨ ਦਾ ਮੌਕਾ ਮਿਲਿਆ।ਅੱਜ ਜਦੋਂ ਚੰਦ ਫਤਿਹਪੁਰੀ ਜੀ ਸਾਡੇ ਵਿਚਕਾਰ ਨਹੀਂ ਹਨ ਤਾਂ ਉਹਨਾ ਨਾਲ ਬਿਤਾਈਆਂ ਪੁਰਾਣੀਆਂ ਯਾਦਾਂ ਹੋਰ ਵੀ ਭਾਰੀਆਂ ਲੱਗਦੀਆਂ ਹਨ। ਦਫ਼ਤਰ ਦੀਆਂ ਉਹ ਗੱਲਾਂ, ਉਹ ਚਿਹਰੇ, ਉਹ ਦਿਨ—ਸਭ ਕੁਝ ਅੱਖਾਂ ਸਾਹਮਣੇ ਆ ਜਾਂਦਾ ਹੈ। ਕਦੇ ਸੋਚਦਾ ਹਾਂ, ਜੇ ਉਸ ਦਿਨ ਉਹ ਇੱਕ ਹਜ਼ਾਰ ਰੁਪਏ ਦੀ ਗੱਲ ਨੂੰ ਲੈ ਕੇ ਸਖ਼ਤ ਹੋ ਜਾਂਦੇ ਤਾਂ ਸ਼ਾਇਦ ਮੇਰੀ ਜ਼ਿੰਦਗੀ ਦੀ ਕਹਾਣੀ ਦਾ ਇੱਕ ਪੰਨਾ ਕੁਝ ਹੋਰ ਹੁੰਦਾ।

# ਚੰਦ ਸਿੰਘ ਬਰਾੜ ਤੋਂ ਚੰਦ ਫਤਿਹਪੁਰੀ ਤੱਕ ਦਾ ਸਫ਼ਰ

ਚੰਦ ਸਿੰਘ ਬਰਾੜ ਨਾਲ ਪਹਿਲੀ ਵਾਰ ਮੇਰੀ ਮੁਲਾਕਾਤ ਸੁਲਤਾਨਪੁਰ ਲੋਧੀ ਵਿਖੇ ਹੋਈ, ਜਦੋਂ ਉਹ ਜੇ ਬੀ ਟੀ ਦੇ ਕੋਰਸ ਦੇ ਆਖਰੀ ਸਾਲ ਦੀ ਪੜ੍ਹਾਈ ਕਰ ਰਹੇ ਸਨ। ਸਾਡੀ ਮੁਲਾਕਤ ਚਰਨ ਸਿੰਘ ਹੈਬਤਪੁਰ, ਜਿਹੜੇ ਚੰਦ ਸਿੰਘ ਦੇ ਜਮਾਤੀ ਸਨ ਤੇ ਮੇਰੇ ਗੁਆਂਢੀ ਸਨ। ਚਰਨ ਸਿੰਘ ਸਾਡੇ ਦੋਵਾਂ ਦੇ ਸ਼ਹੀਦ ਭਗਤ ਸਿੰਘ ਦੇ ਵਿਚਾਰਾਂ 'ਤੇ ਪਹਿਰਾ ਦੇਣ ਲਈ ਤੱਤਪਰਤਾ ਤੋਂ ਜਾਣੂ ਸਨ। ਉਹ ਮਿਲਣੀ ਸਾਂਝੀਆਂ ਸਰਗਰਮੀਆਂ ਦਾ ਆਧਾਰ ਬਣੀ ਤੇ ਸਾਰੀ ਉਮਰ ਬਣੀ ਰਹੀ। ਚੰਦ ਸਿੰਘ ਨੇ ਜੇ ਬੀ ਟੀ ਕੋਰਸ ਪਾਸ ਕਰ ਲਿਆ ਤੇ ਪੰਜਾਬੀ ਦਾ ਗਿਆਨੀ ਕੋਰਸ ਵੀ ਪਾਸ ਕਰ ਲਿਆ, ਪਰ ਅਧਿਆਪਕ ਦੇ ਕਿੱਤੇ ਵਿੱਚ ਮਿਲਦੀ ਨੌਕਰੀ ਨਾ ਕਰਨ ਦਾ ਮਨ ਬਣਾਇਆ ਤੇ ਇਨਕਲਾਬੀ ਰਾਹ 'ਤੇ ਤੁਰਨ ਦਾ ਫੈਸਲਾ ਲਿਆ ਤੇ ਕਿਰਤੀਆਂ, ਕਿਸਾਨਾਂ, ਮਜ਼ਦੂਰਾਂ ਲਈ ਜੀਵਨ ਭਰ ਲੜਨ ਤੇ ਉਨ੍ਹਾਂ ਨਾਲ ਖੜਨ ਤੇ ਮੁਸ਼ਕਲਾਂ ਭਰਪੂਰ ਕਾਰਜ ਨੂੰ ਚੁਣਿਆ। ਚੰਦ ਸਿੰਘ ਦੇ ਮਾਤਾ ਤੇਜ ਕੌਰ, ਵੱਡੇ ਬਾਈ ਗੁਰਪਾਲ ਤੇ ਹਰਪਾਲ ਸਿੰਘ ਕਮਿਊਨਿਸਟ ਪਾਰਟੀ ਤੇ ਆਲ ਇੰਡੀਆ ਕਿਸਾਨ ਸਭਾ ਦੇ ਆਗੂ ਸਨ।ਨੌਕਰੀ ਬਾਰੇ ਕੁਝ ਇੱਕ ਦੋਸਤਾਂ ਨੇ ਜ਼ਰੂਰ ਕਿਹਾ, ਪਰ ਪਰਿਵਾਰ ਨੇ ਪੂਰਾ ਸਾਥ ਦਿੱਤਾ। ਪਰਵਾਰ ਨੂੰ ਪੰਜਾਬ ਦੇ ਕਾਲੇ ਦਿਨਾਂ ਵਿੱਚ ਸਰਕਾਰੀ ਤੇ ਗੈਰ-ਸਰਕਾਰੀ ਅੱਤਵਾਦ ਦਾ ਸਾਹਮਣਾ ਕਰਨਾ ਪਿਆ। ਵੱਡੇ ਬਾਈ ਗੁਰਪਾਲ ਸਿੰਘ ਨੂੰ ਅਣਪਛਾਤੇ ਮਾਰ ਕੇ ਦਰਿਆ ਦੇ ਬੰਨ੍ਹ 'ਤੇ ਸੁੱਟ ਗਏ, ਪਰ ਬਚ ਗਏ ਤੇ ਮਾਤਾ ਤੇਜ ਕੌਰ 31 ਦਸੰਬਰ 1997 ਨੂੰ ਪੰਜਾਬ ਪੁਲਸ ਦੀ ਧੱਕੇਸ਼ਾਹੀ ਦਾ ਵਿਰੋਧ ਕਰਦਿਆਂ ਸ਼ਹਾਦਤ ਪ੍ਰਾਪਤ ਕਰ ਗਏ। ਉਨ੍ਹਾ ਸਰਗਰਮੀਆਂ ਦਾ ਕੇਂਦਰ ਸੁਲਤਾਨਪੁਰ ਲੋਧੀ ਨੂੰ ਬਣਾਇਆ ਤੇ 1970 ਪੰਜਾਬ ਦੇ ਜ਼ਮੀਨੀ ਸੁਧਾਰਾਂ ਦੇ ਕਿਸਾਨ ਘੋਲ ਵਿਚ ਕਪੂਰਥਲਾ ਜੇਲ੍ਹ ਵਿਚ ਪਹਿਲ਼ੀ ਵਾਰ ਜੇਲ੍ਹ ਗਏ। ਦੂਸਰੀ ਵਾਰ ਨੌਜਵਾਨ, ਵਿਦਿਆਰਥੀਆਂ ਦੀਆਂ ਮੰਗਾਂ ਲਈ ਡਿਪਟੀ ਕਮਿਸ਼ਨਰ ਦੇ ਘਿਰਾਓ ਸਮੇਂ ਜਲੰਧਰ ਜੇਲ੍ਹ ਵਿੱਚ ਰਹੇ। ਸੁਲਤਾਨਪੁਰ ਲੋਧੀ ਵਿੱਚ ਕਾਲਜ ਵਿੱਚ ਵਿਦਿਆਰਥੀ ਹੜਤਾਲ ਕਈ ਮਹੀਨੇ ਚੱਲੀ। ਇਸ ਦੌਰਾਨ ਮੋਗਾ ਗੋਲੀ ਕਾਂਡ ਵਾਪਰਿਆ। ਉਸ ਦੇ ਵਿਰੋਧ ਵਿੱਚ ਪੰਜਾਬ ਬੰਦ ਦੇ ਸੱਦੇ ਵਾਲੇ ਦਿਨ ਪੂਰਾ ਸ਼ਹਿਰ ਮੁਕੰਮਲ ਬੰਦ ਰਿਹਾ। ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪੇ ਇਲਾਕੇ ਭਰ ਵਿੱਚੋਂ ਵੱਡੀ ਗਿਣਤੀ ਵਿਚ ਲੋਕ ਪੁੱਜੇ। ਐੱਸ ਡੀ ਐੱਮ ਦੇ ਦਫਤਰ ਤੋਂ ਵਾਪਸੀ 'ਤੇ ਕਾਲਜ ਪਹੁੰਚਣ 'ਤੇ ਪਹਿਲਾਂ ਹੀ ਪੁਲਸ ਵਾਲਿਆਂ ਨੇ ਭੁੱਖ ਹੜਤਾਲੀ ਕੈਂਪ ਉਖਾੜ ਦਿੱਤਾ। ਉੱਥੇ ਹਾਜ਼ਰ ਚੰਦ ਸਿੰਘ, ਸਤੀਸ਼ ਕੁਮਾਰ, ਬਲਬੀਰ ਸਿੰਘ ਜੰਡੂ, ਗੁਰਦੀਪ ਸਿੰਘ ਤੇ ਹੋਰ ਵਿਦਿਆਰਥੀਆਂ ਨੂੰ ਬੇਤਹਾਸ਼ਾ ਕੁੱਟਮਾਰ ਕੀਤੀ ਤੇ ਥਾਣੇ ਲੈ ਗਏ।ਮਗਰੋਂ ਸ਼ਹਿਰ ਵਾਸੀਆਂ ਨੇ ਛੁਡਵਾ ਕੇ ਲਿਆਂਦਾ। ਛੇਤੀ ਹੀ ਕੁਝ ਦਿਨ ਬਾਅਦ ਪੁਲਸ ਨੇ ਦੁਬਾਰਾ ਵਿਦਿਆਰਥੀਆਂ 'ਤੇ ਕਾਲਜ ਵਿੱਚ ਅੱਥਰੂ ਗੈਸ ਤੇ ਗੋਲੀਆਂ ਚਲਾ ਕੇ ਅੱਠ ਵਿਦਿਆਰਥੀ, ਜਿਨ੍ਹਾਂ ਵਿੱਚ ਨਰਿੰਦਰ ਸਿੰਘ ਸੋਨੀਆ, ਭੂਸ਼ਣ ਕੁਮਾਰ, ਅਮਰਜੀਤ ਸਿੰਘ, ਕਮਲਜੀਤ ਸਿੰਘ, ਬਲਦੇਵ ਸਿੰਘ ਫੁੱਲ, ਗੁਰਦੀਪ ਸਿੰਘ ਦੀਪਾ, ਗੁਰਚਰਨ ਦਾਸ, ਜਗਜੀਤ ਸਿੰਘ ਪ੍ਰਬੰਧਕ ਕਮੇਟੀ ਦੇ ਮੀਤ ਪ੍ਰਧਾਨ, ਹੀਰਾ ਸਿੰਘ ਲੈਂਡਲਾਰਡ ਤੇ ਨਿਰੰਜਨ ਸਿੰਘ ਬਜਾਜ ਜਨਰਲ ਸਕੱਤਰ ਨੂੰ ਪ੍ਰਿੰਸੀਪਲ ਦੇ ਝੂਠੇ ਇਰਾਦਾ ਕਤਲ ਕੇਸ ਹੇਠ ਗ੍ਰਿਫਤਾਰ ਕਰ ਲਿਆ। ਫਿਰ ਚੱਲਿਆ ਦੌਰ ਦਫਾ 144 ਤੋੜਨ ਲਈ 5 ਵਿਦਿਆਰਥੀਆਂ ਦੇ ਪਹਿਲੇ ਨੂੰ ਨੰਗੇ ਕਰਕੇ ਬੇਤਹਾਸ਼ਾ ਕੁੱਟਮਾਰ ਕੀਤੀ ਤੇ ਛੱਡ ਦਿੱਤਾ।ਇਸ ਜਥੇ ਦੀ ਅਗਵਾਈ ਜਸਵਿੰਦਰ ਸਿੰਘ ਕਰਮਜੀਤਪੁਰ ਨੇ ਕੀਤੀ ਸੀ। ਅਗਲੇ ਦਿਨ ਰਾਜਕੁਮਾਰ ਧਾਲੀਵਾਲ ਐੱਮ ਐੱਲ ਏ ਇੱਕ ਹੋਰ ਐੱਮ ਐੱਲ ਏ ਪਹੁੰਚੇ। ਉਨ੍ਹਾਂ ਪ੍ਰਸ਼ਾਸਨ ਨੂੰ ਸਖਤ ਵਾਰਨਿੰਗ ਦਿੱਤੀ ਕਿ ਦੁਬਾਰਾ ਅਜਿਹਾ ਨਹੀਂ ਹੋਣਾ ਚਾਹੀਦਾ, ਜੇ ਮੁੜ ਹੋਇਆ ਤਾਂ ਪੰਜਾਬ ਭਰ 'ਚੋਂ ਸੱਤਿਆਗ੍ਰਹੀ ਜਥੇ ਪਹੁੰਚਣਗੇ। ਉਸ ਸਾਰੇ ਘੋਲ ਵਿੱਚ ਲੰਮਾ ਸਮਾਂ ਜਥੇ ਜਾਂਦੇ ਰਹੇ। ਲਗਭਗ 250 ਦੇ ਕਰੀਬ ਵਿਦਿਆਰਥੀ ਅਤੇ ਮਾਪੇ ਕਪੂਰਥਲਾ ਜੇਲ੍ਹ ਵਿੱਚ ਰਹੇ । ਇਸ ਘੋਲ ਵਿੱਚ ਚੰਦ ਸਿੰਘ ਨੇ ਰਾਤ-ਦਿਨ ਇੱਕ ਕਰਕੇ ਸਾਥ ਨਿਭਾਇਆ। ਚੰਦ ਸਿੰਘ ਤੇ ਮੇਰੇ ਉਪਰ ਵੀ ਇਰਾਦਾ ਕਤਲ ਦਾ ਕੇਸ ਦਰਜ ਕੀਤਾ ਗਿਆ, ਜਦ ਕਿ ਅਸੀਂ ਉਸ ਸਮੇਂ ਉੱਥੇ ਹਾਜ਼ਰ ਨਹੀ ਸਾਂ। ਇਸ ਘੋਲ ਵਿੱਚ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਸੂਬਾਈ ਆਗੂ ਬੰਤ ਸਿੰਘ ਬਰਾੜ, ਸਤਨਾਮ ਸਿੰਘ ਚਾਨਾ, ਕਰਨੈਲ ਸਿੰਘ ਹੰਸਰੋਂ, ਗੁਰਮੀਤ ਸਿੰਘ ਅਮਲੀ, ਲਖਵਿੰਦਰ ਸਿੰਘ ਜੌਹਲ, ਪੁਸ਼ਪਿੰਦਰ ਸਿੰਘ, ਦਿਲਬਾਗ ਸਿੰਘ ਬੈਨਾਪੁਰ, ਰਘਬੀਰ ਸਿੰਘ ਬਟਾਲਾ ਆਦਿ ਨੇ ਸਾਥ ਦਿੱਤਾ।



ਚੰਦ ਫਤਿਹਪੁਰੀ : ਵਿਦਿਆਰਥੀ ਜੀਵਨ ਸਮੇਂ ਦੀ ਤਸਵੀਰ

ਬੰਤ ਸਿੰਘ ਬਰਾੜ ਸੱਤਿਆਗ੍ਰਹਿ ਸਮੇ ਖੁਦ ਲੰਮਾ ਸਮਾਂ ਹਾਜ਼ਰ ਰਹੇ। ਇਸ ਘੋਲ ਵਿੱਚ ਆਖਰ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਤਿੰਨ ਵਿੱਦਿਅਕ ਮਾਹਰਾਂ ਦੀ ਉੱਚ ਪੱਧਰੀ ਕਮੇਟੀ ਬਣਾਈ, ਜਿਸ ਵਿੱਚ ਪ੍ਰਿੰਸੀਪਲ ਓਪ ੀ ਮੋਹਨ, ਪ੍ਰਿੰਸੀਪਲ ਪ੍ਰੀਤਮ ਸਿੰਘ ਅਤੇ ਇੱਕ ਹੋਰ ਮਾਹਰ ਸ਼ਾਮਲ ਸੀ। ਉਹਨਾਂ ਰਿਪੋਰਟ ਬਣਾ ਕੇ ਯੂਨੀਵਰਸਿਟੀ ਨੂੰ ਸੌਂਪੀ ਕੇ ਪ੍ਰਿੰਸੀਪਲ ਕਾਬਲ ਨਹੀਂ, ਇਸ ਨੂੰ ਹਟਾਇਆਂ ਜਾਵੇ। ਕਾਲਜ ਸਰਕਾਰ ਸਾਂਭੇ। ਸਰਕਾਰੀ ਪ੍ਰਬੰਧਾਂ ਹੇਠ ਵਿਦਿਆਰਥੀਆਂ ਦੇ ਇਮਤਿਹਾਨ ਲਏ ਗਏ, ਇਹ ਵਿਦਿਆਰਥੀਆ ਦੀ ਵੱਡੀ ਜਿੱਤ ਸੀ।ਸੁਲਤਾਨਪੁਰ ਲੋਧੀ ਕਾਲਜ ਕਪੂਰਥਲਾ ਜ਼ਿਲ੍ਹੇ ਦੇ ਰਣਧੀਰ ਕਾਲਜ ਤੇ ਜਲੰਧਰ ਜ਼ਿਲ੍ਹੇ ਦੇ ਜੰਡਿਆਲਾ ਕਾਲਜ ਤੇ ਹੋਰ ਬਹੁਤ ਸਾਰੇ ਕਾਲਜਾਂ ਵਿਚ ਜਥੇਬੰਦੀ ਦੀ ਚੜ੍ਹਤ ਤੇ ਆਪਸੀ ਤਾਲਮੇਲ ਬਾਕਮਾਲ ਸੀ। ਉਨ੍ਹਾਂ ਵਿਦਿਆਰਥੀ ਲਹਿਰ ਤੋਂ ਬਾਅਦ ਆਲ ਇੰਡੀਆ ਯੂਥ ਫੈਡਰੇਸ਼ਨ ਜਲੰਧਰ-ਕਪੂਰਥਲਾ ਦੇ ਪ੍ਰਧਾਨ ਵਜੋਂ ਜਥੇਬੰਦੀ ਨੂੰ ਉਸਾਰਨ ਲਈ ਬਹੁਤ ਮਿਹਨਤ ਨਾਲ ਕੰਮ ਕੀਤਾ। ਉਸ ਤੋਂ ਬਾਅਦ ਉਹਨ੍ਹਾ ਨੂੰ ਜਲੰਧਰ-ਕਪੂਰਥਲਾ ਦੀ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਸਕੱਤਰ ਚੁਣਿਆ ਗਿਆ।ਸਟੇਟ ਕੌਂਸਲ ਪੰਜਾਬ ਦੇ ਮੈਂਬਰ ਬਣੇ। 1980 'ਚ ਸਾਹਿਤਕ ਮੈਗਜ਼ੀਨ 'ਏਕਮ' ਮਾਸਿਕ ਪ੍ਰਕਾਸ਼ਤ ਕੀਤਾ, ਜਿਸ ਦੇ ਉਹ ਸਹਾਇਕ ਸੰਪਾਦਕ ਸਨ। ਉਹ ਖੁਦ ਵੀ ਚੰਗੇ ਕਵੀ ਸਨ। ਗ਼ਜ਼ਲਗੋ ਸਨ, ਬਹੁਤ ਵਾਰ ਕਹਿਣ ਦੇ ਬਾਵਜੂਦ ਆਪਣੀਆਂ ਰਚਨਾਵਾਂ ਛਾਪਣ ਵੱਲ ਧਿਆਨ ਨਹੀ ਦਿੱਤਾ। ਉਨ੍ਹਾ ਸੁਲਤਾਨਪੁਰ ਲੋਧੀ ਦੀ ਸਾਹਿਤ ਸਭਾ ਨੂੰ ਸਰਗਰਮ ਕਰਨ ਵਿੱਚ ਯੋਗਦਾਨ ਪਾਇਆ। ਜਲੰਧਰ ਰਿਹਾਇਸ਼ ਸਮੇਂ ਉਨ੍ਹਾ ਏ ਆਈ ਐੱਸ ਐੱਫ ਤੇ ਏ ਆਈ ਵਾਈ ਐੱਫ ਦੀਆਂ ਸਰਗਰਮੀਆਂ ਵਿੱਚ ਲਗਾਤਾਰ ਸਰਗਰਮੀ ਕੀਤੀ। ਇੱਥੇ ਉਨ੍ਹਾ ਦੀ ਸੰਤੋਸ਼ ਕੁਮਾਰੀ ਵਿਦਿਆਰਥੀ ਆਗੂ ਨਾਲ ਨੇੜਤਾ ਹੋਈ, ਫਿਰ ਉਨ੍ਹਾ ਦੀ ਸ਼ਾਦੀ ਹੋ ਗਈ।

ਸਾਨੂੰ ਇਕੱਠੇ ਸੰਘਰਸ਼ ਕਰਦਿਆਂ ਸਾਲ ਹੋ ਗਿਆ ਸਨ ਤਾਂ ਮੈਂ ਉਨ੍ਹਾ ਨੂੰ ਕਿਹਾ—ਸਾਰੀ ਉਮਰ ਤੁਸੀਂ ਲਹਿਰ ਨੂੰ ਕੁੱਲਵਰਤੀ ਤੌਰ 'ਤੇ ਆਪਣਾ ਜੀਵਨ ਸਮਰਪਤ ਕਰ ਦਿੱਤਾ ਹੈ, ਤੁਹਾਨੂੰ ਮਾਰਕਸਵਾਦ ਦਾ ਅਧਿਐਨ ਵੀ ਕਰਨਾ ਚਾਹੀਦਾ ਹੈ ਤਾਂ ਉਨ੍ਹਾ ਜਵਾਬ ਦਿੱਤਾ—ਜੱਟਾਂ ਨੂੰ ਮਾਰਕਸਵਾਦ ਪੜ੍ਹਨ ਦੀ ਬਹੁਤੀ ਲੋੜ ਨਹੀ ਹੁੰਦੀ। ਸੰਘਰਸ਼ ਦੇ ਲੰਮੇ ਪੰਧ ਵਿੱਚ ਉਨ੍ਹਾ ਦੀ ਸੂਝ ਦੇ ਸਫਰ ਦਾ ਵਿਕਾਸ ਪਹਿਲ਼ਾਂ 'ਸ਼ੀਸ਼ਾ ਝੂਠ ਨਹੀਂ ਬੋਲਦਾ' ਤੇ ਮਗਰੋਂ 'ਨਵਾਂ ਜ਼ਮਾਨਾ' ਦੇ ਸੰਪਾਦਕ ਦੀ ਜ਼ਿੰਮੇਵਾਰੀ ਨਿਭਾਉਣ ਸਮੇਂ ਪਰਪੱਕ ਸੋਚ ਤੇ ਵਿਚਾਰਧਾਰਕ ਪ੍ਰਤੀਬੱਧਤਾ ਦਾ ਪ੍ਰਗਟਾਵਾ ਹੁੰਦਾ ਹੈ। ਸਪੱਸ਼ਟਤਾ, ਵਚਨਬੱਧਤਾ ਚੰਦ ਸਿੰਘ ਬਰਾੜ ਤੋਂ ਚੰਦ ਫਤਿਹਪੁਰੀ ਬਣਨ ਦਾ ਸਫਰ ਤਹਿ ਕਰਦੀ ਹੈ, ਇੱਕ ਸੁਹਿਰਦ ਮਾਰਕਸੀ ਚਿੰਤਕ, ਜਿਸ ਨੇ ਸਿਦਕ, ਸਿਰੜ ਤੇ ਹਿੰਮਤ ਨਾਲ ਜਵਾਨੀ ਵਿੱਚ ਲਿਆ ਫੈਸਲਾ ਨਾਮੁਰਾਦ ਬਿਮਾਰੀ ਦੇ ਕਸ਼ਟ ਝੱਲਣ ਦੇ ਬਾਵਜੂਦ ਪੂਰੀ ਤਨਦੇਹੀ ਤਾਕਤ ਨਾਲ ਨਿਭਾਇਆ।ਉਨ੍ਹਾ ਦੀ ਜੀਵਨ ਘਾਲਣਾ ਨੂੰ ਇਨਕਲਾਬੀ ਸ਼ਰਧਾਂਜਲੀ ਪੇਸ਼ ਕਰਦੇ ਹਾਂ।



ਸੀ ਪੀ ਆਈ ਦੇ 25ਵੇ ਮਹਾਂ ਸੰਮੇਲਨ ਨੂੰ ਕਿਉਬਾ ਦੇ ਜਾਨ ਕਾਰਲੋਸ ਅੰਬੈਸਡਰ ਸ਼ੁਭਕਾਮਨਾਵਾਂ ਤੇ ਇਕਮੁੱਠਤਾ ਦਾ ਸੰਦੇਸ਼ ਦੇਣ ਆਏ 'ਨਵਾਂ ਜ਼ਮਾਨਾ' ਦੀ ਪੱਤਰਕਾਰ ਕਾਰਤਿਕਾ ਸਿੰਘ ਨਾਲ ਗੱਲਬਾਤ ਤੋਂ ਬਾਅਦ ਇਕ ਯਾਦਗਾਰੀ ਤਸਵੀਰ ਜਿਸ ਵਿੱਚ ਉਨ੍ਹਾਂ ਨਾਲ ਡਾਕਟਰ ਸਵਰਾਜਬੀਰ ਚੇਅਰਮੈਨ ਸੁਆਗਤੀ ਕਮੇਟੀ ਰਾਜਿੰਦਰ ਸਿੰਘ ਰਾਣਾ ਐਡਵੋਕੇਟ, ਚੰਦ ਫਤਿਹਪੁਰੀ, ਸੁਰਿੰਦਰ ਸਿੰਘ ਢੰਡੀਆਂ, ਹਰਚੰਦ ਸਿੰਘ ਬਾਠ, ਐਡਵੋਕੇਟ ਬਲਵਿੰਦਰ ਸਿੰਘ ਜੰਮੂ ਸੀਨੀਅਰ ਪੱਤਰਕਾਰ, ਰੈਕਟਰ ਕਥੂਰੀਆ ਜਰਨਲਿਸਟ ਕਿਸਾਨ ਭਵਨ ਚੰਡੀਗੜ੍ਹ ਵਿਖੇ।

**- ਰਜਿੰਦਰ ਸਿੰਘ ਰਾਣਾ ਐਡਵੋਕੇਟ,**
**- ਨਰਿੰਦਰ ਸਿੰਘ ਸੋਨੀਆ**